ਸਾਧੂ ਕੀ ਧੂਰਾ

ਪੰਥ ਰਤਨ ਗਿ: ਸੰਤ ਸਿੰਘ ਜੀ ਮਸਕੀਨ ਦੇ ਚੋਣਵੇਂ ਲੈਕਚਰ



ਸੰਪਾਦਕ

ਪ੍ਰਿਥੀਪਾਲ ਸਿੰਘ, ਗਿ: ਜਗਬੀਰ ਸਿੰਘ ਮਿਸ਼ਨਰੀ

ੴ ਸਤਿਗੁਰ ਪ੍ਰਸਾਦਿ ॥

ਸਾਧੂ ਕੀ ਧੂਰਾ

ਪੰਥ ਰਤਨ ਗਿ: ਸੰਤ ਸਿੰਘ ਜੀ ਮਸਕੀਨ
ਦੇ ਚੋਣਵੇਂ ਲੈਕਚਰ

ਸੰਪਾਦਕ :
ਪ੍ਰਿਥੀਪਾਲ ਸਿੰਘ ਜਲੰਧਰ
ਗਿਆਨੀ ਜਗਬੀਰ ਸਿੰਘ 'ਮਿਸ਼ਨਰੀ'

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

ISBN : 81-7601-787-6

ਦੂਜੀ ਵਾਰ ਮਈ 2010

ਭੇਟਾ : 100-00

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974 ਫੈਕਸ : 5017488

E-mail : csjssales@hotmail.com, csjspurchase@yahoo.com

: csjsexports@vsnl.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਫੋਨ : 0183-2705003, 5095774

Printed & Bound in India

ਸਮਰਪਣ

ਵਿਦਿਆ ਮਾਰਤੰਡ, ਪੰਥ ਰਤਨ, ਗੁਰਪੁਰਵਾਸੀ

ਗਿਆਨੀ ਸੰਤ ਸਿੰਘ ਜੀ ਮਸਕੀਨ

ਨੂੰ

ਜਿਹੜੇ ਸਿੱਖ ਜਗਤ ਨੂੰ ਸਦੀਵੀ ਵਿਛੋੜਾ ਦੇ ਗਏ ਹਨ।

—ਸੰਪਾਦਕ

੧ੴ ਵਾਹਿਗੁਰੂ ਜੀ ਕੀ ਫਤਹ ॥

ਸਚੈ ਤਖ਼ਤੁ ਰਚਾਇਆ

ਸ੍ਰੀ ਅਕਾਲ ਤਖ਼ਤ ਸਾਹਿਬ ਜੀ

ਗਿਆਨੀ ਜੋਗਿੰਦਰ ਸਿੰਘ
ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਨੰਬਰ ਤੇ਼ਅ:ਤ/06/3290.

ਮਿਤੀ ੨੨-8-06

ਅਦੁੱਤੀ ਕਾਰਜ

ਗੁਰਮਤਿ ਵਿਦਿਆ ਮਾਰਤੰਡ, ਪੰਥ ਰਤਨ ਗੁਰਪੁਰਵਾਸੀ ਗਿਆਨੀ ਸੰਤ ਸਿੰਘ ਜੀ ਮਸਕੀਨ ਨੂੰ ਗੁਰਬਾਣੀ, ਗੁਰਮਤਿ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਦੀ ਬਹੁਤ ਸੂਖਮ ਸੋਚ-ਸਮਝ ਸੀ। ਜਿਸ ਨੂੰ ਉਹ ਜੀਵਨ ਭਰ ਕਥਾ-ਵਾਰਤਾ ਅਤੇ ਲਿਖਤਾਂ ਰਾਹੀਂ ਪ੍ਰਗਟ ਕਰਦੇ ਰਹੇ। ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਵਿਚ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਗਿਆਨੀ ਜੀ ਗਏ ਅਤੇ ਸਿੱਖਾਂ ਤੇ ਗੈਰ ਸਿੱਖਾਂ ਵਿਚ ਸਿੱਖੀ ਦੀ ਮਹਿਕ ਨੂੰ ਭਰਪੂਰ ਵੰਡਿਆ। ਗੁਰਸਿੱਖੀ ਦੇ ਕੇਸਰੀ ਪਰਚਮ ਨੂੰ ਵਿਸ਼ਵ ਭਰ ਵਿਚ ਲਹਿਰਾਉਣ ਲਈ ਗਿਆਨੀ ਜੀ ਨੇ ਅੰਤਿਮ ਸਵਾਸਾਂ ਤੀਕ ਦਿਨ-ਰਾਤ ਇਕ ਕਰ ਛੱਡਿਆ।

ਮਸਕੀਨ ਜੀ ਦੀ ਕਥਾ-ਵਾਰਤਾ ਦੀਆਂ ਬਹੁਤ ਸਾਰੀਆਂ ਟੇਪਾਂ ਅਤੇ ਸੀਡੀਆਂ ਅਜੇ ਵੀ ਅੱਖਰੀ ਰੂਪ ਦੇਣ ਵਾਲੀਆਂ ਹਨ। ਇਹ ਬੜੀ ਖੁਸ਼ੀ ਦੀ ਗਲ ਹੈ ਕਿ ਭਾਈ ਪ੍ਰਿਥੀਪਾਲ ਸਿੰਘ ਅਤੇ ਭਾਈ ਜਗਬੀਰ ਸਿੰਘ ਮਿਸ਼ਨਰੀ ਨੇ ਮਸਕੀਨ ਜੀ ਦੀਆਂ ਕਥਾ-ਵਾਰਤਾ ਦੀਆਂ ਸੀਡੀਜ਼ ਅਤੇ ਟੇਪਾਂ ਨੂੰ ਅੱਖਰੀ ਰੂਪ ਦੇਣ ਦਾ ਉਪਰਾਲਾ ਆਰੰਭਿਆ ਹੈ। ਇਸ ਦੀ ਪਹਿਲੀ ਕੜੀ ਵਜੋਂ "ਸਾਧੂ ਦੀ ਧੂਰਾ" ਨਾਮ ਦੀ ਪੁਸਤਕ ਵਿਚ ਗਿਆਨੀ ਜੀ ਦੇ ਵੱਡਮੁੱਲੇ ਬਚਨਾਂ ਅਤੇ ਗੁਰਮਤਿ ਵਿਚਾਰਾਂ ਨੂੰ ਸੰਕਲਿਤ ਕੀਤਾ ਹੈ।

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਇਸ ਸੰਪਾਦਕੀ ਜੋੜੀ ਨੂੰ ਇਸ ਨੇਕ ਕਾਰਜ ਨੂੰ ਨਿਰਵਿਘਨ ਜਾਰੀ ਰੱਖਣ ਲਈ ਦੀਰਘ ਆਯੂ, ਬਿਬੇਕ ਬਲ-ਬੁੱਧ ਅਤੇ ਗੁਰਸਿੱਖੀ ਪ੍ਰੇਮ ਬਖਸ਼ਣ।

ਗੁਰੂ ਅੰਗ-ਸੰਗ।

ਗੁਰੂ ਪੰਥ ਦਾ ਦਾਸ,

ਜੋਗਿੰਦਰ ਸਿੰਘ

(ਜੋਗਿੰਦਰ ਸਿੰਘ),
ਜਥੇਦਾਰ।

ਫ਼ੋਨ/ਫੈਕਸ ਦਫਤਰ : 91-183-2540820, ਘਰ : 91-183-2293937, ਪੀ.ਬੀ.ਐਕਸ. : 2553957,58,59 ਐਕਸਟੈਨਸ਼ਨ : ਦਫ਼ਤਰ 434, ਘਰ 430

ੴ ਵਾਹਿਗੁਰੂ ਜੀ ਕੀ ਫ਼ਤਹ ॥

ਸਿੰਘ ਸਾਹਿਬ ਗਿ: ਗੁਰਬਚਨ ਸਿੰਘ

ਹੈੱਡ ਗ੍ਰੰਥੀ,
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ।

ਸ਼ਲਾਘਾਯੋਗ ਉਪਰਾਲਾ

ਗੁਰਮਤਿ ਵਿਦਿਆ ਮਾਰਤੰਡ, ਪੰਥ ਰਤਨ ਗੁਰਪੁਰਵਾਸੀ ਗਿਆਨੀ ਸੰਤ ਸਿੰਘ ਜੀ ਮਸਕੀਨ ਸ੍ਰੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਨਾਲ ਰੋਮ-ਰੋਮ ਜੁੜੇ ਹੋਏ ਸਨ। ਸਿੱਖ ਸੰਗਤਾਂ ਨੂੰ ਗੁਰਮਤਿ ਸਿਧਾਤਾਂ, ਗੁਰਮਤਿ ਵਿਚਾਰਾਂ ਨਾਲ ਜੋੜਨ ਅਤੇ ਸਿੱਖ ਇਤਿਹਾਸ ਬਾਰੇ ਵੱਡਮੁਲੀ ਜਾਣਕਾਰੀ ਦੇਣ ਲਈ ਉਨ੍ਹਾ ਨੇ ਜੀਵਨ ਭਰ ਦੇਸ਼-ਵਿਦੇਸ਼ ਭਰਮਣ ਕੀਤਾ ਅਤੇ ਵੱਡੇ-ਵੱਡੇ ਗੁਰਮਤਿ ਸਮਾਗਮਾਂ ਰਾਹੀਂ ਸਿੱਖ ਸੰਗਤਾ ਨੂੰ ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਨਾਲ ਜੋੜਨ ਦੇ ਸਾਰਥਕ ਉਪਰਾਲੇ ਜਾਰੀ ਰੱਖੇ।

''ਸਾਧੂ ਕੀ ਧੂਰਾ'' ਦੇ ਸੰਪਾਦਕਾਂ ਨੇ ''ਮਸਕੀਨ'' ਜੀ ਵਲੋਂ ਸਮੇ-ਸਮੇ ਗੁਰਮਤਿ ਸਮਾਗਮਾ ਵਿਚ ਕੀਤੀਆਂ ਗਈਆਂ ਗੁਰਮਤਿ ਵਿਚਾਰਾਂ ਨੂੰ ਅੱਖਰੀ ਰੂਪ ਦੇਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਆਸ ਕਰਦਾ ਹਾਂ ਕਿ ਉਹ ਇਹ ਯਤਨ ਭਵਿਖ ਵਿਚ ਵੀ ਜਾਰੀ ਰੱਖਣਗੇ ਤਾਂ ਜੋ ਗੁਰਪੁਰਵਾਸੀ ਮਸਕੀਨ ਜੀ ਵਲੋਂ ਗੁਰਮਤਿ ਸਮਾਗਮਾਂ ਵਿਚ ਦਿੱਤੀ ਗਈ ਗੁਰਮਤਿ ਵਿਚਾਰਧਾਰਾ ਅਤੇ ਗੁਰਮਤਿ ਸੋਧ ਦਾ ਅੱਖਰੀ ਰੂਪ ਤਿਆਰ ਹੋਣ ਤੇ ਸਿੱਖ ਸੰਗਤਾਂ, ਕਥਾਵਾਚਕ ਅਤੇ ਵਿਦਵਾਨ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ।

ਸਤਿਗੁਰੂ ਰਹਿਮਤ ਕਰਨ ਪੁਸਤਕ ਦੀ ਸੰਪਾਦਕ ਜੋੜੀ ਭਾਈ ਪ੍ਰਿਥੀਪਾਲ ਸਿੰਘ ਅਤੇ ਭਾਈ ਜਗਬੀਰ ਸਿੰਘ ਮਿਸ਼ਨਰੀ ਅਤੇ ਪੁਸਤਕ ਦੇ ਪ੍ਰਕਾਸ਼ਕਾਂ ਭਾਈ ਚਤਰ ਸਿੰਘ ਜੀਵਨ ਸਿੰਘ ਨੂੰ ਦੀਰਘ ਆਯੂ, ਬਿਬੇਕ ਬਲ-ਬੁੱਧ ਅਤੇ ਗੁਰਸਿੱਖੀ ਪ੍ਰੇਮ ਪ੍ਰਦਾਨ ਕਰਨ।

ਗੁਰੂ ਅੰਗ-ਸੰਗ।

ਗੁਰੂ ਪੰਥ ਦਾ ਦਾਸ,
(ਗੁਰਬਚਨ ਸਿੰਘ),
ਹੈੱਡ ਗ੍ਰੰਥੀ।

ਫੋਨ : (ਘਰ) 0183-5080377 ਫੈਕਸ : 0183-2553919 ਮੋਬਾਇਲ : 98729-79291, 98729-79290
ਚੌਕ ਘੰਟਾ ਘਰ ਬਾਹੀ, ਪਹਿਲੀ ਮੰਜ਼ਿਲ ਇਨਫਾਰਮੇਸ਼ਨ ਦਫਤਰ, ਸ੍ਰੀ ਅੰਮ੍ਰਿਤਸਰ।

ਨਿਮਾਣਾ ਯਤਨ

ਗੁਰਮਤਿ ਵਿਦਿਆ ਮਾਰਤੰਡ ਪੰਥ ਰਤਨ ਭਾਈ ਗੁਰਦਾਸ ਜੀ ਐਵਾਰਡ ਨਾਲ ਸਨਮਾਨਿਤ ਗੁਰੂ ਪੰਥ ਦੇ ਨਿਰਬਾਨ ਸੇਵਕ ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਵਿਦਵਤਾ, ਗਿਆਨ ਭੰਡਾਰ ਤਰਜ-ਏ-ਬਿਆਂ ਬਾਰੇ ਜਦ ਲਿਖਣ ਬਾਰੇ ਸੋਚਿਆ ਤਾਂ ਇਹ ਕਲਮ ਬੌਣੀ-ਬੌਣੀ ਹੀ ਲੱਗੀ। ਜੇਕਰ ਮਸਕੀਨ ਜੀ ਦੇ ਤਿਆਗ ਦੀ ਗੱਲ ਕਰੀਏ ਤਾਂ ਸਮੇਂ ਦੀਆਂ ਸਰਕਾਰਾਂ ਅਤੇ ਦੁਨਿਆਵੀ ਲਾਲਚਾਂ ਤੋਂ ਉਪਰ ਉਠ ਕੇ ਸੱਚ, ਧਰਮ ਅਤੇ ਸੱਚਿਆਈ ਉਪਰ ਦ੍ਰਿੜ੍ਹਤਾ ਨਾਲ ਪੈਰਾ ਦੇਣਾ ਵਾਲੇ ਮਸਕੀਨ ਜੀ ਵਰਗਾ ਕੋਈ ਵਿਰਲਾ ਹੀ ਤਿਆਗੀ ਹੋਵੇਗਾ। ਜੇਕਰ ਉਨ੍ਹਾਂ ਦੀ ਕਥਨੀ ਕਰਨੀ ਦੀ ਗੱਲ ਕਰੀਏ ਤਾਂ ਸਿਆਹੀ, ਕਲਮ ਅਤੇ ਅੱਖਰਾਂ ਦੀ ਪਕੜ ਵਿਚ ਆਉਣੀ ਸੰਭਵ ਨਹੀਂ ਜਾਪਦੀ। ਜੇਕਰ ਛੋਹੇ ਵਿਸ਼ੇ ਨੂੰ ਸ੍ਰੋਤਿਆਂ ਦੇ ਮਨ-ਮੰਦਰ ਅੰਦਰ ਸੂਝ ਪੈਣ ਦੀ ਗਲ ਕਰੀਏ ਤਾਂ ਉਹਨਾਂ ਦੇ ਤਰਜ-ਏ-ਬਿਆਂ ਛੋਹੇ ਮਜ਼ਮੂਨ ਨੂੰ ਗੁਰਬਾਣੀ, ਫਾਰਸੀ ਅਤੇ ਉਰਦੂ ਸ਼ਾਇਰੀ ਦੇ ਹਵਾਲੇ ਦੇ ਕੇ ਸ੍ਰੋਤਿਆਂ ਦੇ ਧੁਰ ਅੰਦਰ ਪੁਚਾ ਦੇਣ ਦੀ ਮਿਣਤੀ ਕਰਨ ਵਾਲਾ ਪੈਮਾਨਾ ਨਹੀਂ ਲੱਭਿਆ ਜਾ ਸਕਿਆ। ਮਸਕੀਨ ਜੀ ਫਾਰਸੀ, ਉਰਦੂ ਅਤੇ ਪੰਜਾਬੀ ਦੇ ਗੁੜੇ ਹੋਏ ਵਿਦਵਾਨ ਵੀ ਸਨ ਅਤੇ ਜੁੜੇ ਸ੍ਰੋਤਿਆਂ ਤੱਕ ਆਪਣੀ ਗੱਲ ਪੁੱਜਦੀ ਕਰਨ ਦੇ ਮਨੋ ਵਿਗਿਆਨੀ ਵੀ।

ਦਾਸਾਂ ਨੂੰ ਕਈ ਵਾਰ ਮਸਕੀਨ ਜੀ ਦੇ ਗੁਰਮਤਿ ਸਮਾਗਮਾਂ ਵਿਚ ਕਥਾ ਸ੍ਰਵਣ ਕਰਨ ਦਾ ਸੁਭਾਗ ਮਿਲਦਾ ਰਿਹਾ ਹੈ। ਮਸਕੀਨ ਜੀ ਦੀ ਕਥਾ ਸੁਣ ਕੇ ਗਿਆਨ ਦੀ ਪ੍ਰਾਪਤੀ ਵੀ ਹੁੰਦੀ ਹੈ ਅਤੇ ਵੈਰਾਗ ਵੀ। ਮਸਕੀਨ ਜੀ ਨੇ ਵਿਚਾਰਧਾਰਾਂ ਨੂੰ ਵਿਸ਼ਵ ਭਰ ਵਿਚ ਕਈ ਸਾਲ ਰਟਨ ਕਰਕੇ ਸੰਗਤਾਂ ਤੱਕ ਪੁਚਾਇਆ। ਉਨ੍ਹਾਂ ਦੇ ਸ੍ਰੋਤਿਆਂ ਵਿਚ ਜੇਕਰ ਵੱਡੀ ਗਿਣਤੀ ਵਿਚ ਸਿੱਖ ਹੁੰਦੇ ਹਨ ਤਾਂ ਦੂਜੇ ਧਰਮਾਂ ਦੇ ਅਨਿਆਈ ਅਤੇ ਹਿੰਦੂ, ਮੁਸਲਮਾਨ ਵੀ ਘਟ ਨਹੀਂ ਸਨ ਹੁੰਦੇ।

ਮਸਕੀਨ ਜੀ ਦੇ ਫਾਨੀ ਸੰਸਾਰ ਤੋਂ ਕੂਚ ਕਰਨ ਵੇਲੇ ਜੇਕਰ ਸਿੱਖਾਂ ਦੀਆਂ ਅੱਖਾਂ ਅਥਰੂ ਕੇਰਦੀਆਂ ਸਨ- ਤਾਂ ਮੁਸਲਮਾਨ ਅਤੇ ਹਿੰਦੂ ਵੀਰ ਵੀ ਭੁੱਬਾਂ ਮਾਰ-ਮਾਰ ਰੋਂਦੇ ਵੇਖੇ ਗਏ। ਮਸਕੀਨ ਜੀ ਨੇ ਆਪਣੀ ਹਯਾਤੀ ਦੌਰਾਨ ਕਿੰਨਿਆਂ ਨੂੰ ਗੁਰਸਿੱਖੀ ਅਤੇ ਧਰਮੀ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ ਇਸ ਦਾ ਲੇਖਾ ਜੋਖਾ ਕਰਨਾ ਸੌਖਾ ਨਹੀਂ ਜਾਪਦਾ। ਜਿਥੇ ਮਸਕੀਨ ਜੀ ਦੇ ਲੈਕਚਰਾਂ ਦੀਆਂ ਭਾਰੀ ਗਿਣਤੀ ਵਿਚ ਆਡੀਓ ਕੈਸਟਾਂ ਅਤੇ ਸੀਡੀਆਂ ਮਿਲਦੀਆਂ

ਹਨ। ਉਥੇ ਬਹੁਤ ਸਾਰੀਆਂ ਆਡੀਓ ਕੈਸਟਾਂ ਅਤੇ ਸੀਡੀਆਂ ਦਾ ਅੱਖਰੀ ਰੂਪ ਵੀ ਤਿਆਰ ਹੋ ਕੇ ਕਿਤਾਬੀ ਰੂਪ ਵਿਚ ਛੱਪ ਵੀ ਚੁੱਕਾ ਹੈ ਅਤੇ ਛਾਪਣ ਦੇ ਯਤਨ ਵੀ ਨਿਰੰਤਰ ਜਾਰੀ ਹਨ। ਅਸੀਂ ਵੀ ਗਿਆਨੀ ਜੀ ਦੀਆਂ ਕੁਝ ਆਡੀਓ ਕੈਸਟਾਂ ਅਤੇ ਸੀਡੀਆਂ ਨੂੰ ਪਾਠਕਾਂ ਦੇ ਸਨਮੁੱਖ ਵਧੇਰੇ ਕਾਰਗਾਰ ਤਰੀਕੇ ਨਾਲ ਪੇਸ਼ ਕਰਨ ਲਈ ਕਿਤਾਬੀ ਰੂਪ ਦੇਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਜੇਕਰ ਗੁਰਬਾਣੀ ਜਾਂ ਫਾਰਸੀ ਦਾ ਉਤਾਰਾ ਕਰਨ ਸਮੇਂ ਲਗਾਂ-ਮਾਤਰਾਂ ਦੀਆਂ ਕੋਈ ਭੁੱਲਾਂ ਰਹਿ ਗਈਆਂ ਹੋਣ ਤਾਂ ਪਾਠਕ ਦਾਸਾਂ ਨੂੰ, "ਭੁੱਲਣਹਾਰ ਸਭ ਕੋ ਅਭੁੱਲ ਗੁਰੂ ਕਰਤਾਰ" ਦੇ ਮਹਾਂਵਾਕ ਅਨੁਸਾਰ ਖਿਮਾਂ ਕਰਨ ਦੀ ਕ੍ਰਿਪਾਲਤਾ ਕਰਨ ਦੇ ਨਾਲ-ਨਾਲ ਆਪਣੇ ਵੱਡਮੁੱਲੇ ਸੁਝਾਅ ਦੇਣ ਦੀ ਵੀ ਖੇਚਲ ਕਰਨ ਤਾਂ ਜੋ ਭਵਿੱਖ ਵਿਚ ਇਹ ਕਾਰਜ ਕਰਦਿਆਂ ਭੁਲਾਂ ਸੋਧ ਲਈਆਂ ਜਾਣ।

ਜੇਕਰ ਸਾਡੀ ਅਲਪ ਬੁੱਧੀ ਵਾਲਿਆਂ ਦੀ ਇਹ ਨਿਮਾਣੀ ਜਿਹੀ ਘਾਲ ਥਾਇ ਪਵੇ ਤਾਂ ਅਸੀਂ ਆਪਣੇ ਆਪ ਨੂੰ ਵਡਭਾਗਾ ਸਮਝਾਂਗੇ।

ਸਤਿਗੁਰੂ ਜੀ ਦਾ ਕੋਟਾਨ-ਕੋਟਿ ਧੰਨਵਾਦ।

ਪ੍ਰਿਥੀਪਾਲ ਸਿੰਘ ਜਲੰਧਰ
ਮੋਬਾਇਲ ਨੰ: 98149-49749
ਜਗਬੀਰ ਸਿੰਘ 'ਮਿਸ਼ਨਰੀ'
ਮੋਬਾਇਲ ਨੰ: 98148-98307

ਦੋ ਸ਼ਬਦ

ਗੁਰਮਤਿ ਵਿਦਿਆ ਮਾਰਤੰਡ, ਪੰਥ ਰਤਨ ਗੁਰਪੁਰਵਾਸੀ ਗਿਆਨੀ ਸੰਤ ਸਿੰਘ ਜੀ ਮਸਕੀਨ, ਇਕ ਉੱਚਕੋਟੀ ਦੇ ਵਿਦਵਾਨ ਹੋਏ ਹਨ। ਉਹ ਉਰਦੂ, ਫਾਰਸੀ, ਪੰਜਾਬੀ ਅਤੇ ਹਿੰਦੀ ਦੇ ਉੱਚ ਪਾਇਆ ਦੇ ਸਕਾਲਰ ਸਨ। ਜਦ ਉਨ੍ਹਾਂ ਦੇ ਲੈਕਚਰ ਸੁਣਦੇ ਸਾਂ ਤਾਂ ਪਤਾ ਨਹੀਂ ਚਲਦਾ ਕਿ ਉਨ੍ਹਾਂ ਦਾ ਗਿਆਨ ਕਿਥੋਂ ਤਕ ਵਿਸ਼ਾਲ ਹੈ। ਫਾਰਸੀ ਦੇ ਉੱਚਕੋਟੀ ਦੇ ਸ਼ਾਇਰਾਂ ਦੀਆਂ ਰਚਨਾਵਾਂ ਉਨ੍ਹਾਂ ਨੂੰ ਜ਼ਬਾਨੀ ਯਾਦ ਸਨ। ਜਦ ਉਹ ਫਾਰਸੀ ਬੋਲਦੇ ਸਨ ਤਾਂ ਇੰਞ ਲਗਦਾ ਸੀ ਜਿਵੇਂ ਉਹ ਫਾਰਸ ਦੇਸ਼ ਦੇ ਹੀ ਰਹਿਣ ਵਾਲੇ ਹੋਣ। ਅਜ ਦੇ ਇਸ ਯੁੱਗ ਵਿਚ ਉਨ੍ਹਾਂ ਵਰਗਾ ਵਿਦਵਾਨ ਲਭਣਾ ਮੁਸ਼ਕਲ ਹੈ, ਪਰ ਸਾਨੂੰ ਇਕ ਗੱਲ ਦੀ ਖ਼ੁਸ਼ੀ ਹੈ ਕਿ ਉਨ੍ਹਾਂ ਦੀਆਂ ਬੇਸ਼ੁਮਾਰ ਕੈਸਟਾਂ ਸਾਡੇ ਪਾਸ ਮੌਜੂਦ ਹਨ। ਹੁਣ ਇਸ ਯਤਨ ਦੀ ਲੋੜ ਹੈ ਕਿ ਉਨ੍ਹਾਂ ਦੀਆਂ ਕੈਸਟਾਂ ਨੂੰ ਪੁਸਤਕ ਰੂਪ ਦਿੱਤਾ ਜਾਵੇ। ਸਾਨੂੰ ਬੜੀ ਖ਼ੁਸ਼ੀ ਹੋਈ ਹੈ ਕਿ ਇਸ ਪਾਸੇ ਭਾਈ ਪ੍ਰਿਥੀਪਾਲ ਸਿੰਘ (ਜਲੰਧਰ) ਅਤੇ ਗਿਆਨੀ ਜਗਬੀਰ ਸਿੰਘ 'ਮਿਸ਼ਨਰੀ' ਨੇ ਕਦਮ ਵਧਾਇਆ ਹੈ ਤੇ ਮਸਕੀਨ ਜੀ ਦੇ ਲੈਕਚਰਾਂ ਦੀ ਇਕ ਪੁਸਤਕ 'ਸਾਧੂ ਕੀ ਧੂਰਾ' ਤਿਆਰ ਕੀਤੀ ਹੈ। ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਕਾਰਜ ਨੂੰ ਆਪਣੇ ਹੱਥ ਲਿਆ ਹੈ। ਸਾਨੂੰ ਪਤਾ ਹੈ ਕਿ ਗਿਆਨੀ ਸੰਤ ਸਿੰਘ ਜੀ ਮਸਕੀਨ ਜੀ ਦੇ ਬੋਲਾਂ ਨੂੰ ਜਿਹੜੇ ਗਿਆਨ ਦੇ ਸਾਗਰ ਸਨ, ਕਲਮਬੰਦ ਕਰਨਾ ਔਖਾ ਹੈ। ਉਹ ਜਦ ਬੋਲਦੇ ਸਨ ਤਾਂ ਇਹ ਪਤਾ ਨਹੀਂ ਲਗਦਾ ਕਿ ਉਨ੍ਹਾਂ ਨੇ ਕਿਸ ਕਵੀ, ਕਿਸ ਸ਼ਾਇਰ, ਕਿਸ ਗੁਰੂ ਮਹਾਰਾਜ ਜਾਂ ਭਗਤ ਦੀ ਬਾਣੀ ਨੂੰ ਉਦਾਹਰਣ ਵਜੋਂ ਪੇਸ਼ ਕਰ ਦੇਣਾ ਹੈ। ਇਸ ਕਰਕੇ ਸੰਪਾਦਕਾਂ ਦੇ ਬੜੇ ਧੰਨਵਾਦੀ ਹਾਂ ਕਿ ਸਾਰੀ ਬਾਣੀ ਨੂੰ ਲਗ-ਮਾਤਰੀ ਸੋਧ ਕੇ ਉਸ ਦੇ ਅੱਗੇ 'ਅੰਗ' ਵੀ ਦਰਜ ਕਰ ਦਿੱਤੇ ਹਨ। ਇਸ ਤੋਂ ਉਪਰੰਤ ਉਨ੍ਹਾਂ ਨੇ ਹੋਰ ਕਵੀਆਂ ਅਤੇ ਸ਼ਾਇਰਾਂ ਦੇ ਬੋਲਾਂ ਨੂੰ ਵੀ ਬੜੀ ਮਿਹਨਤ ਨਾਲ ਸੋਧਿਆ ਹੈ। ਇਸ ਪਾਸੇ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ ਕਿਉਂਕਿ ਇਹ ਸਾਨੂੰ ਪਤਾ ਨਹੀਂ ਹੁੰਦਾ ਹੈ ਉਹ ਕਵਿਤਾ ਜਾਂ ਨਜ਼ਮ ਕਿਸ ਪੁਸਤਕ ਵਿਚੋਂ ਲਈ ਗਈ ਹੈ ਪਰ ਸੰਪਾਦਕਾਂ ਨੇ ਇਸ ਪਾਸੇ ਪੂਰੀ ਮਿਹਨਤ ਕਰਕੇ ਸੋਧ ਕੀਤੀ ਹੈ। ਅਸੀਂ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਾਂ ਕਿ ਅੱਗੇ ਤੋਂ ਇਨ੍ਹਾਂ ਵਿਦਵਾਨਾਂ ਨੂੰ ਸਮਰਥਾ ਬਖ਼ਸ਼ਣ ਤਾਂਕਿ ਉਹ ਮਸਕੀਨ ਜੀ ਦੇ ਹੋਰ ਲੈਕਚਰ ਵੀ ਕਲਮਬੰਦ ਕਰ ਸਕਣ। ਜੋਕਿ ਅਜ ਦੇ ਸਮੇਂ ਦੀ ਲੋੜ ਹੈ।

—ਪ੍ਰਕਾਸ਼ਕ

(ਭਾਗ ਪਹਿਲਾ)

ਸਾਧੂ ਕੀ ਧੂਰਾ

ਗੁਰੂ ਰੂਪ ਸਾਧ ਸੰਗਤ ਜੀਉ ! ਫਤਿਹ ਪ੍ਰਵਾਨ ਕਰਨੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥'

ਹੇ ਵਿਧੀ ਦੇ ਲਿਖਣ ਵਾਲੇ, ਹੇ ਅੰਦਰ ਦੇ ਜਾਨਣ ਵਾਲੇ, ਹੇ ਸਮਰੱਥ ਮੇਰੀ ਸ਼ਰਧਾ ਪੂਰੀ ਕਰ, ਮੇਰੀ ਇਕ ਮੰਗ ਪੂਰੀ ਕਰ।

ਕੀ ਮੰਗ ਹੈ ? ਕੀ ਸ਼ਰਧਾ ਹੈ ?

'ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥'

(ਪੰਨਾ ੧੩)

ਇਕ ਸੰਸਾਰ ਦੀ ਯਾਤਰਾ ਹੈ, ਉਹ ਹੈ ਹੰਕਾਰ ਦੀ ਯਾਤਰਾ। ਇਸ ਵਿਚ ਮਨੁੱਖ ਦੀ ਮੰਗ ਹੈ ਮੈਂ ਸਭ ਕੁਛ ਹੋ ਜਾਵਾਂ, ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹੋ ਜਾਵਾਂ ਔਰ ਮੈਂ ਸਭ ਕੁਝ ਹਾਂ, ਮੈਂ ਹੀ ਸਭ ਕੁਝ ਹਾਂ, ਮੈਂ ਹੀ ਸਭ ਕੁਝ ਹਾਂ। ਇਕ ਨਿਰੰਕਾਰ ਦੀ ਯਾਤਰਾ ਹੈ, ਪ੍ਰਮਾਤਮਾ ਦੀ ਯਾਤਰਾ ਹੈ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਮੈਂ ਚੰਗਾ ਵੀ ਨਹੀਂ ਲੱਗਦਾ। ਕਹਿੰਦਾ ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ ਔਰ ਸਿਰਫ ਇਤਨਾ ਹੀ ਨਹੀਂ, ਮੈਂ ਸਭ ਤੋਂ ਮਹਾਨ ਹਾਂ ਔਰ ਮੈਂ ਹਰ ਗੱਲ ਵਿਚ ਸਭ ਤੋਂ ਅੱਗੇ ਹਾਂ, ਮੈਂ ਸਭ ਕੁਝ। ਯਕੀਨ ਜਾਣੋ ਮਨੁੱਖ ਦੇ ਪ੍ਰਾਣਾਂ ਦੀ ਮੰਗ, ਸੁਆਸ-ਸੁਆਸ ਦੀ ਮੰਗ ਇਹੀ ਹੈ ਮੈਂ ਸਭ ਕੁਝ ਹੋ ਜਾਵਾਂ ਔਰ ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਜਿਤਨੀ ਮਖਲੂਕ ਮੈਂ ਸਭ ਤੋਂ ਮਹਾਨ ਹਾਂ, ਜਿਤਨੀ ਮਨੁੱਖਤਾ ਹੈ ਮੈਂ ਸਭ ਤੋਂ ਅਜ਼ੀਮ ਹਾਂ। ਪ੍ਰਾਣਾਂ ਵਿਚ ਬੁਨਿਆਦੀ ਮੰਗ ਇਹੀ ਹੈ ਇਹ ਵੀ ਮੈਂ ਅਰਜ਼ ਕਰਾਂ। ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਇਹ ਸੰਸਾਰ ਦੀ ਯਾਤਰਾ ਹੈ ਨਿਰੰਕਾਰ ਦੀ ਯਾਤਰਾ। ਇਹ ਪ੍ਰਭੂ ਮੈਂ ਕੁਝ ਵੀ ਨਹੀਂ, ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਮੈਂ ਤੇ ਕੇਵਲ ਕਦਮਾਂ ਦੀ ਖ਼ਾਕ, ਚਰਨਾਂ ਦੀ ਖ਼ਾਕ, ਚਰਨਾਂ ਦੀ ਧੂਲ ਹਾਂ। ਪਰ ਆਮ ਮਨੁੱਖ ਸੰਸਾਰੀ ਮਨੁੱਖ ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਮੈਂ ਤੇ

ਸਾਰੇ ਜਹਾਨ ਦਾ ਛੱਤਰ ਹਾਂ, ਛੱਤਰਪਤੀ ਛੱਤਰਪਤੀ, ਮੈਂ ਤੇ ਸਭ ਤੋਂ ਉੱਚਾ ਹਾਂ। ਬਹੁਤ ਗਿਣਤੀ ਇਸੇ ਮੰਗ ਤੇ ਇਸੇ ਮਨੋਰਥ ਤੇ ਖੜੀ ਹੈ। ਮਨੋਰਥ ਇਹੀ ਹੈ, ਮੰਗ ਇਹੀ ਹੈ, ਮੈਂ ਸਭ ਕੁਝ ਹੋ ਜਾਵਾਂ। ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਕਰੀਬਨ ਕਰੀਬਨ ਕਈ ਦਫਾ ਲੜਾਈ ਝਗੜੇ ਵਿਚ ਮਨੁੱਖ ਕਹਿ ਵੀ ਦੇਂਦਾ ਫੇਰ ਮੇਰੇ ਜੈਸਾ ਕੋਈ ਵੀ ਨਹੀਂ। ਇਹ ਯਾਦ ਰੱਖੀਂ ਮਨੁੱਖ ਹਰ ਗੱਲ ਵਿਚ ਇਹ ਦੱਸਣਾ ਚਾਹੁੰਦਾ ਕਿ ਹਰ ਗੱਲ ਵਿਚ ਅੱਗੇ ਹਾਂ, ਮੈਂ ਹਰ ਗੱਲ ਵਿਚ ਉੱਚਾ ਹਾਂ। ਕਿਧਰੇ ਬੋਲ ਕੇ ਦੱਸਦਾ ਹੈ ਇਹ ਮੰਦਰ ਭਗਵਾਨ ਨੇ ਨਹੀਂ ਬਣਾਇਆ ਮੈਂ ਬਣਾਇਆ। ਤਖਤੀ ਉਹਦੀ ਲੱਗੀ ਹੁੰਦੀ। ਇਹ ਗੁਰਦੁਆਰਾ ਮੈਂ ਬਣਾਇਆ, ਗੁਰੂ ਨੇ ਨਹੀਂ ਬਣਾਇਆ। ਮੈਂ ਬਣਾਇਆ, ਉਹਦੀ ਥੜ੍ਹੀ ਲੱਗੀ ਹੁੰਦੀ ਹੈ, ਕਿਧਰੇ-ਕਿਧਰੇ ਆਪ ਨਹੀਂ ਬੋਲਦਾ ਅੱਖਰਾਂ ਤੋਂ ਪੱਥਰਾਂ ਤੋਂ ਬੁਲਵਾਉਂਦਾ ਹੈ ਮੈਂ ਸਭ ਕੁਝ ਹਾਂ। ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਐਸਾ ਸੱਤੇ ਬਲਵੰਡੇ ਨੇ ਹੰਕਾਰ ਵਿਚ ਕਹਿ ਦਿੱਤਾ ਸੀ। ਮਰਦਾਨਾ ਕੀਰਤਨ ਨਾ ਕਰਦਾ ਤੇ ਗੁਰੂ ਨਾਨਕ ਨੂੰ ਕਿਸ ਨੇ ਜਾਣਨਾ ਸੀ ਔਰ ਫਿਰ ਕਹਿ ਦਿੱਤਾ ਜੇ ਅਸੀਂ ਕੀਰਤਨ ਨਾ ਕਰਦੇ ਤਾਂ ਗੁਰੂ ਅਰਜਨ ਦੇਵ ਜੀ ਗੁਰੂ ਤੇ ਪ੍ਰਿਥਵੀ ਚੰਦ ਬਣ ਗਿਆ ਸੀ, ਅਸੀਂ ਬਣਾਇਆ ਤੁਹਾਨੂੰ। ਗੁਰਦੁਆਰਾ ਨਹੀਂ ਬਣਾਇਆ, ਗੁਰੂ ਨੂੰ ਵੀ ਅਸੀਂ ਬਣਾਇਆ। ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਹੰਕਾਰ ਸਭ ਕੁਝ ਹੋਣਾ ਚਾਹੁੰਦਾ ਹੈ, ਭਾਵੇਂ ਅੱਲਾ ਹੀ ਅਕਬਰ ਹੈ, ਸਭ ਤੋਂ ਵੱਡਾ ਹੈ। ਹਮਾਯੂੰ ਦਾ ਲੜਕਾ ਜਲਾਲੁਦੀਨ ਜਦ ਸਿੰਘਾਸਣ ਤੇ ਬੈਠਾ ਤਾਂ ਜਲਾਲੁਦੀਨ ਅਕਬਰ ਮੈਂ ਅਕਬਰ ਜਲਾਲੁਦੀਨ ਅਕਬਰ ਹੋਵਾਂਗਾ, ਅੱਲਾ ਅਕਬਰ ਜਲਾਲੁਦੀਨ ਵੀ ਘੱਟ ਨਹੀਂ, ਜਲਾਲੁਦੀਨ ਅਕਬਰ। ਅਕਬਰ ਤੋਂ ਮੁਰਾਦ ਸਭ ਤੋਂ ਉੱਚਾ, ਸਭ ਤੋਂ ਵੱਡਾ। ਜੇ ਸਭ ਤੋਂ ਉੱਚਾ ਆਪਣੇ ਆਪ ਨੂੰ ਮੰਨ ਬੈਠਾ ਹੈ, ਅੱਲਾ ਦਾ ਅਕਬਰ ਹੋਣਾ ਵੀ ਉਹਨੂੰ ਅਖੜੇਗਾ। ਇਹ ਵੀ ਮੈਂ ਅਰਜ਼ ਕਰਾਂ, ਇਸ ਤਰ੍ਹਾਂ ਦੇ ਮਨੁੱਖ ਹੰਕਾਰੀ ਹੋ ਜਾਂਦੇ ਨੇ।

ਹੰਕਾਰੀ ਮਨੁੱਖ ਹਰਨਾਕਸ਼ ਹੋ ਗਿਆ ਸੀ, ਹੰਕਾਰੀ ਮਨੁੱਖ ਫਿਰ ਕਹਿ ਦੇਂਦਾ ਉਹ ਅਕਬਰ ਨਹੀਂ ਹੈ ਮੈਂ ਹੀ ਅਕਬਰ ਹਾਂ। ਹਰਨਾਕਸ਼ ਨੇ ਵੀ ਕਹਿ ਦਿੱਤਾ ਸੀ ਮੈਂ ਹੀ ਪ੍ਰਮਾਤਮਾ। ਪ੍ਰਮਾਤਮਾ ਕੀ ਹੁੰਦਾ ? ਮੈਂ ਹੀ ਭਗਵਾਨ ਹਾਂ, ਭਗਵਾਨ ਕੀ ਹੁੰਦਾ ? ਭਗਵਾਨ ਕੋਈ ਜਲ ਥਲ ਦੇ ਵਿਚ ਨਹੀਂ, ਜਲ ਹਰਨਾਕਸ਼ ਥਲ ਹਰਨਾਕਸ਼, ਜਲ ਥਲ ਦੇ ਵਿਚ ਹਰਨਾਕਸ਼ ਹੈ, ਸਭ ਪਾਸੇ ਹਰਨਾਕਸ਼ ਹੈ ਤੇ ਹਰ ਪਾਸੇ ਮੈਂ ਛਾਇਆ ਹੋਇਆ ਹਾਂ। ਮੈਂ ਹਰ ਪਾਸੇ ਹਾਂ, ਮੇਰੀ ਸ਼ਕਤੀ, ਸੰਸਾਰ ਦੀ ਯਾਤਰਾ ਹੰਕਾਰ ਦੀ ਯਾਤਰਾ ਤੇ ਇਹੀ ਹੈ, ਇਹੀ ਹੈ, ਮੈਂ ਸਭ ਕੁਝ ਹਾਂ ਅਤੇ ਸਭ ਤੋਂ ਵੱਡਾ ਹਾਂ। ਕੁਦਰਤੀ ਗੱਲ ਹੈ ਮੇਰਾ ਮਕਾਨ ਵੱਡਾ ਹੋਵੇ। ਮਕਾਨ ਦੇ ਆਸਰੇ ਤੇ ਕਿਹਾ ਕਿ ਮੈਂ ਵੱਡਾ ਹਾਂ, ਫੇਰ ਮੇਰਾ ਕਾਰੋਬਾਰ ਵੱਡਾ ਹੋਵੇ ਤੇ ਫੇਰ ਕਾਰੋਬਾਰ ਦੇ ਆਖੇ ਆਖ ਸਕਾਂ ਉਹ ਰੱਖ ਕੇ ਸਾਹਮਣੇ ਮੈਂ ਸਭ ਤੋਂ ਵੱਡਾ, ਫੇਰ ਮੇਰਾ ਪਰਿਵਾਰ ਵੱਡਾ ਹੋਵੇ ਤੇ ਫੇਰ ਪਰਿਵਾਰ ਦੇ ਸਮਕਸ਼ ਉਹਨੂੰ ਸਾਹਮਣੇ ਰੱਖ ਕੇ ਮੈਂ ਆਖ ਸਕਾਂ ਮੈਂ ਸਭ ਤੋਂ ਵੱਡਾ, ਮੇਰਾ ਰੁਤਬਾ ਵੱਡਾ ਹੋਵੇ, ਮੇਰਾ ਅਹੁਦਾ ਵੱਡਾ ਹੋਵੇ, ਮੇਰਾ ਸਿੰਘਾਸਣ ਵੱਡਾ ਹੋਵੇ ਤਾਂ ਮੈਂ ਆਖ ਸਕਾਂ ਮੈਂ ਸਭ ਤੋਂ ਵੱਡਾ ਹਾਂ,

ਸਭ ਤੋਂ ਵੱਡਾ। ਕਾਰੋਬਾਰ, ਪਰਿਵਾਰ, ਰਾਜਨੀਤੀ, ਮਨੁੱਖ ਦੀ ਲੋੜ ਹੈ। ਮੈਂ ਸਭ ਤੋਂ ਵੱਡਾ, ਮੈਂ ਸਭ ਤੋਂ ਵੱਡਾ, ਬਾਕੀ ਸਭ ਛੋਟੇ ਅਤੇ ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ, ਇਹ ਸਭ ਤੋਂ ਵੱਡੀ ਮੂਰਖਤਾ, ਇਹ ਸਭ ਤੋਂ ਵੱਡੀ ਮੂਰਖਤਾ, ਇਸ ਵਾਸਤੇ ਕਰੀਬਨ ਕਰੀਬਨ ਸੰਸਾਰ ਵਿਚ ਬਹੁਤ ਵੱਡੀ ਸਾਰੀ ਮਨੁੱਖਤਾ ਸਿਆਣਪ ਵਿਚ ਨਹੀਂ ਜਿਉਂਦੀ। ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਐਸਾ ਮੈਂ ਹੋਵਾਂ ਤੇ ਐਸਾ ਮੈਂ ਦਿੱਸਾਂ ਅਤੇ ਕਮ-ਸੇ-ਕਮ ਸ਼ਹਿਰ ਵਿਚ ਮੇਰਾ ਮਕਾਨ ਐਸਾ ਹੋਣਾ ਚਾਹੀਦਾ ਹੈ ਕਿ ਜਿਹੜਾ ਕਿਸੇ ਦੂਸਰੇ ਦਾ ਨਾ ਹੋਵੇ। ਮੇਰਾ ਅਹੁਦਾ ਐਸਾ ਹੋਣਾ ਚਾਹੀਦਾ ਹੈ ਕਿ ਬਾਕੀ ਕਿਸੇ ਦਾ ਨਾ ਹੋਵੇ। ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਵੈਸੇ ਉਸ ਭੋਲੇ ਨੂੰ ਕੌਣ ਦੱਸੇ ਮਕਾਨ ਵੱਡਾ ਹੋ ਗਿਆ, ਤੂੰ ਤੇ ਰੋਜ਼-ਰੋਜ਼ ਛੋਟਾ ਹੁੰਦਾ ਜਾ ਰਿਹਾ ਹੈਂ, ਰੋਜ਼-ਰੋਜ਼ ਤੇਰਾ ਪਰਿਵਾਰ ਵੱਡਾ ਹੋ ਰਿਹਾ, ਤੂੰ ਤੇ ਦਿਨੋ-ਦਿਨ ਕਰਕੇ ਰੋਜ਼ ਘਟਦਾ ਜਾ ਰਿਹਾ ਹੈਂ।

ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥

(ਪੰਨਾ ੭੨੬)

ਹੋ ਸਕਦਾ ਤੇਰਾ ਰੋਜ਼-ਰੋਜ਼ ਕਾਰੋਬਾਰ ਵੱਡਾ ਹੋ ਰਿਹਾ ਹੋਵੇ, ਤੂੰ ਤੇ ਰੋਜ਼-ਰੋਜ਼ ਛੋਟਾ ਹੋ ਰਿਹਾ, ਛੋਟਾ ਹੋ ਰਿਹਾ, ਕਾਰੋਬਾਰ ਮੇਰਾ ਵੱਡਾ ਹੈ ਇਸ ਕਰਕੇ ਮੈਂ ਵੱਡਾ, ਪਰ ਤੂੰ ਪਲ-ਪਲ ਤੇ ਛੋਟਾ ਹੋ ਰਿਹਾ। ਪਰਿਵਾਰ ਤੇਰਾ ਵੱਡਾ ਹੈ ਇਸ ਕਰਕੇ ਤੂੰ ਦਾਹਵਾ ਕਰੇਂ ਮੈਂ ਸਭ ਤੋਂ ਵੱਡਾ ਹਾਂ। ਮਕਾਨ ਮੇਰਾ ਸਭ ਤੋਂ ਵੱਡਾ, ਧਨ ਸੰਪਰਦਾ ਮੇਰੀ ਸਭ ਤੋਂ ਅੱਗੇ, ਸਭ ਤੋਂ ਵੱਡੀ, ਸਿੰਘਾਸਣ ਰੁਤਬਾ ਮੇਰਾ ਸਭ ਤੋਂ ਵੱਡਾ। ਮੈਂ ਸਭ ਤੋਂ ਵੱਡਾ, ਸਿੰਘਾਸਣ ਵੱਡਾ ਹੋਵੇਗਾ। ਮਕਾਨ ਵੱਡਾ ਹੋਵੇਗਾ, ਕਾਰੋਬਾਰ ਵੱਡਾ ਹੋਵੇਗਾ, ਪ੍ਰਕਿਰਤੀ ਤੈਨੂੰ ਰੋਜ਼-ਰੋਜ਼ ਛੋਟਾ ਕਰ ਰਹੀ ਹੈ, ਕੁਦਰਤ ਤੈਨੂੰ ਰੋਜ਼-ਰੋਜ਼ ਛੋਟਾ ਕਰ ਰਹੀ ਹੈ, ਕੁਦਰਤ ਤੈਨੂੰ ਰੋਜ਼-ਰੋਜ਼ ਚਿੰਤਾ ਦੀ ਤਰਫ ਲਿਜਾ ਰਹੀ ਹੈ, ਕੁਦਰਤ ਤੈਨੂੰ ਰੋਜ਼-ਰੋਜ਼ ਕਬਰ ਦੀ ਤਰਫ ਲਿਜਾ ਰਹੀ ਹੈ। ਤੂੰ ਮਹਿਲ ਮਾੜੀਆਂ ਦਾ ਮਾਣ ਕਰ ਰਿਹਾ ਹੈਂ, ਕੁਦਰਤ ਤੈਨੂੰ ਧੱਕਾ ਮਾਰ ਰਹੀ ਹੈ। ਕਬਰ ਦੀ ਤਰਫ ਚਿੰਤਾ ਦੀ ਤਰਫ ਤੂੰ ਉੱਚੇ ਸਿੰਘਾਸਣ ਦਾ ਹੰਕਾਰ ਕਰ ਰਿਹਾ ਹੈਂ। ਪ੍ਰਕਿਰਤੀ ਤੇ ਰੋਜ਼-ਰੋਜ਼ ਗਰਕ ਕਰ ਰਹੀ ਹੈ, ਥੱਲੇ ਸੁੱਟਦੀ ਜਾ ਰਹੀ ਹੈ। ਛੋਟਾ ਹੋ ਰਿਹਾ, ਛੋਟਾ ਹੋ ਰਿਹਾ, ਛੋਟਾ ਹੋ ਰਿਹਾ। ਪ੍ਰਕਿਰਤੀ ਰੋਜ਼-ਰੋਜ਼ ਛੋਟਾ ਕਰਦੀ ਜਾ ਰਹੀ ਹੈ। ਇਹ ਕਹਿੰਦਾ ਮੈਂ ਸਭ ਤੋਂ ਵੱਡਾ ਹਾਂ, ਮੈਂ ਸਭ ਤੋਂ ਮਹਾਨ ਹਾਂ, ਸਭ ਤੋਂ ਅੱਗੇ ਹਾਂ। ਮਨੁੱਖ ਦੀ ਸਾਰੀ ਭੱਜ-ਦੌੜ ਸਭ ਤੋਂ ਅੱਗੇ ਹੋਣ ਵਿਚ ਹੈ, ਖੇਡਾਂ ਵਿਚ ਨਹੀਂ ਵਾਸਤਿਕ ਜ਼ਿੰਦਗੀ ਵਿਚ ਵੀ। ਖੇਡਾਂ ਨੂੰ ਵੀ ਕਿਧਰੇ ਖੇਡਾਂ ਨਾ ਸਮਝ ਲੈਣਾ, ਅਸਲੀ ਧੰਦਾ ਚਲਦਾ ਪਿਆ, ਅਸਲੀ ਲੜਾਈ ਚਲਦੀ ਪਈ ਹੈ ਇਸ ਵਾਸਤੇ। ਮੇਰੀ ਦ੍ਰਿਸ਼ਟੀ ਵਿਚ ਕੋਈ ਉਲੰਪਿਕ ਖੇਡਾਂ ਵੀ ਖੇਡਾ ਨਹੀਂ ਨੇ, ਭਾਵੇਂ ਇਸ ਸੰਬੰਧ ਵਿਚ ਕੁਝ ਸੱਜਣਾਂ ਮਿੱਤਰਾਂ ਨੇ ਵੀ ਮੇਰੇ ਨਾਲ ਵਿਚਾਰ ਕੀਤੇ ਨੇ, ਦੁਨੀਆਂ ਵਿਚ ਸਭ ਤੋਂ ਵੱਡਾ ਖੇਲ ਉਲੰਪਿਕ ਖੇਲ ਹੈ, ਸਾਰੀ ਦੁਨੀਆਂ ਵਿਚੋਂ ਉਸ ਖੇਲ ਵਿਚ ਖਿਲਾੜੀ ਪਹੁੰਚਦੇ ਨੇ, ਬੜਾ ਲੋਕੀਂ ਖਰਚ ਕਰਕੇ ਪਹੁੰਚਦੇ

ਨੇ, ਬੜਾਂ ਸਮਾਂ ਕੱਢ ਕੇ ਪਹੁੰਚਦੇ ਨੇ, ਖੇਲਾਂ ਦੇਖਣ ਵਾਸਤੇ ਮੈਂ ਐਲਾਨੀਆ ਅਮਰੀਕਾ ਵਿਚ ਕਹਿ ਦਿੱਤਾ ਸੀ ਇਹ ਖੇਲਾਂ ਨਹੀਂ ਨੇ, ਨਹੀਂ ਨੇ, ਇਹ ਜੰਗ ਹੈ, ਇਹ ਧੰਦਾ ਹੈ, ਜਿਹੜੀ ਟੀਮ ਹਾਰ ਜਾਂਦੀ ਹੈ ਤੇ ਕਹਿ ਦਿੱਤਾ ਜਾਂਦਾ ਚੀਨ ਹਾਰ ਗਿਆ, ਜਪਾਨ ਜਿੱਤ ਗਿਆ ਹੈ, ਜਪਾਨ ਹਾਰ ਗਿਆ ਹੈ ਕੋਰੀਆ ਜਿੱਤ ਗਿਆ, ਕੋਰੀਆ ਹਾਰ ਗਿਆ। ਹਿੰਦੁਸਤਾਨ ਜਿੱਤ ਗਿਆ ਹੈ, ਹਿੰਦੁਸਤਾਨ ਹਾਰ ਗਿਆ, ਪਾਕਿਸਤਾਨ ਜਿੱਤ ਗਿਆ ਹੈ। ਖੇਲਾਂ ਦੀ ਜਿੱਤ ਦੇਸ਼ ਦੀ ਜਿੱਤ, ਖੇਲਾਂ ਦੀ ਹਾਰ ਦੇਸ਼ ਦੀ ਹਾਰ। ਜਿਹੜੀ ਟੀਮ ਹਾਰ ਜਾਂਦੀ ਹੈ ਫੇਰ ਸਿਰ ਛੁਪਾ ਕੇ ਘਰ ਆਉਂਦੀ ਹੈ, ਬੜੇ ਮਾਯੂਸ ਲੌਟਦੇ ਨੇ। ਜਿਹੜੀ ਟੀਮ ਜਿੱਤ ਜਾਂਦੀ ਹੈ ਸਵਾਗਤ ਕਰਨ ਲਈ ਵਕਤ ਦੀਆਂ ਹਕੂਮਤਾਂ ਵੀ ਅੱਗੇ ਨੇ, ਜਿੱਤ ਕੇ ਆਇਆ ਹੈ, ਇੰਜ ਜਿਵੇਂ ਕਿਸੇ ਦੇਸ਼ ਨੂੰ ਜਿੱਤ ਆਏ ਨੇ, ਕਿਸੇ ਕੌਮ ਨੂੰ ਜਿੱਤ ਕੇ ਆਏ ਨੇ। ਇਸ ਵਾਸਤੇ ਖੇਲਾਂ ਨਹੀਂ ਨੇ ਜੰਗ ਹੈ। ਜੰਗ ਵਿਚ ਜਿੱਤ ਤੇ ਹਾਰ ਹੁੰਦੀ ਹੈ, ਜਿੱਤ ਦੀ ਖੁਸ਼ੀ ਹਾਰ ਦਾ ਗ਼ਮ। ਫੇਰ ਨਿਰੀ ਜੰਗ ਹੀ ਨਹੀਂ ਹੈ ਧੰਦਾ ਹੈ। ਜੋ ਜਿੱਤ ਜਾਂਦਾ ਹੈ ਲੱਖਾਂ ਕਰੋੜਾਂ ਉਸ ਨੂੰ ਮਿਲਦੇ ਨੇ, ਜੋ ਹਾਰ ਜਾਂਦੇ ਨੇ ਫਿਟਕਾਰਾਂ ਉਹਨਾਂ ਨੂੰ ਮਿਲਦੀਆਂ। ਇਸ ਨੂੰ ਕਿਸ ਤਰ੍ਹਾਂ ਖੇਲ ਆਖੋਗੇ? ਧੰਦਾ ਹੈ ਲੱਖਾਂ ਕਰੋੜਾਂ ਦੇ ਨਫੇ ਨੇ ਔਰ ਲੱਖਾਂ ਕਰੋੜਾਂ ਦਾ ਨਾਸ ਹੋਣਾ ਹੈ, ਨੁਕਸਾਨ ਹੋਣਾ ਹੈ। ਜਿਸ ਦੇ ਵਿਚ ਜਿੱਤ ਹੈ ਹਾਰ ਹੈ, ਇਹ ਖੇਲਾਂ ਨਹੀਂ ਨੇ ਮਨੁੱਖ ਦੀ ਮਨੋਂ-ਬਿਰਤੀ ਨੇ, ਖੇਲਾਂ ਨੂੰ ਵੀ ਖੇਲਾਂ ਨਹੀਂ ਰਹਿਣ ਦਿੱਤਾ, ਦੌੜ ਹੈ, ਸਭ ਤੋਂ ਅੱਗੇ ਨਿਕਲਣਾ, ਖੇਲਾਂ ਨੇ ਸਭ ਤੋਂ ਉੱਚੇ ਹੋਣਾ ਹੈ। ਦਰਅਸਲ ਸੰਸਾਰ ਦੇ ਹਰ ਧੰਦੇ ਵਿਚ, ਸੰਸਾਰ ਦੀ ਹਰ ਕਿਰਿਆ ਵਿਚ ਮਨੁੱਖ ਸਭ ਤੋਂ ਅੱਗੇ ਹੋਣਾ ਚਾਹੁੰਦਾ ਹੈ, ਹੋਣਾ ਵੀ ਨਹੀਂ ਚਾਹੁੰਦਾ ਬਾਰ-ਬਾਰ ਦੱਸਦਾ ਵੀ ਰਹਿੰਦਾ, ਕਹਿੰਦਾ ਵੀ ਰਹਿੰਦਾ ਮੈਂ ਸਭ ਤੋਂ ਅੱਗੇ ਹਾਂ, ਸਭ ਤੋਂ ਵੱਡਾ, ਮੈਂ ਸਭ ਤੋਂ ਵੱਡਾ, ਮੈਂ ਸਭ ਤੋਂ ਵੱਡਾ, ਕਿਧਰੇ ਪ੍ਰਤੱਖ ਰੂਪ ਵਿਚ ਕਹਿੰਦਾ, ਕਿਧਰੇ ਬੁਲੰਦ ਬਾਧ ਕਹਿੰਦਾ, ਕਿਧਰੇ ਇਸ਼ਾਰਿਆਂ ਵਿਚ ਕਹਿੰਦਾ, ਕਿਧਰੇ ਦੀਵਾਰਾਂ ਤੇ ਲਿਖਾ ਕੇ ਕਹਿੰਦਾ, ਮੈਂ ਸਭ ਕੁਝ ਹਾਂ। ਮੈਂ ਸਭ ਕੁਝ ਹਾਂ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ, ਇਹ ਉਹ ਕਹਿੰਦਾ ਜੋ ਨਿਰੰਕਾਰ ਦੇ ਮਾਰਗ ਤੇ ਚੱਲਦਾ, ਮੈਂ ਕੁਝ ਵੀ ਨਹੀਂ, ਮੇਰੇ ਕੋਲ ਆਪਣਾ ਕੁਝ ਵੀ ਨਹੀਂ।

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥

(ਪੰਨਾ ੧੩੭੫)

ਕੁਝ ਵੀ ਨਹੀਂ, ਕੁਝ ਵੀ ਨਹੀਂ, ਕੁਝ ਵੀ ਨਹੀਂ, ਮੈਂ ਨਾਹੀਂ ਮੈਂ ਵੀ ਕੁਝ ਨਹੀਂ, ਮੈਂ ਨਾਹੀਂ ਪ੍ਰਭ ਸਭ ਕਿਛ ਤੇਰਾ, ਇਕ ਤੇ ਇਹ ਹੀ ਆਖਦਾ। ਹੁਣ ਸੁਣ ਲੈਣਾ ਜੋ ਐਸਾ ਕਹਿੰਦਾ ਮੈਂ ਸਭ ਕੁਝ ਹਾਂ, ਸਭ ਕੁਝ ਹੋਣ ਦਾ ਯਤਨ ਕਰਦਾ ਹੈ। ਇਕ ਦਿਨ ਖਾਕ ਹੋ ਜਾਂਦਾ, ਰਾਖ ਹੋ ਜਾਂਦਾ, ਕੁਝ ਵੀ ਨਹੀਂ ਜੋ ਐਲਾਨੀਆ ਕਹਿ ਦੇਂਦਾ ਮੈਂ ਤੇ ਖਾਕ ਹਾਂ ਸਭ ਦੀ, ਮੈਂ ਤੇ ਰਾਖ ਹਾਂ ਸਭ ਦੀ। ਯਕੀਨ ਜਾਣੋ ਇਕ ਦਿਨ ਸੂਰਜਾਂ ਦਾ ਮਹਾਨ ਸੂਰਜ ਹੋ ਜਾਂਦਾ ਹੈ। ਜੋ ਕਹਿੰਦਾ ਮੈਂ ਕੁਝ ਵੀ ਨਹੀਂ ਸਭ ਕੁਝ ਹੋ ਜਾਂਦਾ ਹੈ ਔਰ ਜੋ ਕਹਿੰਦਾ ਮੈਂ ਸਭ ਕੁਝ ਹਾਂ ਬਿਲਕੁਲ ਮਿਟ

ਜਾਂਦਾ, ਐਸਾ ਰੱਬੀ ਵਿਧਾਤਾ, ਐਸਾ ਈਸ਼ਵਰ ਵਿਧਾਤਾ। ਸੋ ਜਿਸ ਨੇ ਪ੍ਰਭੂ ਦੇ ਮਾਰਗ ਤੇ ਚਲਣਾ ਹੁੰਦਾ ਉਹਨੂੰ ਕਬੂਲ ਕਰਨਾ ਪੈਂਦਾ। ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਚਲੋ ਇਸ ਸੰਬੰਧ ਵਿਚ ਇਕ ਦੋ ਬੋਲ ਤੁਹਾਡੇ ਸਾਹਮਣੇ ਰੱਖਾਂ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਇਕ ਸਵੱਈਆ ਮੈਂ ਤੁਹਾਡੇ ਸਾਹਮਣੇ ਰੱਖਣ ਲੱਗਾਂ, ਜਿਸ ਵਿਚ ਭਾਈ ਸਾਹਿਬ ਕਹਿੰਦੇ ਨੇ ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਦੋ ਨੁਕਤੇ ਹੋਰ ਵੀ ਸੁਣ ਲੈਣਾ। ਕੁਦਰਤੀ ਗੱਲ ਹੈ ਸਾਹਮਣੇ ਆਈ ਜਿਸ ਵਿਚ ਕਬੀਰ ਕਹਿੰਦੇ ਨੇ *'ਕਬੀਰ ਸਭ ਤੇ ਹਮ ਬੁਰੇ'* ਬੁਰਾ ਮਨੁੱਖ ਸਮਾਜ ਦਾ ਠੁਕਰਾਇਆ ਹੁੰਦਾ ਹੈ।

'ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥'

(ਪੰਨਾ ੧੩੬੪)

ਮੈਂ ਸਭ ਤੋਂ ਬੁਰਾ, ਸਭ ਤੋਂ ਬੁਰਾ, ਮੈਨੂੰ ਛੱਡ ਕੇ ਸਾਰੇ ਚੰਗੇ, ਸਾਰੇ ਹੀ ਚੰਗੇ। ਬੜੇ ਧਿਆਨ ਨਾਲ ਸੁਣਨਾ ਮੈਂ ਜੋ ਕੁਝ ਕਹਿ ਰਿਹਾਂ ਉਹਦੇ ਵਿਚ ਠਰੰਮਾ ਵੀ ਰੱਖਣਾ। ਚਲੋ ਕਬੀਰ ਜੀ ਮੰਨ ਲੈਂਦੇ ਹਾਂ ਤੁਸੀਂ ਸਭ ਤੋਂ ਬੁਰੇ ਹੋ, ਫੇਰ ਸਾਨੂੰ ਕਹਿਣ ਦੀ ਕੀ ਲੋੜ ਹੈ ਗੱਲ ਖਤਮ, ਤੁਹਾਨੂੰ ਭਗਤ ਕਿਉਂ ਆਖੀਏ ਗੱਲ ਕੁਝ ਵੀ ਨਹੀਂ, ਫੇਰ ਤੁਹਾਡੀ ਬਾਣੀ ਦਾ ਕੀਰਤਨ ਕਿਉਂ ਕਰੀਏ, ਕਥਾ ਕਿਉਂ ਕਰੀਏ ਖਤਮ ਕਿ ਤੁਸੀਂ ਸਭ ਤੋਂ ਬੁਰੇ। ਤੁਸੀਂ ਆਪ ਕਹਿੰਦੇ ਦੂਸਰਾ ਨੁਕਤਾ ਜੇ ਕਹੀਏ ਨਹੀਂ, ਜੋ ਕਬੀਰ ਕਹਿ ਰਹੇ ਐਸੇ ਉਹ ਨਹੀਂ ਨੇ। ਫੇਰ ਕਬੀਰ ਜੀ ਦੇ ਉਤੇ ਗਲਤ-ਬਿਆਨੀ ਕਰਨ ਦਾ ਇਲਜ਼ਾਮ ਆਏਗਾ। ਫੇਰ ਕਬੀਰ ਗਲਤ ਬਿਆਨੀ ਕਰ ਰਿਹਾ ਹੈ ਜੋ ਕੁਝ ਕਹਿ ਰਹੇ ਨੇ ਐਸਾ ਹੈ ਨਹੀਂ। ਮੈਂ ਫਿਰ ਦੁਹਰਾਵਾਂ *'ਕਬੀਰ ਸਭ ਤੇ ਹਮ ਬੁਰੇ'* ਰੂਏ-ਜ਼ਮੀਨ ਤੇ ਐਸਾ ਹੋਰ ਕੋਈ ਬੁਰਾ ਨਹੀਂ ਜੈਸਾ ਮੈਂ ਹਾਂ। ਚੰਗੇ ਨੇ ਚਲੋ ਮੰਨ ਲੈਂਦੇ ਹਾਂ। ਮੰਨ ਲੈਂਦੇ ਹਾਂ ਤੁਸੀਂ ਜੋ ਕੁਝ ਕਹਿ ਰਹੇ ਹੋ ਠੀਕ ਹੈ। ਫਿਰ ਤੁਹਾਨੂੰ ਸੰਤ ਕਹਿਣ ਦੀ ਕੀ ਲੋੜ ਹੈ ? ਤੁਹਾਨੂੰ ਭਗਤ ਕਹਿਣ ਦੀ ਕੀ ਲੋੜ ਹੈ ? ਤੁਹਾਡੀ ਬਾਣੀ ਦਾ ਜਪ ਕਿਉਂ ਕਰੀਏ ? ਤੁਹਾਡੀ ਬਾਣੀ ਦਾ ਕੀਰਤਨ ਕਿਉਂ ਕਰੀਏ ? ਤੁਹਾਡੀ ਬਾਣੀ ਦੇ ਅਰਥ ਬੋਧ ਕਰਕੇ ਕਥਾ ਕਿਉਂ ਕਰੀਏ ? ਕੀ ਲੋੜ ਹੈ ਤੁਸੀਂ ਸਭ ਤੋਂ ਬੁਰੇ ਤੇ ਜੇ ਮੰਨੀਏ ਨਹੀਂ, ਇਹ ਖੇਡ ਨਹੀਂ ਹੈ ਜੋ ਕਬੀਰ ਕਹਿ ਰਹੇ ਨੇ। ਕਬੀਰ ਐਸਾ ਨਹੀਂ ਹੈ ਤੇ ਮੈਂ ਫਿਰ ਦੁਹਰਾ ਦੇਵਾਂ। ਕਬੀਰ ਉਤੇ ਗਲਤ ਬਿਆਨੀ ਕਰਨ ਦਾ ਇਲਜ਼ਾਮ ਆ ਜਾਂਦਾ, ਜਿਹਨੂੰ ਆਮ ਬੋਲਣ ਦੀ ਭਾਸ਼ਾ ਵਿਚ ਝੂਠ ਬੋਲਣ ਦਾ ਇਲਜ਼ਾਮ ਆ ਜਾਂਦਾ। ਹੂ-ਬ-ਹੂ ਇਸੇ ਤਰ੍ਹਾਂ ਭਾਈ ਗੁਰਦਾਸ ਜੀ ਕਹਿੰਦੇ ਉਹ ਵੀ ਸੁਣ ਲਉ, ਭਾਈ ਸਾਹਿਬ ਕਹਿੰਦੇ :

ਤੋ ਸੋ ਨ ਨਾਥੁ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ, ਨ ਮੋ ਸੋ ਭਿਖਾਰੀ॥

ਸਰਲ ਸ਼ਬਦ ਨੇ, ਅਰਥ ਆਪ ਹੀ ਕਰਦੇ ਨੇ, ਮੋ ਸੋ ਨ ਦੀਨ ਵੇ। ਸੰਸਕ੍ਰਿਤ ਵਿਚ ਦੀਨ ਦੇ ਅਰਥ ਨੇ ਨਿਮਾਣਾ, ਨਿਤਾਣਾ, ਕਮਜ਼ੋਰ, ਲਾਗਤ ਮਫਲਿਸ। ਇਹ ਸਾਰੀਆਂ ਗੱਲਾਂ ਇਕੱਠੀਆਂ ਕਰ ਦੇਈਏ ਤੇ ਇਕ ਸ਼ਬਦ ਵਿਚ ਬਿਆਨ ਕਰ ਦੇਈਏ ਬੜਾ ਦੀਨ ਹੈ। ਇਹ

ਗੱਲ ਵੱਖਰੀ ਹੈ, ਦੀਨ ਦਾ ਅਰਥ ਅਰਬੀ ਫ਼ਾਰਸੀ ਦਾ ਹੋਵੇ ਤੇ ਇਹਦੇ ਅਰਥ ਬਣਦੇ ਨੇ ਧਰਮ, ਦੋਵਾਂ ਭਾਸ਼ਾਵਾਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਆਇਆ ਹੈ :

ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥

(ਪੰਨਾ ੧੧੦੫)

ਇਥੇ ਦੀਨ ਦਾ ਅਰਥ ਹੈ ਧਰਮ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

(ਪੰਨਾ ੧੧੦੫)

ਸੂਰਬੀਰ ਉਹ ਜਿਹੜਾ ਦੀਨ ਦਾ ਪੱਖ ਲੈ ਲਏ, ਕਮਜ਼ੋਰ ਦਾ ਪੱਖ ਲਵੇ, ਮਫਲਿਸ ਦਾ ਪੱਖ ਲੈ ਲਵੇ, ਨਿਮਾਣੇ ਨਿਤਾਣੇ ਦਾ ਪੱਖ ਲੈ ਲਵੇ।

ਭਾਈ ਸਾਹਿਬ ਕਹਿੰਦੇ–

ਮੋ ਸੋ ਨ ਦੀਨ, ਦਇਆਲ ਨ ਤੋ ਸਰਿ, ਮੋ ਸੋ ਅਗਿਆਨੁ, ਨ ਤੋ ਸੋ ਬਿਚਾਰੀ॥

ਮੇਰੇ ਜੈਸਾ ਹੋਰ ਕੋਈ ਅਗਿਆਨੀ ਨਹੀਂ, ਨਾ ਜਿਤਨਾ ਮੈਂ ਅਗਿਆਨੀ ਹਾਂ, ਜਿਤਨਾ ਮੈਂ ਨਾਸਮਝ, ਤੇਰੇ ਜੈਸਾ ਹੋਰ ਕੋਈ ਗਿਆਨੀ ਵਿਚਾਰਾ ਨਹੀਂ, ਪਰ ਮੇਰੇ ਜੈਸਾ ਹੋਰ ਕੋਈ ਅਗਿਆਨੀ ਨਹੀਂ। ਇਹ ਇਕ ਪੰਗਤੀ ਹੈ, ਦੂਸਰੀ ਕਹਿਣ ਲੱਗਿਆਂ ਵੀ ਹੈਰਾਨਗੀ ਆਉਂਦੀ ਹੈ ਜੋ ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ–

ਤੋ ਸੋ ਨ ਨਾਥੁ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ, ਨ ਮੋ ਸੋ ਭਿਖਾਰੀ॥
ਮੋ ਸੋ ਨ ਦੀਨ, ਦਇਆਲ ਨ ਤੋ ਸਰਿ, ਮੋ ਸੋ ਅਗਿਆਨੁ, ਨ ਤੋ ਸੋ ਬਿਚਾਰੀ॥

(ਸਵੱਈਏ ਭਾਈ ਗੁਰਦਾਸ ਜੀ)

ਪਤਿਤ ਕਿਸ ਨੂੰ ਕਹਿੰਦੇ ਨੇ, ਭ੍ਰਿਸ਼ਟ ਮਹਾਨ ਪਾਪੀ ਨੂੰ। ਭਾਈ ਸਾਹਿਬ ਕਹਿੰਦੇ ਮੇਰੇ ਜੈਸਾ ਹੋਰ ਕੋਈ ਨਹੀਂ, ਇਹਨੂੰ ਕਿਤੇ ਕਪੋਲ ਕਲਪਣਾ ਤੇ ਅਤਿ ਕਥਨੀ ਨਾ ਸਮਝਣਾ। ਭਾਵੇਂ ਸਾਹਿਤਕ ਦੁਨੀਆਂ, ਭਾਵੇਂ ਦੁਨੀਆਂ 'ਚ ਸ਼ਾਇਰਾਨਾ ਅੰਦਾਜ਼ ਵਿਚ ਕਹਿੰਦੇ ਨੇ ਅਤਿ ਉਪਮਾ ਅਲੰਕਾਰ ਵਿਚ ਵਰਤਿਆ ਜਾਂਦਾ ਹੈ ਫਲਾਣੇ ਦਾ ਮੁਖੜਾ ਕਿ ਚੰਦਰਮਾਂ ਦੀ ਤਰ੍ਹਾਂ ਅਤਿ ਉਪਮਾ ਅਲੰਕਾਰ, ਫਲਾਣੇ ਦੇ ਦੰਦ ਮੋਤੀਆਂ ਦੀ ਤਰ੍ਹਾਂ ਨੇ ਅਤਿ ਉਪਮਾ ਅਲੰਕਾਰ, ਫਲਾਣੇ ਦੀ ਚਾਲ ਤੇ ਹੰਸ ਵਰਗੀ ਹੈ, ਅਤਿ ਉਪਮਾ ਅਲੰਕਾਰ, ਭਾਉ ਅਤਿ ਦੀ ਉਪਮਾ ਕਰਕੇ ਸਾਹਿਤਕ ਦੀ ਦੁਨੀਆਂ ਵਿਚ, ਸ਼ਾਇਰੀ ਦੀ ਦੁਨੀਆਂ ਵਿਚ, ਭਾਵੇਂ ਉਪਮਾ ਵਿਚ ਅਤਿ ਉਪਮਾ ਅਲੰਕਾਰ ਵਰਤਿਆ ਜਾਂਦਾ ਹੈ। ਮੈਂ ਅਰਜ਼ ਕਰਾਂ ਅਤਿ ਉਪਮਾ ਅਲੰਕਾਰ ਝੂਠ ਉਸਤਤੀ ਹੈ। ਅਸੀਂ ਕਹਿ ਦੇਈਏ ਫਲਾਣੇ ਦਾ ਮੁਖੜਾ ਚੰਦਰਮਾ ਦੀ ਤਰ੍ਹਾਂ ਤੇ ਘਰ ਵਿਚ ਬਿਜਲੀ ਜਲਾਉਣ ਦੀ ਲੋੜ ਨਹੀਂ। ਉਹਦੇ ਮੁਖੜੇ ਤੋਂ ਚਾਨਣਾ ਲਈਏ, ਫੇਰ ਬੱਤੀ

ਜਲਾਉਣ ਦੀ ਲੋੜ ਨਹੀਂ। ਇਹ ਵੀ ਮੈਂ ਅਰਜ਼ ਕਰਾਂ, ਇਹ ਤੇ ਸਭ ਝੂਠ ਅਤਿ ਉਪਮਾ ਅਲੰਕਾਰ ਝੂਠ ਹੁੰਦਾ। ਸਿਰਫ ਸਾਹਿਤਕ ਦੁਨੀਆਂ ਵਿਚ ਉਹਨੂੰ ਮਾਣ ਦਿੱਤਾ ਗਿਆ, ਇਹ ਝੂਠ ਨੂੰ ਵੀ ਮਾਣ ਦਿੱਤਾ ਗਿਆ। ਗੱਲ ਤੇ ਵਧਾ ਕੇ ਆਖੀ ਗਈ, ਵਧਾ ਕੇ ਆਖਣੀ ਵੀ ਝੂਠ ਹੈ, ਗੱਲ ਘਟਾ ਕੇ ਵੀ ਆਖਣੀ ਇਹ ਵੀ ਝੂਠ ਹੈ। ਪਰ ਮੈਂ ਅਰਜ਼ ਕਰਾਂ ਸਾਹਿਤਕ ਦੁਨੀਆਂ ਵਿਚ, ਸ਼ਾਇਰੀ ਦੀ ਦੁਨੀਆਂ ਵਿਚ, ਕਵੀ ਦੁਨੀਆਂ ਵਿਚ ਇਹਨੂੰ ਪ੍ਰਮਾਣਿਤ ਕਰ ਦਿੱਤੀ ਗਈ ਹੈ, ਮੰਨ ਵੀ ਲੈਂਦੇ ਨੇ, ਇਹ ਵੀ ਠੀਕ। ਭਾਈ ਸਾਹਿਬ ਭਾਈ ਗੁਰਦਾਸ ਜੀ ਇਥੇ ਬੋਲਣ ਦੀ ਅਤਿ ਨਹੀਂ ਸੀ ਕਰਦੇ। ਇਸ ਤਰ੍ਹਾਂ ਨਾ ਸਮਝਣਾ, 'ਮੋ ਸੋ ਨ ਪਤਿਤ' ਰੂਹੇ ਜ਼ਮੀਨ ਵਿਚ ਮੇਰੇ ਜੈਸਾ ਕੋਈ ਪਾਪੀ ਨਹੀਂ।

"ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ, ਮੋ ਸੋ ਬਿਕਾਰੀ ਨ ਤੋ ਸੋ ਉਪਕਾਰੀ॥

ਇਸ ਬ੍ਰਹਿਮੰਡ ਵਿਚ ਮੇਰੇ ਜੈਸਾ ਕੋਈ ਭਿਖਾਰੀ ਨਹੀਂ ਥੋੜੀ ਗੱਲ ਚੌਥੀ ਪੰਗਤੀ "ਮੋਰੇ ਹੈ ਅਵਗੁਨ, ਤੂੰ ਗੁਨ ਸਾਗਰ", ਇਹ ਪ੍ਰਭੂ ਠੀਕ ਹੈ। ਗੁਣਾਂ ਦਾ ਸਾਗਰ ਹੈ ਪਰ ਮੈਂ ਤੇ ਔਗੁਣਾਂ ਦਾ ਸਾਗਰ ਹਾਂ। ਤੇਰੇ ਗੁਣ ਨਹੀਂ ਗਿਣੇ ਜਾਂਦੇ, ਮੇਰੇ ਔਗੁਣ ਨਹੀਂ ਗਿਣੇ ਜਾ ਸਕਦੇ।

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥

(ਪੰਨਾ ੧੫੬)

ਭਾਈ ਸਾਹਿਬ ਕਹਿੰਦੇ, ਹੇ ਪ੍ਰਭੂ ਤੈਨੂੰ ਦੇਖ ਸਕਾਂ ਮੇਰੇ ਕੋਲ ਅੱਖਾਂ ਕੋਈ ਨਹੀਂ, ਤੈਨੂੰ ਸੁਣ ਸਕਾਂ ਮੇਰੇ ਕੋਲ ਕੰਨ ਕੋਈ ਨਹੀਂ, ਮਿੱਤਰ ਦੀ ਗਲਤ ਗੱਲ ਸੁਣ ਲੈਂਦਾ, ਗੁਰੂ ਦੀ ਸਹੀ ਵੀ ਨਹੀਂ ਸੁਣਦਾ। ਪੁੱਤਰ ਦੀ ਗਲਤ ਗੱਲ ਵੀ ਸੁਣ ਲੈਂਦਾ, ਪਤੀ ਦੀ ਪਤਨੀ ਦੀ ਗਲਤ ਗੱਲ ਵੀ ਦੁਨੀਆਂ ਸੁਣ ਲੈਂਦੀ ਹੈ। ਗੁਰੂ ਦੀਆਂ ਸੱਚ ਗੱਲਾਂ ਗੁਣਾਂ ਨਾਲ ਭਰੀਆਂ ਹੋਈਆਂ ਗੱਲਾਂ ਵੀ ਕੌਣ ਸੁਣਦਾ, ਪਤਾ ਕਿਹੜੀ ਗੱਲ ਸੁਣੀ ਗਈ ਹੈ। ਜਿਹੜੀ ਮੰਨੀਦੀ ਨਹੀਂ ਤੂੰ ਪੁੱਤਰ ਦੀ ਗਲਤ ਗੱਲ ਵੀ ਮੰਨ ਲੈਂਦਾ। ਗੁਰੂ ਦੀ ਠੀਕ ਵੀ ਨਹੀਂ ਮੰਨੀ ਮੰਨਦਾ। ਮਿੱਤਰ ਦੇ ਕਹਿਣੇ ਤੇ ਸ਼ਰਾਬ ਪੀਣ ਨੂੰ ਤਿਆਰ ਹੈਂ। ਮਿੱਤਰ ਕਹਿੰਦਾ ਠੀਕ ਹੈ ਸਾਡੀ ਨੱਕ ਨਾ ਕੱਟ ਬਰਾਦਰੀ ਵਿਚ ਬੈਠਾ, ਮਿੱਤਰ ਦੇ ਕਹਿਣੇ ਤੇ ਸ਼ਰਾਬ ਪੀਣ ਨੂੰ ਤਿਆਰ ਹੈਂ, ਗੁਰੂ ਦੇ ਕਹਿਣੇ ਤੇ ਅੰਮ੍ਰਿਤ ਛੱਕਣ ਨੂੰ ਤਿਆਰ ਨਹੀਂ ਹੈਂ, ਨਹੀਂ ਹੈਂ। ਮਨੁੱਖ ਮਿੱਤਰ ਦੀ ਮੰਨ ਲੈਂਦਾ, ਪੁੱਤਰ ਦੀ ਮੰਨ ਲੈਂਦਾ, ਪਤਨੀ ਦੀ ਮੰਨ ਲੈਂਦਾ, ਪਤਨੀ ਪਤੀ ਦੀ ਮੰਨ ਲੈਂਦੀ, ਭਰਾ ਦੀ ਮੰਨ ਲੈਂਦਾ, ਮਾਂ ਬਾਪ ਦੀ ਮੰਨ ਲੈਂਦਾ, ਨਹੀਂ ਮੰਨਦਾ ਤੇ ਕੇਵਲ ਗੁਰੂ ਦੀ ਨਹੀਂ ਮੰਨਦਾ। ਹਕੀਕਤ ਹੈ, ਸੱਚਾਈ ਹੈ, ਤੈਨੂੰ ਸੁਣ ਸਕਾਂ ਹੇ ਪ੍ਰਭੂ ਮੇਰੇ ਕੰਨ ਕੋਈ ਨਹੀਂ, ਪਰ ਮੇਰੇ ਕੋਲ ਐਸੀ ਜ਼ਬਾਨ ਵੀ ਕੋਈ ਨਹੀਂ, ਬੋਲ ਤੇਰੇ ਕੰਨਾਂ ਤੱਕ ਪਹੁੰਚਾ ਸਕਾਂ, ਹੱਥ ਵੀ ਕੋਈ ਨਹੀਂ ਤੇਰਾ ਦਾਮਨ ਪਕੜ ਸਕਾਂ, ਪੈਰ ਵੀ ਕੋਈ ਨਹੀਂ ਤੇਰੇ ਤੱਕ ਪਹੁੰਚ ਸਕਾਂ। ਅਗਰ ਮਨੁੱਖ ਮਾਂ ਬਾਪ ਤੱਕ ਪਹੁੰਚ ਗਿਆ, ਪੁੱਤਰਾਂ ਤੱਕ ਪਹੁੰਚ ਗਿਆ ਹੈ, ਮਿੱਤਰ ਤੱਕ ਪਹੁੰਚ ਗਿਆ, ਗੁਰੂ ਤੱਕ

ਨਹੀਂ ਪਹੁੰਚਿਆ, ਇਹਦੇ ਕੋਲ ਪੈਰ ਕੋਈ ਨਹੀਂ। ਗੁਰੂ ਤੱਕ ਸੁਰਤ ਪਹੁੰਚੇਗੀ, ਧਿਆਨ ਪਹੁੰਚੇਗਾ ਇਹਦੇ ਪੈਰ ਨਹੀਂ ਹਨ। ਅਗਰ ਮਨੁੱਖ ਦੇ ਹੱਥ ਵਿਚ ਬਹੁਤ ਕੁਝ ਆ ਗਿਆ, ਪ੍ਰਮਾਤਮਾ ਦਾ ਦਾਮਨ ਨਹੀਂ ਆਇਆ। ਇਹਦੇ ਕੋਲ ਹੱਥ ਨਹੀਂ ਹੈ, ਨਹੀਂ ਹੈ।

ਦ੍ਰਿਸਟਿ ਦਰਸ-ਹੀਨ, ਸਬਦ-ਸੁਰਤਿ-ਹੀਨ
ਬੁਧਿ-ਬਲ-ਹੀਨ, ਸੂਧੇ ਹਸਤ ਨਾ ਪਾਵ ਰੀ॥

ਤੀਸਰੀ ਪੰਗਤੀ -

'ਪ੍ਰੀਤਿ-ਹੀਨ, ਰੀਤਿ-ਹੀਨ, ਭਾਇ ਭੈ ਪ੍ਰਤੀਤ-ਹੀਨ,
ਚਿਤ-ਹੀਨ, ਬਿਤ-ਹੀਨ, ਸਹਜ ਸੁਭਾਵ ਰੀ॥

(ਕਬਿੱਤ ਭਾਈ ਗੁਰਦਾਸ ਜੀ)

ਪ੍ਰਭੂ ਇਹ ਸਭ ਕੁਝ ਨਹੀਂ ਹੈ, ਪਰ ਮੇਰੇ ਹਿਰਦੇ ਵਿਚ ਤੇਰੇ ਵਾਸਤੇ ਪ੍ਰੀਤ ਵੀ ਕੋਈ ਨਹੀਂ ਹੈ। ਪ੍ਰੀਤ ਦੀ ਜਿਹੜੀ ਰੀਤ ਹੋ ਸਕਦੀ ਹੈ, ਜਿਹੜੀ ਰਸਮੋ-ਰਿਵਾਜ ਕੋਈ ਕਰਮ-ਕਾਂਡ ਇਹ ਵੀ ਕੋਈ ਨਹੀਂ, ਤੇਰਾ ਭੈ ਵੀ ਕੋਈ ਨਹੀਂ, ਤੇਰੀ ਭਾਵਨਾ ਵੀ ਕੋਈ ਨਹੀਂ, ਤੇਰੀ ਸ਼ਰਧਾ ਵੀ ਨਹੀਂ ਔਰ ਪ੍ਰਤੀਤ ਤੇਰੇ ਤੇ ਭਰੋਸਾ ਵੀ ਕੋਈ ਨਹੀਂ, ਤੇਰੇ ਤੇ ਵਿਸ਼ਵਾਸ ਵੀ ਕੋਈ ਨਹੀਂ। ਵਿਸ਼ਵਾਸ ਮੈਨੂੰ ਪਰਿਵਾਰ ਤੇ ਹੈ, ਬੱਚਿਆਂ ਤੇ ਹੈ, ਮਿੱਤਰ ਤੇ ਹੈ। ਹੇ ਪ੍ਰਭੂ ਤੇਰੇ ਤੇ ਵਿਸ਼ਵਾਸ ਵੀ ਕੋਈ ਨਹੀਂ। ਬਹੁਤ ਵੱਡੀ ਸਚਾਈ ਮਨੁੱਖਤਾ ਦੀ ਭਾਈ ਗੁਰਦਾਸ ਜੀ ਸਾਹਮਣੇ ਰੱਖ ਰਹੇ

ਪ੍ਰੀਤਿ-ਹੀਨ, ਰੀਤਿ-ਹੀਨ, ਭਾਇ ਭੈ ਪ੍ਰਤੀਤ-ਹੀਨ,
ਚਿਤ-ਹੀਨ, ਬਿਤ-ਹੀਨ, ਸਹਜ ਸੁਭਾਵ ਰੀ॥

ਨਹੀਂ ਤੈਨੂੰ ਚੇਤੇ ਕਰ ਸਕਾਂ। ਹੁਣ ਮੇਰੇ ਕੋਲ ਚੇਤੇ ਸ਼ਕਤੀ ਨਹੀਂ ਹੈ, ਨਹੀਂ ਹੈ, ਤੈਨੂੰ ਹਾਸਲ ਕਰ ਸਕਾਂ। ਮੇਰੇ ਕੋਲ ਸਮਰੱਥਾ ਵੀ ਨਹੀਂ ਹੈ, ਅੰਗ-ਸੰਗ ਟੁੱਟਿਆ ਪਿਆ, ਨਾ ਹੱਥ ਨੇ, ਨਾ ਕੰਨ ਹੈ, ਨਾ ਅੱਖਾਂ ਹਨ, ਨਾ ਨੱਕ ਹੈ, ਨਾ ਰਸਨਾ ਹੈ, ਕੁਝ ਵੀ ਨਹੀਂ ਹੈ ਤੇ ਇਹ ਹੁਣ ਮੰਨ ਲਈਏ। ਭਾਈ ਸਾਹਿਬ ਐਸੇ ਸਨ ਤੇ ਇਹਨਾਂ ਦੀ ਬਾਣੀ ਨੂੰ ਕੁੰਜੀ ਕਹਿਣ ਦੀ ਕੀ ਲੋੜ ? ਬੜੇ ਧਿਆਨ ਨਾਲ ਸੁਣਨਾ, ਇਹਨਾਂ ਨੂੰ ਗੁਰੂ ਘਰ ਦਾ ਵੇਦ ਵਿਆਸ ਕਹਿਣ ਦੀ ਕੀ ਲੋੜ ਹੈ ? ਫਿਰ ਇਹਨਾਂ ਦੀ ਬਾਣੀ ਦਾ ਕੀਰਤਨ ਕਰਨ ਦੀ ਕੀ ਲੋੜ ਹੈ ? ਜੋ ਕੁਝ ਉਹ ਕਹਿ ਰਹੇ ਇਕ ਜਗ੍ਹਾ ਨਹੀਂ ਕਿਹਾ, ਅੱਠ-ਦਸ ਪਉੜੀਆਂ ਵਿਚ ਕਿਹਾ, ਵੀਹ-ਪੰਝੀ ਸਵੱਈਆਂ ਵਿਚ ਕਿਹਾ, ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਚਲੋ ਮੰਨ ਲੈਂਦੇ ਹਾਂ ਫਿਰ ਤੁਹਾਡੀ ਹੀ ਬਾਣੀ ਨੂੰ ਕੁੰਜੀ ਕਿਉਂ ਆਖੀਏ ? ਫਿਰ ਤੁਹਾਡੀ ਹੀ ਬਾਣੀ ਦਾ ਕੀਰਤਨ ਕਿਉਂ ਕਰੀਏ ਤੇ ਕਬੀਰ ਨੂੰ ਵੀ ਕਹਿ ਦੇਈਏ ਜਿਹੜਾ ਤੁਸੀਂ ਕਹਿੰਦੇ ਹੋ-

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥

(ਪੰਨਾ ੧੩੬੪)

ਚਲੋ ਮੰਨ ਲੈਂਦੇ ਹਾਂ ਤੁਸੀਂ ਸਭ ਤੋਂ ਬੁਰੇ, ਤੁਸੀਂ ਤੇ ਫਿਰ ਭਗਤ ਹੋ, ਨਹੀਂ, ਤੁਸੀਂ ਤੇ ਸੰਤ ਹੋ ਨਹੀਂ, ਕਿਉਂਕਿ ਸੰਤ ਤੇ ਬੁਰੇ ਹੁੰਦੇ ਨਹੀਂ, ਭਗਤ ਤੇ ਬੁਰੇ ਨਹੀਂ ਹੁੰਦੇ। ਤੁਸੀਂ ਆਪ ਕਹਿ ਰਹੇ ਹੋ ਸਭ ਤੋਂ ਬੁਰੇ। ਚਲੋ ਇੰਝ ਸੋਚੀਏ ਜੋ ਤੁਸੀਂ ਆਖ ਰਹੇ ਹੋ ਨਹੀਂ ਹੈ ਤੇ ਭਾਈ ਗੁਰਦਾਸ ਜੀ ਨੂੰ ਕਹੀਏ ਜੋ ਤੁਸੀਂ ਆਖ ਰਹੇ ਹੋ ਇਹ ਨਹੀਂ ਹੈ। ਬੜੇ ਧਿਆਨ ਨਾਲ ਸੁਣਨਾ ਸਾਰੇ ਪੜ੍ਹੇ ਲਿਖੇ ਹੋ, ਸਿਆਣੇ, ਫੇਰ ਗਲਤ-ਬਿਆਨੀ ਦਾ ਇਲਜ਼ਾਮ ਕਬੀਰ ਤੇ ਆਉਂਦਾ, ਭਾਈ ਗੁਰਦਾਸ ਤੇ ਆਉਂਦਾ, ਇਹ ਵੀ ਮੈਂ ਅਰਜ਼ ਕਰ ਦੇਵਾਂ। ਫੇਰ ਉਹਨਾਂ ਤੇ ਗਲਤ ਬਿਆਨ ਨਹੀਂ ਲੱਗਦਾ ਤੇ ਫਿਰ ਅਸਲ ਕੀ ਹੈ ? ਹਕੀਕਤ ਕੀ ਹੈ ? ਜਿਸ ਮਨੁੱਖ ਦੇ ਸਾਹਮਣੇ ਪ੍ਰਮਾਤਮਾ ਦੀ ਜਿਤਨੀ ਮਹਿਮਾ ਮਹਾਨ ਗੁਣ ਪ੍ਰਗਟ ਹੁੰਦੇ ਜਾ ਰਹੇ ਨੇ ਉਸ ਮਨੁੱਖ ਦੇ ਸਾਹਮਣੇ ਆਪਣਾ ਨਾ ਕੁਝ ਹੋਵੇ। ਪ੍ਰਗਟ ਹੁੰਦਾ ਜਾ ਰਿਹਾ ਮੈਂ ਤੇ ਕੁਝ ਵੀ ਨਹੀਂ, ਕੁਝ ਵੀ ਨਹੀਂ।

ਜਿਸ ਦਿਨ ਕਿਸੇ ਦੇ ਅੰਦਰ ਪੂਰਨ ਰੂਪ ਪ੍ਰਮਾਤਮਾ ਪ੍ਰਗਟ ਹੁੰਦਾ ਹੈ, ਉਸ ਦਿਨ ਪੂਰਨ ਰੂਪ ਵਿਚ ਭਗਤ ਮਿਟ ਜਾਂਦਾ ਹੈ, ਮੈਂ ਕੁਝ ਵੀ ਨਹੀਂ, ਨਾ ਕੁਝ ਹੋ ਕੇ ਭਗਤ ਭਗਵਾਨ ਹੋ ਜਾਂਦਾ, ਪ੍ਰਮਾਤਮਾ ਹੋ ਜਾਂਦਾ, ਸਭ ਕੁਝ ਹੋ ਜਾਂਦਾ, ਜਿਹੜਾ ਕਹਿੰਦਾ ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ। ਯਕੀਨ ਜਾਣੋ ਇਕ ਦਿਨ ਉਹ ਤੇ ਰਾਖ ਹੋ ਗਿਆ। ਲੇਕਿਨ ਜੋ ਸਭ ਕੁਝ ਹੋ ਗਿਆ, ਪ੍ਰਮਾਤਮਾ ਦਾ ਰੂਪ ਹੋ ਗਿਆ ਔਰ ਹੋਣਾ ਪੈਂਦਾ ਮੈਂ ਕੁਝ ਵੀ ਨਹੀਂ। ਬੀਜ ਨੂੰ ਮਿਟਣਾ ਪੈਂਦਾ ਮੈਂ ਕੁਝ ਵੀ ਨਹੀਂ, ਮੈਂ ਕੁਝ ਨਹੀਂ, ਮੈਂ ਰਾਖ, ਮੈਂ ਮਿੱਟੀ। ਉਹ ਹੀ ਬੀਜ ਫਲ ਬਣ ਜਾਂਦਾ, ਉਹ ਹੀ ਇਤਨਾ ਵੱਡਾ ਦਰੱਖਤ ਹੋ ਜਾਂਦਾ ਜਿਸ ਤਰ੍ਹਾਂ ਬੈਕੁੰਠ ਨੂੰ ਮਹਾਨ ਬੁਲੰਦੀਆਂ ਨੂੰ ਤਿਆਗ ਕੇ ਸੰਸਾਰ ਵਿਚ ਆਈ ਜਗਤ ਦੇ ਵਿਚ ਆਈ ਗੰਗਾ :

'ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।'

ਭਾਈ ਸਾਹਿਬ ਭਾਈ ਗੁਰਦਾਸ ਜੀ ਨੌਂ ਸੌ ਨੜਿਨਵੇ ਨਦੀਆਂ ਵਿਚ ਇਹ ਸਿਰਮੌਰ ਨਦੀ ਹੈ, ਇਸ ਵਰਗੀ ਹੋਰ ਕੋਈ ਨਦੀ ਨਹੀਂ, ਐਸਾ ਭਾਈ ਗੁਰਦਾਸ ਕਹਿੰਦੇ ਨੇ। ਇਸ ਦਾ ਜਲ ਅੰਮ੍ਰਿਤ, ਇਸ ਦਾ ਜਲ ਬੜਾ ਨਰਵਾਹ, ਜਿਸ ਦਾ ਜਲ ਕਾਫੀ ਮੁੱਦਤਾਂ ਤੱਕ ਘਰ ਵਿਚ ਪਿਆ ਰਹੇ ਬਦਬੋਦਾਰ ਨਹੀਂ ਹੁੰਦਾ ਅਤੇ ਗੰਦਾ ਨਹੀਂ ਹੁੰਦਾ। ਇਸ ਤਰ੍ਹਾਂ ਦੀ ਗੰਗਾ ਹਰਿਦੁਆਰ ਤੇ ਰਿਸ਼ੀਕੇਸ ਤੋਂ ਪਰ੍ਹਾਂ ਮਿਲੇਗੀ। ਅੱਗੇ ਤੇ ਨਹੀਂ, ਅੱਗੇ ਤੇ ਫਿਰ ਸਾਰੇ ਸ਼ਹਿਰਾਂ ਦੇ ਗੱਟਰ ਗੰਗਾ ਵਿਚ ਪਾਏ ਗਏ ਨੇ। ਕਿਆ ਰੁੜਕੀ, ਕਿਆ ਕਾਨ੍ਹਪੁਰ, ਕਿਆ ਅਲਾਹਬਾਦ, ਕਿਆ ਬਨਾਰਸ, ਕਿਆ ਪਟਨਾ ਸਾਹਿਬ, ਕਿਆ ਕਲਕੱਤਾ, ਇਹਨਾਂ ਵੱਡੇ-ਵੱਡੇ ਸ਼ਹਿਰਾਂ ਦੀ ਸਾਰੀ ਗੰਦਗੀ ਗੰਗਾ ਦੇ ਵਿਚ। ਭਾਈ ਸਾਹਿਬ ਕਹਿੰਦੇ ਇਸ ਨਦੀ ਵਰਗੀ ਹੋਰ ਕੋਈ ਨਦੀ ਨਹੀਂ। ਭਾਈ ਸਾਹਿਬ ਨੌਂ ਸੌ ਨੜਿਨਵੇਂ ਨਦੀਆਂ ਦੀ ਗਿਣਤੀ ਕਰਦੇ ਨੇ, ਜ਼ਮੀਨ ਦੇ ਉਪਰ ਜੋ ਬਾਰਾਂ ਮਾਸੀ ਦਰਿਆ ਵਗਦੇ ਨੇ, ਭਾਈ ਸਾਹਿਬ ਗਿਣਤੀ ਕਰਕੇ

'ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।'

ਨੌਂ ਸੌ ਨਦੀਆਂ ਵਿਚੋਂ ਸਿਰਮੌਰ ਹੈ, ਅਠਾਹਠ ਤੀਰਥ ਇਹਦੇ ਤੱਟ ਤੇ ਬਣਿਆ, ਸਿਰਮੌਰ ਤੀਰਥ ਇਹਦੇ ਕਿਨਾਰੇ ਤੇ ਬਣਿਆ ਹੈ। ਦੇਹ ਪਰਿਆਗ, ਰੁਧਰ ਪਰਿਆਗ, ਕਰਨ ਪਰਿਆਗ, ਰਿਸ਼ੀਕੇਸ, ਹਰਿਦੁਆਰ, ਆੜ੍ਹਾਵਾਗ, ਪਰਿਆਗ ਰਾਜ, ਬੜੇ-ਬੜੇ ਸਿਰਮੌਰ ਤੀਰਥ ਇਤਿ ਆਦਿਕ ਗੰਗਾ ਦੇ ਤੱਟ ਤੇ ਬਣੇ ਨੇ। ਅਠਾਹਠ ਤੀਰਥ ਇਹਦੇ ਕਿਨਾਰੇ ਤੇ ਬਣੇ ਨੇ, ਨੌਂ ਸੌ ਨੜਿਨਵੇਂ ਨਦੀਆਂ ਵਿਚੋਂ ਸਿਰਸੰਕ ਹੈ। ਬਰਮੇ ਦੇ ਕਰਮੰਡਲ ਦਾ ਜਲ ਹੈ, ਵਿਸ਼ਨੂੰ ਦੇ ਚਰਨਾਂ ਦਾ ਜਲ ਹੈ, ਸ਼ੰਕਰ ਦੇ ਮਸਤਕ ਦਾ ਜਲ ਹੈ।

'ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।
ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ।'

ਸ਼ਿਵ ਜੀ ਦੇ ਮਸਤਕ ਦਾ ਜਲ ਹੈ, ਉਹਦੇ ਮਸਤਕ ਵਿਚੋਂ ਆਈ :

'ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ।'

ਮਨੁੱਖ ਦੀ ਤੇ ਗੱਲ ਛੱਡੋ ਦੇਵਤੇ ਜੋ ਗਿਆਨੀ ਨੇ, ਜਿਥੇ ਗਿਆਨ ਦਾ ਦੀਵਾ ਜਲ ਰਿਹਾ ਹੈ, ਉਹ ਵੀ ਮਹਿਮਾ ਨੂੰ ਮੰਨਦੇ ਨੇ, ਕਬੂਲ ਕਰਦੇ ਨੇ। ਹੁਣ ਇਥੋਂ ਤਕ ਤੇ ਭਾਈ ਸਾਹਿਬ ਗੰਗਾ ਦੀ ਮਹਿਮਾ ਸਾਡੇ ਸਾਹਮਣੇ ਰੱਖਦੇ ਨੇ। ਹੁਣ ਅਗਲੀਆਂ ਦੋ ਤਿੰਨ ਪੰਗਤੀਆਂ ਸੁਣੋ ਭਾਈ ਸਾਹਿਬ ਦੀਆਂ ਸੁਣੋ, ਇਸ ਪਉੜੀ ਦੀਆਂ :

'ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।'

(ਭਾਈ ਗੁਰਦਾਸ ਜੀ, ਵਾਰ ੨੩/੪)

ਲੱਖਾਂ ਬ੍ਰਹਮੇ ਅਵੰਤੇ ਬ੍ਰਹਮੇ ਦੇ। ਕਰਮੰਡਲ ਦਾ ਜਲ ਹੋਵੇ, ਲੱਖਾਂ ਵਿਸ਼ਨੂੰ ਹੋਵਣ, ਉਹਦੇ ਚਰਨਾਂ ਦਾ ਉਧਕ ਹੋਵੇ, ਲੱਖਾਂ ਸ਼ਿਵਜੀ ਹੋਵਣ ਤੇ ਉਹਨਾਂ ਦੀਆਂ ਜਟਾਵਾਂ ਦਾ ਜਲ ਹੋਵੇ :

'ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
ਸਾਧੂ ਧੂੜਿ ਦੁਲੰਭ ਹੈ ਸਾਧਸੰਗਤਿ ਸਤਿਗੁਰੁ ਸਰਣਾਈ।'

(ਵਾਰ ੨੩/੪)

ਸੰਗਤ ਦੇ ਵਿਚ ਬੈਠ ਕੇ ਜੋ ਸ਼ਬਦ ਸੁਣ ਕੇ ਜੁੜ ਗਿਆ ਹੈ ਉਹਦੇ ਚਰਨਾਂ ਦੀ ਖਾਕ ਤੋਂ ਭਾਈ ਸਾਹਿਬ ਕਹਿੰਦੇ ਨੇ ਲੱਖਾਂ ਗੰਗਾ ਮੈਂ ਕੁਰਬਾਨ ਕਰ ਦੇਵਾਂ, ਨਿਸ਼ਾਵਰ ਕਰ ਦਿਆਂ, ਸਦਕੇ ਕਰ ਦਿਆਂ :

'ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥'

(ਪੰਨਾ ੧੭)

ਜਿਸ ਦੇ ਅੰਦਰ ਨਾਮ ਦਾ ਖੇੜਾ ਹੈ ਉਹਦੇ ਮਸਤਕ ਦੇ ਦੀਦਾਰ ਅਠਾਹਠ ਤੀਰਥ ਦਾ

ਇਸ਼ਨਾਨ ਹੈ,

"ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥"

ਇਕ ਬੋਲ ਮੈਨੂੰ ਹੋਰ ਕਹਿਣ ਦੇਣਾ, ਦਰਬਾਰੇ ਅਕਬਰੇ ਦੇ ਨੌਂ ਰਤਨਾਂ ਦੇ ਵਿਚੋਂ ਮਹਾਨ ਜਨਾਬ ਕਵੀ ਰਹੀਮ ਸ਼ਾਇਦ ਆਪ ਨੂੰ ਪਤਾ ਹੋਵੇ ਅਫਗਾਨੀ ਸੀ ਰਹੀਮ। ਕਨੌਰ ਦੇ ਮੈਦਾਨ ਵਿਚੋਂ ਹਾਰ ਕੇ ਜਦ ਹਮਾਯੂੰ ਭੱਜਿਆ, ਈਰਾਨ ਦੇ ਸ਼ਹਿਰ ਅਸਫਾਨ ਦੀ ਤਰਫ, ਉਦੋਂ ਅਕਬਰ ਇਕ ਵਰ੍ਹੇ ਦਾ ਸੀ। ਹਾਰ ਕੇ ਨੱਸਿਆ, ਅਕਬਰ ਨੂੰ ਜਲਾਲੁਦੀਨ ਦੇ ਹਵਾਲੇ ਕਰ ਗਿਆ ਸੀ ਰਹੀਮ ਦੇ ਕਾਬਲ ਵਿਚ, ਇਹਦੀ ਦੇਖ-ਰੇਖ ਰਹੀਂ, ਮੈਂ ਅਸਫਾਨ ਜਾ ਰਿਹਾਂ। ਇਹਦਾ ਸੌਹਰਾ ਘਰਾਣਾ ਉਥੇ ਸੀ। ਕਹਿੰਦਾ ਮੈਂ ਉਥੇ ਨਵਾਂ ਲਾਉ ਲਸ਼ਕਰ ਬਣਾਉਂਦਾ ਸ਼ੇਰ ਸ਼ਾਹ ਸੂਹੀ ਦਾ ਮੁਕਾਬਲਾ ਕਰਦਾ ਲੜ ਲਵਾਂ। ਮੇਰਾ ਜੋ ਤਖਤ ਜਾਂਦਾ ਰਿਹਾ ਹੈ ਮੈਂ ਫਿਰ ਪ੍ਰਾਪਤ ਕਰਨਾ ਹੈ। ਵਾਕੇ ਇਸ ਨੂੰ ਪ੍ਰਾਪਤੀ ਵੀ ਹੋਈ, ਵੱਡਾ ਹੋ ਕੇ ਜਦ ਇਹ ਜਲਾਲੁਦੀਨ ਸਿੰਘਾਸਣ ਤੇ ਬੈਠਾ ਤੋਂ ਪਾਲਿਆ ਤੇ ਰਹੀਮ ਨੇ ਸੀ, ਜਿਤਨਾ ਵੀ ਜਲਾਲੁਦੀਨ ਨੂੰ ਪਤਾ ਸੀ ਰਹੀਮ ਸਿਆਣਾ ਬੜਾ, ਵਿਦਵਾਨ ਬੜਾ, ਆਪ ਸੁਣ ਕੇ ਹੈਰਾਨ ਹੋਵੋਗੇ ਹੈਗਾ ਤੇ ਪਠਾਣ ਪਰ ਸੰਸਕ੍ਰਿਤ ਭਾਸ਼ਾ ਦਾ ਪੰਡਤ ਸੀ, ਬ੍ਰਿਜ ਭਾਸ਼ਾ ਦਾ ਪੰਡਿਤ ਸੀ। ਉਹਦੀਆਂ ਜਿਤਨੀਆਂ ਰਚਨਾਵਾਂ ਤੇ ਗ੍ਰੰਥ ਨੇ ਉਹ ਬ੍ਰਿਜ ਭਾਸ਼ਾ ਵਿਚ ਨੇ, ਸੰਸਕ੍ਰਿਤ ਦੇ ਵਿਚ। ਇਸ ਤੋਂ ਪਤਾ ਚੱਲਦਾ ਉਹਦੇ ਸੰਸਕਾਰਾਂ ਤੇ ਗਿਆਨ ਭਰਿਆ ਹੋਇਆ ਸੀ ਕੁਝ ਪਹਿਲੇ ਕਰਮਾਂ ਕਰਕੇ। ਉਹਦੇ ਗ੍ਰੰਥ ਬ੍ਰਿਜ ਭਾਸ਼ਾ ਵਿਚ ਮਿਲਦੇ ਨੇ। ਪਠਾਣ ਸੀ ਨੌਂ ਰਤਨਾਂ ਦੇ ਵਿਚੋਂ ਇਕ ਰਤਨ, ਅਕਬਰ ਨੇ ਇਸ ਨੂੰ ਹੋਮ ਮਨਿਸਟਰ ਬਣਾਇਆ। ਘਰੇਲੂ ਮਾਮਲਿਆਂ ਦਾ ਵਜ਼ੀਰ ਬਣਾਇਆ, ਫਿਰ ਸਹਿਜੇ-ਸਹਿਜੇ ਅਕਬਰ ਇਤਨਾ ਹੰਕਾਰੀ ਹੋ ਗਿਆ, ਉਹਨੇ ਪੈਗੰਬਰ ਬਣਨ ਦੀ ਕੋਸ਼ਿਸ਼ ਕੀਤੀ, ਉਹਨੇ ਮਜ਼੍ਹਬ ਚਲਾਇਆ 'ਦੀਨੇ ਇਲਾਹੀ'। ਮੈਂ ਸੰਖੇਪ ਵਿਚ ਅਰਜ਼ ਕਰ ਰਿਹਾਂ ਇਹਨੂੰ ਇਨਕਾਰ ਕਰ ਦਿੱਤਾ ਰਹੀਮ ਨੇ, ਤਾਨਸੈਨ ਨੇ ਮੰਨ ਲਿਆ, ਕਾਜ਼ੀ ਨੇ ਮੰਨ ਲਿਆ, ਮੂਲਾ ਦੋ ਪਿਆਜੇ ਨੇ ਮੰਨ ਲਿਆ, ਬੀਰਬਲ ਨੇ ਵੀ ਮੰਨ ਲਿਆ, ਫੈਜੀ ਨੇ ਵੀ ਮੰਨ ਲਿਆ, ਲੇਕਿਨ ਰਹੀਮ ਇਨਕਾਰੀ ਹੋ ਗਿਆ। ਬਜ਼ੁਰਗ ਸੀ, ਕਹਿੰਦੇ ਨੇ ਬੜੀ ਸ਼ਰਮਸਾਰੀ ਦਾ ਭਰੀ ਸਭਾ ਵਿਚ ਮੂੰਹ ਵੇਖਣਾ ਪਿਆ ਅਕਬਰ ਨੂੰ। 'ਦੀਨੇ ਇਲਾਹੀ' ਮਜ਼੍ਹਬ ਜੋ ਅਕਬਰ ਨੇ ਚਲਾਇਆ ਸੀ, ਨਹੀਂ ਚੱਲ ਸਕਿਆ, ਮਹਿਜ਼ ਇਸ ਕਰਕੇ ਕਿ ਰਹੀਮ ਇਨਕਾਰੀ ਹੋ ਗਿਆ, ਵਰਨਾ ਤਾਨਸੈਨ ਨੇ ਮੰਨ ਲਿਆ, ਫੈਜੀ ਮੂਲਾ, ਦੋ ਪਿਆਜਾ, ਬੀਰਬਲ, ਰਾਜਾ ਮਾਨ ਸਿੰਘ ਵਾਲੀਏ ਜੈਪੁਰ, ਇਹਨੇ ਵੀ ਮੰਨ ਲਿਆ ਸੀ। ਸ਼ਾਇਦ ਆਪ ਨੂੰ ਪਤਾ ਹੋਵੇ ਇਹਦੀ ਭੈਣ ਯੋਧਾ ਬਾਈ ਅਕਬਰ ਦੀ ਪਤਨੀ ਸੀ। ਉਹਦੀ ਕੁੱਖ ਤੋਂ ਜਹਾਂਗੀਰ ਪੈਦਾ ਹੋਇਆ। ਲੰਮੇ ਚੌੜੇ ਇਤਿਹਾਸ ਦੇ ਪੰਨੇ ਨੇ, ਇਸ ਵਕਤ ਨਾ ਛੇੜੀਏ। ਰਹੀਮ ਇਨਕਾਰੀ ਹੋ ਗਿਆ। ਅਕਬਰ ਚੁਪ ਕਰ ਗਿਆ, ਕਿਉਂਕਿ ਅਕਬਰ ਦੇ ਉਪਰ ਅਹਿਸਾਨ ਬੜੇ ਸਨ, ਉਸ ਨੂੰ ਬਿਪਤਾ ਦੇ ਸਮੇਂ ਪਾਲਿਆ ਪੋਸਿਆ ਰਹੀਮ ਨੇ ਸੀ, ਰਕਸ਼ਾ ਉਹਨੇ ਕੀਤੀ ਸੀ, ਪ੍ਰਾਣਾਂ ਦਾ ਖਤਰਾ ਮੁੱਲ ਲੈ ਕੇ ਪਾਲਿਆ

ਉਹਨੇ ਸੀ, ਤੋ ਅਕਬਰ ਚੁੱਪ ਕਰ ਗਿਆ। ਉਸ ਵਕਤ ਚੁੱਪ ਕਰ ਗਿਆ। ਇਹ ਵੀ ਉਹਨੂੰ ਪਤਾ ਸੀ ਖੁਦਾ ਬਨਣ ਦੀ ਮੈਂ ਕੋਸ਼ਿਸ਼ ਕੀਤੀ ਹੈ, ਪੈਗੰਬਰ ਬਣਨ ਦੀ ਕੋਸ਼ਿਸ਼ ਕੀਤੀ ਹੈ, ਇਸ ਪਠਾਣ ਨੇ ਮੈਨੂੰ ਨਹੀਂ ਬਣਨ ਦਿੱਤਾ। ਚੁੱਪ ਕਰ ਗਿਆ। ਜਹਾਂਗੀਰ ਦਾ ਜਦ ਜ਼ਮਾਨਾ ਆਇਆ, ਉਹ ਸਿੰਘਾਸਣ ਤੇ ਬੈਠਾ, ਇਹ ਅਹੁਦਾ ਜਹਾਂਗੀਰ ਨੇ ਕੋਲ ਲੈ ਲਿਆ। ਸਿਰਫ ਅਹੁਦਾ ਹੀ ਵਾਪਸ ਨਹੀਂ ਲਿਆ, ਉਹਦੀ ਹਵੇਲੀ ਜ਼ਬਤ ਕੀਤੀ, ਜ਼ਮੀਨ-ਜਾਇਦਾਦ ਜ਼ਬਤ ਕੀਤੀ, ਉਹਦੀ ਧਨ ਸੰਪਰਦਾ ਵੀ ਜ਼ਬਤ ਕੀਤੀ। ਉਹਨੂੰ ਜੇਲ੍ਹ ਵਿਚ ਪਾਇਆ, ਸਭ ਕੁਝ ਖੋਹ ਕੇ। ਕਹਿੰਦੇ ਨੇ ਕੋਈ ਸੂਫ਼ੀ ਫਕੀਰਾਂ ਦੀ ਮੁਦਾਖਲਤ ਦੇ ਨਾਲ ਜਹਾਂਗੀਰ ਨੇ ਆਖਰ ਛੱਡ ਤੇ ਦਿੱਤਾ ਵਰਨਾ ਉਹ ਕੁਝ ਹੋਰ ਸੋਚ ਰਿਹਾ ਸੀ। ਲੇਕਿਨ ਸ਼ਰਤ ਲਾ ਦਿੱਤੀ, ਤੂੰ ਘੱਟ ਤੋਂ ਘੱਟ ਪੰਜ ਸੌ ਕੋਹ ਦੂਰ ਮੇਰੇ ਤੋਂ ਦੂਰ ਚਲਾ ਜਾ। ਮੇਰੀ ਰਾਜਧਾਨੀ ਤੋਂ ਦੂਰ ਚਲਾ ਜਾ। ਤੇਰੀ ਹਵਾ ਵੀ ਮੇਰੇ ਤੱਕ ਨਾ ਆਵੇ। ਪੰਜ ਸੌ ਕੋਹ ਹੋ ਜਾਂਦਾ ਇਕ ਹਜ਼ਾਰ ਮੀਲ, ਤੂੰ ਇਤਨਾ ਦੂਰ ਚਲਾ ਜਾ, ਘਰ-ਘਰ ਭਿਖਿਆ ਮੰਗਦਾ ਹੋਇਆ ਗਿਆ ਖੁਦ। ਕਹਿੰਦੇ-

'ਜਾ ਰਹੀਮ ਦੂਰ-ਦੂਰ ਫਿਰੇ ਮਾਂਗ ਮਦੂਕਰੀ ਖਾਏ।
ਯਾਰੋ ਯਾਰੀ ਛੱਡ ਦੇ ਅਬ ਰਹੀਮ ਵੋਹ ਨਾ ਆਏ।'

ਬੜੀਆਂ ਗਜ਼ਬ ਦੀਆਂ ਦਲੀਲਾਂ ਦਿੱਤੀਆਂ- 'ਰਹਿਮਨ ਧਾਗਾ ਪ੍ਰੇਮ ਕੋ ਮੱਤ ਤੋੜੋ ਝਟਕਾਏ।' ਪ੍ਰੇਮ ਦੀ ਡੋਰੀ ਨਾ ਤੋੜੋ, ਨਾ ਤੋੜੋ, ਜਿਸ ਨਾਲ ਵੀ ਪ੍ਰੇਮ ਹੋਵੇ ਵਧਾਈ ਜਾਉ, ਸੰਸਾਰ ਦਾ ਪ੍ਰੇਮ ਵੀ ਇਕ ਦਿਨ ਨਿਰੰਕਾਰ ਤੱਕ ਤੁਹਾਨੂੰ ਪਹੁੰਚਾ ਦੇਵੇਗਾ। ਜਿਹਨੂੰ ਮਨੁੱਖ ਨਹੀਂ ਚੰਗੇ ਲੱਗਦੇ, ਰੱਬ ਕਿਥੋਂ ਚੰਗਾ ਲੱਗੇਗਾ ? ਇੰਝ ਕਹਿੰਦੇ 'ਰਹਿਮਨ ਧਾਗਾ ਪ੍ਰੇਮ ਕੋ ਮਤ ਤੋੜੋ ਝਟਕਾਏ। ਟੂਟੇ ਸੇ ਨਾ ਮਿਲੇ, ਮਿਲੇ ਗਾਠ ਪੜ ਜਾਏ।' ਇਹ ਧਾਗਾ ਨਾ ਤੋੜੋ, ਟੁੱਟ ਗਿਆ, ਜੜੋਗੇ ਤਾਂ ਗੰਢ ਫਿਰ ਵੀ ਪੈ ਜਾਣੀ, ਗੰਢ ਨਾ ਪਾਉ। ਫਿਰ ਕਹਿੰਦੇ ਚਲੋ ਤੋੜ ਵੀ ਬੈਠੇ ਹਾਂ ਸੱਜਣ ਰੁਸ ਵੀ ਗਿਆ। 'ਟੂਟੇ ਸੱਜਣ ਮਿਲਾਈਏ ਜੋ ਟੂਟੇ ਸੌ ਬਾਰ। ਰਹਿਮਤ ਮੁਕਤਾ ਹੋਈਏ ਫਿਰ ਫਿਰ ਗੁੰਦੇ ਹਾਰ।'

ਕਹਿੰਦਾ ਮੋਤੀਆਂ ਦਾ ਹਾਰ ਜੇ ਬਾਰ-ਬਾਰ ਵੀ ਟੁੱਟ ਜਾਏ, ਮੋਤੀ ਬਿਖਰ ਜਾਣ, ਕੋਈ ਗੱਲ ਨਹੀਂ, ਚੁਣ ਲੈਣੇ ਚਾਹੀਦੇ ਨੇ, ਪਰੋ ਲੈਣੇ ਚਾਹੀਦੇ ਨੇ। ਇਹ ਮੈਂ ਤੁਹਾਨੂੰ ਇਸ ਵਾਸਤੇ ਦੱਸਦਾ ਹਾਂ ਇਸ ਤਰ੍ਹਾਂ ਦੇ ਹਜ਼ਾਰਾਂ ਇਸ ਦੇ ਦੋਹੇ ਨੇ, ਇਹਨੂੰ ਰਹੀਮ ਦੋਹਾਵਲੀ ਕਹਿੰਦੇ ਨੇ। ਇਕ-ਇਕ ਬੋਲ ਬੜਾ ਕੀਮਤੀ ਹੈ, ਦਾਨੀ ਬੜਾ ਸੀ, ਲੋੜਵੰਦ ਰੋਜ਼ ਸੈਂਕੜਿਆਂ ਦੀ ਕਤਾਰ ਵਿਚ ਇਹਦੀ ਹਵੇਲੀ ਦੇ ਬਾਹਰ ਖੜੇ ਹੁੰਦੇ ਸਨ। ਸਭ ਨੂੰ ਕੁਝ ਨਾ ਕੁਝ ਦੇਂਦਾ ਸੀ, ਖਾਲੀ ਨਹੀਂ ਸੀ ਤੋਰਦਾ। ਅੱਜ ਜਦ ਭਿੱਖਿਆ ਮੰਗਦਾ ਮੰਗਦਾ ਚਿਤਰਕੋਟ ਦੀ ਤਰਫ ਜਾ ਰਿਹਾ, ਜਗਦਰਪੁਰ ਦੇ ਨੇੜੇ ਰਾਏਪੁਰ ਤੋਂ ਪਰ੍ਹੇ ਛੱਤੀਸਪੁਰ ਦਾ ਇਲਾਕਾ ਇੰਝ ਕਹਿ ਲਉ ਦੋ ਹਜ਼ਾਰ ਮੀਲ ਦੂਰ ਜਾ ਰਿਹਾ, ਰਸਤੇ ਵਿਚ ਸਾਧੂਆਂ ਨੇ ਪਹਿਚਾਣ ਲਿਆ ਤੇ ਘੇਰ ਲਿਆ, ਆਖਿਆ ਰਹੀਮ ਜੀ ਅਸੀਂ ਹਰਿਦੁਆਰ ਜਾ ਰਹੇ ਹਾਂ ਯਾਤਰਾ ਵਾਸਤੇ, ਸਾਡੇ ਕੋਲ ਕੁਝ ਨਹੀਂ ਦਿਉ।

ਹੁਣ ਜੋ ਰਹੀਮ ਕਹਿੰਦਾ :

'ਜਾ ਰਹੀਮ ਦੂਰ-ਦੂਰ ਫਿਰੇ ਮਾਂਗ ਮਧੁਰਕੀ ਖਾਏ।
ਯਾਰੋ ਯਾਰੀ ਛੋੜ ਦੋ ਅਬ ਰਹੀਮ ਵੋ ਨਾ ਆਏ।'

ਹੁਣ ਮੇਰੇ ਕੋਲ ਦੇਣ ਵਾਸਤੇ ਕੁਝ ਵੀ ਨਹੀਂ। ਲੈਣ ਦੀ ਜਿਨ੍ਹਾਂ ਨੇ ਦੋਸਤੀ ਰੱਖੀ ਹੋਈ ਸੀ, ਮਿੱਤਰਤਾ ਰੱਖੀ ਹੋਈ ਸੀ, ਸਬੰਧ ਰੱਖਿਆ ਹੋਇਆ ਸੀ, ਛੋੜ ਦਿਉ। ਮੈਨੂੰ ਛੋੜ ਦਿਉ, ਕਿਉਂਕਿ ਮੈਂ ਦੇਣ ਜੋਗਾ ਕੁਝ ਵੀ ਨਹੀਂ, ਕੁਝ ਵੀ ਨਹੀਂ, ਪਰ ਸਾਧੂ ਵੀ ਸਾਧੂ ਸਨ, ਉਹ ਵੀ ਮਹਾਨ ਸਨ, ਆਪਣੇ ਢੰਗ ਨਾਲ ਕਹਿਣ ਲੱਗੇ, ਰਹੀਮ ਜੀ ਜਦ ਨਦੀਆਂ ਸੁੱਕ ਜਾਂਦੀਆਂ ਨੇ ਨਾ, ਲੋਕੀਂ ਖੂਹ ਖੱਟ ਕੇ ਵੀ ਕੁਝ ਨਾ ਕੁਝ ਕੱਢ ਲੈਂਦੇ ਨੇ, ਜ਼ਮੀਨ 'ਚੋਂ ਪਾਣੀ ਕੱਢ ਲੈਂਦੇ ਨੇ। ਇਕ ਨਿੱਕੀ ਜਿਹੀ ਅੰਗੂਠੀ ਕਿਧਰੇ ਪਹਿਨੀ ਹੋਈ ਸੀ, ਕਹਿਣ ਲੱਗੇ ਹਾਂ ਖੂਹ ਦੇ ਵਿਚ ਇਤਨਾ ਪਾਣੀ ਹੈ, ਲੈ ਜਾਉ। ਇਤਨਾ ਦਾਨੀ ਇਸ ਤਰ੍ਹਾਂ ਦਾ ਇਹ ਦਾਨੀ। ਜਿਹੜੀ ਮੂਲ ਗੱਲ ਮੈਂ ਤੁਹਾਨੂੰ ਕਹਿਣ ਲੱਗਾ ਹਾਂ, ਇਹ ਕਈ ਮਹੀਨਿਆਂ ਦੀ ਵਾਟ ਤਹਿ ਕਰਕੇ ਚਿਤਰਕੋਟ ਪਹੁੰਚਿਆ। ਕਿਉਂ ਗਿਆ, ਤੁਲਸੀ ਨੂੰ ਮਿਲਣ ਵਾਸਤੇ ਗਿਆ। ਉਸ ਜ਼ਮਾਨੇ ਦਾ ਸਿਰਮੌਰ ਬ੍ਰਿਜ ਭਾਸ਼ਾ ਦਾ ਕਵੀ ਤੇ ਅਨੁਭਵੀ ਕਵੀ ਤੁਲਸੀ ਮੰਨਿਆ ਗਿਆ। ਰੀਵਾ ਨਰੇਸ਼ ਰੀਵਾ ਦਾ ਰਾਜਾ ਹਾਥੀ ਤੇ ਬੈਠਿਆ ਤੀਰਥ ਯਾਤਰਾ ਲਈ ਆਇਆ। ਚਿਤਰਕੋਟ ਦੀ ਲੰਘਿਆ, ਪਹਿਚਾਣ ਲਿਆ ਕਿ ਪ੍ਰਮਾਤਮਾ ਨਾ ਭੁਲਾਏ ਤੇ ਰਹੀਮ ਹੈ, ਇਹ ਤੇ ਰਹੀਮ ਹੈ, ਇਸ ਦੀ ਇਹ ਹਾਲਤ, ਇਹ ਭੱਠੀ ਦੇ ਵਿਚ ਲੱਕੜਾਂ ਝੋਕ ਰਿਹਾ, ਉਹ ਉਛਲ ਕੇ ਬਾਹਰ ਪਏ ਦਾਣੇ ਚੁਣ ਚੁਣ ਕੇ ਖਾਂਦਾ। ਹਾਥੀ ਦੇ ਉਤੇ ਬੈਠਿਆਂ ਹੋਇਆਂ ਉਸ ਰਾਜੇ ਨੇ ਕਿਹਾ, 'ਜਾ ਕੇ ਸਰ ਅਸਬਾਰ ਸੋਕਤ ਝੋਕਤ ਬਾਰ ਅਸ।' ਜਿਸ ਦੇ ਸਿਰ ਦੇ ਉਤੇ ਵਜ਼ੀਰ ਦਾ ਤਾਜ ਸੀ, ਭਾਰ ਸੀ, ਉਹ ਇਸ ਭੱਠੀ ਵਿਚ ਬਾੜ ਕਿਸ ਤਰ੍ਹਾਂ ਝੋਕਦਾ ਪਿਆ, ਜਿਹਦੇ ਸਿਰ ਉਤੇ ਭਾਰ ਸੀ ਵਜ਼ੀਰੀ ਦਾ ਇਸ ਭੜਭੂੰਜੇ ਦੀ ਭਾੜ ਵਿਚ ਬਾੜ ਕਿਵੇਂ ਝੋਕਦਾ। ਭਾੜ ਕਹਿੰਦੇ ਭੱਠੀ ਨੂੰ, ਬਾੜ ਕਹਿੰਦੇ ਬਾਲਣ ਨੂੰ, ਭਾਰ ਕਹਿੰਦੇ ਸਿਰ ਦੀ ਜ਼ਿੰਮੇਵਾਰੀ ਨੂੰ। ਜਿਹਦੇ ਸਿਰ ਉਤੇ ਵਜ਼ੀਰੀ ਦੀ ਜ਼ਿੰਮੇਵਾਰੀ ਸੀ, ਉਹ ਇਸ ਭਾੜ ਵਿਚ ਬਾੜ ਕਿਵੇਂ ਪਾ ਰਿਹਾ। ਇਕ ਭੱਠੀ ਵਿਚ ਬਾੜ ਕਿਸ ਤਰ੍ਹਾਂ ਝੋਕਦਾ ਪਿਆ ? ਕਿਸ ਤਰ੍ਹਾਂ ਪਾ ਰਿਹਾ ? 'ਜਾ ਕੇਸਰ ਅਸਬਾਰ ਸੋਕਤ ਝੋਕਤ ਬਾਰ ਅਸ।' ਇਕ ਦਮ ਰਹੀਮ ਵੀ ਬੋਲ ਪਿਆ, 'ਰਹਿਮਨ ਉਤੇ ਭਾਰ ਭਾੜ ਝੋਕ ਸਭ ਬਾੜ ਮੇਂ'। ਰਹੀਮ ਤੇ ਸੰਸਾਰ ਤੋਂ ਪਾਰ ਹੋ ਗਿਆ। ਰਾਜਨ ਸਿਰ ਉਤੇ ਜਿਤਨਾ ਭਾਰ ਸੀ ਇਹ ਭਰਭੂੰਜੇ ਦੀ ਭੱਠੀ ਵਿਚ ਪਾ ਦਿੱਤਾ, ਸਭ ਜਲਾ ਦਿੱਤਾ, ਖਾਕ ਕਰ ਦਿੱਤਾ, ਹਲਕੇ ਹੋ ਗਏ ਹਾਂ। ਸਿਰ ਤੇ ਕੋਈ ਬੋਝ ਨਹੀਂ ਰਿਹਾ, ਯਾਨੀ ਇਸ ਹਾਲਤ ਵਿਚ ਵੀ ਉਹਨੇ ਆਪਣੇ ਮਨ ਦਾ ਸੰਤੁਲਨ ਵਿਗੜਣ ਨਹੀਂ ਦਿੱਤਾ, ਤਵਾਜ਼ਨ ਵਿਗੜਣ ਨਹੀਂ ਦਿੱਤਾ, ਬੈਲੰਸ ਬਣਿਆ ਹੀ ਰਿਹਾ। ਸਹਿਜੇ-ਸਹਿਜੇ ਪਹੁੰਚਿਆ ਉਸ ਅਸਥਾਨ ਤੇ ਜੋ ਤੁਲਸੀ ਦਾ ਟਿਕਾਣਾ ਸੀ। ਬਾਹਰ ਬੈਠੇ ਸਨ ਪਿੱਪਲ ਦੇ ਦਰੱਖਤ ਥੱਲੇ, ਖੜੇ ਤੇ ਤੁਲਸੀ ਦੇ ਜੋ ਸ਼ੈਦਾਈ ਭਗਤ ਸ਼ਿਸ਼, ਕਹਿੰਦੇ ਭਗਤ ਜੀ ਜੋ ਉਹ

ਸਾਹਮਣੇ ਆ ਰਿਹਾ ਨਾ ਇਹ ਕਵੀ ਰਹੀਮ ਹੈ, ਤੁਹਾਨੂੰ ਮਿਲਣ ਲਈ ਆ ਰਿਹਾ ਹੈ, ਰਹੀਮ ਹੈ। ਬੜੇ ਧਿਆਨ ਨਾਲ ਸੁਣਨਾ ਰਹੀਮ ਹੈ। ਅੱਠ ਦਸ ਹਾਥੀ ਖੜੇ ਸਨ ਆਲੇ-ਦੁਆਲੇ, ਤੀਰਥ ਸੀ ਮੰਡਲੇਸ਼ਵਰ। ਬੜੇ-ਬੜੇ ਰਾਜੇ ਮਹਾਰਾਜੇ ਜਗੀਰਦਾਰ ਹਾਥੀ ਤੇ ਬੈਠ ਕੇ ਤੀਰਥ ਯਾਤਰਾ ਲਈ ਆਉਂਦੇ ਸਨ, ਉਹਨਾਂ ਦੇ ਹਾਥੀ ਖੜੇ ਸਨ, ਕੁਝ ਤੁਲਸੀ ਕੋਲ ਇਸ ਤਰ੍ਹਾਂ ਦੇ ਮਨੁੱਖ ਬੈਠੇ ਸਨ। ਜਦ ਸਿਰਫ ਦੂਰੀ 50 ਕਦਮਾਂ ਦੀ ਰਹਿ ਗਈ ਤੁਲਸੀ ਨੇ ਕਸੌਟੀ ਰੱਖ ਦਿੱਤੀ ਰਹੀਮ ਦੇ ਅੱਗੇ। ਅਜੇ ਮਿਲੇ ਨਹੀਂ ਕਸਵੱਟੀ, ਕਈ ਸਿਆਣੇ ਤੇ ਧਾਰਮਿਕ ਮਨੁੱਖ ਵੇਖਦੇ ਨੇ ਸੋਨਾ ਹੈ ਵੀ ਸਹੀ ਕਿ ਨਹੀਂ, ਪਰਖੀਏ। ਤੇ ਤੁਲਸੀ ਦੀ ਜ਼ਬਾਨ ਤੋਂ ਇਹ ਬੋਲ ਨਿਕਲੇ ਬੜੇ ਧਿਆਨ ਨਾਲ ਸੁਣਨਾ – 'ਧੂੜ ਧਰਤ ਨਿਤ ਸੀਸ ਪਰ ਕਹੋ ਰਹੀਮ ਕਹੋ ਕਾਜ ?' ਇਹ ਹਾਥੀ ਜਿਥੇ ਖੜੇ ਹੋ ਜਾਣ, ਸੁੰਡ ਨਾਲ ਜ਼ਮੀਨ ਪੁੱਟਦੇ, ਮਿੱਟੀ ਪੁੱਟਦੇ ਨੇ ਤੇ ਧੂੜ ਆਪਣੇ ਸਿਰ ਤੇ ਪਾਉਂਦੇ ਨੇ, ਕਿਉਂ ਇਹ ਕਿਉਂ ਕਰਦੇ ਹਾਥੀ ਜਿਥੇ ਵੀ ਖੜਾ ਹੋਵੇ ਇਹੀ ਕੁਝ ਕਰਦਾ, ਮਿੱਟੀ ਸਿਰ ਤੇ ਪਾਉਂਦਾ, ਰੇਤ ਮਿੱਟੀ ਨਾ ਮਿਲੇ ਤੇ ਸੁੰਡ ਨਾਲ ਪੁਟਦਾ, ਫੇਰ ਉਸ ਮਿੱਟੀ ਨੂੰ ਪਾਉਂਦਾ ਸਿਰ ਤੇ ਹੀ ਹੈ। ਤੁਲਸੀ ਨੇ ਫੌਰਨ ਇਹ ਫਿਕਰਾ ਰਹੀਮ ਦੇ ਅੱਗੇ ਰੱਖ ਦਿੱਤਾ। ਜਦ ਰਹੀਮ ਬਿਲਕੁਲ ਕੋਲ ਆ ਗਿਆ। 'ਧੂੜ ਧਰਤ ਨਿਤ ਸੀਸ ਪਰ ਕਹੋ ਰਹੀਮ ਕਹੋ ਕਾਜ?' ਐ ਰਹੀਮ ਇਹ ਹਾਥੀ ਹਰ ਜਗ੍ਹਾ ਜ਼ਮੀਨ ਨੂੰ ਪੁੱਟਦਾ, ਮਿੱਟੀ ਸਿਰ ਤੇ ਪਾਉਂਦਾ, ਧੂੜ ਸਿਰ ਤੇ ਪਾਉਂਦਾ ਕਿਉਂ ? ਇਤਿਹਾਸ ਕਹਿੰਦਾ ਤੁਲਸੀ ਖੜਿਆ ਹੈ, ਰਹੀਮ ਦੇ ਚਰਨਾਂ ਦੀ ਖਾਕ ਨੂੰ ਮਸਤਕ ਤੇ ਲਗਾਈ, ਆਖਿਆ ਹਾਥੀ ਨੂੰ ਰਾਮ ਦੇ ਚਰਨਾਂ ਦੀ ਧੂੜ ਮਿਲਣੀ ਹੈ ਕਿ ਨਹੀਂ, ਮੈਨੂੰ ਤੇ ਰਾਮ ਦੇ ਚਰਨਾਂ ਦੀ ਧੂੜ ਮਿਲ ਗਈ। ਤੇਰੇ ਚਰਨਾਂ ਦੀ ਖਾਕ, ਰੱਬ ਦੇ ਚਰਨਾਂ ਦੀ ਖਾਕ ਹੈ, ਤੇ ਐਸਾ ਕਲਾਮ ਮੇਰੇ ਸਾਹਮਣੇ ਰੱਖਿਆ। ਮੇਰੇ ਹਿਰਦੇ ਨੂੰ ਜਜ਼ਬੇ ਤੇ ਸ਼ਰਧਾ ਨਾਲ ਭਰ ਕੇ ਰੱਖ ਦਿੱਤਾ।

'ਧੂੜ ਧਰਤ ਨਿਤ ਸੀਸ ਪਰ ਕਹੋ ਰਹੀਮ ਕਹੋ ਕਾਜ !
ਰਜਮਨ ਪਤਨੀ ਭਰੀ ਸੋ ਢੂੰਡਤ ਰਾਜ ਰਾਜ।'

ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ ਐ ਗੁਰਸਿੱਖ ਜੋ ਸ਼ਬਦ ਨਾਲ ਜੁੜਿਆ ਹੋਇਆ ਹੈ, ਉਹਦੇ ਚਰਨਾਂ ਦੀ ਖਾਕ ਤੋਂ ਮੈਂ ਕਰੋੜਾਂ ਗੰਗਾ ਕੁਰਬਾਨ ਕਰ ਦਿਆਂ :

'ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
ਸਾਧੂ ਧੂੜਿ ਦੁਲੰਭ ਹੈ ਸਾਧਸੰਗਤਿ ਸਤਿਗੁਰੁ ਸਰਣਾਈ।'

(ਵਾਰ ੨੩/੪)

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥

(ਪੰਨਾ ੧੪੨੪)

ਐਵੇਂ ਨਹੀਂ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿ ਰਹੇ ਨੇ :

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥

(ਪੰਨਾ ੨੦੫)

'ਸੁਰਮਾ ਕੂੰਚੋ ਖਾਕ ਔਲੀਆ ਤਾਬਾਬੀਨੀ ਇਮਤਦਾਤਾ ਇੰਨਤਹਾ ਆਦਿ ਤੋਂ ਲੈ ਕੇ ਅੰਤ ਤੱਕ ਜੇ ਤੂੰ ਪੂਰਨ ਸਚਾਈ ਵੇਖਣਾ ਚਾਹੁੰਦਾਂ, ਜੋ ਸੱਚ ਤਕ ਪਹੁੰਚੇ ਹੋਏ ਪੁਰਸ਼ ਨੇ ਉਹਨਾਂ ਦੀ ਖਾਕ ਨੂੰ ਆਪਣੇ ਮਸਤਿਕ ਤੇ ਲਗਾ, ਪਾਵਨ ਹੋ ਜਾਏਂਗਾ। ਪਵਿੱਤਰ ਹੋ ਜਾਏਂਗਾ। ਇਤਨੀ ਮਹਿਮਾ ਚਰਨ ਧੂੜ ਦੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ, ਭਾਈ ਗੁਰਦਾਸ ਜੀ ਨੇ, ਭਾਈ ਨੰਦ ਲਾਲ ਜੀ ਨੇ, ਕਵੀ ਤੁਲਸੀ ਨੇ, ਦੇਸ਼ ਦੇ ਹੋਰ ਰਿਸ਼ੀ ਮੁਨੀਆਂ ਨੇ, ਅਤਾ ਕਿ ਇਸਲਾਮ ਦੇ ਸੂਫੀ ਫਕੀਰਾਂ ਨੇ ਗਾਈ ਹੈ, ਬੜੀ ਮਹਿਮਾ ਹੈ। ਉਸ ਦਾ ਥੋੜਾ ਜਿਹਾ ਲੇਸ ਮਾਤਰ ਭਾਗ ਮੈਂ ਤੁਹਾਡੇ ਸਾਹਮਣੇ ਰੱਖਿਆ। ਸਤਿਗੁਰੂ ਰਹਿਮਤ ਕਰਨ, ਇਸ ਤਰ੍ਹਾਂ ਦੇ ਪੁਰਸ਼ਾਂ ਦੀ ਚਰਨ-ਧੂੜ ਨਸੀਬ ਹੁੰਦੀ ਰਹੇ, ਤਾਂਕਿ ਸੰਸਕਾਰ ਵਿਚਾਰ ਪਾਵਨ ਬਣੇ ਰਹਿਣ ਔਰ ਪ੍ਰਭੂ ਦੀ ਗੋਦ ਹਾਸਲ ਹੁੰਦੀ ਰਹੇ। ਇਹਨਾਂ ਸਾਰੇ ਵਿਦਵਾਨਾਂ ਕੋਲ ਜੋ ਇਹ ਸੌਗਾਤ ਵੰਡਣ ਆਏ ਜ਼ਰੂਰ ਕੀਰਤਨ ਦੇ ਰੂਪ ਵਿਚ, ਕਥਾ ਦੇ ਰੂਪ ਵਿਚ ਸਰਵਣ ਕਰਨਾ, ਸਾਰਿਆਂ ਦਾ ਧੰਨਵਾਦ, ਭੁੱਲਾਂ ਚੁੱਕਾਂ ਦੀ ਖਿਮਾਂ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

(ਭਾਗ ਦੂਜਾ)

ਸਾਧੂ ਕੀ ਧੂਰਾ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥
ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ॥
ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥
ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥ ੫੦॥
(ਪੰਨਾ ੧੩੫੮)

ਗੁਰੂ ਰੂਪ ਸਾਧ ਸੰਗਤ ਜੀਉ ! ਗੁਰਮਤ ਵਿਚਾਰ ਆਪ ਜੀ ਦੇ ਸਮੱਕਸ਼ ਭੇਟ ਕਰਾਂ, ਪੇਸ਼ ਕਰਾਂ, ਸਨਿਮਰ ਫ਼ਤਹਿ ਪ੍ਰਵਾਨ ਕਰਨੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥ (ਪੰਨਾ ੧੩)

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਇਹ ਅੰਦਰ ਦੀ ਜਾਨਣ ਵਾਲੇ, ਹੇ ਸ਼ਰਧਾ ਦੇ ਪੂਰਨ ਕਰਨ ਵਾਲੇ, ਮੇਰੀ ਵੀ ਇਕ ਸ਼ਰਧਾ ਪੂਰੀ ਕਰ, ਮੇਰੀ ਵੀ ਇਕ ਮੰਗ ਹੈ, ਤੂੰ ਪੂਰਨ ਹੈਂ ਤੂੰ ਵਿਧਾਤਾ ਵਿਧੀ ਨੂੰ ਲਿਖਣ ਵਾਲਾ, ਵਿਧੀ ਦੇ ਬਣਾਉਣ ਵਾਲਾ, ਵਿਧਾਨ ਦੇ ਬਣਾਉਣ ਵਾਲਾ ਹੈਂ, ਸ਼ਰਧਾ ਦੇ ਪੂਰਨ ਕਰਨ ਵਾਲਾ,

'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥'

ਕੀ ਸ਼ਰਧਾ?

ਨਾਨਕੁ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥' (ਪੰਨਾ ੧੩)

ਇਕ ਮਹਾਨ ਸੁਖ ਦਾਸ ਨਾਨਕ ਮੰਗਦਾ ਹੈ ਕਿ ਸੰਤਾਂ ਦੀ ਧੂੜ ਮੰਗਦਾ ਹੈ। ਆਦਿ ਕਾਲ ਤੋਂ ਸਤਿਪੁਰਸ਼ਾਂ ਦੀ ਪਕੜ ਵਿਚ ਇਕ ਗੱਲ ਆਈ ਹੈ ਜਦ ਕੋਈ ਨਾਮ ਜਪ ਜਪ ਕੇ

ਸਿੱਖਰ ਦੀ ਅਵਸਥਾ ਵਿਚ ਪਹੁੰਚਦਾ ਹੈ ਉਹਦੇ ਪੈਰ ਜਿਥੇ ਟਿਕੇ ਹੋਵਣ, ਰੇਤ ਦੇ ਜ਼ੱਰੇ ਅਕਸੀਰ ਬਣ ਜਾਂਦੇ ਹਨ। ਉਹ ਜਿਸ ਵਕਤ ਨਾਮ ਜਪਦਾ ਹੈ ਆਲੇ-ਦੁਆਲੇ ਕਿਧਰੇ ਪਾਣੀ ਹੋਵੇ ਤੇ ਉਹ ਵੀ ਅੰਮ੍ਰਿਤ ਹੋ ਜਾਂਦਾ ਹੈ। ਉਹ ਜਪਿਆ ਹੋਇਆ ਨਾਮ ਰੇਤ ਦੇ ਜ਼ੱਰਿਆਂ ਨੂੰ ਪ੍ਰਭਾਵਿਤ ਕਰਦਾ ਹੈ। ਪਾਣੀ ਨੂੰ ਪ੍ਰਭਾਵਿਤ ਕਰਦਾ ਹੈ ਔਰ ਧਾਰਮਿਕ ਵਿਦਵਾਨ ਐਸਾ ਕਹਿੰਦੇ ਨੇ ਹਵਾ ਨੂੰ ਪ੍ਰਭਾਵਿਤ ਕਰਦਾ ਹੈ। ਹਵਾ ਪਾਵਨ ਹੋ ਜਾਂਦੀ ਹੈ, ਧਰਤੀ ਪਵਿੱਤਰ ਹੋ ਜਾਂਦੀ ਹੈ, ਪਾਣੀ ਪਵਿੱਤਰ ਹੋ ਜਾਂਦਾ ਹੈ। ਪਾਣੀ ਦੇ ਬੜੇ ਸਰੋਵਰ ਨੇ ਪਰ ਅੰਮ੍ਰਿਤਸਰ ਦੇ ਸਰੋਵਰ ਨੂੰ ਤਾਂ ਅੰਮ੍ਰਿਤ ਸਰੋਵਰ ਕਹਿੰਦੇ ਨੇ, ਹੈ ਤੇ ਉਹ ਵੀ ਪਾਣੀ ਪਰ ਅੰਮ੍ਰਿਤ ਸਰੋਵਰ, ਕਿਉਂਕਿ ਉਸ ਪਾਣੀ ਦਾ ਅੱਠੇ ਪਹਿਰ ਸੰਬੰਧ ਗੁਰਬਾਣੀ ਨਾਲ ਜੁੜਿਆ, ਬਾਣੀ ਦੀਆਂ ਤਰੰਗਾਂ ਹਰ ਵਕਤ ਉਸ ਨੂੰ ਛੂੰਹਦੀਆਂ ਨੇ। ਉਥੇ ਜਦ ਵੀ ਕੋਈ ਜੁੜਿਆ ਹੋਇਆ ਬਾਣੀ ਜਪਦਾ ਉਹਦੀਆਂ ਹੀ ਲਹਿਰਾਂ ਪ੍ਰਭਾਵਿਤ ਕਰਦੀਆਂ।

ਮੈਂ ਅਰਜ਼ ਕਰਾਂ ਵਾਹਿਗੁਰੂ ਵਾਹਿਗੁਰੂ ਜਪ ਰਿਹਾ ਇਸ ਵਿਚ ਉਸ ਦਾ ਹਿਰਦਾ ਨਹੀਂ ਹੈ। ਇਹ ਵਾਹਿਗੁਰੂ ਦੀ ਧੁਨ ਨਾ ਕਿਸੇ ਹਿਰਦੇ ਨੂੰ ਪ੍ਰਭਾਵਿਤ ਕਰੇਗੀ ਨਾ ਰੇਤ ਦੇ ਜ਼ੱਰਿਆਂ ਨੂੰ, ਨਾ ਪਵਨ ਨੂੰ, ਨਾ ਪਾਣੀ ਨੂੰ, ਕਿਉਂਕਿ ਧੁਨ ਨਾਲ ਹਿਰਦਾ ਸ਼ਾਮਲ ਹੋਣਾ ਚਾਹੀਦਾ, ਹਿਰਦੇ ਦੀ ਤਾਕਤ ਸ਼ਾਮਲ ਹੋਣੀ ਚਾਹੀਦੀ ਹੈ, ਜਿਥੇ ਵਾਜਾ ਸਾਹਮਣੇ ਪਿਆ ਹਰਮੋਨੀਅਮ ਪਰ ਮੇਰੀ ਹੱਥਾਂ ਦੀ ਤਾਕਤ, ਮੇਰੇ ਬੁੱਧ ਦੀ ਤਾਕਤ ਨਾਲ ਜੁੜੇ ਤਾਂ ਹੀ ਇਸ ਵਿਚ ਸੰਗੀਤ ਦੀ ਸੁਰ ਦਾ ਜਨਮ ਹੋ ਸਕਦਾ। ਉਂਝ ਤੇ ਵਾਜਾ ਹੈ ਪਰ ਇਸ ਵਿਚ ਮੇਰੇ ਹੱਥਾਂ ਦੀ ਸ਼ਕਤੀ ਹੈ ਜੋ ਸੁਰਾਂ ਨੂੰ ਤਰਤੀਬ ਦੇ ਸਕੇ। ਫੇਰ ਮੇਰੀ ਸਮਝ ਜੋ ਸੁਰਾਂ ਵਿਚ ਸੰਗੀਤ ਨੂੰ ਕੱਢ ਸਕੇ। ਵਾਹਿਗੁਰੂ ਵਾਹਿਗੁਰੂ ਦੀ ਧੁਨ ਇਸ ਵਿਚ ਜਦ ਮੇਰਾ ਹਿਰਦਾ ਸ਼ਾਮਲ ਹੋਵੇਗਾ, ਇਹ ਧੁਨ ਅਗਲਿਆਂ ਦੇ ਹਿਰਦਿਆਂ ਨੂੰ ਅਨਦੋਲਤ ਕਰੇਗੀ, ਪਾਣੀ ਨੂੰ ਪਵਿੱਤਰ ਕਰੇਗੀ, ਪਵਨ ਨੂੰ ਪਵਿੱਤਰ ਕਰੇਗੀ, ਧਰਤੀ ਦੇ ਜ਼ੱਰਿਆਂ ਨੂੰ ਅਕਸੀਰ ਬਣਾ ਦੇਵੇਗੀ। ਇਹੀ ਕਾਰਨ ਹੈ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਹੇ ਪ੍ਰਭੂ ਜੋ ਤੇਰੇ ਨਾਲ ਜੁੜੇ ਹੋਏ ਨੇ ਬੱਸ ਉਹਨਾਂ ਦੇ ਚਰਨਾਂ ਦੀ ਖਾਕ।

ਸੂਫੀ ਸੰਤ ਸ਼ਮਸ ਕਹਿੰਦੇ ਨੇ, 'ਸੁਰਮਾ ਕੁੰਚੋ ਖਾਕ ਔਲੀਆ ਤਾਬਾਬੀਨੀ ਇਮਤਦਾਤਾ ਇੰਨਤਹਾ'। ਆਦਿ ਤੋਂ ਲੈ ਕੇ ਅੰਤ ਤਕ ਜੇ ਤੂੰ ਸੱਚਾਈ ਨੂੰ ਵੇਖਣਾ ਚਾਹੁੰਦਾ ਔਲੀਆ, ਜੋ ਅੱਲਾ ਤੱਕ ਪਹੁੰਚੇ ਹੋਏ ਨੇ ਉਹਨਾਂ ਦੇ ਚਰਨਾਂ ਦੀ ਖਾਕ ਦਾ ਸੁਰਮਾ ਬਣਾ ਲੈ, ਅੱਖਾਂ ਦੇ ਵਿਚ 'ਸੁਰਮਾ ਕੁੰਚੋ ਖਾਕ ਔਲੀਆ ਤਾਬਾਬੀਨੀ ਇਮਤਦਾਤਾ ਇੰਨਤਹਾ।' ਆਪ ਦੀ ਗਿਆਤੀ ਲਈ ਅਰਜ਼ ਕਰਾਂ ਈਸ਼ਵਰ ਤੇ ਵਿਆਪਕ ਹੈ, ਹਰ ਜਗ੍ਹਾ ਹੈ ਔਰ ਹਰ ਜਗ੍ਹਾ ਉਸ ਨਾਲ ਸੰਬੰਧ ਜੋੜ ਸਕੇ ਹਾਂ, ਹਰ ਜਗ੍ਹਾ ਹੈ ਹਰੀ, ਉਸ ਨਾਲ ਜੁੜ ਸਕਦੇ ਹਾਂ। ਪਰ ਹਰੀ ਨਾਲ ਜੁੜਿਆ ਹੋਇਆ ਹਰ ਜਗ੍ਹਾ ਨਹੀਂ ਹੁੰਦਾ, ਪ੍ਰਭੂ ਨਾਲ ਜੁੜਿਆ ਹੋਇਆ ਹਰ ਜਗ੍ਹਾ ਨਹੀਂ ਹੁੰਦਾ। ਹਰੀ ਹਰ ਜਗ੍ਹਾ ਹੈ, ਹਰੀ ਨਾਲ ਜੁੜਿਆ ਹੋਇਆ ਹਰ ਜਗ੍ਹਾ ਨਹੀਂ ਹੈ। ਇਸ ਵਾਸਤੇ ਅਸੀਂ ਅਰਦਾਸ ਵਿਚ ਇਹ ਸ਼ਬਦ ਐਡ ਕੀਤੇ ਨੇ 'ਸੇਈ ਗੁਰਮੁਖ ਪਿਆਰੇ ਮੇਲ, ਜਿਨ੍ਹਾਂ ਮਿਲਿਆ

ਤੇਰਾ ਨਾਮ ਚਿੱਤ ਆਵੈ।' ਆਦਿ ਕਾਲ ਤੋਂ ਇਸ ਤਰ੍ਹਾਂ ਦੇ ਪੁਰਖਾਂ ਨਾਲ ਬਈ ਘਰ ਦੇ ਵਿਚ ਚਰਨ ਪੁਵਾਣੇ ਨੇ, ਉਧਰ ਚਰਨ ਪੁਵਾਣੇ ਭਾਰਤ ਦੀ ਹਜ਼ਾਰਾਂ ਸਾਲਾਂ ਦੀ ਇਹ ਪੁਰਾਣੀ ਪ੍ਰਥਾ, ਪਰ ਮੈਂ ਅਰਜ਼ ਕਰਾਂ ਕਰੋੜਾਂ ਵਿਚੋਂ ਕਿਸੇ ਇਕ ਅੱਧੇ ਦੇ ਐਸੇ ਚਰਨ ਹੁੰਦੇ ਨੇ ਛੂਹ ਨਾਲ ਜ਼ੱਰੇ ਪਵਿੱਤਰ ਹੋਣ, ਹਰ ਇਕ ਦੇ ਚਰਨਾਂ ਨਾਲ ਨਹੀਂ ਸਾਰਿਆਂ ਦੀਆਂ ਜੁੱਤੀਆਂ ਦੀ ਖਾਕ ਨੂੰ ਮਸਤਕ ਤੇ ਲਾਉਣਾ ਹੈ। ਮਤਾਂ ਇਸ ਵਿਚ ਕੋਈ ਐਸਾ ਜੋੜਾ ਵੀ ਹੋਵੇ ਜਿਹੜਾ ਰੱਬ ਨਾਲ ਜੁੜਿਆ ਹੋਵੇ। ਗੱਲ ਇੰਨੀ ਹੈ ਸਾਨੂੰ ਤੇ ਪਤਾ ਨਹੀਂ ਕਿਹੜੀਆਂ ਜੁੱਤੀਆਂ, ਕਿਹੜਾ ਜੋੜਾ ਜੋ ਪਹਿਨਦਾ ਤੇ ਰੱਬ ਨਾਲ ਜੁੜਿਆ ਹੈ। ਚਲੋ ਸਾਰਿਆਂ ਦੀ ਖਾਕ ਨੂੰ ਮਸਤਕ ਤੇ ਲਾਉਂਦੇ ਹਾਂ, ਮਤਾਂ ਇਹਦੇ ਵਿਚੋਂ ਕਿਸੇ ਜੁੜੇ ਹੋਏ ਦਾ ਜੋੜਾ ਹੋਵੇ। ਗੱਲ ਇਤਨੀ ਹੈ, ਗੱਲ ਇਤਨੀ ਹੈ ਜੋ ਹਿਰਦਾ ਜੋੜ ਕੇ ਸ਼ਬਦ ਉਚਾਰਣ ਕਰਦਾ ਹੈ ਉਹ ਧੁਨ ਦੂਰ ਤੱਕ ਪਹੁੰਚਦੀ ਹੈ। ਉਹਦਾ ਬੋਲਿਆ ਹੋਇਆ *'ਜਾ ਕਾ ਕਹਿਆ ਦਰਗਹ ਚਲੈ॥'* ਤੱਕ ਪਹੁੰਚਦਾ ਹੈ, ਪ੍ਰਮਾਤਮਾ ਤਕ ਪਹੁੰਚਦਾ ਹੈ, ਈਸ਼ਵਰ ਤੱਕ ਪਹੁੰਚਦਾ ਹੈ। ਜੋ ਈਸ਼ਵਰ ਤੱਕ ਆਪਣੇ ਬੋਲਾਂ ਨੂੰ ਪਹੁੰਚਾ ਸਕਦਾ ਹੈ, ਜੈਸੇ ਬਹੁਤ ਵੱਡੀ ਸਮਰੱਥਾ ਚਾਹੀਦੀ ਹੈ। ਕੋਈ ਮਨੁੱਖ ਆਪਣੇ ਬੋਲਾਂ ਨੂੰ ਪ੍ਰਾਈਮ ਮਨਿਸਟਰ ਤੱਕ ਪਹੁੰਚਾਵੇ, ਬੜਾ ਅਡੰਬਰ ਚਾਹੀਦਾ ਹੈ, ਬੜਾ ਸਾਜ਼ੋ-ਸਾਮਾਨ ਚਾਹੀਦਾ ਹੈ, ਬੜੇ ਵਸੀਲੇ ਚਾਹੀਦੇ ਨੇ, ਤਾਂ ਬੋਲ ਕਿਤੇ ਪ੍ਰਾਈਮ ਮਨਿਸਟਰ ਤੱਕ ਪਹੁੰਚਣਗੇ। ਰਾਸ਼ਟਰਪਤੀ ਤੱਕ ਪਹੁੰਚਣਗੇ, ਹਰ ਇਕ ਦੇ ਬੋਲ ਹਰ ਢੰਗ ਨਾਲ ਨਹੀਂ ਪਹੁੰਚ ਸਕਦੇ। ਬਾਹਰੋਂ ਯਤਨ ਅਡੰਬਰ ਤਰਕੀਬ ਸਾਧਨ ਵਸੀਲੇ ਲੱਭਣੇ ਪੈਂਦੇ ਨੇ ਬਈ ਅਸੀਂ ਆਪਣੇ ਬੋਲ ਦੇਸ਼ ਦੇ ਹੁਕਮਰਾਨ ਤੱਕ ਪਹੁੰਚਾ ਸਕੀਏ। ਮੈਂ ਅਰਜ਼ ਕਰਾਂ ਕੁਝ ਸਾਧਨਾ ਕਰਨੀ ਪੈਂਦੀ ਹੈ, ਕੁਝ ਉੱਦਮ ਕਰਨਾ ਪੈਂਦਾ ਹੈ, ਫੇਰ ਮਨੁੱਖ ਦੇ ਬੋਲ ਸਰਬ ਸ਼ਕਤੀਮਾਨ ਭਗਵਾਨ ਤੱਕ ਪਹੁੰਚਦੇ ਨੇ, ਪ੍ਰਮਾਤਮਾ ਤੱਕ ਪਹੁੰਚਦੇ ਨੇ, ਉਂਝ ਨਹੀਂ। ਕਈ ਤੇ ਵਿਚਾਰੇ ਐਸੇ ਨੇ ਉਹਨਾਂ ਦੇ ਬੋਲ ਆਪਣੇ ਪੁੱਤਰਾਂ ਤੱਕ ਨਹੀਂ ਪਹੁੰਚਦੇ, ਉਹ ਵੀ ਨਹੀਂ ਸੁਣਦੇ ਠੁਕਰਾ ਦੇਂਦੇ ਨੇ। ਬੋਲ ਪਤਨੀ ਤੱਕ ਵੀ ਨਹੀਂ ਪਹੁੰਚਦੇ ਉਹ ਵੀ ਨਹੀਂ ਸੁਣਦੀ। ਬੋਲ ਭਰਾ ਤੱਕ ਵੀ ਨਹੀਂ ਪਹੁੰਚਦਾ ਉਹ ਵੀ ਨਹੀਂ ਸੁਣਦਾ। ਕਈਆਂ ਦੇ ਬੋਲ ਇਤਨੇ ਕਮਜ਼ੋਰ ਪੁੱਤਰ ਠੁਕਰਾ ਦੇਂਦੇ ਨੇ, ਮਿੱਤਰ, ਪਤਨੀ ਠੁਕਰਾ ਦੇਂਦੀ ਹੈ। ਭਰਾ ਠੁਕਰਾ ਦੇਂਦੇ ਨੇ। ਮਾਂ ਬਾਪ ਠੁਕਰਾ ਦੇਂਦੇ ਨੇ। ਕਈਆਂ ਦੇ ਬੋਲ ਇਤਨੇ ਸ਼ਕਤੀਸ਼ਾਲੀ ਪ੍ਰਮਾਤਮਾ ਵੀ ਨਹੀਂ ਠੁਕਰਾਉਂਦਾ ਉਹ ਵੀ ਸੁਣਦਾ ਹੈ ਉਸੇ ਵਿਚ ਚਲਦੇ ਨੇ *"ਜਾ ਕਾ ਕਹਿਆ ਦਰਗਹ ਚਲੈ॥"* ਜਿਹਦੇ ਬੋਲ ਦਰਗਾਹ ਤੱਕ ਚਲਦੇ ਨੇ, ਉਹਦੇ ਕਦਮ ਵੀ ਦਰਗਾਹ ਤੱਕ ਪਹੁੰਚੇ ਹੁੰਦੇ ਨੇ। ਜਿਸ ਦੇ ਕਦਮ ਦਰਗਾਹ ਤੱਕ ਪਹੁੰਚੇ ਹੁੰਦੇ ਨੇ ਉਹਦੇ ਕਦਮਾਂ ਦੀ ਖਾਕ ਤਕਸੀਰ ਹੁੰਦੀ ਹੈ।

'ਸੁਰਮਾ ਕੂੰਚੋ ਖਾਕ ਔਲੀਆ ਤਾਬਾਬੀਨੀ ਇਮਤਦਾਤਾ ਇੰਨਤਹਾ।'

ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਇਸ ਦੀ ਬੜੀ ਮਹਿਮਾ ਹੈ। ਕਹਿੰਦੇ ਨੇ ਗਾਹੇ-ਬਗਾਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦ ਵੀ ਨੰਦ ਲਾਲ ਤੇ ਪ੍ਰਸੰਨ ਹੁੰਦੇ ਸਨ

ਇਤਿਹਾਸ ਵਿਚ ਐਸਾ ਹੈ ਬੜੀ ਪ੍ਰਸੰਸਾ ਦੇ ਉਹ ਪਾਤਰ ਬਣੇ ਨੇ। ਸਤਿਗੁਰੂ ਇਹੀ ਕਹਿੰਦੇ ਸਨ ਨੰਦ ਲਾਲ ਹੁਣ ਤੈਨੂੰ ਕੀ ਦੇਈਏ, ਹੁਣ ਤੈਨੂੰ ਕੀ ਦੇਈਏ। ਮੈਂ ਅਕਸਰ ਅਰਜ਼ ਕਰਦਾ ਹੁੰਦਾਂ ਜੋ ਬਹੁਤ ਪਿਆਰਾ ਲੱਗੇ, ਜੋ ਬਹੁਤ ਪਿਆਰਾ ਲੱਗੇ ਉਹਨੂੰ ਕੁੱਝ ਦੇਣ ਨੂੰ ਜੀਅ ਕਰਦਾ। ਜਿਨ੍ਹਾਂ ਨੂੰ ਬੜੀ ਨਫਰਤ ਹੋਵੇ, ਬੜੀ ਘਿਰਣਾ ਹੋਵੇ, ਦੁਸ਼ਮਣੀ ਹੋਵੇ, ਉਹਦੇ ਕੋਲੋਂ ਕੁਝ ਖੋਹ ਕੇ ਸੁਖ ਮਿਲਦਾ ਹੈ, ਕੁਝ ਖੋਹ ਲਈਏ। ਜੋ ਬਹੁਤ ਪਿਆਰਾ ਲੱਗੇ ਉਹਨੂੰ ਦੇ ਕੇ ਸੁੱਖ ਮਿਲਦਾ ਹੈ ਅਤੇ ਜਿਸ ਨਾਲ ਬਹੁਤ ਗਹਿਰੀ ਨਫਰਤ ਹੋਵੇ ਉਹਦੇ ਕੋਲੋਂ ਕੁਝ ਖੋਹ ਕੇ ਸੁੱਖ ਮਿਲਦਾ। ਜਿਤਨੀ ਵੱਡੀ ਦੁਸ਼ਮਣੀ ਹੋਵੇ ਓਨਾ ਵੱਧ ਮਨੁੱਖ ਉਹਦੇ ਕੋਲੋਂ ਕੁਝ ਖੋਹਣਾ ਚਾਹੁੰਦਾ। ਇਹਦਾ ਸੁਖ ਖੋਹ ਲਈਏ, ਉਹਦੀ ਧਨ ਸੰਪਦਾ ਖੋਹ ਲਈਏ, ਇਹਦਾ ਮਾਣ ਸਨਮਾਨ ਖੋਹ ਲਈਏ, ਕਿਧਰੇ ਮੌਕਾ ਲੱਗ ਜਾਏ, ਇਹਦੀ ਜਿੰਦ-ਜਾਨ ਖੋਹ ਲਈਏ, ਦੁਸ਼ਮਣੀ ਦੀ ਜਿਤਨੀ ਮਾਤਰਾ ਵੱਧਦੀ ਹੈ ਉਹਦੇ ਨਾਲ ਖੋਹ ਦੀ ਮਾਤਰਾ ਵੀ ਉਤਨੀ ਵੱਧਦੀ ਹੈ, ਵੱਧ ਜਾਂਦੀ ਹੈ। ਇਹਦੀ ਜਿੰਦ-ਜਾਨ ਖੋਹ ਲਈਏ। ਮਿੱਤਰਤਾ ਦੀ ਮਾਤਰਾ, ਪਿਆਰ ਦੀ ਮਾਤਰਾ ਜਿਤਨੀ ਵੱਧਦੀ ਹੈ ਤੇ ਫੇਰ ਦੇਣ ਦੀ ਮਾਤਰਾ ਉਤਨੀ ਵੱਧ ਜਾਂਦੀ ਹੈ। ਇਹਨੂੰ ਸੁੱਖ ਦੇ ਦੇਈਏ, ਇਹਨੂੰ ਸੰਪਦਾ ਦੇ ਦੇਈਏ, ਇਹਨੂੰ ਆਰਾਮ ਦੇ ਦੇਈਏ, ਇਹਨੂੰ ਮਾਣ ਸਨਮਾਨ ਦੇ ਦੇਈਏ। ਜੇ ਕਿਧਰੇ ਲੋੜ ਪੈ ਜਾਏ ਇਹਨੂੰ ਆਪਣੀ ਜਿੰਦ-ਜਾਨ ਵੀ ਦੇ ਦੇਈਏ। ਦੇਣ ਨੂੰ ਵੀ ਜੀ ਕਰਦਾ। ਸਤਿਗੁਰੂ ਕਹਿਣ ਲੱਗੇ ਤੂੰ ਬਹੁਤ ਪਿਆਰਾ ਲੱਗਦਾ, ਬਹੁਤ ਪਿਆਰਾ ਲੱਗਦਾ ਹੈਂ ਦੇਈਏ ਤੈਨੂੰ ਕੁਝ, ਅੱਛਾ ਦੱਸ ਇਸ ਵਕਤ ਤੇਰੇ ਅੰਦਰ ਇੱਛਾ ਕੀ ਚੱਲ ਰਹੀ ਹੈ? ਆਪ ਦੀ ਗਿਆਤ ਲਈ ਅਰਜ਼ ਕਰਾਂ ਤਨ ਦੇ ਅੰਦਰ ਹਰ ਵਕਤ ਸਵਾਸ ਚੱਲਦੇ ਨੇ, ਮਨ ਦੇ ਅੰਦਰ ਹਰ ਵਕਤ ਇੱਛਾਵਾਂ ਚਲਦੀਆਂ ਨੇ। ਸਵਾਸਾਂ ਤੋਂ ਰਹਿਤ ਮਨ ਹੋ ਜਾਏ ਤੇ ਮਨ ਦੀ ਮੌਤ, ਸਵਾਸਾਂ ਦੇ ਪਰਵਾਹ ਦਾ ਨਾਂ ਹੀ ਮਨ ਹੈ ਔਰ ਕੀ ਹੈ ? ਕਾਮਨਾਵਾਂ ਸ਼ਾਂਤ ਹੋ ਗਈਆਂ, ਮਨ ਸ਼ਾਂਤ ਹੋ ਗਿਆ, ਇੱਛਾਵਾਂ ਸ਼ਾਂਤ ਹੋ ਗਈਆਂ, ਮਨ ਤੇ ਮਰ ਗਿਆ। ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ *'ਮਨੁ ਮਾਰੇ ਧਾਤੁ ਮਰਿ ਜਾਇ॥'* ਜਿਸ ਦਿਨ ਮਨ ਮਰ ਜਾਂਦਾ, ਤ੍ਰਿਸ਼ਨਾ ਮਰ ਜਾਂਦੀ, ਮਨ ਮਰ ਜਾਂਦਾ, ਲੋਭ ਮਰ ਜਾਂਦਾ, ਉਂਝ ਲੋਭ ਨੂੰ ਮਾਰਨ ਜਾਵਾਂਗੇ। ਮਨ ਤੇ ਜ਼ਿੰਦਾ ਹੈ, ਕਿਥੇ ਲੋਭ ਮਰਦਾ ਨਹੀਂ ਮਰਦਾ :

ਮਨੁ ਮਾਰੇ ਧਾਤੁ ਮਰਿ ਜਾਇ॥ ਬਿਨੁ ਮੂਏ ਕੈਸੇ ਹਰਿ ਪਾਇ॥ (ਪੰਨਾ ੧੫੯)

ਮਨ ਮਰਦਾ ਹੈ, ਤ੍ਰਿਸ਼ਨਾ ਮਰ ਜਾਂਦੀ ਹੈ, ਮਨ ਮਰਦਾ, ਵਾਸ਼ਨਾ ਮਰ ਜਾਂਦੀ ਹੈ, ਮਨ ਮਰਦਾ ਹੈ, ਲੋਭ ਮਰ ਜਾਂਦਾ ਹੈ। ਮਨ ਦਾ ਮਰਨਾ ਕੀ ਹੁੰਦਾ ? ਹੁਣ ਕੋਈ ਵਿਚਾਰ ਪੈਦਾ ਨਹੀਂ ਹੁੰਦਾ, ਕੋਈ ਵਿਚਾਰ ਇਸ ਨੂੰ ਮੈਂ ਕਿਸੇ ਵਕਤ ਤੁਹਾਡੇ ਅੱਗੇ ਖੋਲ੍ਹਾਂਗਾ। ਵਿਚਾਰ ਨਾਲ ਨਿਰੰਕਾਰ ਨਹੀਂ ਮਿਲਦਾ, ਨੀਰ ਵਿਚਾਰ ਅਵਸਥਾ ਵਿਚ ਨਿਰੰਕਾਰ ਪ੍ਰਗਟ ਹੁੰਦਾ ਹੈ। ਮੈਂ ਫਿਰ ਦੁਹਰਾਵਾਂ ਤੁਹਾਡੇ ਵਿਚ ਕੋਈ ਗਹਿਰੀ ਸਾਧਨਾ ਕਰਦੇ ਹੋਣਗੇ, ਨਿਰਾ ਕਰਮ-ਕਾਂਡ ਨਹੀਂ, ਜ਼ਰੂਰ ਪਕੜ ਵਿਚ ਹੈ। ਵਿਚਾਰ ਕਰਨ ਨਾਲ ਸਮਝ ਮਿਲ ਜਾਂਦੀ ਹੈ ਪ੍ਰਮਾਤਮਾ ਦੀ, ਪ੍ਰਮਾਤਮਾ

ਨਹੀਂ ਮਿਲਦਾ। ਵਿਚਾਰ ਕਰਨ ਦੇ ਨਾਲ ਸੋਨੇ ਦਾ ਪਤਾ ਚੱਲ ਜਾਂਦਾ ਹੈ, ਸੋਨਾ ਨਹੀਂ ਮਿਲਦਾ। ਵਿਚਾਰ ਕਰਨ ਦੇ ਨਾਲ ਹੀਰੇ ਦੀ ਸਮਝ ਮਿਲ ਜਾਂਦੀ ਹੈ, ਨਿਰੀ ਸਮਝ ਆ ਗਈ ਔਰ ਹੀਰਿਆਂ ਦੀ ਖਾਣ ਨਹੀਂ ਲੱਭਦੀ, ਨਹੀਂ ਮਿਲਦੀ। ਵਿਚਾਰ ਇਹਨਾਂ ਦੀ ਬੜੀ ਭਾਰੀ ਮਹਾਨਤਾ ਹੈ। ਸਮਝ ਤੇ ਆਉਣੀ ਚਾਹੀਦੀ ਵਸਤੂ ਮਹਾਨ ਹੈ, ਕਿਉਂਕਿ ਵਿਚਾਰ ਵਿਚ ਨਹੀਂ ਹੈ। ਪਸ਼ੂ ਦੇ ਇਸ ਵਾਸਤੇ ਪਸ਼ੂ ਦੀ ਦੁਨੀਆਂ ਵਿਚ ਸੋਨਾ ਸੋਨਾ ਨਹੀਂ, ਸੋਨੇ ਦੀ ਕੋਈ ਅਹਿਮੀਅਤ ਨਹੀਂ ਹੈ, ਪਰ ਮਨੁੱਖ ਦੇ ਵਿਚਾਰ ਦੀ ਸਮਝ, ਸੋਨੇ ਦੀ ਅਹਿਮੀਅਤ, ਹੀਰੇ ਦੀ ਅਹਿਮੀਅਤ। ਇਹਦਾ ਮਤਲਬ ਸਮਝ ਕਰਕੇ ਅਹਿਮੀਅਤ ਹੈ। ਨਾਸਮਝੀ ਨਾਲ ਕੋਈ ਅਹਿਮੀਅਤ ਨਹੀਂ, ਆਪ ਸਿਆਣੇ ਬੈਠੇ ਹੋ। ਮੈਂ ਫਿਰ ਦੁਹਰਾਵਾਂ ਕਿਸੇ ਵੀ ਮਹਾਨ ਵਸਤੂ ਦੀ ਅਹਿਮੀਅਤ ਮਨੁੱਖ ਦੀ ਸਮਝ ਤੇ ਖੜੀ ਹੈ। ਅਗਰ ਸਮਝ ਵਿਚ ਨਹੀਂ ਮਹਾਨ ਤੋਂ ਮਹਾਨ ਵੀ ਕੁਝ ਨਹੀਂ। ਸੋਨਾ ਪਸ਼ੂ ਦੇ ਸਾਹਮਣੇ ਕੁਝ ਨਹੀਂ, ਕੁਝ ਵੀ ਨਹੀਂ, ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਕਹਿੰਦੇ ਨੇ:

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥ (ਪੰਨਾ ੧੪੩)

ਘਾਸ ਵਿਚ ਸੋਨੇ ਦੀਆਂ ਅਸ਼ਰਫੀਆਂ ਮਿਕਸ ਕਰਕੇ ਤੇ ਪਸ਼ੂ ਦੇ ਅੱਗੇ ਰੱਖ ਦੇਈਏ ਮਿਕਸ ਕਰਕੇ, ਉਹ ਚੁਣ ਚੁਣ ਕੇ ਘਾਹ ਨੂੰ ਗ੍ਰਹਿਣ ਕਰ ਲਏਗਾ, ਸੋਨੇ ਦੀਆਂ ਅਸ਼ਰਫੀਆਂ ਨੂੰ ਪਿੱਛੇ ਸੁੱਟ ਦੇਵੇਗਾ, ਉਹਦੇ ਕਿਸ ਕੰਮ ? ਵਸਤੂ ਮਹਾਨ ਹੈ, ਸਵਾਲ ਇਹ ਨਹੀਂ, ਸਮਝ ਮਹਾਨ ਹੈ ਕਿ ਨਹੀਂ। ਅਗਰ ਸਮਝ ਮਹਾਨ ਨਹੀਂ ਤੋ ਮਹਾਨ ਵਸਤੂ ਵੀ ਮਿੱਟੀ ਹੈ, ਕੁਝ ਵੀ ਨਹੀਂ, ਕੁਝ ਵੀ ਨਹੀਂ, ਕੁਝ ਵੀ ਨਹੀਂ। ਸਮਝ ਦੀ ਮਹਾਨਤਾ ਨਾਲ ਵਸਤੂ ਦੀ ਮਹਾਨਤਾ ਬਣਦੀ ਹੈ। ਸਰਬ ਸ਼ਕਤੀਮਾਨ ਹੈ ਪ੍ਰਮਾਤਮਾ, ਸਮਝ ਨਹੀਂ ਹੈ ਤੇ ਕੁਝ ਵੀ ਨਹੀਂ, ਕੁਝ ਵੀ ਨਹੀਂ, ਕੁਝ ਵੀ ਨਹੀਂ। ਪਸ਼ੂ ਦੀ ਦੁਨੀਆਂ ਵਿਚ ਸੋਨਾ ਕੁਝ ਵੀ ਨਹੀਂ, ਕੁਝ ਵੀ ਨਹੀਂ। ਮੂਰਖ ਦੀ ਦੁਨੀਆਂ ਵਿਚ ਗੁਰੂ ਕੁਝ ਵੀ ਨਹੀਂ, ਪ੍ਰਮਾਤਮਾ ਕੁਝ ਵੀ ਨਹੀਂ, ਕੁਝ ਵੀ ਨਹੀਂ। ਇਸ ਚੱਕਰ ਵਿਚ ਨਾ ਪੈਣਾ ਪ੍ਰਮਾਤਮਾ ਸਾਰਿਆਂ ਦੀ ਦੁਨੀਆਂ ਵਿਚ ਹੈ, ਸੋਨਾ ਸਾਰਿਆਂ ਦੀ ਦੁਨੀਆਂ ਵਿਚ ਸਭ ਕੁਝ ਹੈ, ਕਤਈ ਨਹੀਂ ਸਮਝ, ਪਸ਼ੂਆਂ ਦੀ ਦੁਨੀਆਂ ਵਿਚ ਸੋਨਾ ਸਭ ਕੁਝ ਨਹੀਂ ਹੈ, ਸਮਝਦਾਰ ਦੀ ਦੁਨੀਆਂ ਵਿਚ ਹੈ, ਮੂਰਖਾਂ ਦੀ ਦੁਨੀਆਂ ਵਿਚ ਪ੍ਰਮਾਤਮਾ ਸਭ ਕੁਝ ਨਹੀਂ ਹੈ, ਸਭ ਕੁਝ ਨਹੀਂ ਹੈ, ਹੈ ਵੀ ਨਹੀਂ। ਪ੍ਰਮਾਤਮਾ ਸਮਝਦਾਰ ਦੀ ਦੁਨੀਆਂ ਵਿਚ ਤੋ ਸਮਝ ਦੀ ਤੇ ਆਪਣੀ ਮਹਿਮਾ ਹੈ, ਸਮਝ ਤੇ ਮਿਲ ਗਈ ਵਿਚਾਰਾਂ ਵਿਚ ਤੇ ਗੱਲ ਆ ਗਈ, ਪਰ ਜਿਸ ਦੇ ਹੁਣ ਵਿਚਾਰ ਚਲਦੇ ਪਏ ਨੇ। ਉਹ ਮਿਲੇ ਜਿਹਦੀ ਸਮਝ ਆਈ ਹੈ, ਉਹ ਹੱਥ ਵਿਚ ਆਉਣਾ ਚਾਹੀਦਾ ਹੈ। ਜਿਸ ਦਾ ਪਤਾ ਚੱਲ ਗਿਆ ਉਹ ਮਿਲਣਾ ਚਾਹੀਦਾ ਹੈ। ਹੁਣ ਕਿਵੇਂ ਮਿਲੇ ਇਸ ਅਭਿਆਸੀ ਬਿਰਤੀ ਨੂੰ, ਮੈਂ ਫਿਰ ਖੋਲ੍ਹਾਂਗਾ। ਉਹ ਨਿਰਵਿਚਾਰ ਅਵਸਥਾ ਵਿਚ ਮਿਲਦਾ ਹੈ, ਜਦੋਂ ਮਨ ਨਿਰਵਿਚਾਰ ਹੁੰਦਾ ਹੈ, ਨਿਰੰਕਾਰ ਪ੍ਰਗਟ ਹੁੰਦਾ ਹੈ ਉਂਝ ਨਹੀਂ ਹੁੰਦਾ ਹੈ। ਸਰੀਰਕ ਕਰਮ ਤੇ ਮਾਨਸਿਕ ਕਰਮ ਇਹ ਦੋ ਸਿਰਫ ਸਮਝਣ ਵਾਸਤੇ ਹੈ, ਲੇਕਿਨ

ਕਰਮ ਨਾਲ ਪ੍ਰਮਾਤਮਾ ਨਹੀਂ ਮਿਲਦਾ ਹੈ, ਕਰਮ ਦੇ ਵਿਚਾਰ ਸਿਰਫ ਸਮਝਣ ਵਾਸਤੇ ਹੈ। ਸਿਰਫ ਨੇੜੇ ਹੋਣ ਵਾਸਤੇ ਨੇ, ਪ੍ਰਾਪਤੀ ਨਹੀਂ ਹੁੰਦੀ। ਕੋਈ ਵੀ ਕਰਮ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰਾਏਗਾ। ਜਾਂ ਤੇ ਕਹੇਗਾ ਇਤਨੇ ਪਾਠ ਰਖਾਏ ਨੇ, ਪ੍ਰਭੂ ਸਾਨੂੰ ਮਿਲ ਗਿਆ, ਇਸ ਕੰਮ ਨਾਲ ਕੋਈ ਹੋਰ ਰੂਪ ਨਾ ਲੈ ਲੈਣਾ। ਇਤਨਾ ਕੀਰਤਨ ਸੁਣਿਆ ਤੇ ਮਿਲ ਗਿਆ, ਇਤਨਾ ਦਾਨ ਪੁੰਨ ਕੀਤਾ ਤੇ ਮਿਲ ਗਿਆ। ਤੀਹ ਚਾਲੀ ਸਾਲ ਤੋਂ ਗੁਰਦੁਆਰੇ ਆਇਆ ਖੇਡ ਬਣ ਗਈ, ਮਿਲ ਗਿਆ ਹੈ। ਚਾਲੀ ਸਾਲ ਤੋਂ ਗੁਰਦੁਆਰੇ ਆ ਰਹੇ ਹੋ, ਅੱਜ ਤਕ ਸੈਂਕੜੇ ਅਖੰਡ ਪਾਠ ਰਖਾਏ ਹੋਣ, ਅੱਜ ਤਕ ਬੜਾ ਦਾਨ ਵੀ ਕੀਤਾ ਹੋਵੇ, ਸੇਵਾ ਵੀ ਕੀਤੀ ਹੋਵੇ, ਨਾ ਮਿਲਿਆ ਹੋਵੇ ਤੇ ਫੇਰ ਜ਼ਰੂਰ ਸੋਚਿਉ ਮਿਲ ਗਿਆ। ਠੀਕ ਅਗਰ ਨਹੀਂ ਮਿਲਿਆ ਤੇ ਪਹਿਲੇ ਤੇ ਇਹ ਸੋਚੋ ਚਾਲੀ ਸਾਲ ਤੋਂ ਸੇਵਾ ਕਰਦੇ ਆਂ ਪਏ, ਲੈ ਅੱਜ ਤਕ ਬੜਾ ਦਾਨ ਦਿੱਤਾ, ਦਸਵੰਧ ਦਿੱਤਾ, ਕੀਰਤਨ ਸੁਣਿਆ, ਕਥਾ ਸੁਣੀਏ, ਪਾਠ ਕਰਾਏ ਨੇ, ਪਾਠ ਕੀਤੇ ਨੇ, ਮਿਲ ਗਏ ਤੇ ਠੀਕ ਹੈ, ਜੇ ਨਹੀਂ ਮਿਲਿਆ ਤੇ ਫਿਰ ਸੋਚੋ ਕਿ ਇਸੇ ਤਰ੍ਹਾਂ ਹੀ ਚਲਦੇ ਜਾਉਗੇ। ਇਸੇ ਤਰ੍ਹਾਂ ਹੀ ਖੁਲਾਸਾ ਮੈਂ ਤੁਹਾਡੇ ਸਾਹਮਣੇ ਬਾਅਦ ਵਿਚ ਕਰਾਂਗਾ। ਲੇਕਿਨ ਇਤਨੀ ਸੋਚਣੀ ਦਾ ਅੱਜ ਜਨਮ ਹੋਇਆ ਤੇ ਮੇਰਾ ਕਿਹਾ ਹੋਇਆ। ਸਫਲ ਹੋ ਜਾਏਗਾ। ਇਹ ਵੀ ਮੈਂ ਅਰਜ਼ ਕਰ ਦਿਆਂ ਪ੍ਰਮਾਤਮਾ ਦੀ ਸਮਝ ਆ ਗਈ, ਪ੍ਰਮਾਤਮਾ ਨਹੀਂ ਮਿਲਿਆ, ਪ੍ਰਮਾਤਮਾ ਦੇ ਵਿਚਾਰ ਆ ਗਏ ਨੇ, ਪ੍ਰਮਾਤਮਾ ਨਹੀਂ ਮਿਲਿਆ। ਪ੍ਰਮਾਤਮਾ ਸੋਚਣੀ ਵਿਚ ਚੱਲ ਰਿਹਾ ਹੈ, ਪ੍ਰਮਾਤਮਾ ਨਹੀਂ ਮਿਲਿਆ। ਸਮਝ ਤੋਂ ਥੋੜਾ ਜਿਹਾ ਪ੍ਰਭਾਵਿਤ ਹੋਏ ਉਹ ਬੰਦਾ ਢੰਗ ਨਾਲ ਸੇਵਾ ਕਰੇਗਾ, ਦਾਨ ਪੁੰਨ ਕਰੇਗਾ, ਪਾਠ ਕਰੇਗਾ, ਜਪ ਤਪ ਕਰੇਗਾ। ਸਮਝ ਵਿਚ ਨਹੀਂ ਆਇਆ ਤੇ ਕਰਮ-ਕਾਂਡ ਚੱਲਦਾ ਰਹੇਗਾ। ਸਰੀਰ ਕਰਦਾ ਪਿਆ ਹੈ ਸਮਝ ਕੱਖ ਵੀ ਨਹੀਂ, ਇਕ ਤੇ ਉਹ ਕਰਮ ਕਰਦੇ ਪਏ ਨੇ ਜਿਨ੍ਹਾਂ ਨੂੰ ਕੱਖ ਸਮਝ ਨਹੀਂ, ਇਕ ਤੇ ਉਹ ਹੈ ਜਿਨ੍ਹਾਂ ਨੂੰ ਸਮਝ ਕਰਮ ਕਰਦੇ ਪਏ ਨੇ, ਦੋਵਾਂ ਕੋਲ ਪ੍ਰਮਾਤਮਾਂ ਨਹੀਂ ਹੈ, ਨਹੀਂ ਹੈ, ਮੈਨੂੰ ਫੇਰ ਕਹਿਣ ਦੇਣਾ ਇਕ ਕੋਲ ਤੇ ਪੂਰੀ ਸਮਝ ਹੈ, ਬੜਾ ਗਿਆਨੀ ਹੈ, ਚਾਰ ਵੇਦਾਂ ਦਾ ਪਾਠੀ ਹੈ, ਕੁਰਾਨ ਦਾ ਹਾਫਿਜ਼ ਹੈ, ਕੋਈ ਕਮੀ ਨਹੀਂ ਔਰ ਆਪ ਦੀ ਗਿਆਤ ਲਈ ਅਰਜ਼ ਕਰਾਂ ਜਿਤਨਾ ਵੱਡਾ ਕੁਰਾਨ ਦਾ ਹਾਫਿਜ਼ ਹੋਵੇਗਾ ਹਿਰਦਾ ਖੁਦਾ ਤੋਂ ਉਤਨਾ ਖਾਲੀ ਹੋਵੇਗਾ, ਕੁਝ ਵੀ ਨਹੀਂ ਹੋਵੇਗਾ, ਇਕ ਬਹੁਤ ਬੜਾ ਉਪਦੇਸ਼ਕ ਹੈ। 'ਮਨ ਬਾਤੋਂ ਮੇਂ ਮੋਹ ਲੇਤਾ ਹੈ, ਗੁਫਤਾਰ ਕਾ ਯਿਹ ਗਾਜ਼ੀ ਤੋ ਬਨਾ ਕਰਦਾਰ ਕਾ ਗਾਜ਼ੀ ਬਨ ਨਾ ਸਕਾ।' ਇਕ ਹੋਰ ਵੀ ਨੁਕਤਾ ਤੁਹਾਡੇ ਸਾਹਮਣੇ ਬਿਆਨ ਕਰਾਂ, ਬੋਲਣ ਲੱਗਿਆਂ ਧਿਆਨ ਦੂਸਰੇ 'ਤੇ ਹੁੰਦਾ ਹੈ, ਸੁਣਨ ਲੱਗਿਆਂ ਧਿਆਨ ਆਪਣੇ ਤੇ ਹੁੰਦਾ। ਜੇ ਆਪਣੇ ਮਨ ਤੇ ਧਿਆਨ ਤੇ ਆਪਾਂ ਸੁਣ ਵੀ ਨਹੀਂ ਸਕਾਂਗੇ, ਸੁਣਨ ਵਾਲਾ ਆਪਣੇ ਨੇੜੇ ਹੈ, ਪ੍ਰਮਾਤਮਾ ਦੇ ਨੇੜੇ ਹੋਣ ਤੋਂ ਪਹਿਲਾਂ ਆਪਣੇ ਨੇੜੇ ਹੋਣਾ ਪੈਂਦਾ। ਆਪਣੇ ਮਨ ਦੇ ਨੇੜੇ ਹੋਣਾ ਪੈਂਦਾ ਤੇ ਜਿਹੜਾ ਆਪਣੇ ਮਨ ਦੇ ਨੇੜੇ ਨਹੀਂ ਹੈ ਤੇ ਅਜੇ ਬੋਲਦਾ ਤੇ ਪਿਆ ਸੁਣਦਾ ਨਹੀਂ ਪਿਆ, ਇਸ ਵਾਸਤੇ ਮੈਂ ਅਰਜ਼ ਕਰਦਾ ਹੁੰਦਾਂ ਹੁਣ ਵੀ ਮੈਨੂੰ ਕਹਿਣ ਦੇਣਾ ਅਠਾਰਾਂ ਘੰਟੇ ਪਾਠ

ਸੁਣਾ ਕੇ ਸੁਨਾਣਾ ਅਸਾਨ ਹੈ, ਸਿਰਫ ਅੱਠ ਮਿੰਟ ਸੁਣਨਾ ਔਖਾ-ਔਖਾ ਹੈ, ਕਠਨ ਹੈ, ਛੇ-ਛੇ ਘੰਟੇ ਕੀਰਤਨ ਕਰ ਲੈਣਾ ਸੌਖਾ ਹੈ, ਸੌਖਾ ਹੈ, ਸੌਖਾ ਹੈ, ਸਿਰਫ ਛੇ ਮਿੰਟ ਸੁਣ ਲੈਣਾ ਔਖਾ ਹੈ। ਛੇ ਮਿੰਟ ਦੀ ਗੱਲ ਤੇ ਵੱਖਰੀ ਹੈ, ਇਕ ਮਿੰਟ ਸੁਣਨਾ ਔਖਾ ਹੈ। ਇਹ ਕਥਾ ਮੈਂ ਪੰਜਾਹ ਸਾਲ ਤੋਂ ਕਰ ਰਿਹਾ ਹਾਂ। ਕਈ ਵੇਰਾਂ ਮੈਂ ਰੈਸਟ ਦੇ ਦਿਨ ਕੱਟਦਾ, ਉਹ ਵੀ ਸੰਗਤਾਂ ਖਿੱਚ ਕੇ ਲੈ ਜਾਂਦੀਆਂ। ਅਮਰੀਕਾ ਤੋਂ ਆ ਕੇ ਮੈਂ ਦੋ ਚਾਰ ਦਿਨ ਰੈਸਟ ਕਰਨਾ ਸੀ, ਬੰਬੇ ਜਾਣਾ ਪਿਆ, ਸਵੇਰੇ ਕਿਧਰੇ, ਸ਼ਾਮੀ ਕਿਧਰੇ, ਅੱਜ ਕਿਧਰੇ, ਕੱਲ੍ਹ ਕਿਧਰੇ, ਪੰਜਾਹ ਸਾਲ ਤੋਂ ਮੈਂ ਹਾਜ਼ਰੀ ਭਰ ਰਿਹਾ ਹਾਂ ਔਰ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਰੀਆਂ ਵੱਡੀਆਂ ਬਾਣੀਆਂ ਦੀਆ ਕਥਾਵਾਂ ਮੈਂ ਤਕਰੀਬਨ ਤਕਰੀਬਨ ਵੱਡੇ ਸ਼ਹਿਰਾਂ ਵਿਚ ਕਰ ਚੁਕਿਆ, ਜਪੁਜੀ ਸਾਹਿਬ, ਸਿਧ ਗੋਸਟਿ, ਬਾਰਾ ਮਾਹ, ਸਹਸਕ੍ਰਿਤੀ ਸਲੋਕ, ਪੁਨਹੇ ਛੰਦ, ਭੱਟਾਂ ਦੇ ਸਵੱਈਏ, ਗਾਥਾ, ਆਸਾ ਦੀ ਵਾਰ, ਇਹ ਲੰਬੀਆਂ ਕਥਾਵਾਂ ਸਾਰੀਆਂ ਕੀਤੀਆਂ ਨੇ। ਕਿਤੇ ਇਹਨੂੰ ਮੇਰੀ ਫੋਕੀ ਨਿਰਮਾਣਤਾ ਵੀ ਨਾ ਮੰਨ ਲੈਣਾ ਕਿ ਮੈਂ ਬੜਾ ਨਿਰਮਾਣ ਹਾਂ, ਗੱਲ ਕਹਿ ਰਿਹਾ ਹਾਂ, ਕਥਾ ਹੀ ਨਹੀਂ, ਇਕ ਅਸਲੀਅਤ ਕਹਿ ਰਿਹਾਂ, ਮੈਨੂੰ ਇਸ ਕਥਾ ਨਾਲ ਨਹੀਂ ਮਿਲਿਆ, ਨਹੀਂ ਮਿਲਿਆ, ਸਮਝ ਆਈ ਹੈ। ਸਮਝ ਹੈ, ਹੀਰੇ ਦੀ ਸਮਝ ਆ ਗਈ ਹੈ, ਹੀਰਾ ਕੋਈ ਨਹੀਂ, ਸੋਨੇ ਦੀ ਸਮਝ ਆ ਗਈ ਹੈ, ਸੋਨਾ ਕੋਈ ਨਹੀਂ, ਸਤਸੰਗੀਆਂ ਵਿਚ ਕੁਝ ਥੋੜੇ ਜਿਹੇ ਹੁੰਦੇ ਨੇ ਜਿਨ੍ਹਾਂ ਨੂੰ ਸਮਝ ਆ ਜਾਂਦੀ ਹੈ ਤੇ ਬਹੁਤ ਸਾਰਿਆਂ ਦਾ ਦਾਨ ਵੀ ਬੇਸਮਝੀ ਵਿਚ, ਪਾਠ ਵੀ ਬੇਸਮਝੀ ਵਿਚ, ਸੇਵਾ ਵੀ ਬੇਸਮਝੀ ਵਿਚ, ਸਭ ਕੁਝ ਕਰ ਰਹੇ ਨੇ। ਬੇਸਮਝੀ ਵਿਚ ਕੁਝ ਕਰ ਰਹੇ ਨੇ ਸਮਝ ਵਿਚ, ਲੇਕਿਨ ਝੋਲੀ ਦੋਹਾਂ ਦੀ ਖਾਲੀ, ਦੋਹਾਂ ਦੀ ਖਾਲੀ, ਜੋ ਨਾਸਮਝ ਨੇ ਉਹਨਾਂ ਕੋਲ ਵੀ ਕੁਝ ਨਹੀਂ, ਜੋ ਸਮਝਦਾਰ ਨੇ ਉਹਨਾਂ ਕੋਲ ਵੀ ਕੁਝ ਨਹੀਂ।

ਕਬੀਰ ਤੇ ਕੁਝ ਹੋਰ ਵੀ ਕਹਿੰਦੇ ਨੇ-

ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥੧॥ (ਪੰਨਾ ੬੫੬)

ਐਹ ਕੀ ਪਾਣੀ ਰਿੜਕਦਾ ਪਿਆ, ਸਮਝ ਹੈ ਤੇਰੇ ਕੋਲ ਸਿਰਫ ਸਮਝ, ਲੇਕਿਨ ਮੈਂ ਅਰਜ਼ ਕਰਾਂ ਬਿਨਾਂ ਸਾਧਨਾਂ ਤੋਂ ਸਮਝ ਵੀ ਨਹੀਂ ਆਉਂਦੀ। ਸਮਝ ਦਾ ਮਤਲਬ ਹੈ ਸਿਰਫ ਦਰਵਾਜ਼ੇ ਦੇ ਬਾਹਰ ਖੜਾ ਹੋਇਆ ਦਰਵਾਜ਼ੇ ਤਕ ਹੀ ਪਹੁੰਚੇ, ਘਰ ਵਿਚ ਪ੍ਰਵੇਸ਼ ਨਸੀਬ ਨਹੀਂ ਹੋਇਆ, ਘਰ ਵਿਚ ਦਾਖਲਾ ਨਹੀਂ ਮਿਲਿਆ। ਚੋਟੀ ਦੇ ਸਮਝਦਾਰ ਵੀ ਘਰ ਤੋਂ ਬਾਹਰ ਖੜੇ ਹੁੰਦੇ ਨੇ, ਚਾਹੇ ਚਾਰ ਵੇਦਾਂ ਦੇ ਪਾਠੀ ਨੇ, ਚਾਹੇ ਕੁਰਾਨ ਦੇ ਹਾਫਿਜ਼ ਨੇ, ਜਾਂ ਗੁਰਬਾਣੀ ਦੇ ਬੜੇ-ਬੜੇ ਵਿਆਖਿਆਕਾਰ ਨੇ ਤੇ ਸਮਝਦਾਰ ਨੇ। ਇਹ ਵੀ ਮੈਂ ਅਰਜ਼ ਕਰ ਦਿਆਂ।

ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥
ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਟ ਭੀਤਰਿ ਹੈ ਮਲਨਾਂ॥੧॥ (ਪੰਨਾ ੬੫੬)

ਖੈਰ ਵਿਚਾਰ ਚਾਹੀਦੇ ਨੇ, ਸਮਝ ਤੇ ਚਾਹੀਦੀ ਹੈ, ਫੇਰ ਸਮਝ ਦੇ ਵਿਚੋਂ ਹੋਰ ਇਕ ਵੱਡੀ

ਸਮਝ ਸਿਖਰ ਦੀ ਸਮਝ, ਉਹ ਕਿਹੜੀ ਹੈ, ਉਹ ਸਮਝ ਇਹ ਹੈ ਕਿ ਪ੍ਰਭੂ ਮੈਨੂੰ ਸਮਝ ਆ ਗਈ ਹੈ। ਕਿਹੜੀ ਸਮਝ ਕਰਕੇ ਨਹੀਂ ਮਿਲੇਗਾ, ਸਮਝ ਸਮਝ ਕੇ ਮੈਂ ਸਮਝ ਗਿਆ। ਸਮਝ ਮੈਨੂੰ ਤੇਰੇ ਤੱਕ ਨਹੀਂ ਪਹੁੰਚਾ ਸਕਦੀ ਔਰ ਤੂੰ ਪੂਰੇ ਦਾ ਪੂਰਾ ਮੇਰੀ ਸਮਝ ਵਿਚ ਵੀ ਨਹੀਂ ਆ ਸਕਦਾ, ਕਿਉਂਕਿ ਸਮਝ ਦੇ ਦਰਵਾਜ਼ੇ ਦੇ ਬਾਹਰ ਖੜਾ ਕਰਦੀ ਹੈ, ਉਹ ਤੇ ਕੁਝ ਦੇਖਣ ਹੀ ਨਹੀਂ ਦੇਂਦੀ। ਇਹ ਵੀ ਮੈਂ ਅਰਜ਼ ਕਰ ਦੇਵਾਂ ਅੱਬਲ ਤੇ ਸਤਸੰਗੀਆਂ 'ਚੋਂ ਦਰਵਾਜ਼ੇ ਤੱਕ ਪਹੁੰਚੇ ਵੀ ਥੋੜ੍ਹੇ ਹੁੰਦੇ ਨੇ, ਸਮਝ ਸੇਵਾ ਕਰ ਰਿਹਾ ਹੈ, ਸਮਝ ਦੀ ਸ਼ਾਪ ਹੈ, ਸੇਵਾ ਅਗਲੇ ਨੂੰ ਮਹਾਨ ਤੇ ਵੱਡਾ ਜਾਣ ਕੇ ਕਰਨੀ ਹੈ। ਜੇ ਅਗਲੇ ਨੂੰ ਛੋਟਾ ਜਾਣ ਕੇ ਕਰ ਰਿਹਾ, ਇਹ ਸੇਵਾ ਕਰਨ ਵਾਲਾ ਮਨੁੱਖ ਮਹਾਨ ਨਹੀਂ ਹੋ ਸਕਦਾ, ਉਹ ਵੱਡਾ ਨਹੀਂ ਹੋ ਸਕਦਾ। ਕਿਉਂਕਿ ਜਿਹਦੀ ਸੇਵਾ ਕਰਦਾ ਪਿਆ, ਉਹ ਹੀ ਛੋਟਾ ਸਮਝਦਾ ਪਿਆ। ਇਸ ਵਾਸਤੇ ਸੰਗਤ ਨੂੰ ਕੋਈ ਲੰਗਰ ਪਰੋਸੇ, ਦਾਲ ਵੰਡੇ, ਮੈਂ ਗੁਰੂ ਨੂੰ ਛਕਾ ਰਿਹਾ ਹਾਂ। ਹੇ ਪ੍ਰਭੂ ਤੂੰ ਛੱਕ ਰਿਹਾ, ਕਿਤੇ ਰੋਟੀਆਂ ਵੰਡ ਰਿਹਾ ਹੋਵੇ। ਹੇ ਪ੍ਰਭੂ ਅੱਜ ਮੈਨੂੰ ਚੰਗਾ ਦਿਹਾੜਾ ਨਸੀਬ ਹੋਇਆ, ਤੈਨੂੰ ਰੋਟੀਆਂ ਖਿਲਾਣ ਦਾ, ਜਦ ਜੋੜੇ ਝਾੜ ਰਿਹਾ ਹੋਵੇ। ਹੇ ਗੁਰੂ ਤੇਰੇ ਹੀ ਚਰਨਾਂ ਦੇ ਜੋੜੇ ਝਾੜ ਰਿਹਾਂ, ਇਹ ਸੇਵਾ ਤੇ ਮਹਾਨ ਲੈ ਜਾਵੇ, ਉਚਿਆਂ ਲੈ ਜਾਵੇ ਕੁਝ ਕਹੇ।

ਮਹਾਰਾਜ ਕਹਿੰਦੇ ਗੁਣ ਵੀ ਨਹੀਂ ਤੇ ਉਪਕਾਰ ਵੀ ਨਹੀਂ, ਸੇਵਾ ਇਹ ਕੁਝ ਵੀ ਨਹੀਂ ਕਰਾਏਗੀ। ਇਹ ਕੋਈ ਪਰੀਵਰਤਨ ਨਹੀਂ ਹੋਣ ਦੇਵੇਗੀ ਤੇ ਹੁਣ ਮੈਂ ਕਿਹਾ ਸਰੀਰਕ ਕਰਮ ਤੇ ਮਾਨਸਿਕ ਕਰਮ ਸਰੀਰ ਸੇਵਾ ਕਰਦਾ ਮਨ ਵਿਚਾਰ ਕਰਦਾ ਹੈ, ਇਹ ਦੋਹਾਂ ਦੇ ਕਰਮ ਇਹਨਾਂ ਨਾਲ ਤੇ ਨਹੀਂ ਮਿਲੇਗਾ, ਜੇ ਤੁਸੀਂ ਆਖੋ ਮਿਲੇਗਾ। ਚਲੋ ਐਸੀ ਧਰਮਸਾਲਾ ਵਿਚ ਬੈਠੇ, ਧਰਮਸਾਲਾ ਵਿਚ ਵਿਦਿਆ ਦਾ ਘਰ, ਗੁਰੂ ਦਾ ਘਰ, ਕੋਈ ਇਕ ਅੱਧ ਹਿੰਮਤ ਕਰਕੇ ਕਹੇ ਕਿ ਮੈਨੂੰ ਸੇਵਾ ਨਾਲ ਮਿਲ ਗਏ। ਪਾਠ ਨਾਲ ਮਿਲ ਗਿਆ, ਦਾਨ ਨਾਲ ਮਿਲ ਗਿਆ। ਫੇਰ ਕਿਸ ਤਰ੍ਹਾਂ ਮਿਲੇਗਾ ? ਹੋਰ ਸੁਣੋ ਸੇਵਾ ਤੇ ਵਿਚਾਰ ਅੰਤਿਸ਼ਕਰਮ ਨੂੰ ਨਿਰਮਲ ਨਹੀਂ ਕਰਨਗੇ। ਬੜੇ-ਬੜੇ ਵਿਚਾਰਕਾਂ ਦੇ ਹਿਰਦੇ ਮੈਲੇ ਹੁੰਦੇ ਨੇ, ਬੜੇ-ਬੜੇ ਸਰੀਰਕ ਕਰਮ ਦੇ ਨਾਲ ਸੇਵਾ ਕਰਨ ਵਾਲਿਆਂ ਦੇ ਹਿਰਦੇ ਮੈਲੇ ਹੁੰਦੇ ਨੇ, ਗੁਸਤਾਖੀ ਮਾਫ ਬੜੇ ਮੈਲੇ ਹੁੰਦੇ ਨੇ, ਕੁਝ ਵੀ ਨਹੀਂ, ਕੁਝ ਵੀ ਨਹੀਂ, ਦਾਨ ਦੇ ਨਾਲ ਬੇਈਮਾਨੀ ਛੱਲਦੀ ਹੈ, ਪੁੰਨ ਦੇ ਨਾਲ ਪਾਪ ਛੱਲਦੇ ਨੇ, ਕੋਈ ਮਨੁੱਖ ਕਹਿੰਦੇ ਕਿੰਨਾ ਪਾਪੀ ਹੈ, ਕਿੰਨਾ ਕੁ ਪੁਨੀਤ ਹੈ, ਵੇਖ ਲਉ ਕੋਈ ਵੀ ਪੁੰਨ ਪਾਪ ਤੋਂ ਬਿਨਾਂ ਨਹੀਂ ਹੁੰਦਾ। ਇਹਦੇ ਤੇ ਉਦਾਹਰਣ ਹੈ, ਆਪ ਜੀ ਦੇ ਸਾਹਮਣੇ ਰੱਖਾਂ, ਤਿੰਨ ਸ਼ੇਰ ਕਈ ਦਿਨਾਂ ਦੇ ਭੁੱਖੇ ਸਨ, ਅੱਜ ਜੰਗਲ ਵਿਚ ਇਕ ਸ਼ਿਕਾਰ ਇਕ ਹਿਰਨ ਮਿਲ ਗਿਆ, ਤਿੰਨਾਂ ਨੇ ਮਿਲ ਕੇ ਪਿੱਛਾ ਕੀਤਾ, ਘੇਰਨ ਦੀ ਕੋਸ਼ਿਸ਼ ਕੀਤੀ। ਠੀਕ ਹੈ ਇਕ ਹਿਰਨ ਨਾਲ ਸਾਡੇ ਤਿੰਨਾਂ ਦਾ ਪੇਟ ਭਰ ਜਾਏਗਾ, ਲੇਕਿਨ ਇਕ ਸੰਤ ਨੂੰ ਬੜੀ ਦਇਆ ਆਈ ਬਈ ਇਕੱਲਾ ਹਿਰਨ ਹੈ, ਇਹਨਾਂ ਤਿੰਨਾਂ ਨੇ ਘੇਰਿਆ ਹੈ, ਮਾਰ ਮੁਕਾਣਗੇ, ਇਹ ਤੇ ਖਾ ਜਾਣਗੇ, ਬਚਾਣਾ ਹੈ। ਉਹ ਦੌੜਦੇ ਹਿਰਨ ਨੂੰ ਇਕ ਦਮ ਆਪਣੀ ਕੁਟੀਆ ਦਾ ਦਰਵਾਜ਼ਾ

ਖੋਲ੍ਹਿਆ ਤੇ ਅੰਦਰ ਵਾੜ ਲਿਆ। ਦਰਵਾਜ਼ਾ ਬੰਦ ਕੀਤਾ, ਸ਼ੇਰ ਬਾਹਰ ਰਹਿ ਗਏ। ਸੰਤ ਬੜਾ ਖੁਸ਼ ਮੈਂ ਬੜਾ ਪੁੰਨ ਦਾ ਕੰਮ ਕੀਤਾ, ਇਸ ਹੀ ਹਿਰਨ ਨੂੰ ਬਚਾ ਲਿਆ। ਅਵਾਜ਼ ਆਈ ਕਿਸੇ ਹੋਰ ਸੰਤ ਦੀ ਤੂੰ ਤਿੰਨਾਂ ਨੂੰ ਭੁੱਖਾ ਮਾਰ ਛੱਡਿਆ, ਤੇਰੇ ਇਕ ਪੁੰਨ ਨਾਲ ਬਹੁਤ ਵੱਡਾ ਪਾਪ ਹੋ ਗਿਆ। ਉਹ ਤੜਫ ਕੇ ਮਰ ਗਏ, ਉਹ ਤੇ ਕਈ ਦਿਨਾਂ ਦੇ ਭੁੱਖੇ ਸਨ, ਇਸ ਨੂੰ ਉਦਾਹਰਣ ਦੇਣਾ, ਹਰ ਪੁੰਨ ਨਾਲ-ਨਾਲ ਪਾਪ ਨੂੰ ਜਨਮ ਦੇਂਦਾ ਹੈ, ਕੋਈ ਮਨੁੱਖ ਕਿੰਨਾ ਪੁਨੀਤ ਹੈ, ਬੱਸ ਓਨਾ ਹੀ ਪਾਪੀ ਹੈ। ਨਿਕਲ ਗਏ ਨੇ ਸ਼ਬਦ, ਅਸਲੀਅਤ ਨਿਕਲ ਗਈ ਹੈ। ਇੰਝ ਕਹਿ ਲਉ ਕੋਈ ਮਨੁੱਖ ਕਿਤਨਾ ਪਾਪੀ ਹੈ। ਫੇਰ ਲੈਣਾ ਕਿੰਨੇ ਪੁੰਨ ਕਰਦਾ, ਜਿੰਨੇ ਪੁੰਨ ਕਰਦਾ ਓਨੇ ਪਾਪ ਹੋਣਗੇ। ਬਿਨਾਂ ਪੁੰਨ ਤੋਂ ਪਾਪ ਨਹੀਂ ਹੋ ਸਕਦੇ। ਬਿਨਾਂ ਪਾਪ ਤੋਂ ਪੁੰਨ ਨਹੀਂ ਹੋ ਸਕਦੇ। ਇਕੱਠੇ ਚਲਦੇ ਇਕੱਠੇ ਚਲਦੇ, ਇਕ ਨੂੰ ਬਚਾਇਆ ਤਿੰਨਾਂ ਨੂੰ ਮਾਰ ਛੱਡਿਆ। ਖੁਸ਼ ਹੈ ਬੜਾ, ਮੈਂ ਬਹੁਤ ਵੱਡਾ ਪੁੰਨ ਕੀਤਾ, ਇਕ ਹਿਰਨ ਨੂੰ ਮੈਂ ਬਚਾਇਆ। ਦੂਜੇ ਸੰਤ ਦੀ ਅਵਾਜ਼ ਆਈ, ਓ ਪੁਰਖਾ ਤੂੰ ਤਿੰਨਾਂ ਨੂੰ ਮਾਰ ਛੱਡਿਆ। ਕਈ ਦਿਨਾਂ ਦੇ ਭੁੱਖੇ ਸਨ, ਇਕ ਪਰਉਪਕਾਰ ਕਰਦਿਆਂ ਵੀ ਗਲਤੀ ਹੋ ਜਾਂਦੀ ਆ। ਲੋਕੀਂ ਕਹਿੰਦੇ ਨੇ ਬਈ ਗੁਰਦੁਆਰੇ ਦੀ ਸੇਵਾ ਪਏ ਕਰਦੇ ਹਾਂ, ਕੌਮ ਦੀ ਸੇਵਾ ਪਏ ਕਰਦੇ ਹਾਂ। ਪ੍ਰਮਾਤਮਾ ਮਿਲੇ ਚਲੋ ਹੁਣ ਪੁਛ ਲਈਏ, ਪ੍ਰਮਾਤਮਾ ਮਿਲਿਆ। ਮੰਦਰ, ਮਸਜਿਦ, ਗੁਰਦੁਆਰੇ, ਚਰਚ ਭਰੇ ਪਏ ਨੇ, ਕੁਝ ਤਾਂ ਉਹ ਨਾਸਮਝੀ ਵਿਚ ਸਭ ਕੁਝ ਕਰੀ ਜਾਂਦੇ ਨੇ, ਉਹਨਾਂ ਨੂੰ ਕਹਿੰਦੇ ਨੇ ਕਰਮ-ਕਾਂਡ, ਉਹਨਾਂ ਦੇ ਕਰਮ ਨਾਲ, ਉਹਨਾਂ ਦਾ ਮਨ ਨਹੀਂ ਹੁੰਦਾ ਹੈ, ਉਹਨਾਂ ਦੇ ਕਰਮ ਨਾਲ ਉਹਨਾਂ ਦੀ ਸਮਝ ਨਹੀਂ ਹੈ, ਕਰੀ ਜਾ ਕਰੀ ਜਾਂ ਕਰਮ-ਕਾਂਡ, ਸਤ ਹੈ ਵੱਡੀ ਭੀੜ ਕਰਮ-ਕਾਂਡੀਆਂ ਦੀ ਹੈ, ਫਿਰ ਉਂਗਲੀਆਂ ਤੇ ਗਿਣੇ ਜਾਣ ਵਾਲੇ ਓਨੇ ਸੇਵਾ ਕਰਦੇ ਨੇ। ਸਮਝ ਨਾਲ ਖੇਤ ਪਛਾਣੇ, ਬੀਜੇ ਦਾਣਾ, ਪਹਿਲਾਂ ਧਰਤੀ ਵੇਖ ਲੈਂਦੇ ਬੀਜ ਪਾਉਣ ਦੇ ਲਾਇਕ ਹੈ ਕਿ ਨਹੀਂ, ਐਵੇਂ ਬੀਜ ਨਹੀਂ ਸੁਟਦਾ, ਖੇਤ ਪਛਾਣੇ ਬੀਜੇ ਦਾਣਾ, ਪਹਿਲੋਂ ਧਰਤੀ ਵੇਖ ਲੈਂਦਾ, ਕੋਮਲ ਹੈ, ਹੱਲ ਵਾਹਿਆ ਹੋਇਆ ਹੈ, ਸੁਹਾਗਾ ਫੇਰਿਆ ਹੋਇਆ ਹੈ, ਵੱਤਰ ਹੈ ਕਿ ਨਹੀਂ ਤਾਂ ਬੀਜ ਪਾਉਂਦਾ। ਇਸੇ ਤਰ੍ਹਾਂ ਦਾਨ ਵੀ ਕਰਦਾ ਵੇਖ ਕੇ ਇਥੇ ਸਾਰਥਕ ਹੋਵੇਗਾ। ਕਿਥੇ ਲੋੜ ਹੈ ਬਥੇਰੇ ਦਾਨ ਆਪਣੇ ਹੰਕਾਰ ਨੂੰ ਦੇਂਦੇ ਨੇ, ਇਹ ਵੀ ਅਰਜ਼ ਕਰਾਂ ਬੱਸ ਹੰਕਾਰ ਨੂੰ ਚੁੱਕ ਕੇ ਦਾਨ ਦੇਂਦੇ। ਹੰਕਾਰ ਵੱਧਦਾ ਜਾ ਰਿਹਾ, ਹੰਕਾਰ ਮਜ਼ਬੂਤ ਹੁੰਦਾ ਜਾ ਰਿਹਾ, ਦੇਂਦੇ ਜੋ ਉਸ ਨੂੰ ਇਹ ਵੀ ਮੈਂ ਅਰਜ਼ ਕਰ ਦੇਵਾਂ ਖੇਤ ਪਛਾਣੇ ਬੀਜੇ ਦਾਣਾ, ਫੇਰ ਵਾਹਿਗੁਰੂ ਵਾਹਿਗੁਰੂ ਜਪਦਾ ਪਿਆ ਧਨ ਕਿਥੇ ਸੁੱਟੇਗਾ। ਖੇਤ ਪਛਾਣੇ ਪਹਿਲੋਂ ਦੇਖ ਕੇ ਸਹੀ ਇਸ ਮਨ ਨੂੰ ਕਿਥੇ ਟਿਕਾਉਣਾ ਹੈ, ਹੁਣ ਫੇਰ ਸੁਣਨਾ ਬੋਲਣਾ ਹੈ, ਧਿਆਨ ਦੂਸਰੇ ਤੇ ਰੱਖਣਾ ਪੈਂਦਾ ਹੈ, ਇਸ ਕਰਕੇ ਬੋਲ ਪ੍ਰਮਾਤਮਾ ਤੱਕ ਨਹੀਂ ਪਹੁੰਚਾਏਗਾ, ਦੂਜਿਆਂ ਤੱਕ ਪਹੁੰਚਾਏਗਾ, ਤੀਜਿਆਂ ਤੱਕ ਪਹੁੰਚਾਏਗਾ, ਚੌਥਿਆਂ ਤੱਕ ਪਹੁੰਚਾਏਗਾ। ਸੁਣਨਾ ਆਪਣੇ ਨੇੜੇ ਲਿਆਵੇਗਾ। ਫੇਰ ਇਕ ਦਿਨ ਐਸੀ ਅਵਸਥਾ ਵੀ ਆ ਸਕਦੀ ਹੈ, ਪ੍ਰਮਾਤਮਾ ਤੱਕ ਪਹੁੰਚਾ ਦੇਵੇਗੀ, ਸਾਰਾ ਸਾਰਾ ਦਿਨ ਬੋਲਦਿਆਂ ਵੀ ਮਨੁੱਖ ਨਹੀਂ

ਥੱਕਦੇ, ਕਹਿ ਦੇਈਏ ਪੰਜ ਮਿੰਟ ਗੁਰੂ ਨੂੰ ਸੁਣ ਲਉ, ਪੁੱਤਰ ਨੂੰ ਤੇ ਤੂੰ ਚਾਲੀ ਸਾਲਾਂ ਤੋਂ ਸੁਣਦਾ ਪਿਆ। ਪਤਨੀ ਨੂੰ ਤੇ ਤੂੰ ਪੰਜਾਹ ਸਾਲਾਂ ਤੋਂ ਸੁਣਦਾ ਪਿਆ, ਪਤੀ ਨੂੰ ਤੂੰ ਸਵੇਰੇ ਸ਼ਾਮ ਸੁਣਦੀ ਪਈ, ਭਰਾ ਨੂੰ ਤੇ ਤੂੰ ਸਾਰੀ ਜ਼ਿੰਦਗੀ ਰੋ ਰਿਹਾ, ਉਹਦੇ ਬੋਲ ਤੂੰ ਸੁਣਦਾ ਪਿਆ, ਰੋਜ਼ ਸੁਣਦਾ ਚੌਵੀ ਘੰਟੇ, ਜ਼ਰਾ ਪੰਜ ਮਿੰਟ ਬੈਠ ਕੇ ਗੁਰੂ ਨੂੰ ਸੁਣ ਲੈ। ਗੁਰੂ ਨੂੰ ਕੋਈ ਨਹੀਂ ਸੁਣਦਾ, ਕੋਈ ਰਾਗੀ ਨੂੰ ਸੁਣਦੇ ਨੇ, ਸਾਜ਼ਾਂ ਦੀ ਅਵਾਜ਼ ਨੂੰ ਸੁਣਦੇ ਨੇ, ਤਬਲੇ ਦੀ ਖੜਾਕ ਨੂੰ ਸੁਣਦੇ ਨੇ, ਧੁਨ ਨੂੰ ਸੁਣਦੇ ਨੇ, ਜਿੰਨਾ ਚਿਰ ਤਕ ਕੋਈ ਸ਼ਬਦ ਨਹੀਂ ਸੁਣ ਰਿਹਾ, ਗੁਰੂ ਨੂੰ ਨਹੀਂ ਸੁਣ ਰਿਹਾ, ਨਹੀਂ ਸੁਣ ਰਿਹਾ, ਮਨੁੱਖ ਦੀ ਸਰੋਤ ਸਾਜ਼ਾਂ ਦੀ ਅਵਾਜ਼ ਤਕ ਪਹੁੰਚਦੀ ਹੈ। ਰਾਗੀ ਸਿੰਘਾਂ ਦੀ ਅਵਾਜ਼ ਤਕ ਪਹੁੰਚਦੀ ਹੈ। ਕੁਝ ਗਹਿਰੇ ਸਰੋਤੇ ਹੁੰਦੇ ਨੇ, ਸਾਜ਼ ਤੇ ਅਵਾਜ਼ ਤੋਂ ਲੰਘ ਕੇ ਗੁਰੂ ਤਕ ਪਹੁੰਚਦੇ ਨੇ। ਗੁਰਸਿੱਖ ਆਸ਼ਿਕ ਸ਼ਬਦ ਦੇ ਅਤੇ ਇਸ ਤਰ੍ਹਾਂ ਦੇ ਜੋ ਵੱਡੇ-ਵੱਡੇ ਸੰਮੇਲਨਾਂ ਦੇ ਜੋ ਅਕਸਰ ਅਵਾਜ਼ ਸੁਣਦਿਆਂ ਸੁਣਦਿਆਂ ਸ਼ਬਦ ਨਾਲ ਜੁੜ ਜਾਂਦੇ। ਗੁਰਸਿੱਖ ਆਸ਼ਿਕ ਸ਼ਬਦ ਦੇ ਬੋਲਣ ਲੱਗਿਆਂ ਧਿਆਨ ਦੂਜਿਆਂ ਤੇ ਹੁੰਦਾ, ਸੁਣਨ ਲੱਗਿਆਂ ਧਿਆਨ ਆਪਣੇ ਤੇ ਹੁੰਦਾ। ਮਨੁੱਖ ਆਪਣੇ ਨੇੜੇ ਨਹੀਂ ਆਉਣਾ ਚਾਹੁੰਦਾ, ਕਿਉਂਕਿ ਆਪਣੇ ਅੰਦਰ ਚਿੰਤਾ ਹੈ ? ਜੇ ਆਪਣੇ ਨੇੜੇ ਆਉਂਦੇ ਹਾਂ ਤਾਂ ਚਿੰਤਾ ਆਪਣੇ ਅੰਦਰ ਭੈ, ਜੇ ਆਪਣੇ ਨੇੜੇ ਆਉਂਦੇ ਫੇਰ ਭੈ, ਆਪਣੇ ਅੰਦਰ ਤਰ੍ਹਾਂ-ਤਰ੍ਹਾਂ ਦਾ ਤਨਾਅ ਜਦੋਂ ਆਪਣੇ ਨੇੜੇ ਆਉਂਦਾ, ਤਨਾਅ ਦੇ ਨੇੜੇ ਆਉਂਦੇ, ਆਪਣੇ ਅੰਦਰ ਕਈਆਂ ਵਾਸਤੇ ਦੁਸ਼ਮਣੀ, ਜਦ ਆਪਣੇ ਨੇੜੇ ਆਉਂਦੇ ਦੁਸ਼ਮਣਾਂ ਦੇ ਨੇੜੇ ਆ ਜਾਂਦੇ। ਆਪਣੇ ਅੰਦਰ ਕ੍ਰੋਧ ਹੈ, ਜਦ ਆਪਣੇ ਨੇੜੇ ਆਉਂਦਿਆਂ ਫੇਰ ਕ੍ਰੋਧ ਦੇ ਨੇੜੇ ਆ ਜਾਂਦੇ, ਬੜੇ ਧਿਆਨ ਨਾਲ ਸੁਣਨਾ। ਜਦੋਂ ਆਪਣੇ ਅੰਦਰ ਵਾਸ਼ਨਾ ਚਲਦੀ ਹਰ ਵਕਤ ਜਦੋਂ ਨੇੜੇ ਆ ਜਾਂਦੇ, ਵਾਸ਼ਨਾ ਦੇ ਨੇੜੇ ਜਾਂਦੇ ਹਾਂ, ਚਿੰਤਾ ਦੇ ਨੇੜੇ ਆ ਜਾਂਦੇ ਹਾਂ, ਫਿਕਰਾਂ ਦੇ ਨੇੜੇ ਆ ਜਾਂਦੇ ਹਾਂ, ਬੇਚੈਨੀ ਦੇ ਨੇੜੇ ਆ ਜਾਂਦੇ ਹਾਂ, ਫੇਰ ਬੰਦਾ ਭੱਜਦਾ ਆਪਣੇ ਤੋਂ, ਕੁਝ ਵੀ ਚਾਹੀਦਾ, ਅਖਬਾਰ ਚਾਹੀਦੀ, ਟੀ.ਵੀ. ਚਾਹੀਦਾ, ਪਰਿਵਾਰ ਚਾਹੀਦਾ, ਸੰਸਾਰ ਚਾਹੀਦਾ, ਪਦਾਰਥ ਚਾਹੀਦੇ, ਮਨੋਰੰਜਨ ਚਾਹੀਦਾ, ਖੇਲ ਖਿਲੌਣੇ ਚਾਹੀਦੇ ਨੇ, ਤਾਂਕਿ ਆਪਣੇ ਤੋਂ ਦੂਰ ਭੱਜ ਜਾਈਏ ਜਾਂ ਕੁਝ ਵੀ ਇਸ ਤਰ੍ਹਾਂ ਦਾ ਸਾਧਨ ਨਾ ਹੋਵੇ, ਬੈਠਿਆਂ ਘਰ ਦੇ ਵਿਚ ਆ ਕੋਈ ਗੱਲ ਨਹੀਂ, ਸ਼ਰਾਬ ਪੀ ਲਈ, ਆਪਣੇ ਆਪ ਨੂੰ ਭੁੱਲੀ ਜਾਈਏ ਜਾਂ ਤਾਂ ਆਪਣੇ ਤੋਂ ਦੂਰ ਭੱਜੇ ਜਾਂ ਆਪਣੇ ਨੂੰ ਭੁਲਾਉ। ਸੰਸਾਰ ਵਿਚ ਦੋ ਕੰਮ ਚਲਦੇ ਨੇ ਜਾਂ ਤਾਂ ਆਪਣੇ ਤੋਂ ਦੂਰ ਭੱਜੋ, ਮਿੱਤਰ ਕੋਲ ਜਾਉ, ਪੁੱਤਰ ਕੋਲ ਜਾਉ, ਪਰਿਵਾਰ ਕੋਲ ਜਾਉ, ਅਖਬਾਰ ਦੇ ਕੋਲ ਜਾਉ। ਮੈਂ ਤਾਂ ਕਈ ਦਫਾ ਟਰੇਨ ਵਿਚ ਸਫਰ ਕਰਦਾ ਹਾਂ ਤਾਂ ਕਈ ਬੰਦਿਆਂ ਨੂੰ ਵੇਖ ਕੇ ਹੈਰਾਨ ਹੋ ਜਾਂਦਾ ਅਖਬਾਰ ਦਾ ਹੀ ਅਖੰਡ ਪਾਠ ਕਰੀ ਜਾਂਦੇ ਹੁੰਦੇ ਨੇ। ਇਕ ਦਫਾ ਪੜ੍ਹ ਲਿਆ, ਫੇਰ ਪੜ੍ਹਦੇ ਨੇ ਅਤੇ ਸਾਰਾ ਪੜ੍ਹਦੇ ਨੇ, ਜਿਤਨਾ ਐਡਵਰਟਾਇਜਮੈਂਟ ਉਹ ਹੀ ਸਾਰਾ ਪੜ੍ਹਦੇ ਨੇ। ਕਹਿੰਦੇ ਨੇ ਕਿਸ ਤਰ੍ਹਾਂ ਟਾਈਮ ਪਾਸ ਕਰੀਏ ਤੇ ਇਹਨਾਂ ਨੂੰ ਕਹੀਏ ਜ਼ਰਾ ਆਪਣੇ ਨੇੜੇ ਆਉ। ਅਗਰ ਵਾਕੇ ਹੀ ਕੋਈ ਇਮਾਨਦਾਰੀ ਨਾਲ

ਕੋਈ ਕਹਿ ਜਾਵੇ ਆਪਣੇ ਨੇੜੇ ਆਈਏ ਤਾਂ ਚਿੰਤਾਵਾਂ ਦੇ ਨੇੜੇ ਆ ਜਾਈਏ, ਫਿਕਰਾਂ ਦੇ ਨੇੜੇ ਆ ਜਾਈਏ। ਤਨਾਵ, ਬੇਚੈਨੀ, ਅਸ਼ਾਂਤੀ, ਵੈਰ ਵਿਰੋਧ, ਵਾਸ਼ਨਾ, ਕ੍ਰੋਧ ਮਨੁੱਖ ਭੱਜਦਾ ਏ, ਆਪਣੇ ਤੋਂ ਦੂਰ ਭੱਜਦਾ ਤੇ ਕਿਧਰੇ ਦੂਰ ਭੱਜਣ ਦਾ ਸਾਧਨ ਨਾ ਹੋਵੇ ਜਾਂ ਹੋ ਸਕੇ ਨਹੀਂ ਤਾਂ ਚਲੋ ਭੁਲਾਉ ਸ਼ਰਾਬ ਤਾਂ ਹੈ ਹੀ ਏ, ਰਾਤ ਹੀ ਜਦ ਮੈਂ ਆਇਆ ਤੇ ਏਅਰਪੋਰਟ ਤੇ ਉਤਰਿਆ ਬੰਬੇ ਤੋਂ ਤੇ ਦਰਿਆ ਗੰਜ ਤੋਂ ਲੰਘ ਰਹੇ ਸੀ, ਬਾਕੀ ਦੁਕਾਨਾਂ ਤੇ ਇਕ ਦੋ ਬੰਦੇ, ਇਕ ਦੁਕਾਨ ਤੇ ਬੜੀ ਭੀੜ, ਬੰਦੇ ਤੇ ਬੰਦਾ ਪਿਆ ਟੁੱਟੇ, ਮੈਂ ਦੇਖਿਆ ਗੋਰ ਨਾਲ ਮੈਂ ਕਿਹਾ ਕਿ ਇਥੇ ਸ਼ਰਾਬ, ਬੜੀ ਭੀੜ ਬੜੀ ਭੀੜ ਜਾਂ ਤਾਂ ਆਪਣੇ ਤੋਂ ਦੂਰ ਭੱਜੋ ਜਾਂ ਆਪਣੇ ਨੂੰ ਭੁਲਾਉ। ਇਹੀ ਦੋ ਕੰਮ ਨੇ, ਕੁਝ ਤੇ ਉਹ ਨੇ ਬੋਲੀ ਜਾਂਦੇ, ਦੂਸਰੇ ਦੇ ਨੇੜੇ, ਦੂਜੇ ਦੇ ਨੇੜੇ, ਦੂਜੇ ਦੇ ਨੇੜੇ, ਫਿਰ ਜਦੋਂ ਥੋੜੇ ਜਿਹੇ ਸਰੋਤੇ ਆਉਂਦੇ ਨੇ ਗੁਰੂ ਤੈਨੂੰ ਸੁਣਨਾ ਏ, ਸੁਣਨ ਲੱਗਿਆਂ ਆਪਣੇ ਨੇੜੇ ਆਉਣਾ ਪੈਂਦਾ ਏ। ਸਿੱਖ ਜਗਤ ਦੇ ਵਿਚ ਬੜੇ ਦਾਰਸ਼ਨਿਕ ਹੋਏ ਨੇ, ਇੰਝ ਕਹਿ ਲਵੋ ਉਸਤਾਦਾਂ ਦੇ ਉਸਤਾਦ ਸਨ, ਪ੍ਰਚਾਰਕਾਂ ਦੇ ਉਸਤਾਦ ਸਨ, ਬੜੇ-ਬੜੇ ਮਿਸ਼ਨਰੀ, ਉਨ੍ਹਾਂ ਪੈਦਾ ਕੀਤੇ ਪ੍ਰਿੰਸੀਪਲ ਗੰਗਾ ਸਿੰਘ। ਸੰਨ 1961 ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਪੂਨੇ ਇਕ ਛੰਦ ਦੀ ਕਥਾ ਆਰੰਭ ਕੀਤੀ, ਵਾਲ ਵ੍ਰਿੰਦ 24 ਛੰਦ ਨੇ, ਇਨ੍ਹਾਂ ਨੇ ਇਕ ਸਾਲ ਦੇ ਵਿਚ ਸੰਪੂਰਨ ਕੀਤੀ। ਉਹਨਾਂ ਦਿਨਾਂ 'ਚ ਮੈਂ ਸਾਰੇ ਉਪਰਾਮ ਛੱਡ ਦਿੱਤੇ। ਮੈਂ ਕਿਵੇਂ 15 ਦਿਨ ਸੁਣਨਾ ਏ ਇਕ ਮਹਾਨ ਅਨੁਭਵੀ ਪੁਰਸ਼ ਨੂੰ। ਉਦੋਂ ਉਹ ਸੱਤਰ ਦੇ ਕਰੀਬ ਸਨ, ਅਠਾਹਠ ਸੱਤਰ ਦੀ ਉਮਰ ਦੇ ਸਨ। ਮੇਰੀ ਬਹੁਤ ਛੋਟੀ ਉਮਰ, ਸੰਨ 1961 ਦੀ ਗੱਲ ਜਿਸ ਦਿਨ ਉਨ੍ਹਾਂ ਨੇ ਆਰੰਭ ਕੀਤੀ, ਕਿਉਂਕਿ ਕਈ ਦਿਨ ਦੇ ਸੁਣਾ ਰਹੇ ਸਨ ਪੂਨੇ ਛੰਦ ਦੀ ਕਥਾ ਪ੍ਰਿੰਸੀਪਲ ਗੰਗਾ ਸਿੰਘ ਜੀ ਕਰਨਗੇ।

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥

(ਪੰਨਾ ੧੩੬੧)

ਹਰਿ ਹਾ ਹਕੀਕਤ ਦੇ ਵਿਚ ਇਕ ਹਰਿ ਹਾ ਸ਼ਬਦ ਬਾਰ-ਬਾਰ ਦੁਹਰਾਇਆ। ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਕਹਿੰਦੇ ਨੇ ਪੁਨ-ਪੁਨ ਫੁੰਨ-ਫੁੰਨ ਬਾਰ ਬਾਰ ਰਪੀਟ ਕੀਤਾ ਐ, 'ਹਾਥਿ ਕਲੰਮ' ਕਿਹੜੀ ਕਲਮ ਐ ਜਿਸ ਨਾਲ ਸਾਰਿਆਂ ਦੇ ਮੱਥਿਆਂ 'ਤੇ ਇਕੋ ਦਫਾ ਉਹ ਲਿਖ ਦਿੰਦਾ, 'ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥', ਐਸੀ ਕਲਮ ਫੇਰਦਾ ਹੈ ਸਾਰਿਆਂ ਦੇ ਮੱਥਿਆਂ 'ਤੇ ਕੁਝ ਲਿਖਿਆ ਐ। ਇਨ੍ਹਾਂ ਲੇਖਾਂ ਨੂੰ ਪੜ੍ਹਦਾ ਏ ਕੋਈ ਕੋਈ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ -

ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ॥

(ਪੰਨਾ ੬੬੨)

ਬੜੀਆਂ-ਬੜੀਆਂ ਕਿਤਾਬਾਂ ਪੜ੍ਹ ਲੈਂਦਾ ਐ, ਬੜੀਆਂ-ਬੜੀਆਂ ਮਹਾਨ ਪੁਸਤਕਾਂ ਨੂੰ ਪੜ੍ਹ ਲੈਂਦਾ ਐ, ਸਿਰ ਦੇ ਲੇਖ ਤਾਂ ਪੜ੍ਹ ਨਹੀਂ ਸਕਦਾ ਮੂਰਖ ਦਾ ਮੂਰਖ।

ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ॥

ਇਆਨਾ ਹੈ ਉਤਨੇ ਸਿਰ ਤਕ ਮਨੁੱਖ ਜਿਹੜਾ ਮਨੁੱਖ ਆਪਣੇ ਸਿਰ ਦੇ ਲੇਖ ਨਹੀਂ ਪੜ੍ਹ ਸਕਦਾ ਤੇ ਸਿਰ ਦੇ ਲੇਖ ਹੈ ਲੰਮੀਆਂ ਲਕੀਰਾਂ ਨੂੰ ਨਾ ਸਮਝ ਲੈਣਾ ਐਹ ਫਜ਼ੂਲ ਦੇ ਚੱਕਰਾਂ ਵਿਚ ਨਾ ਪੈ ਜਾਣਾ। ਸਿਰ ਦੇ ਜੋ ਵਿਚਾਰ ਚੱਲਦੇ ਰਹਿੰਦੇ ਨੇ ਸੰਸਕਾਰਾਂ ਕਰਕੇ, ਉਸ ਸਿਰ ਦੇ ਲੇਖ ਪਿਛਲੇ ਜੋ ਸੰਸਕਾਰ ਨੇ ਤੁਸੀਂ ਆਖੋ ਉਹ ਸੰਸਕਾਰਾਂ ਦਾ ਲੇਖਾ ਕਿਵੇਂ ਬਣ ਜਾਂਦੇ ਨੇ, ਮਸਤਕ ਤੇ *'ਕਰਿ ਕਰਿ ਕਰਣਾ ਲਿਖਿ ਲੈ ਜਾਹੁ॥'* ਜੋ ਮੈ ਮਨ ਕਰਕੇ ਕਰਦਾ ਆਂ ਉਹ ਲਿਖਿਆ ਜਾਂਦਾ ਵਾਸਤਵ ਦੇ ਵਿਚ ਲਿਖਿਆ ਜਾਂਦਾ-

ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ (ਜਪੁਜੀ ਸਾਹਿਬ)

ਜੋ ਕਰਦੇ ਹਾਂ ਉਹ ਲਿਖਿਆ ਜਾਂਦਾ ਏ, ਕਰਦੇ ਹਾਂ ਲਿਖਿਆ ਜਾਂਦਾ ਏ। ਕਿਹੜਾ ਕੀਤਾ ਹੋਇਆ ਲਿਖਿਆ ਜਾਂਦਾ ਹੈ? ਜਿਸ ਕਰਮ ਦੇ ਵਿਚ ਮਨ ਹੋਵੇ, ਸਮਝ ਹੋਵੇ ਜੋ ਮੈਂ ਸਮਝ ਕੇ ਕਰ ਰਿਹਾ, ਜਾਣ ਕੇ ਕਰ ਰਿਹਾ, ਚਾਹੇ ਚੰਗਾ ਕਰ ਰਿਹਾ, ਚਾਹੇ ਮਾੜਾ ਕਰ ਰਿਹਾ, ਜਾਣ ਕੇ ਕਰ ਰਿਹਾ ਲਿਖਿਆ ਜਾਏਗਾ। ਚੰਗਾ ਕਰ ਰਿਹਾਂ, ਮਾੜਾ ਕਰ ਰਿਹਾਂ, ਜਾਣ ਕੇ ਨਹੀਂ ਕਰ ਰਿਹਾ, ਅਣਜਾਨੇ ਵਿਚ ਕਰ ਰਿਹਾ ਹਾਂ। ਕੁਝ ਪਤਾ ਨਹੀਂ ਐ, ਰੁਚੀ ਨਹੀਂ ਐ, ਉਹਦੇ ਸੰਸਕਾਰ ਨਹੀਂ ਬਣਦੇ, ਐਵੀਂ ਮੈਂ ਅੱਜ ਕਰ ਦੇਵਾਂ-

'ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥'

ਜੋ ਮੈਂ ਕਰਦਾ ਹਾਂ ਉਹ ਲਿਖਿਆ ਜਾਂਦਾ ਏ, ਕਰਦਾ ਹਾਂ ਲਿਖਿਆ ਜਾਂਦਾ ਐ, ਲੇਖਾ ਰੋਜ਼-ਰੋਜ਼ ਵੱਧਦਾ ਜਾ ਰਿਹਾ, ਇਸ ਲੇਖੇ ਦਾ ਹਿਸਾਬ ਕਿਤਾਬ ਪ੍ਰਾਪਤ ਹੋਵੇ, ਜੀਵਨ ਰੋਜ਼-ਰੋਜ਼ ਘੱਟਦਾ ਜਾ ਰਿਹਾ ਏ ਦਿਨ, ਲੇਖਾ ਜੋਖਾ ਤੇ ਬੜਾ ਰਹਿ ਜਾਂਦਾ ਜੀਵਨ ਮੁੱਕ ਜਾਂਦਾ ਐ। ਉਹ ਫਿਰ ਲੇਖਾ-ਜੋਖਾ ਅਗਲੇ ਜੀਵਨ ਵਿਚ ਚਲਦਾ ਐ, ਮਸਤਕ ਤੇ ਲਿਖਿਆ ਹੁੰਦਾ ਐ। ਹਰ ਇਕ ਬੱਚਾ ਇਸ ਤਰ੍ਹਾਂ ਦਾ ਲੇਖਾ ਲੈ ਕੇ ਹੀ ਜਨਮ ਲੈਂਦਾ ਐ।

"ਜੈਸੀ ਕਲਮ ਵੁੜੀ ਹੈ ਮਸਤਕਿ" (ਪੰਨਾ ੭੪)

'ਹਾਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥' (ਪੰਨਾ ੧੩੬੧)

ਹਰ ਬੱਚਾ ਆਪਣੇ ਮੱਥੇ ਤੇ ਕੁਲ ਲਿਖਿਆ ਹੋਇਆ ਲੈ ਕੇ ਆਇਆ ਹੈ। ਮਹਾਰਾਜ ਜੀ ਕਹਿੰਦੇ ਨੇ ਇਆਨੇ ਦਾ ਇਆਨਾ ਹੈ, ਮਨੁੱਖ ਜਿਤਨੇ ਚਿਰ ਤਕ ਮੱਥੇ ਦੇ ਲੇਖ ਨਹੀਂ ਪੜ੍ਹ ਸਕਦਾ।

ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ॥ (ਪੰਨਾ ੬੬੨)

ਕੋਈ ਕੋਈ ਦਾਰਸ਼ਨਿਕ, ਕੋਈ ਕੋਈ ਭਗਤ, ਕੋਈ ਕੋਈ ਸਾਧਨਾ ਕਰਨ ਵਾਲਾ, ਜਪ ਤਪ ਕਰਨ ਵਾਲਾ ਆਪਣੇ ਸਿਰ ਦੇ ਲੇਖ ਪੜ੍ਹਦਾ ਐ, ਮੇਰੇ ਸੰਸਕਾਰ ਇਹ ਨੇ, ਕਿਉਂਕਿ ਹਰ ਵਕਤ ਚਲਦੇ ਮੇਰੇ ਸਿਰ ਵਿਚ ਚਲਦੇ ਨੇ, ਮੇਰੇ ਸੰਸਕਾਰ ਇਹ ਨੇ, ਮੇਰਾ ਸੁਭਾਅ ਇਹ ਹੈ ਉਸ ਕਲਮ ਨੇ ਮੇਰੇ ਮੱਥੇ ਤੇ ਇਹ ਲਿਖ ਦਿੱਤਾ। ਬਾਰ੍ਹਾਂ ਮਹੀਨੇ ਪੂਨੇ ਛੰਦ ਦੀ ਉਹਨਾਂ ਨੇ ਕਥਾ ਕੀਤੀ ਸੀ, ਯਾਦ ਹੈ ਮੈਨੂੰ ਹਰਿਦਵਾਨੀ ਵਿਚ ਇਕੱਠੇ ਹੋਏ, ਛੋਟੀ ਜਿਹੀ ਨਦੀ ਦੇ ਤੱਟ ਤੇ ਉਹ ਸ਼ਹਿਰ ਹੈ, ਸ਼ਾਮ ਨੂੰ ਸੈਰ ਕਰਨ ਲਈ ਨਿਕਲਦੇ ਸੀ। ਮੈਂ ਸੁੱਤੇ ਸਿਧ ਕਿਤੇ ਪੁਛ ਲਿਆ ਮੈਂ ਕਿਹਾ ਪ੍ਰਿੰਸੀਪਲ ਸਾਹਿਬ ਕੋਈ ਅਨੁਭਵੀ ਗੱਲ ਦੱਸੋ, ਸੰਗਤ ਵਿਚ ਤੁਸੀਂ ਲੈਕਚਰ ਦੇਂਦੇ ਹੋ। ਮੈਂ ਸਵੇਰੇ ਕਥਾ ਕਰਦਾ ਹਾਂ, ਇਹ ਤੇ ਚਲਦਾ ਹੈ, ਕਈ ਅਨੁਭਵੀ ਜੀਵਨ ਵਿਚ ਅਨੁਭਵ ਅੱਜ ਤੱਕ ਕੀ ਹੋਇਆ, ਕਿਉਂਕਿ ਜੋ ਤੁਸੀਂ ਕਹਿੰਦੇ ਹੋ ਮੈਨੂੰ ਉਮੀਦ ਨਹੀਂ ਸਾਰਿਆਂ ਦੀ ਸਮਝ ਵੀ ਉਥੋਂ ਤੱਕ ਪਹੁੰਚਦੀ ਹੋਵੇ। ਇਤਨਾ ਮਹਾਨ ਹੈ, ਇਤਨਾ ਮਹਾਨ ਹੈ, ਉਹਨਾਂ ਨੇ ਮੈਨੂੰ ਕਿਹਾ ਮਸਕੀਨ ਜੀ ਤੁਹਾਨੂੰ ਫੇਰ ਇਕ ਰੁਬਾਈ ਸੁਨਾਣਾਂ। ਪਤਾ ਹੋਵੇ, ਉਰਦੂ ਫ਼ਾਰਸੀ, ਪੰਜਾਬੀ ਦੇ ਔਰ ਬ੍ਰਿਜ ਭਾਸ਼ਾ ਦੇ ਮਾਇਆ ਨਾਜ਼ ਸ਼ਾਇਰ ਸਨ, ਕਵੀ ਸਨ, ਆਪਣਾ ਇਕ ਮੈਗਜ਼ੀਨ ਵੀ ਧਾਰਮਿਕ ਕੱਢਦੇ ਸਨ, ਅੰਮ੍ਰਿਤ ਹਰ ਮਹੀਨੇ ਨਿਕਲਦਾ ਸੀ ਅੰਮ੍ਰਿਤਸਰ ਤੋਂ, ਬਹੁਤ ਅੱਛੇ ਲਿਖਾਰੀ ਵੀ ਸਨ। ਚੋਟੀ ਦੇ ਵਕਤਾ ਵੀ ਸਨ। ਇਤਨੀਆਂ ਸਾਰੀਆਂ ਖੂਬੀਆਂ ਕਿਸੇ ਇਕ ਮਨੁੱਖ ਦੇ ਵਿਚ ਕਦੀ-ਕਦੀ ਹੁੰਦੀਆਂ ਹਨ, ਉਹਨਾਂ ਵਿਚ ਸਨ। ਮੈਨੂੰ ਕਹਿਣ ਲੱਗੇ ਤੁਹਾਨੂੰ ਮੈਂ ਇਕ ਰੁਬਾਈ ਸੁਣਾਨ ਲੱਗਾਂ। ਫੇਰ ਉਸ ਤੋਂ ਬਾਅਦ ਮੇਰੇ ਤੇ ਪ੍ਰਸ਼ਨ ਨਾ ਕਰਨਾ ਕੋਈ ਅਨੁਭਵੀ ਗੱਲ ਸੁਣਾਵੋ। ਫੇਰ ਤੁਸੀਂ ਇਹ ਨਾ ਪੁਛਣਾ, ਫੇਰ ਤੁਸੀਂ ਹੋਰ ਕੁਝ ਪੁਛਣਾ, ਗੱਲਬਾਤ ਕਰਨੀ ਠੀਕ ਹੈ। ਇਹ ਨਾ ਪੁਛਣਾ, ਇਹਦੇ ਨਾਲ ਮੈਨੂੰ ਚੋਟ ਲੱਗਦੀ ਹੈ, ਉਹ ਰੁਬਾਈ ਮੈਂ ਤੁਹਾਨੂੰ ਸੁਣਾਉਣ ਲੱਗਾਂ। ਮੈਂ ਨੋਟ ਕਰ ਲਈ ਸੀ ਧਿਆਨ ਨਾਲ ਸੁਣਨਾ, ਇਹ ਅੰਮ੍ਰਿਤ ਰਸਾਲੇ ਵਿਚ ਛਪੀ ਸੀ। ਉਸ ਵਕਤ ਦੇ ਕਾਫੀ ਜਿਹੜੇ ਬਜ਼ੁਰਗ ਪ੍ਰਚਾਰਕ ਨੇ ਉਹਨਾਂ ਨੂੰ ਬਹੁਤਿਆਂ ਨੂੰ ਕੰਠ ਹੈ। ਤੁਹਾਨੂੰ ਸਰਵਣ ਕਰਾਣਾਂ ਮੇਰੇ ਕੋਲੋਂ ਕਈਆਂ ਪ੍ਰਚਾਰਕਾਂ ਨੇ ਨੋਟ ਕੀਤੀ। ਪ੍ਰਿੰਸੀਪਲ ਗੰਗਾ ਸਿੰਘ ਕਹਿੰਦੇ "ਦਿਲ ਸਾਗਰ ਸਾਗਰ ਦੇ ਵਾਂਗਰ ਸੀ। ਅਤਿ ਡੂੰਘਾ ਘੜਿਆ ਦਿਲ ਤੇ ਪ੍ਰਮਾਤਮਾ ਨੇ ਮੇਰਾ ਸਮੁੰਦਰ ਦੀ ਤਰ੍ਹਾਂ ਬਣਾਇਆ, ਸਾਗਰ ਦੀ ਤਰ੍ਹਾਂ ਬਣਾਇਆ, ਦਿਲ ਸਾਗਰ ਸਾਗਰ ਦੇ ਵਾਂਗਰ ਸੀ ਅਤਿ ਡੂੰਘਾ ਅੜਿਆ ਗਿਆਨ ਸਿਦਕ ਦੇ ਮੋਤੀ ਪਾਪਾਂ ਤਾਣੇ ਘੜਿਆ। ਬਈ ਸਮੁੰਦਰ ਵੀ ਐਸਾ ਬੜੇ ਮੋਤੀ ਉਹਨੇ ਪਾਏ ਬੜੇ ਮੋਤੀ ਸਿਦਕ ਦੇ, ਵਿਚਾਰ ਦੇ, ਗਿਆਨ ਦੇ, ਵਿਗਿਆਨ ਦੇ, ਕਲਾ ਦੇ, ਹੁਨਰਾਂ ਦੇ ਨਾਲ ਉਸਨੂੰ ਇਸ ਸਾਗਰ ਨੂੰ ਭਰਿਆ, ਗਿਆਨ ਵਿਚਾਰ ਸਿਦਕ ਦੇ ਮੋਤੀ ਪਾਂਧਾ ਤਾਣੇ ਘੜਿਆ। ਪਰ ਇਹ ਬਾਨ ਕੁਚੱਜੀ ਮੇਰੀ ਬਾਹਰ ਬੋਲ ਲੁਟਾਇਆ, ਜਪ ਤਪ ਦੀ ਖੱਟੀ ਨਾ ਖੱਟੀ ਖਾਲੀ ਦਰ ਜਰ ਖੜਿਆ। ਮਸਕੀਨ ਅੱਜ ਬੁੱਢਾ ਹੋ ਚੱਲਿਆ, ਮੈਂ ਇੰਜ ਲਗਦਾ ਮੈਨੂੰ ਖਾਲੀ ਹੱਥ ਜਾਣਾ ਪੈਣਾ, ਮੈਂ ਦੁਨੀਆਂ ਦੇ ਨੇੜੇ ਤੇ ਹੋਇਆ, ਆਪਣੇ ਨੇੜੇ ਨਾ ਹੋਇਆ, ਸੁਣਨ ਲੱਗਿਆਂ

ਆਪਣੇ ਨੇੜੇ ਹੋਣਾ ਪੈਂਦਾ। ਇਸ ਚੱਕਰ ਵਿਚ ਨਾ ਪੈਣਾ। ਮੈਂ ਕੀਰਤਨ ਸੁਣਿਆ, ਅਗਰ ਕੀਰਤਨ ਨੂੰ ਕਰਤੇ ਸੁਣ ਲਿਆ ਤੇ ਸਿਰਮੌਰ ਕਰਮ ਇਸ ਕਰਤੇ ਦੇ ਨਾਲ ਜੋੜ ਦੇਣਾ।"

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥

ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ (ਪੰਨਾ ੬੪੨)

ਰੁਬਾਈ ਉਹ ਮੈਂ ਨੋਟ ਕਰ ਲਈ, ਗ਼ਜ਼ਬ ਦੀ ਗੱਲ ਬਣੀ ਸੀ, ਉਥੇ ਨਦੀ ਦੀ ਧਾਰ ਵੇਖ ਰਹੇ ਸੀ, ਥੋੜਾ ਜਿਹਾ ਉਸ ਵਿਚ ਪਾਣੀ ਵਗਦਾ ਬੜਾ ਨਿਰਮਲ, ਨੈਨੀਤਾਲ ਜਿਹੜਾ ਉਹ ਤਾਲ ਹੈ ਝੀਲ ਉਹਦੇ ਚੋਂ ਆਉਂਦੀ, ਉਥੇ ਬੈਠਿਆਂ-ਬੈਠਿਆਂ ਰੁਬਾਈ ਨੇ ਮੇਰੇ ਅੰਦਰੋਂ ਜਨਮ ਲਿਆ। ਮੈਂ ਕਿਹਾ ਗੁਜਰ ਗਵਾਰ ਪ੍ਰਿੰਸੀਪਲ ਤੁਹਾਡੀ ਰੁਬਾਈ ਧੱਕਾ ਮਾਰ ਗਈ ਹੈ ਕਿ ਉਹਨੇ ਅੰਦਰੋਂ ਰੁਬਾਈ ਕੱਢੀ, ਮੈਂ ਤੁਹਾਨੂੰ ਸੁਣਾਨੀ ਹੈ। ਕਹਿਣ ਲੱਗੇ ਫੇਰ ਜ਼ਰੂਰ ਸੁਣਾ ਸੁਣਨੀ ਹੈ। ਆਪਣੀ ਰੁਬਾਈ ਉਹਨਾਂ ਨੇ ਮੈਨੂੰ ਸ਼ਾਂਤ ਮਿਜਾਜ਼ ਵਿਚ ਸੁਣਾਈ, ਮੇਰੀ ਰੁਬਾਈ ਸੁਣ ਕੇ ਅੱਧਾ ਘੰਟਾ ਰੋਂਦੇ ਰਹੇ, ਕਿਉਂਕਿ ਸੁਣਨੀ ਪੈਣੀ ਸੀ। ਜੋ ਉਹਨਾਂ ਨੇ ਸੁਣਾਈ ਸੀ ਉਹਨਾਂ ਦੇ ਹਿਰਦੇ ਨੂੰ ਸੂਰਜ ਨਾਲ ਤਸ਼ਬੀਹ ਦਿੱਤੀ। ਰੁਬਾਈ ਤੁਹਾਡੇ ਸਾਹਮਣੇ ਰੱਖਾਂ, ਕਿਉਂਕਿ ਕੁਦਰਤ ਨੇ ਬਚਪਨ ਤੋਂ ਮੈਨੂੰ ਥੋੜਾ ਜਿਹਾ ਸ਼ਾਇਰਾਨਾ ਮਿਜਾਜ਼ ਦਿੱਤਾ ਸੀ। ਦਿਲ ਸੂਰਜ ਸੂਰਜ ਦੇ ਵਾਂਗਰ ਸੀ ਪਿਆ ਲਿਸ਼ਕਾਂ ਮਾਰੇ, ਗਿਆਨ ਵਿਚਾਰ ਸਿਦਕ ਦੀਆਂ ਕਿਰਣਾਂ ਭਰੀਆਂ ਸਿਰਜਣਹਾਰੇ। ਪਰ ਅਫਸੋਸ ਮਸਕੀਨ ਇਸ ਤਾਈਂ ਲਗਿਆ, ਗਹਿਣ ਕੁਦੀਰਾ, ਬੋਲ ਬੋਲ ਕੇ ਚਮਕ ਗਵਾਈ ਘਿਰਿਆ। ਹੁਣ ਅੰਧਿਆਰੇ।' ਗਲੇ ਨਾਲ ਲੈ ਕੇ ਉਹਨਾਂ ਦੀ ਚੀਕ ਨਿਕਲ ਗਈ। ਅੱਜ ਤੱਕ ਮੈਨੂੰ ਯਾਦ ਹੈ ਆਖਰੀ ਸਮੇਂ ਜਿਹੜੇ ਉਦੋਂ ਤਿੰਨ ਸਾਲ ਉਹ ਜ਼ਿੰਦਾ ਰਹੇ, ਬੜਾ ਜਪ ਤਪ ਕੀਤਾ, ਬੜੀ ਸਾਧਨਾ ਕੀਤੀ। ਕਹਿਣ ਲੱਗੇ ਕੋਸ਼ਿਸ਼ ਕਰਦੇ ਹਾਂ ਨੇੜੇ ਆਉਣ ਦੀ, ਫੇਰ ਕੋਸ਼ਿਸ਼ ਕਰਦੇ ਆਪਣੇ ਤੋਂ ਵੀ ਪਰ੍ਹੇ ਜਾਣ ਦੀ, ਯਤਨ ਕਰਦੇ। ਗੁਰੂ ਮਿਹਰ ਕਰੇ ਤੇ ਕਰਮ ਨਾਲ ਮਿਲੇਗਾ ਪ੍ਰਮਾਤਮਾ। ਧਿਆਨ ਨਾਲ ਸੁਣਨਾ ਖੁਲਾਸਾ ਸ਼ਾਮ ਨੂੰ ਕਰਾਂਗਾ।

ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥

ਕਰਮ ਕਰਦਿਆਂ-ਕਰਦਿਆਂ ਨਿਸਕਰਮ ਹੋ ਜਾਏ, ਕੋਈ ਕਰਮ ਨਹੀਂ, ਕੋਈ ਕਰਮ ਨਹੀਂ।

ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥

(ਪੰਨਾ ੨੭੪)

ਉਸ ਵੈਸ਼ਨੋ ਦੇ ਅੰਦਰ ਨਿਰਮਲ ਧਰਮ ਦਾ ਜਨਮ ਹੁੰਦਾ ਹੈ। ਜਿਤਨੇ ਚਿਰ ਤੱਕ ਕਰਮ ਚਲਦੇ ਰਹਿੰਦੇ ਨੇ, ਕਰਮ ਮੈਲਾ ਹੀ ਹੁੰਦਾ ਹੈ, ਧਰਮ ਮੈਲਾ ਹੀ ਹੁੰਦਾ ਹੈ, ਨਿਰਮਲ ਧਰਮ ਉਦੋਂ ਜਨਮ ਲੈਂਦਾ ਹੈ ਜਦੋਂ ਮਨੁੱਖ ਸਾਧਨ ਨਿਸਕਰਮ ਹੋ ਜਾਂਦਾ ਹੈ। 'ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥' ਇਹ ਜੋ ਨਿਰਮਲ ਧਰਮ ਹੈ ਜਦ ਵੀ ਕਿਸੇ

ਨੂੰ ਪ੍ਰਾਪਤ ਹੁੰਦਾ, ਫਿਰ ਇਸ ਪ੍ਰਾਪਤੀ ਦੇ ਨਾਲ ਉਦੋਂ ਅੰਦਰ ਇਕ ਹੀ ਮੰਗ ਰਹਿ ਜਾਂਦੀ ਹੈ, ਇਕੋ ਹੀ ਮੰਗ, ਬਾਕੀ ਸਾਰੀਆਂ ਹੀ ਮੰਗਾਂ ਅਸ਼ਾਂਤ ਸ਼ਾਂਤ। ਇਕ ਮੰਗ ਨੰਦ ਲਾਲ ਨੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਮੰਗੀ ਹੈ, ਮਹਾਰਾਜ ਤੁਹਾਡੀ ਸੰਗਤ ਕਰਦੇ ਆਂ, ਸਾਧਨਾ ਕਰਦੇ ਆਂ, ਸੇਵਾ ਕਰਦੇ ਆਂ, ਸਭ ਮੰਗਾਂ ਪੂਰੀਆਂ ਹੁੰਦੀਆਂ, ਸਭ ਖਾਹਸ਼ਾਂ ਰੁਖਸਤ ਹੋ ਗਈਆਂ, ਸਾਰੀਆਂ ਕਾਮਨਾਵਾਂ ਮਰ ਗਈਆਂ। ਇਕੋ ਹੈ ਇਕ ਹੈ, ਕਿਹੜੀ ਸ਼ਬਦ ਕੁਰਬਾਨ 'ਖਾਕੇ ਹਾਰੇ ਸੰਗਤ ਦਿਲੇ ਗੋਆ ਹਮੀ ਬਸ ਆਰਜ਼ੂ' ਇਕੋ ਹੀ ਆਸ ਹੈ। ਮੇਰੇ ਗੁਰਦੇਵ ! ਹੇ ਮੇਰੇ ਬਾਦਸ਼ਾਹ ! ਜਿਨ੍ਹਾਂ ਜਿਨ੍ਹਾਂ ਰਸਤਿਆਂ ਤੋਂ ਇਹ ਪਿਆਰੀਆਂ ਸੰਗਤਾਂ ਤੁਹਾਡੇ ਕਦਮ ਤਕ ਪਹੁੰਚੀਆਂ ਨੇ, ਇਨ੍ਹਾਂ ਕਦਮਾਂ ਦੀ ਖਾਕ ਮੈਨੂੰ ਬਣਾ ਦਿਉ, ਬਸ ਹੋਰ ਕੁਝ ਵੀ ਨਹੀਂ, ਹੋਰ ਕੁਝ ਵੀ ਨਹੀਂ।

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ

ਇਹੀ ਇਕ ਮੰਗ ਰਹੀ ਇਹੀ ਇਕ ਮੰਗ : ਮੋ ਕਉ ਕਰਿ ਸੰਤਨ ਕੀ ਧੂਰੇ॥'

ਇਹਦਾ ਖੁਲਾਸਾ ਬਾਕੀ ਐਂ ਤੁਹਾਡੇ ਸਾਹਮਣੇ ਸ਼ਾਮ ਦੀ ਹਾਜ਼ਰੀ ਵਿਚ ਕਰਾਂਗਾ।

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥

(ਪੰਨਾ ੧੩)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥
ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ॥
ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥
ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥ ੫੦॥

(ਪੰਨਾ ੧੩੫੮)

ਗੁਰੂ ਰੂਪ ਸੰਗਤ ਜੀਉ! ਫਤਹਿ ਪ੍ਰਵਾਨ ਕਰਨੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਆਦਿ ਕਾਲ ਤੋਂ ਈਸ਼ਵਰੀ ਸਿਧਾਂਤ ਵਿਦਾਂਤ ਨੂੰ ਵਿਧਾਨ ਨੂੰ ਸਮਝਣ ਵਾਲੇ ਐਸਾ ਕਹਿੰਦੇ ਨੇ ਕਿ ਮਨੁੱਖ ਦੇ ਅੰਦਰ ਚਾਰ ਤਰ੍ਹਾਂ ਦੀ ਹੋਣ ਦੀ ਸੰਭਾਵਨਾ ਛੁਪੀ ਹੋਈ ਹੈ। ਮਨੁੱਖ ਦੇ ਅੰਦਰ, ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦਾ ਹੈ। ਮਨੁੱਖ, ਮਨੁੱਖ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਦੇਵਤੇ ਦੀ ਤਰ੍ਹਾਂ ਜੀਅ ਸਕਦਾ ਹੈ। ਮਨੁੱਖ ਪ੍ਰਮਾਤਮਾ ਦੀ ਤਰ੍ਹਾਂ ਜੀਅ ਸਕਦਾ ਹੈ। ਇਹ ਚਾਰੇ ਸੰਭਾਵਨਾਵਾਂ ਮਨੁੱਖ ਦੇ ਅੰਦਰ ਛੁਪੀਆਂ ਹੋਈਆਂ ਨੇ। ਮੈਂ ਦੁਹਰਾਵਾਂ ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ, ਮਨੁੱਖ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਦੇਵਤੇ ਦੀ ਤਰ੍ਹਾਂ, ਫਰਿਸ਼ਤੇ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਪ੍ਰਮਾਤਮਾ ਦੀ ਤਰ੍ਹਾਂ ਹੋ ਸਕਦਾ ਹੈ। ਇਤਨੀ ਵੱਡੀ ਸੰਭਾਵਨਾ ਮਨੁੱਖ ਦੇ ਅੰਦਰ ਹੈ ਪਰ ਬਹੁਤ ਛੋਟੀ ਸੰਭਾਵਨਾ ਵੀ ਛੁਪੀ ਹੋਈ ਹੈ। ਕਹਿੰਦੇ ਨੇ ਕੋਲਿਆਂ ਦੀਆਂ ਖਾਨਾਂ ਵਿਚੋਂ ਹੀ ਹੀਰੇ ਨਿਕਲਦੇ ਨੇ। ਮਿੱਟੀ ਤੇ ਪੱਥਰਾਂ ਦੀ ਢੇਰੀ ਵਿਚੋਂ ਹੀ ਸੋਨਾ ਨਿਕਲਦਾ ਹੈ। ਛੋਟੀ ਤੋਂ ਛੋਟੀ ਹੋਣ ਦੀ ਸੰਭਾਵਨਾ ਮਨੁੱਖ ਦੇ ਅੰਦਰ ਛੁਪੀ ਹੋਈ ਹੈ। ਛੋਟੀ ਨਿਵਾਣ ਦੀ ਤਰਫ਼ ਹੈ। ਪਾਣੀ ਨਿਵਾਣ ਦੀ ਤਰਫ਼ ਤੇ ਆਪਣੇ ਆਪ ਜਾਂਦਾ ਹੈ, ਪਰ ਚੜ੍ਹਾਈਆਂ ਤੇ ਚੜ੍ਹਨਾ ਹੋਵੇ ਬਿਨਾਂ ਪ੍ਰੈਸ਼ਰ ਦੇ ਨਹੀਂ ਚੜ੍ਹਦਾ, ਬਿਨਾਂ ਦਬਾਉ ਦੇ ਉੱਪਰ ਨਹੀਂ ਚੜ੍ਹਦਾ। ਮਨੁੱਖ ਦਾ ਪਸ਼ੂ ਦੀ ਤਰ੍ਹਾਂ ਜੀਵਣਾ ਨਿਵਾਣ ਦੀ ਤਰਫ ਹੈ। ਪਹਿਚਾਣ ਕਿਸ ਤਰ੍ਹਾਂ ਹੋਵੇਗੀ, ਇਹ ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਰਿਹਾ ਹੈ। ਇਹ ਮਨੁੱਖ,

ਮਨੁੱਖ ਦੀ ਤਰ੍ਹਾਂ ਜੀਅ ਰਿਹਾ ਹੈ। ਇਹ ਮਨੁੱਖਤਾ ਤੋਂ ਵੀ ਉੱਚਾ ਉੱਠ ਗਿਆ ਦੇਵਤਾ ਹੈ। ਇਹ ਦੇਵਤਿਆਂ ਤੋਂ ਵੀ ਉੱਚਾ ਉੱਠ ਗਿਆ। ਰੱਬ ਹੀ ਹੈ, ਪ੍ਰਮਾਤਮਾ ਹੀ ਹੈ, ਇਹ ਰੱਬ ਦਾ ਹੀ ਰੂਪ ਹੈ।

ਉਹ ਤੇ ਹਰੀ ਜੈਸਾ ਹੀ ਹੁੰਦਾ ਹੈ, ਉਹ ਤੇ ਪ੍ਰਮਾਤਮਾ ਜੈਸਾ ਹੀ ਹੁੰਦਾ ਹੈ। ਹੁਣ ਮੈਂ ਅਰਜ਼ ਕਰਾਂ ਇਸਨੂੰ ਦੂਸਰੇ ਰੂਪ ਵਿਚ ਮਨੁੱਖ ਆਪਣੇ ਆਪ ਵਿਚ ਨਿਉਟਲੀ ਹੀ ਹੈ, ਸੁਤੰਤਰ ਹੀ ਹੈ, ਸੰਬੰਧ ਜੋੜ ਸਕਦਾ ਹੈ। ਪਸ਼ੂ ਨਾਲ ਜੋੜ ਸਕਦਾ ਹੈ, ਮਨੁੱਖਤਾ ਨਾਲ ਸੰਬੰਧ ਜੋੜ ਸਕਦਾ ਹੈ, ਦੇਵਤਿਆਂ ਨਾਲ ਸੰਬੰਧ ਜੋੜ ਸਕਦਾ ਹੈ ਪ੍ਰਮਾਤਮਾ ਨਾਲ। ਜਿਸਦਾ ਸੰਬੰਧੀ ਹੋਵੇਗਾ ਵੈਸਾ ਹੋ ਜਾਵੇਗਾ। ਜਿਸ ਨਾਲ ਸੰਬੰਧ ਜੋੜੇਗਾ ਵੈਸਾ ਹੋ ਜਾਏਗਾ। ਇਸ ਵਾਸਤੇ ਧਾਰਮਿਕ ਦ੍ਰਿਸ਼ਟੀਕੋਣ ਰੱਖਣ ਵਾਲੇ ਪੁਰਸ਼ ਆਦਿ ਕਾਲ ਤੋਂ ਕਹਿੰਦੇ ਰਹੇ ਨੇ, ਸੰਬੰਧ ਜੋੜਨ ਲੱਗਿਆਂ ਬੜਾ ਸਾਵਧਾਨ ਰਹੀਂ, ਬੜਾ ਸਾਵਧਾਨ ਰਹੀਂ, ਜਿਸ ਨਾਲ ਸੰਬੰਧ ਜੁੜ ਜਾਏ ਉਸਨੂੰ ਕਹਿੰਦੇ ਸੰਬੰਧੀ, ਸੰਬੰਧੀ। ਹੁਣ ਮੈਂ ਇਕ ਨੁਕਤਾ ਤੁਹਾਡੇ ਸਾਹਮਣੇ ਰੱਖਾਂ, ਫਿਰ ਅੱਗੇ ਚੱਲਾਂ, ਸੰਸਕ੍ਰਿਤੀ ਸਲੋਕ ਹੈ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ :

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥ (ਪੰਨਾ ੧੩੫੯)

ਮੈਂ ਹੱਥ ਜੋੜ ਕੇ ਇੰਨੀ ਬਿਨੈ ਕਰਾਂ, ਇਹ ਬੋਲ ਗੁਰੂ ਅਰਜਨ ਦੇਵ ਜੀ ਨੇ ਕਿਧਰੇ ਇੰਝ ਨਾ ਆਖਣਾ ਮਸਕੀਨ ਅੱਜ ਕੌੜਾ ਬੋਲਣ ਲੱਗਾ। ਮਹਾਰਾਜ ਕਹਿੰਦੇ ਹੇ ਮਨੁੱਖ ! ਪਤਾ ਤੇਰੇ ਸੰਬੰਧੀ ਕੌਣ ਨੇ, ਕੁੱਤੇ, ਗਿੱਦੜ, ਖੋਤੇ, ਐਹ ਤੇਰੇ ਸੰਬੰਧੀ ਨੇ, ਇਹਨਾਂ ਸੰਬੰਧੀਆਂ ਦੇ ਨਾਲ ਤੂੰ ਜਿਉਂਦਾ। ਪੰਗਤੀਆਂ ਫੇਰ ਮੈਂ ਤੁਹਾਨੂੰ ਸੁਣਾਵਾਂ, ਸੰਸਕ੍ਰਿਤ ਸਲੋਕ ਵਿਚ ਪੜ੍ਹ ਲੈਣਾ 'ਉਦਿਆਨ ਬਸਨੰ ਸੰਸਾਰੰ॥' ਇਕ ਤੇ ਤੂੰ ਉਜਾੜ ਵਿਚ ਵੱਸ ਰਿਹਾਂ, ਸੰਸਾਰ ਵਿਚ ਰਹਿਣਾ, ਉਜਾੜ ਵਿਚ ਰਹਿਣਾ ਹੈ, ਤੁਸੀਂ ਆਖੋਗੇ ਕਿਸ ਤਰ੍ਹਾਂ ਇਕ ਕਰੋੜ ਆਬਾਦੀ ਦਾ ਸ਼ਹਿਰ ਹੈ। ਫਿਰ ਉਜਾੜ ਵਿਚ ਥੋੜ੍ਹੀ ਬਹੁਤ ਵੱਡੇ ਵਸੇਬੇ ਵਿਚ ਠਹਿਰਿਆ ਹੋਇਆ ਤੇ ਹੁਣ ਇਹ ਵੀ ਗੁਰੂ ਅਰਜਨ ਦੇਵ ਜੀ ਕੋਲੋਂ ਸੁਣ ਲਉ :

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥ (ਪੰਨਾ ੭੦੭)

ਬਹੁਤ ਵੱਡੀ ਉਜਾੜ ਹੈ। ਕਹਿੰਦਾ ਬਹੁਤ ਵੱਡਾ ਸ਼ਹਿਰ ਹੈ, ਐਹ ਵੀ ਸੁਣ ਲਉ,

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥

(ਪੰਨਾ ੭੦੭)

ਮਨੁੱਖ, ਮਨੁੱਖ ਨਾਲ ਟੁੱਟਿਆ ਹੋਇਆ ਹੈ, ਇਕ ਕਰੋੜ ਦੀ ਆਬਾਦੀ ਹੈ। ਮਨੁੱਖ, ਮਨੁੱਖ ਤੋਂ ਦੂਰ ਹੈ ਬਹੁਤ ਦੂਰ ਹੈ, ਜਦ ਟੁੱਟੇ ਨੇ ਇਕ ਮਨੁੱਖ ਦੂਜੇ ਤੋਂ ਟੁੱਟਿਆ ਹੈ। ਦੂਜਾ ਤੀਜੇ ਤੋਂ ਟੁੱਟਿਆ ਹੈ, ਕੋਈ ਗਰਜ਼ ਨਹੀਂ, ਕੋਈ ਮਤਲਬ ਨਹੀਂ, ਫੇਰ ਇਸਨੂੰ ਸ਼ਹਿਰ ਆਖੋਗੇ,

ਨਗਰ ਆਖੋਗੇ ਕਿ ਉਜਾੜ ਆਖੋਗੇ। ਉਜਾੜ ਦੇ ਵਿਚ ਵੀ ਮਨੁੱਖ ਇਕੱਲਾ ਹੁੰਦਾ ਤੇ ਇਤਨੇ ਵੱਡੇ ਸ਼ਹਿਰਾਂ ਵਿਚ ਵੀ ਇਕੱਲਾ ਰਹਿੰਦਾ ਹੈ। ਕੋਈ ਨਹੀਂ ਕੋਈ ਨਹੀਂ, ਬਹੁਤ ਮੁਤਾਲਿਆ ਕਰ ਲੈਣਾ। ਕੋਈ ਨਹੀਂ ਇਹ ਵੀ ਮੈਂ ਅਰਜ਼ ਕਰਾਂ: *'ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥'* ਕਬੀਰ ਕਹਿੰਦੇ ਤੁਹਾਡੀ ਗੱਲ ਛੱਡੋ ਮੈਂ ਇਕ ਇਕ ਨੂੰ ਠੋਕ ਵਜਾ ਕੇ ਦੇਖ ਲਿਆ-

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥

ਢੋਲ ਮੈ ਕੰਧੇ ਤੇ ਰੱਖਿਆ ਤੇ ਵਜਾਇਆ ਹੈ, ਮੈਨੂੰ ਸਾਥੀ ਚਾਹੀਦਾ, ਹਮਦਰਦ ਚਾਹੀਦਾ, ਮੇਰੇ ਦੁੱਖਾਂ ਨੂੰ ਵੰਡਣ ਵਾਲਾ ਚਾਹੀਦਾ ਹੈ। ਮੇਰੇ ਦੁੱਖਾਂ ਨਾਲ ਸੰਬੰਧ ਜੋੜਨ ਵਾਲਾ ਚਾਹੀਦਾ ਹੈ।

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥
ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥ (ਪੰਨਾ ੧੩੭੦)

ਚੰਗੇ ਤਰੀਕੇ ਨਾਲ ਵਜਾ ਵਜਾ ਕੇ, ਪਰਖ ਪਰਖ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ, ਕੀ ਹੋਇਆ ਵੱਡਾ ਨਗਰ, ਮਨੁੱਖ, ਮਨੁੱਖ ਨਾਲੋਂ ਟੁੱਟਿਆ ਹੋਇਆ ਹੈ।

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥ (ਪੰਨਾ ੭੦੭)

ਤੂੰ ਨਗਰ ਵਿਚ ਨਹੀਂ ਰਹਿ ਰਿਹਾ, ਉਜਾੜ ਵਿਚ ਰਹਿ ਰਿਹਾ ਉਜਾੜ ਵਿਚ, ਜੰਗਲਾਂ ਵਿਚ ਫਿਰ ਜੰਗਲੀ ਜਾਨਵਰ ਹੁੰਦੇ ਨੇ, ਫੇਰ ਤੇ ਪਸ਼ੂ ਹੁੰਦੇ ਨੇ, ਤੇ ਮਹਾਰਾਜ ਕਹਿੰਦੇ, ਕਹਿ ਰਹੇ ਤੇਰੇ ਸੰਬੰਧੀ ਵੀ ਪਸ਼ੂ ਨੇ, ਕਿਹੜੇ ਐਹ ਹੁਣ ਫੇਰ ਸੁਣੋ:

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥

(ਪੰਨਾ ੧੩੫੯)

ਕੁੱਤੇ ਤੇਰੇ ਸੰਬੰਧੀ ਨੇ, ਗਿੱਦੜ ਤੇਰੇ ਸੰਬੰਧੀ ਨੇ, ਖੋਤੇ ਤੇਰੇ ਸੰਬੰਧੀ ਨੇ, ਵਗੈਰਾ-ਵਗੈਰਾ, ਕਿਉਂਕਿ ਅੱਗੇ ਚੱਲ ਕੇ ਬਾਕੀ ਸ਼ਬਦਾਂ ਵਿਚ ਬਾਕੀ ਪਸ਼ੂਆਂ ਦਾ ਵੀ ਬੜਾ ਜ਼ਿਕਰ ਹੈ। ਇਹ ਵੀ ਮੈਂ ਅਰਜ਼ ਕਰਾਂ। ਲੇਕਿਨ ਮੂਲ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਤਿੰਨਾਂ ਨੂੰ ਅੱਗੇ ਕੀਤਾ, ਸੰਬੰਧੀ, ਜਿਨ੍ਹਾਂ ਨਾਲ ਮਨ ਦਾ ਸੰਬੰਧ ਹੈ, ਜਿਨ੍ਹਾਂ ਨਾਲ ਮਨ ਦੀਆਂ ਬਿਰਤੀਆਂ ਨੇ "ਸਨਬੰਧੀ ਸ੍ਵਾਨ ਸਿਆਲ ਖਰਹ॥" ਕੁੱਤੇ ਨੂੰ ਕੁੱਤਾ ਨਹੀਂ ਚੰਗਾ ਲੱਗਦਾ, ਕੁੱਤਾ ਕੁੱਤੇ ਤੇ ਭੌਂਕਦਾ ਹੈ। ਮਨੁੱਖ ਨੂੰ, ਮਨੁੱਖ ਨਾ ਚੰਗਾ ਲੱਗੇ ਬਿਰਤੀ ਤੇ ਕੂਕਰ ਵਰਗੀ ਹੈ, ਹੋਰ ਕੀ ਹੈ, ਹਰ ਵਕਤ ਡਰੇ-ਡਰੇ ਰਹਿਣਾ, ਹਰ ਵਕਤ ਭੈ-ਭੀਤ ਰਹਿਣਾ, ਕਿਧਰੇ ਐਹ ਨਾ ਹੋ ਜਾਏ, ਕਿਧਰੇ ਉਹ ਨਾ ਹੋ ਜਾਏ, ਕਿਧਰੇ ਉਹ ਨਾ ਹੋ ਜਾਏ। ਇਹ ਤੇ ਸਿਆਲ, ਗਿੱਦੜ ਗਿੱਦੜ ਤੇ ਆਪਣੀ ਛਾਇਆ ਤੋਂ ਵੀ ਡਰਦਾ, ਖਰੇ ਖੋਤਾ ਭਾਰਤ ਵਿਚ ਬੇਵਕੂਫੀ ਦਾ ਚਿੰਨ੍ਹ ਮੰਨਿਆ ਗਿਆ ਤੇ ਹਰ ਵਕਤ ਭਾਰ ਲੱਦਿਆ ਹੋਇਆ ਪਿੱਠ ਤੇ, ਭਾਰ ਲੱਦਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥ (ਪੰਨਾ ੧੪੧੧)

ਹਰ ਵਕਤ ਹੰਕਾਰ ਦੀ ਪੰਡ ਸਿਰ ਤੇ ਚੁੱਕੀ ਹੈ ਅਸਲੀ ਖੋਤੇ ਨੇ ਅਸਲ, ਪਰ ਮਨੁੱਖ ਐਸਾ ਪ੍ਰਾਣੀ ਹੈ ਸੰਬੰਧਾਂ ਤੋਂ ਬਿਨਾਂ ਜੀਅ ਨਹੀਂ ਸਕਦਾ, ਸੰਬੰਧੀ ਚਾਹੀਦੇ ਨੇ ਚਾਹੀਦੇ, ਤੇ ਮਨੁੱਖ ਚਾਰ ਤਰ੍ਹਾਂ ਦੇ ਸੰਬੰਧਾਂ ਵਿਚ ਜਿਉਂਦਾ ਹੈ। ਇਹ ਚਾਰ ਤਰ੍ਹਾਂ ਦੇ ਸੰਬੰਧ ਮਨੁੱਖ ਕਿਸੇ ਨਾਲ ਵੀ ਜੋੜ ਸਕਦਾ ਹੈ। ਮਨੁੱਖ, ਮਨੁੱਖ ਨਾਲ ਜੋੜ ਸਕਦਾ ਹੈ, ਮਨੁੱਖ ਗੁਰੂ ਨਾਲ ਜੋੜ ਸਕਦਾ ਹੈ। ਮਨੁੱਖ ਪ੍ਰਮਾਤਮਾ ਨਾਲ ਜੋੜ ਸਕਦਾ ਹੈ। ਐਹ ਹੁਣ ਮੈਂ ਦੂਜਾ ਨੁਕਤਾ ਬਿਆਨ ਕਰਦਾਂ। ਇਹ ਜਿਹੜਾ ਹੈ ਮਨੁੱਖ ਇਸਨੇ ਜੋ ਸੰਬੰਧ ਅਸਥਾਪਨ ਕੀਤਾ ਕਿਸ ਤਰ੍ਹਾਂ ਪਹਿਚਾਣਾਂ, ਮਹਾਰਾਜ ਕਹਿੰਦੇ :

ਅਪਨੇ ਲੋਭ ਕਉ ਕੀਨੋ ਮੀਤੁ॥ (ਪੰਨਾ ੧੯੫)

ਮਿੱਤਰ ਬਣਾਇਆ ਅਗਲੇ ਨੂੰ ਆਪਣੇ ਲੋਭ ਦੀ ਖਾਤਰ, ਉਂਞ ਇਹਦੇ ਨਾਲ ਕੋਈ ਮਤਲਬ ਨਹੀਂ, ਕੋਈ ਮਤਲਬ ਨਹੀਂ, ਐਹ ਬੋਟੀਆਂ ਪਾਉਂਦੇ ਰਹੋ ਤੇ ਕੁੱਤਾ ਪਿੱਛੇ ਚੱਲਿਆ ਆ ਰਿਹਾ ਹੈ। ਟੁੱਕੜ ਸੁੱਟਦੇ ਜਾਉ ਤੇ ਕੂਕਰ ਪਿਛੇ ਆ ਰਿਹਾ, ਦਾਣੇ ਸੁੱਟਦੇ ਜਾਉ ਕਬੂਤਰ ਪਿੱਛੇ ਆ ਰਹੇ ਨੇ, ਇਹ ਜੋ ਪਿੱਛੇ ਕਬੂਤਰ ਆ ਰਹੇ, ਪਿੱਛੇ ਕੁੱਤਾ ਆ ਰਿਹਾ, ਇਹ ਸਾਡੇ ਪਿੱਛੇ ਆ ਰਿਹਾ। ਜਿਹੜੀ ਰੋਟੀ ਸੁੱਟੀ ਜਾ ਰਹੀ ਹੈ ਇਸ ਕਰਕੇ ਆ ਰਿਹਾ, ਜੋ ਦਾਣੇ ਸੁੱਟੇ ਜਾ ਰਹੇ ਹਨ ਉਸ ਕਰਕੇ। ਮਹਾਰਾਜ ਕਹਿੰਦੇ ਪ੍ਰਮਾਤਮਾ ਤੇਰੇ ਨਾਲ ਤੇ ਉਂਞ ਕੋਈ ਨਹੀਂ ਮਤਲਬ, ਪਰ ਤੈਥੋਂ ਕੋਈ ਟੁੱਕੜ ਮਿਲ ਸਕਦੇ ਨੇ, ਤੈਥੋਂ ਕੁਝ ਕੰਮ ਹੋ ਸਕਦੇ ਨੇ, ਇਸ ਕਰਕੇ ਤੈਨੂੰ ਮਿੱਤਰ ਬਣਾਇਆ ਹੈ ਵਰਨਾ ਕੋਈ ਲੋੜ ਨਹੀਂ ਸੀ। *'ਅਪਨੇ ਲੋਭ ਕਉ ਕੀਨੋ ਮੀਤੁ॥'* ਉਂਞ ਤੇ ਗੁਰਦੁਆਰੇ ਆਣ ਦੀ ਲੋੜ ਨਹੀਂ ਸੀ ਪਰ ਕਰੀਏ ਕੀ ਹੋਰ ਕਿਸੇ ਵਸੀਲਿਆਂ ਨਾਲ ਕੰਮ ਬਣਿਆ ਨਹੀਂ ਸ਼ਾਇਦ ਤੂੰ ਬਣਾ ਦੇਵੇਂ। ਤੈਨੂੰ ਮਿੱਤਰ ਬਣਾਇਆ ਹੈ ਆਪਣੇ ਲੋਭ ਕਰਕੇ, ਤੂੰ ਪਿਆਰਾ ਲੱਗਦਾ ਹੈਂ ਇਸ ਕਰਕੇ ਤੇਰੇ ਤੋਂ ਕੁਝ ਮੇਰੀਆਂ ਲੋੜਾਂ ਦੀ ਪੂਰਤੀ ਹੋ ਸਕਦੀ। ਤੂੰ ਕਿਸੇ ਵਕਤ ਮੇਰੇ ਕੰਮ ਆ ਸਕਦਾ ਹੈਂ, ਉਂਞ ਤੇਰੇ ਨਾਲ ਕੋਈ ਮਤਲਬ ਨਹੀਂ, ਕੋਈ ਮਤਲਬ ਨਹੀਂ। ਇਹ ਸੰਬੰਧ ਮਨੁੱਖ ਪਰਿਵਾਰ ਦੇ ਮੈਂਬਰਾਂ ਨਾਲ ਬਣਾ ਸਕਦਾ ਹੈ, ਇਹ ਸੰਬੰਧ ਮਨੁੱਖ ਗੁਰੂ ਨਾਲ ਬਣਾ ਸਕਦਾ, ਪ੍ਰਭੂ ਨਾਲ ਬਣਾ ਸਕਦਾ। ਨਾ ਗੁਰੂ ਨਾਲ ਮਤਲਬ, ਨਾ ਪ੍ਰਮਾਤਮਾ ਨਾਲ ਮਤਲਬ, ਨਾ ਮਨੁੱਖ ਨਾਲ ਮਤਲਬ। *'ਅਪਨੇ ਲੋਭ ਕਉ ਕੀਨੋ ਮੀਤੁ॥'* ਆਪਣੇ ਲੋਭ ਦੀ ਪੂਰਤੀ ਇਸ ਤੋਂ ਹੋ ਸਕਦੀ ਹੈ, ਇਸ ਕਰਕੇ ਪਿਆਰਾ ਲੱਗਦਾ, ਚੰਗਾ ਲੱਗਦਾ। ਇਕ ਇਹ ਸੰਬੰਧ ਹੈ ਲੋਭ ਦਾ, ਅਗਲਾ ਪਿਆਰਾ ਲੱਗਦਾ ਹੈ ਲੋਭ ਕਰਕੇ, ਅਗਲਾ ਚੰਗਾ ਲੱਗਦਾ ਹੈ ਇਸ ਕੋਲੋਂ ਕੁਝ ਮਿਲ ਸਕਦਾ ਹੈ। ਅਗਲੇ ਦਾ ਜ਼ਿਕਰ ਬਾਰ-ਬਾਰ ਕਰਦੇ ਚੰਗਾ ਲੱਗਦਾ ਕਿਸੇ ਵਕਤ ਕੰਮ ਆ ਸਕਦਾ ਹੈ। ਬੱਸ ਇਸ ਕਰਕੇ ਹੋਰ ਕੋਈ ਮਤਲਬ ਨਹੀਂ, ਕੋਈ ਮਤਲਬ ਨਹੀਂ। ਮੈਂ ਫਿਰ ਅਰਜ਼ ਕਰਾਂ ਇਸ ਤਰ੍ਹਾਂ ਦਾ ਸੰਬੰਧ ਕੋਈ ਪਤੀ-ਪਤਨੀ ਨਾਲ ਜੋੜ ਸਕਦਾ, ਪਤਨੀ-ਪਤੀ ਨਾਲ ਜੋੜ ਸਕਦੀ ਹੈ, ਭਰਾ-ਭਰਾ ਨਾਲ ਜੋੜ ਸਕਦਾ ਹੈ, ਪਿਉ ਪੁੱਤਰ

ਨਾਲ ਜੋੜ ਸਕਦਾ, ਪੁੱਤਰ-ਪਿਉ ਨਾਲ ਜੋੜ ਸਕਦਾ, ਮਿੱਤਰ-ਮਿੱਤਰ ਨਾਲ ਜੋੜ ਸਕਦਾ, ਸਿੱਖ-ਗੁਰੂ ਨਾਲ ਜੋੜ ਸਕਦਾ ਹੈ, ਸਿੱਖ ਪ੍ਰਭੂ ਨਾਲ ਜੋੜ ਸਕਦਾ ਹੈ। *'ਅਪਨੇ ਲੋਭ ਕਉ ਕੀਨੋ ਮੀਤ॥'* ਕੁਝ ਆਪਣੀਆਂ ਹੀ ਲੋੜਾਂ ਨੇ, ਇਧਰੋਂ ਉਧਰੋਂ ਨਹੀਂ ਪੂਰੀਆਂ ਹੋਈਆਂ ਨੇ, ਸ਼ਾਇਦ ਗੁਰੂ ਤੂੰ ਪੂਰੀਆਂ ਕਰ ਦੇਵੇਂ। ਤੇਰੇ ਪਿੱਛੇ ਇਸ ਕਰਕੇ ਚਲਦਾ ਹੈ ਕੋਈ ਟੁੱਕੜ ਸੁੱਟ ਦੇਵੇਗਾ, ਕੋਈ ਦਾਣੇ ਸੁੱਟ ਦੇਏਗਾ, ਇਸ ਕਰਕੇ ਉਂਝ ਕੋਈ ਮਤਲਬ ਨਹੀਂ, ਉਂਝ ਕੋਈ ਮਤਲਬ ਨਹੀਂ। ਇਹ ਸਭ ਤੋਂ ਨੀਵਾਂ ਰਿਸ਼ਤਾ ਹੈ, ਇਹ ਸੰਬੰਧ ਮਨੁੱਖ ਨੂੰ ਕੂਕਰ ਬਣਾ ਦੇਂਦਾ, ਕੁੱਤਾ ਬਣਾ ਦੇਂਦਾ, ਮਨੁੱਖ ਕੂਕਰ ਦੀ ਤਰ੍ਹਾਂ ਜਿਉਂਦਾ, ਦੂਸਰਾ *'ਅਪਨੇ ਲੋਭ ਕਉ ਕੀਨੋ ਮੀਤੁ॥'* ਗੁਰੂ ਤੇਰੇ ਨਾਲ ਕੋਈ ਮਤਲਬ ਨਹੀਂ ਹੋਵੇਗਾ, ਤੂੰ ਗਿਆਨੀ ਹੋਵੇਂਗਾ, ਤੂੰ ਸਰਬ ਕਲਾ ਸਮਰੱਥ, ਇਹਦੇ ਨਾਲ ਸਾਡਾ ਮਤਲਬ ਨਹੀਂ ਸਾਡਾ ਮਤਲਬ, ਤੂੰ ਸਾਡੀ ਲੋੜ ਪੂਰੀ ਕਰ ਚੰਗਾ ਨਹੀਂ ਤੇ ਕੁਝ ਵੀ ਨਹੀਂ, ਨਹੀਂ ਤੇ ਕੁਝ ਵੀ ਨਹੀਂ 'ਅਪਨੇ ਲੋਭ ਕਉ ਕੀਨੋ ਮੀਤੁ॥' ਇਹ ਸੰਬੰਧ ਸਭ ਤੋਂ ਨੀਵਾਂ ਸੰਬੰਧ ਮਨੁੱਖਾਂ ਨਾਲ ਜੋੜਿਆ ਜਾ ਸਕਦਾ, ਪਰਿਵਾਰ ਨਾਲ ਜੋੜਿਆ ਜਾ ਸਕਦਾ, ਨਿਰੰਕਾਰ ਨਾਲ ਜੋੜਿਆ ਜਾ ਸਕਦਾ ਹੈ। ਇਹ ਸੰਬੰਧ ਕੂਕਰ ਸੰਬੰਧ ਹੈ ਜੋ ਕੁੱਤਾ ਦੂਜੇ ਨਾਲ ਜੋੜਦਾ ਹੈ। ਬੋਟੀਆਂ ਸੁੱਟੀਆਂ ਜਾ ਰਹੀਆਂ ਨੇ ਪਿੱਛੇ ਆ ਗਿਆ। ਰੋਟੀ ਟੁੱਕੜ ਸੁੱਟੇ ਜਾ ਰਹੇ ਪਿੱਛੇ ਆ ਰਿਹਾ ਹੈ। ਇਹ ਜਿਹੜਾ ਪਿੱਛੇ ਆ ਰਿਹਾ ਉਹਨਾਂ ਟੁੱਕੜਾਂ ਦੀ ਖਾਤਰ ਤੇਰੇ ਪਿੱਛੇ ਨਹੀਂ ਆ ਰਿਹਾ, ਇਹ ਜੋ ਗੁਰਦੁਆਰੇ ਆ ਰਿਹਾ ਗੁਰੂ ਕੋਈ ਤੂੰ ਖੇਡ ਬਣਾ ਦੇਵੇਗਾ, ਹੋਰ ਤੇ ਕਿਧਰੋਂ ਕੰਮ ਸਿਰੇ ਚੜ੍ਹਿਆ ਨਹੀਂ, ਤੂੰ ਚਾੜ੍ਹ ਦੇਵੇਂਗਾ। ਇਸ ਕਰਕੇ ਆਇਆ। ਹੋਰ ਕੋਈ ਮਤਲਬ ਨਹੀਂ, ਹੋਰ ਕੋਈ ਮਤਲਬ ਨਹੀਂ 'ਅਪਨੇ ਲੋਭ ਕਉ ਕੀਨੋ ਮੀਤੁ॥' ਇਹ ਮਨੁੱਖ ਨੂੰ ਮਨੁੱਖ ਵੀ ਨਹੀਂ ਬਣਨ ਦੇਂਦਾ, ਮਨੁੱਖ ਇਥੇ ਜੀਂਵਦਾ ਹੈ ਪਸ਼ੂਆਂ ਦੀ ਤਰ੍ਹਾਂ, ਪਸ਼ੂਆਂ ਦੀ ਤਰ੍ਹਾਂ। ਲੋੜ ਦੀ ਪੂਰਤੀ ਉਸ ਕੋਲੋਂ ਹੋ ਗਈ ਤਾਂ ਵੀ ਸੰਬੰਧ ਟੁੱਟ ਜਾਏਗਾ ਜੇ ਨਾ ਹੋਈ ਤੇ ਤਾਂ ਵੀ ਟੁੱਟ ਜਾਏਗਾ। ਰਿਸ਼ਤਾ ਹੀ ਲੋੜ ਦਾ ਸੀ, ਸੰਬੰਧ ਵੀ ਲੋੜ ਦਾ ਸੀ, ਗਹਿਰਾਈ ਨਾਲ ਲੈਣਾ ਦੂਸਰਾ ਤੂੰ ਉਂਝ ਹੀ ਮੈਨੂੰ ਚੰਗਾ ਲੱਗਦਾ ਹੈਂ, ਕੋਈ ਲੋੜ ਨਹੀਂ ਤੇਰਾ ਹੋਣਾ ਹੀ ਕਾਫੀ ਹੈ। ਹੋਰ ਤੈਥੋਂ ਕੁਝ ਨਹੀਂ ਚਾਹੀਦਾ, ਤੂੰ ਹੀ ਸਾਹਮਣੇ ਹੋਵੇਂ, ਇਹ ਹੀ ਕਾਫੀ ਹੈ। ਤੇਰਾ ਹੋਣਾ ਹੀ ਮਹਾਨ ਹੈ ਕੁਝ ਵੀ ਨਹੀਂ ਚਾਹੀਦਾ। ਤੂੰ ਇੰਝ ਹੀ ਪਿਆਰਾ ਲੱਗਦਾ ਹੈਂ। ਇਹ ਪਿਆਰ ਮਨੁੱਖ ਦੇ ਅੰਦਰ ਮਨੁੱਖਤਾ ਨੂੰ ਜਨਮ ਦੇਂਦਾ। ਕੁੱਤੇ ਦਾ ਸੰਬੰਧ ਲੈਣ ਦਾ ਸੰਬੰਧ ਹੈ, ਇਹ ਜਿਹੜਾ ਸੰਬੰਧ ਹੈ ਇਹ ਜਿਹੜਾ ਪਿਆਰ ਦਾ ਸੰਬੰਧ ਹੈ ਇਹ ਦੇਣ ਦਾ ਸੰਬੰਧ ਹੈ। ਇਹ ਕੁਰਬਾਨ ਹੋਣ ਦਾ ਸੰਬੰਧ ਹੈ। ਨਿਸ਼ਾਵਰ ਹੋਣ ਦਾ ਸੰਬੰਧ ਹੈ। ਤੂੰ ਉਂਝ ਹੀ ਚੰਗਾ ਲੱਗਦਾ ਹੈਂ, ਤੇਰਾ ਹੋਣਾ ਉਂਝ ਹੀ ਚੰਗਾ ਹੈ, ਤੇਰੇ ਕੋਲ ਬੈਠਣਾ ਚੰਗਾ ਲੱਗਦਾ ਹੈ, ਤੈਨੂੰ ਸੁਣਨਾ ਚੰਗਾ ਲੱਗਦਾ ਹੈ, ਕੁਝ ਵੀ ਨਹੀਂ ਚਾਹੀਦਾ, ਹੋਰ ਕੁਝ ਵੀ ਨਹੀਂ ਚਾਹੀਦਾ। ਇਹ ਪਿਆਰ ਮਨੁੱਖ ਦੇ ਅੰਦਰ ਮਨੁੱਖਤਾ ਨੂੰ ਜਨਮ ਦੇਂਦਾ ਜਿਸਨੂੰ ਕਹਿੰਦੇ ਇਨਸਾਨੀਅਤ ਨੂੰ ਜਨਮ ਦੇਂਦਾ ਹੈ।

ਇਕ ਦਫ਼ਾ ਮੈਂ ਫੇਰ ਦੁਹਰਾ ਦੇਵਾਂ ਕਿ ਮਜਬੂਨ ਪੂਰਾ ਪਕੜ ਵਿਚ ਆਵੇ, ਮਨੁੱਖ ਦੇ ਅੰਦਰ ਚਾਰ ਤਰ੍ਹਾਂ ਦੀਆਂ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਨੇ। ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦਾ, ਮਨੁੱਖ ਮਨੁੱਖ ਦੀ ਤਰ੍ਹਾਂ ਜੀਅ ਸਕਦਾ, ਮਨੁੱਖ ਦੇਵਤੇ ਦੀ ਤਰ੍ਹਾਂ ਜੀਅ ਸਕਦਾ, ਮਨੁੱਖ ਰੱਬ ਦੀ ਤਰ੍ਹਾਂ ਜੀਅ ਸਕਦਾ, ਖੁਦਾ ਦੀ ਤਰ੍ਹਾਂ ਜੀਅ ਸਕਦਾ, ਪ੍ਰਮਾਤਮਾ ਦੀ ਤਰ੍ਹਾਂ ਜੀਅ ਸਕਦਾ, ਖੁਦਾ ਦੀ ਤਰ੍ਹਾਂ ਜਿਉਣ ਦਾ ਅਵਸਰ ਮਿਲਿਆ ਹੋਵੇ, ਸ਼ੈਤਾਨ ਦੀ ਤਰ੍ਹਾਂ ਜੀਵੇ, ਪ੍ਰਮਾਤਮਾ ਦੀ ਤਰ੍ਹਾਂ ਜੀਉਣ ਦਾ ਅਵਸਰ ਮਿਲਿਆ ਹੋਵੇ, ਪਸ਼ੂਆਂ ਦੀ ਤਰ੍ਹਾਂ ਜੀਵੇ। ਬੜੀ ਵੱਡੀ ਬਦਕਿਸਮਤੀ, ਬਹੁਤ ਵੱਡੀ ਬਦਕਿਸਮਤੀ, ਬਹੁਤ ਮਾੜਾ ਭਾਵ ਹੈ। ਅਵਸਰ ਮਿਲਿਆ ਸੀ ਪ੍ਰਮਾਤਮਾ ਦੀ ਤਰ੍ਹਾਂ ਜੀਉਣ ਦਾ, ਜੀਅ ਰਿਹਾ ਪਸ਼ੂ ਦੀ ਤਰ੍ਹਾਂ। ਮੌਕਾ ਮਿਲਿਆ ਸੀ ਖੁਦਾ ਦੀ ਤਰ੍ਹਾਂ ਜਿਉਣ ਦਾ, ਸ਼ੈਤਾਨ ਦੀ ਤਰ੍ਹਾਂ ਜੀਅ ਰਿਹਾ ਹੈ। ਇਹ ਗਿਣਤੀ ਬਹੁਤ ਜ਼ਿਆਦਾ ਹੈ, ਸਾਰੀ ਦੁਨੀਆਂ ਵਿਚ ਜੰਗਲਾਂ ਦੇ ਵਿਚ ਤੇ ਪਸ਼ੂ ਹੈ, ਸ਼ਹਿਰ ਵਿਚ ਵੀ ਪਸ਼ੂ ਹਨ। ਜੰਗਲਾਂ ਵਿਚ ਚਾਰ ਪੈਰਾਂ ਵਾਲੇ ਪਸ਼ੂ ਨੇ, ਸ਼ਹਿਰਾਂ ਵਿਚ ਦੋ ਪੈਰਾਂ ਵਾਲੇ ਪਸ਼ੂ ਨੇ, ਪਸ਼ੂ ਇਤਨੇ ਖਤਰਨਾਕ ਨਹੀਂ। ਕਹਿੰਦੇ ਨੇ ਇਕੋ ਸਮੇਂ ਵਿਚ ਇਕ ਕੋਬਰਾ ਫਨੀਅਰ ਨਾਗ ਇਕੋ ਵਾਰ ਵਿਚ ਚਾਰ ਬੰਦਿਆਂ ਨੂੰ ਮਾਰ ਸਕਦਾ ਹੈ, ਜ਼ਹਿਰ ਖਤਮ ਹੋ ਜਾਂਦੀ ਹੈ। ਇਕੋ ਸਮੇਂ ਵਿਚ ਸ਼ੇਰ ਦੋ ਬੰਦਿਆਂ ਨੂੰ ਮਾਰੇਗਾ ਖਾ ਜਾਏਗਾ, ਪੇਟ ਭਰ ਜਾਂਦਾ ਸੌਂ ਜਾਂਦਾ। ਢਾਈ ਕਰੋੜ ਬੰਦਿਆਂ ਦਾ ਕਾਤਲ ਸੀ ਹਿਟਲਰ, ਤਰਿਪਤੀ ਫੇਰ ਵੀ ਨਹੀਂ ਹੋਈ। ਤਿੰਨ ਕਰੋੜ ਬੰਦੇ ਮਾਰੇ ਮੋਸੇ ਤੁੰਗ ਨੇ ਚਾਇਨਾ ਵਿਚ, ਤਿੰਨ ਕਰੋੜ ਨੂੰ ਉਜਾੜਿਆ, ਤਰਿਪਤੀ ਫਿਰ ਵੀ ਨਾ ਹੋਈ ਉਸਦੀ। ਔਰੰਗਜ਼ੇਬ ਨੇ 14 ਸੂਫੀ ਫਕੀਰ ਮਾਰੇ, ਆਪਣੇ ਤਿੰਨ ਭਰਾ ਮਾਰੇ ਤੜਫਾ-ਤੜਫਾ ਕੇ ਮਾਰਿਆ, ਵੱਡੀ ਭੈਣ ਜਹਾਂਆਰਾ, ਜਦ ਉਹ ਦਾਰੇ ਦਾ ਪੱਖ ਲੈਣ ਆਈ ਤੇ ਪਿਉ ਨੂੰ ਕਹਿਣ ਲੱਗੀ ਸ਼ਾਹਜਹਾਨ ਤੂੰ ਤਖ਼ਤ ਦਾਰੇ ਨੂੰ ਦੇਣਾ ਹੈ। ਸੂਫੀ ਸੰਤ ਸਰਮਦ ਨੇ ਵੀ ਦੁਆ ਕੀਤੀ ਦਾਰੇ ਦੇ ਹੱਕ ਵਿਚ, 14 ਸੂਫੀ ਫਕੀਰ ਕਤਲ ਕਰ ਦਿੱਤੇ ਦਾਰੇ ਦੇ ਹੱਕ ਵਿਚ ਕਿਉਂ ਦੁਆ ਕੀਤੀ। ਇੰਨਾ ਹੀ ਕਸੂਰ ਸੀ ਬੱਸ ਕਿਤਨੀ ਮਖਲੂਕ ਮਾਰੀ, ਕਿਤਨੀਆਂ ਫੌਜਾਂ ਜੋ ਸਾਥ ਨਹੀਂ ਦੇਂਦੀਆਂ ਸਨ। ਤਾਕਤ ਵਿਚ ਆਉਂਦੀਆਂ ਖਤਮ ਕੀਤੀਆਂ, ਮਾਰੀਆਂ, ਮੌਤ ਦੇ ਘਾਟ ਉਤਾਰਿਆ। ਕੋਈ ਪਸ਼ੂ ਇਤਨਾ ਖਤਰਨਾਕ ਨਹੀਂ ਹੈ।

ਮਨੁੱਖ ਜੈਸੇ-ਜੈਸੇ ਖਤਰਨਾਕ ਹੁੰਦਾ ਗਿਆ ਹਥਿਆਰ ਵੀ ਖਤਰਨਾਕ ਹੁੰਦੇ ਗਏ, ਜ਼ਰਾ ਸਾਦਾ ਸੀ, ਸਰਲ ਸੀ, ਲੜ ਪੈਂਦਾ ਸੀ। ਨਾਖੁਣ ਕਾਫੀ ਨੇ ਜਾਂ ਦੰਦਾਂ ਨਾਲ ਕੱਟ ਲੈਂਦਾ ਸੀ। ਇੰਨੇ ਹੀ ਇਹ ਹੀ ਸ਼ਸਤਰ ਸਨ ਨਾਖੁਣ। ਹੋਰ ਕੁਝ ਵੀ ਨਹੀਂ, ਪਰ ਪਸ਼ੂਆਂ ਦੇ ਸਾਹਮਣੇ ਇਹਦੇ ਦੰਦ ਕਮਜ਼ੋਰ ਸਨ, ਇਹਦੇ ਨਾਖੁਨ ਬੜੇ ਕਮਜ਼ੋਰ ਸਨ। ਉਧਰ ਪੰਜੇ ਬੜੇ ਮਜ਼ਬੂਤ ਸਨ ਤੇ ਲਾਠੀ ਆ ਗਈ ਹੱਥ ਵਿਚ, ਫਿਰ ਲਾਠੀ ਦੇ ਨਾਲ ਲੋਹੇ ਦੀ ਨੋਕ ਜੁੜ ਗਈ, ਬਰਛਾ ਫੇਰ ਤਲਵਾਰ ਫੇਰ ਬੰਦੂਕ। ਜੈਸੇ-ਜੈਸੇ ਮਨੁੱਖ ਖਤਰਨਾਕ ਹੁੰਦਾ ਗਿਆ, ਹਥਿਆਰ ਖਤਰਨਾਕ ਹੁੰਦੇ ਗਏ। ਫੇਰ ਤੋਪ, ਫੇਰ ਟੈਂਕ। ਅੱਜ ਮਨੁੱਖ ਹਾਈਡਰੋਜਨ ਬੰਬ ਤੋਂ ਅੱਗੇ ਚਲਾ ਗਿਆ, ਪਤਾ

ਚਲਦਾ ਇਹ ਬੰਬ ਸੱਪਾਂ ਵਾਸਤੇ ਬਣਾਏ ਗਏ, ਇਹ ਬੰਬ ਸ਼ੇਰਾਂ ਤੇ ਚਿੜੀਆਂ ਵਾਸਤੇ ਬਣਾਏ। ਉਹ ਤੇ ਵਿਚਾਰੇ ਇਕ ਲਾਠੀ ਨਾਲ ਕਾਬੂ ਹੋ ਜਾਂਦੇ ਨੇ। ਮਨੁੱਖਾਂ ਵਾਸਤੇ ਕਿਉਂਕਿ ਮਨੁੱਖ ਬਹੁਤ ਖਤਰਨਾਕ ਹੋ ਗਏ। ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦਾ, ਖੁਦਾ ਹੋਣ ਦੀ ਸੰਭਾਵਨਾ ਮਨੁੱਖ ਦੇ ਅੰਦਰ ਛੁਪੀ ਹੋਈ ਹੈ। ਸ਼ੈਤਾਨ ਦੀ ਤਰ੍ਹਾਂ ਜੀਅ ਰਿਹਾ, ਸ਼ੈਤਾਨ ਦੀ ਤਰ੍ਹਾਂ ਜੀਅ ਰਿਹਾ, ਬਹੁਤੀ ਮਨੁੱਖਤਾ ਮਨੁੱਖ ਵੀ ਨਹੀਂ ਹੈ ਸ਼ੈਤਾਨ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਵੀ ਕਹਿਣਾ ਪਿਆ :

ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥

(ਪੰਨਾ ੨੬੭)

ਦਿਖਾਈ ਦੇਂਦਾ ਮਨੁੱਖ ਜੀਅ ਰਿਹਾ ਪਸ਼ੂ ਦੀ ਤਰ੍ਹਾਂ, ਕਿਧਰੇ ਸੰਬੰਧ ਜੋੜਦਾ *'ਅਪਨੇ ਲੋਭ ਕਉ ਕੀਨੋ ਮੀਤੁ॥'* ਕੁਝ ਆਪਣੀ ਵਾਸ਼ਨਾ ਦੀ ਪੂਰਤੀ ਹੋ ਜਾਂਦੀ, ਪਤੀ ਚੰਗਾ ਲੱਗਦਾ, ਪਤਨੀ ਚੰਗੀ ਲੱਗਦੀ ਹੈ। ਕੁਝ ਆਪਣੀਆਂ ਲੋੜਾਂ ਦੀ ਪੂਰਤੀ ਹੋ ਜਾਂਦੀ, ਪੁੱਤਰ ਚੰਗਾ ਲੱਗਦਾ ਹੈ, ਮਿੱਤਰ ਚੰਗਾ ਲੱਗਦਾ ਹੈ, ਭਰਾ ਚੰਗਾ ਲੱਗਦਾ ਹੈ, ਮਾਂ-ਬਾਪ ਚੰਗੇ ਲਗਦੇ ਨੇ। *'ਅਪਨੇ ਲੋਭ ਕਉ ਕੀਨੋ ਮੀਤੁ॥'* ਉਂਝ ਕੋਈ ਮਤਲਬ ਨਹੀਂ, ਉਂਝ ਕੋਈ ਮਤਲਬ ਨਹੀਂ। ਦੂਸਰਾ ਸੰਬੰਧ ਮਨੁੱਖਾਂ ਦਾ ਸੰਬੰਧ ਤੂੰ ਉਂਝ ਹੀ ਮੈਨੂੰ ਚੰਗਾ ਲੱਗਦਾ ਹੈਂ; ਤੇਰਾ ਹੋਣਾ ਹੀ ਕਾਫੀ, ਤੇਰੇ ਕੋਲ ਬੈਠਦਾਂ ਤੇ ਸਕੂਨ ਮਿਲਦਾ, ਤੈਨੂੰ ਦੇਖਦਾਂ ਤੇ ਸ਼ਾਂਤੀ ਮਿਲਦੀ ਹੈ, ਤੇਰਾ ਹੋਣਾ ਅਨੰਦਮਈ ਹੈ, ਤੂੰ ਉਂਝ ਵੀ ਚੰਗਾ ਲੱਗਦਾ ਹੈਂ; ਤੇਰੇ ਤੋਂ ਸਦਕੇ, ਤੇਰੇ ਕੋਲੋਂ ਕੁਰਬਾਨ। ਇਥੇ ਦੇਣ ਦੀ ਭਾਵਨਾ ਇਹਨੂੰ ਕੁਝ ਦੇਣਾ ਹੈ, ਕੁਰਬਾਨ ਹੋਣਾ ਹੈ, ਫਿਦਾ ਹੋਣਾ ਹੈ, ਸਦਕੇ ਹੋਣਾ ਹੈ। ਇਹ ਸੰਬੰਧ ਮਨੁੱਖ ਪਰਿਵਾਰ ਨਾਲ ਜੋੜ ਸਕਦਾ ਹੈ, ਨਿਰੰਕਾਰ ਨਾਲ ਜੋੜ ਸਕਦਾ ਹੈ। ਜਿਥੇ ਪਹਿਲਾ ਸੰਬੰਧ ਮਨੁੱਖ ਨੂੰ ਪਸ਼ੂ ਬਣਾ ਦੇਂਦਾ, ਇਹ ਸੰਬੰਧ ਮਨੁੱਖ ਦੇ ਅੰਦਰ ਮਨੁੱਖਤਾ ਨੂੰ ਜਨਮ ਦੇਂਦਾ ਹੈ, ਅਸਲੀਅਤ ਨੂੰ ਜਨਮ ਦੇਂਦਾ ਹੈ। ਸ਼ੇਖ ਸਾਅਦੀ ਸਾਹਿਬ ਕਹਿੰਦੇ ਨੇ 'ਇਨਸਾਨ ਰਹਾਂ ਇਨਸਾਨੀਅਤ ਲਾਜ਼ਮ ਅੱਸਤ।' ਮਨੁੱਖ ਦੇ ਅੰਦਰ ਮਨੁੱਖਤਾ ਲਾਜ਼ਮੀ ਚਾਹੀਦੀ ਹੈ, ਚੰਦਨ ਨੂੰ ਅਰਬੀ ਵਿਚ ਉਹ ਕਹਿੰਦੇ ਅਗਰ ਸੁਗੰਧੀ ਨਹੀਂ ਹੈ, ਖੁਸ਼ਬੂ ਹੀ ਨਹੀਂ ਹੈ। ਉਹ ਕਹਿਣ ਦੀ ਲੋੜ ਕੀ ਹੈ, ਚੰਦਨ ਕਹਿਣ ਦੀ ਲੋੜ ਕੀ ਹੈ? ਆਮ ਲੱਕੜ ਹੈ ਮਨੁੱਖਤਾ ਨਹੀਂ ਹੈ, ਅਸਲੀਅਤ ਨਹੀਂ ਹੈ, ਇਹਨੂੰ ਇਨਸਾਨ ਕਹਿਣ ਦੀ ਲੋੜ ਕੀ ਹੈ, ਮਨੁੱਖ ਕਹਿਣ ਦੀ ਲੋੜ ਕੀ ਹੈ। ਪਸ਼ੂ ਏ, ਪਸ਼ੂ ਏਂ। ਇਕ ਦਫਾ ਮੈਂ ਫਿਰ ਦੁਹਰਾਵਾਂ ਮਨੁੱਖ ਪਸ਼ੂਆਂ ਦੀ ਤਰ੍ਹਾਂ ਜੀਅ ਸਕਦਾ ਹੈ। ਮਨੁੱਖ, ਮਨੁੱਖਾਂ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਦੇਵਤੇ ਦੀ ਤਰ੍ਹਾਂ ਜੀਅ ਸਕਦਾ, ਮਨੁੱਖ ਰੱਬ ਦੀ ਤਰ੍ਹਾਂ ਜੀਅ ਸਕਦਾ, ਪ੍ਰਮਾਤਮਾ ਦੀ ਤਰ੍ਹਾਂ ਜੀਅ ਸਕਦਾ ਹੈ। ਉਹਨਾਂ ਦੀ ਬੜੀ ਮਹਿਮਾ ਗਾਇਨ ਕੀਤੀ ਗਈ, ਕਿਨ੍ਹਾਂ ਦੀ ਜਿਹੜੇ ਮਨੁੱਖ ਮਨੁੱਖਾਂ ਦੀ ਤਰ੍ਹਾਂ ਜੀਂਵਦੇ ਨੇ। ਇਨਸਾਨ ਅਸਲੀਅਤ ਦੀ ਤਰ੍ਹਾਂ ਜਿਉਂਦਾ ਹੈ। ਕੁਝ ਦੇਂਦੇ ਨੇ, ਫਿਦਾ ਹੁੰਦੇ ਨੇ, ਖੋਂਹਦੇ ਨਹੀਂ। ਕਿਸੇ ਕੋਲ ਕੁਝ ਗਰਜ਼ ਦਾ ਸੰਬੰਧ ਨਹੀਂ ਪ੍ਰੇਮ ਦਾ ਸੰਬੰਧ ਹੈ।

ਜਦ ਕਦੀ ਇਸ ਤਰ੍ਹਾਂ ਦੀ ਕਥਾ ਚੱਲ ਪਏ ਭਾਈ ਸਾਹਿਬ ਜੀ ਦੀਆਂ ਪਉੜੀਆਂ ਚੇਤੇ ਆ ਜਾਂਦੀਆਂ ਨੇ, ਭਾਈ ਗੁਰਦਾਸ ਦੀਆਂ। ਅੱਜ ਤੋਂ ਤਕਰੀਬਨ 40 ਸਾਲ ਪਹਿਲੇ ਮੈਂ ਪੜ੍ਹੀਆਂ ਚਾਲੀ ਪੰਜਤਾਲੀ ਸਾਲ ਪਹਿਲੇ। ਉਸ ਦਿਨ ਤੇ ਮੈਂ ਹੈਰਾਨ ਹੋਇਆ ਸੀ, ਮੇਰੀ ਸ਼ਰਧਾ ਨੂੰ ਕੁਝ ਠੇਸ ਵੀ ਲੱਗੀ। ਮੈਂ ਕਿਹਾ ਇਹਨਾਂ ਨੂੰ ਤੇ ਕਹਿੰਦੇ ਨੇ ਭਾਈ ਗੁਰਦਾਸ ਦੀ ਬਾਣੀ, ਕੁੰਜੀ ਹੈ, ਸ਼ਬਦਾਂ ਨੂੰ ਖੋਲ੍ਹਦੀ ਹੈ, ਇਹ ਗੁਰੂ ਘਰ ਦੇ ਵੇਦ ਵਿਆਸ ਨੇ। ਇਹ ਕਹਿੰਦੇ ਕੀ ਪਏ ਨੇ, ਕਿਹੜੀ ਗੱਲ ਤੇ ਸ਼ਰਧਾ ਟੁੱਟੀ, ਕਈ ਪਉੜੀਆਂ ਲਿਖੀਆਂ ਨੇ ਲੈਲਾ ਮਜਨੂੰ ਦੀਆਂ ਉਪਮਾਂ 'ਚ, ਸੋਹਣੀ ਮਹੀਂਵਾਲ ਦੀ ਮਹਿਮਾ 'ਚ, ਸੱਸੀ ਪੁੰਨੂੰ, ਹੀਰ ਰਾਂਝੇ ਦੀ ਮਹਿਮਾ ਵਿਚ, ਹੈਰਾਨਗੀ ਹੋਈ ਮੈਨੂੰ। ਚਲੋ ਕੋਈ ਆਮ ਕਵੀ ਲਿਖਦਾ ਹੈ, ਇਹ ਤੇ ਭਾਈ ਗੁਰਦਾਸ ਨੇ ਲਿਖਿਆ, ਸੁਣੋ:

ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ।...
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਕੁਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।

(ਵਾਰ ੨੭/੧)

ਪਹਿਲੀ ਦਫਾ ਜਦ ਮੈਂ ਪੜ੍ਹਿਆ ਸੀ ਯਕੀਨ ਜਾਨੋ ਭਾਵੇਂ ਮੈਂ ਇਕੱਲਾ ਬੈਠਾ ਸੀ। ਪੜ੍ਹਨ ਲੱਗਿਆਂ ਵੀ ਮੈਨੂੰ ਸ਼ਰਮ ਆਵੇ ਕਿ ਹੱਦ ਹੋ ਗਈ। ਇੰਨਾ ਦਾਰਸ਼ਨਿਕ ਕਹਿੰਦਾ ਕੀ ਪਿਆ? ਇੰਨਾ ਵੱਡਾ ਸੰਤ ਜਿਸ ਦੇ ਦਿਲ ਦਿਮਾਗ ਦੇ ਕਪਾਟ ਖੁਲ੍ਹੇ ਨੇ, ਦਲੀਲਾਂ ਜਿਸ ਦੀਆਂ ਦਾਸੀ ਨੇ, ਪ੍ਰਮਾਣਾਂ ਦੇ ਜੋ ਢੇਰ ਲਾ ਦੇਂਦੇ ਨੇ। ਐਸੇ ਮਹਾਨ ਗਿਆਨੀ ਕਹਿ ਕੀ ਰਹੇ ਨੇ, ਲੈਲਾ ਦੀ ਉਪਮਾ ਪਏ ਕਰਦੇ ਨੇ, ਮਜਨੂੰ ਦੀ ਉਪਮਾ ਪਏ ਕਰਦੇ ਨੇ, ਸੱਸੀ ਦੀ ਮਹਿਮਾ ਪਏ ਗਾਉਂਦੇ ਨੇ, ਪੁੰਨੂੰ ਦੀ ਮਹਿਮਾ ਪਏ ਗਾਂਦੇ ਨੇ, ਹੀਰ ਦੀ ਉਪਮਾ ਪਏ ਕਰਦੇ ਨੇ, ਰਾਂਝੇ ਦੀ ਉਪਮਾ ਪਏ ਕਰਦੇ ਨੇ, ਮਹੀਂਵਾਲ ਦੇ ਗੀਤ ਗਾ ਰਹੇ ਨੇ, ਸੋਹਣੀ ਦੇ ਗੀਤ ਗਾ ਰਹੇ ਨੇ। ਇਕ ਜਗ੍ਹਾ ਨਹੀਂ ਕਈ ਜਗ੍ਹਾ, ਦੂਸਰੀ ਪਉੜੀ ਦੀਆਂ ਵੀ ਇਕ-ਦੋ ਪੰਗਤੀਆਂ ਇਕ-ਦੋ ਤੁਹਾਡੇ ਸਾਹਮਣੇ ਰੱਖਾਂ:

ਲੈਲੇ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।

(ਵਾਰ ੩੭/੩੧)

ਇਕ ਕੁੱਤੇ ਨੂੰ ਚੁਕ ਕੇ ਮਜਨੂੰ ਨੇ ਸੀਨੇ ਨਾਲ-ਲਾ ਲਿਆ, ਪਿਆਰ ਕਰੀ ਜਾਵੇ। ਉਂਝ ਕੁੱਤਾ ਬਹੁਤ ਖ਼ੂਬਸੂਰਤ ਵੀ ਨਹੀਂ ਸੀ, ਕਮਜ਼ੋਰ ਸੀ ਤੇ ਜ਼ਖਮੀ ਵੀ ਸੀ। ਇਕ ਸੂਫੀ ਸੰਤ ਨੇ ਵੀ ਲਿਖਿਆ ਹੈ, ਉਹ ਕਹਿੰਦਾ:

"ਪੈ ਸਗੇ ਬਹੁ ਸੀਂਦੇ ਮਜਨੂੰ ਖਲਕੇ ਗੋਇਦ ਈਚੇ ਸੂਦਾ।"

ਇਹ ਦੋਸ਼ੀ ਦਾ ਕੁੱਤਾ, ਇਹ ਬਿਮਾਰ ਕੁੱਤਾ, ਇਹ ਜ਼ਖਮੀ ਕੁੱਤਾ, ਇਹ ਕਮਜ਼ੋਰ ਕੁੱਤਾ,

ਇਸਨੂੰ ਚੁੱਕਕੇ ਪਿਆਰ ਕਰਦਾ ਹੈ। ਸਿਰਫ ਪਿਆਰ ਹੀ ਨਹੀਂ ਕਰਦਾ ਫੇਰ ਕੁੱਤੇ ਦੇ ਪੈਰੀਂ ਪੈਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਨੇ ਕੁੱਤੇ ਦੇ ਪੈਰੀਂ ਪੈਂਦਾ, ਕੁੱਤੇ ਦੇ ਪੈਰਾਂ ਵਿਚ ਆਪਣਾ ਸਿਰ ਵੀ ਰੱਖਦਾ ਹੈ। ਅਜੀਬੋ-ਗਰੀਬ ਗੱਲ ਭਾਈ ਗੁਰਦਾਸ ਜੀ ਸਾਫ ਲਿਖਦੇ ਨੇ ਕੁੱਤੇ ਦੇ ਪੈਰੀਂ ਪਵੇ ਪੈਰੀਂ ਪੈਂਦਾ ਤੇ ਸੂਫੀ ਵੀ ਲਿਖਦਾ *'ਪੈ ਸਗੇ ਬਹੁ ਸੀਦੇ ਮਜਨੂੰ ਖਲਕੇ ਗੋਇਦ ਈਰੇ ਸੂਦ।* ਦੁਨੀਆਂ ਕਹਿਣ ਲੱਗੀ 'ਮਜਨੂੰ ਇਹ ਕੀ ਕਰ ਰਿਹੈਂ' ਠੀਕ ਹੈ ਇਤਨਾ ਤੇ ਪਾਗਲ ਨਾ ਹੋ ਕੁੱਤੇ ਦੇ ਪੈਰੀਂ ਪੈਣਾ, ਪਰ ਕੁੱਤਾ ਵੀ ਕਮਜ਼ੋਰ ਬਿਮਾਰ ਤੇ ਜ਼ਖਮੀ, ਉਸਨੂੰ ਸੀਨੇ ਨਾਲ ਲਾਉਂਦਾ ਹੈਂ', ਪਤਾ ਮਜਨੂੰ ਨੇ ਕੀ ਜਵਾਬ ਦਿੱਤਾ -

ਪੈ ਸਗੇ ਬਹੁ ਸੀਦੇ ਮਜਨੂੰ ਖਲਕੇ ਗੋਇਦ ਈਰੇ ਸੂਦ।
ਈਹ ਸਗੇ ਦਰ ਕੂਹੇ ਲੈਲਾ ਗਾਹੇ ਗਾਹੇ ਰਸਤਾ ਕੂਚ।

ਇਹ ਉਹ ਕੁੱਤਾ ਕਦੇ-ਕਦੇ ਲੈਲਾ ਦੇ ਘਰੋਂ ਹੋ ਆਉਂਦਾ ਹੈ। ਇਹਦੇ ਕਦਮ ਲੈਲਾ ਦੇ ਘਰ ਤੱਕ ਪਹੁੰਚਦੇ ਨੇ। ਮੇਰੇ ਕਦਮ ਨਹੀਂ ਪਹੁੰਚਦੇ, ਮੈਂ ਉਹਨਾਂ ਕਦਮਾਂ ਤੋਂ ਵੀ ਸਦਕੇ ਜਾਂਦਾ ਹਾਂ, ਜਿਹੜੇ ਕਦਮ ਲੈਲਾ ਦੇ ਘਰ ਤੱਕ ਪਹੁੰਚਣ, ਕਿਉਂਕਿ ਲੈਲਾ ਨਾਲ ਪਿਆਰ ਹੈ ਤੇ ਲੈਲਾ ਦੀ ਹਰ ਚੀਜ਼ ਨਾਲ ਪਿਆਰ ਹੈ। ਜਿਸ ਦਿਨ ਰੱਬ ਨਾਲ ਪਿਆਰ ਹੋ ਜਾਏਗਾ, ਯਕੀਨ ਜਾਣੋ ਜੋ ਰੱਬ ਤੱਕ ਪਹੁੰਚਦੇ ਨੇ ਉਹ ਹੀ ਪਿਆਰੇ ਲਗਦੇ ਨੇ, ਐਵੇਂ ਨਹੀਂ ਚਰਨਾਂ ਦੀ ਧੂੜ ਤੋਂ ਸਤਿਗੁਰੂ ਸਦਕੇ ਪਏ ਜਾਂਦੇ ਨੇ। ਤੂੰ ਉਂਝ ਹੀ ਚੰਗਾ ਲੱਗਦਾ ਹੈਂ ਦੂਰ ਕਿਉਂ ਜਾਉ। ਭਾਈ ਨੰਦ ਲਾਲ ਜੀ ਨੇ ਵੀ ਜ਼ਿਕਰ ਕੀਤਾ ਹੈ ਤੇ ਨੰਦ ਲਾਲ ਨੂੰ ਤੁਸੀਂ ਬਹੁਤ ਪੜ੍ਹਿਆ ਤੇ ਜਾਣਿਆ ਹੈ, ਇਕ ਮਹਾਨ ਸ਼ਾਇਰ ਜਿਸ ਨੇ ਲੈਲਾ ਮਜਨੂੰ ਦਾ ਕਿੱਸਾ ਲਿਖਿਆ ਸੀ। ਭਾਈ ਨੰਦ ਲਾਲ ਜੀ ਕੋਲ ਆ ਗਿਆ ਤੇ ਭਾਈ ਸਾਹਿਬ ਨੂੰ ਕਹਿਣ ਲੱਗਾ, ਇਹ ਮੈਂ ਕਿਤਾਬ ਲਿਖੀ ਹੈ ਅਤੇ ਮੇਰੇ ਦਸ ਸਾਲ ਲੱਗੇ ਨੇ, ਨਜ਼ਮ ਵਿਚ ਲਿਖੀ ਹੈ, ਸ਼ਾਇਰਾਨਾ ਅੰਦਾਜ਼ ਵਿਚ ਲਿਖੀ ਹੈ। ਕੌਣ ਸੀ ਮਜਨੂੰ, ਕੌਣ ਸੀ ਲੈਲਾ, ਸਿਰਫ ਤੁਹਾਨੂੰ ਇਕ-ਇਕ ਨਜ਼ਮ ਸੁਨਾਣੀ ਹੈ। ਭਾਈ ਨੰਦ ਲਾਲ ਨੂੰ ਕਿਉਂ ਸੁਣਾਉਣ ਵਾਸਤੇ ਆ ਗਿਆ, ਕਿਉਂਕਿ ਨੰਦ ਲਾਲ ਸ਼ਾਇਰ ਨੇ, ਆਪਣੀ ਗਾਇਕੀ ਅਰਜ਼ ਕਰਾਂ। ਇਕ ਸ਼ਾਇਰ ਦੀ ਸ਼ਾਇਰੀ ਕਿਤਨੀ ਮਹਾਨ ਹੋਵੇ ਲੋਕੀਂ ਸਾਰੇ ਸਿਰ ਹਿਲਾ ਰਹੇ ਨੇ ਰਸ ਆ ਰਿਹਾ, ਪਰ ਰੂਹਾਨੀ ਖੁਸ਼ੀ ਸ਼ਾਇਰ ਨੂੰ ਉਦੋਂ ਮਿਲਦੀ ਹੈ ਜਦੋਂ ਉਹਦੀ ਨਜ਼ਮ ਤੇ ਕੋਈ ਸ਼ਾਇਰ ਸਿਰ ਹਿਲਾਉਣ ਲੱਗ ਪਏ, ਕੋਈ ਕਵੀ ਸਿਰ ਹਿਲਾ ਦੇਵੇ। ਸੰਗੀਤਕਾਰ ਨੇ ਸੰਗੀਤ ਦੀ ਧੁਨ ਛੇੜੀ ਹੈ, ਬੜਾ ਰਸ ਆ ਰਿਹਾ ਹੈ, ਲੋਕਾਂ ਦੇ ਸਿਰ ਹਿੱਲ ਰਹੇ ਨੇ, ਪੂਰੀ ਰੂਹਾਨੀ ਖੁਸ਼ੀ ਸੰਗੀਤਕਾਰ ਨੂੰ ਉਦੋਂ ਮਿਲਦੀ ਹੈ ਜਦੋਂ ਚੋਟੀ ਦਾ ਕੋਈ ਸੰਗੀਤਕਾਰ ਉਹਦੀ ਧੁਨ ਨੂੰ ਦਾਦ ਦੇਵੇ। ਸੁਆਦ ਆ ਰਿਹਾ ਹੈ, ਇਕ ਜਾਣਕਾਰ ਜੋ ਸਮਝਣ ਵਾਲਾ ਹੈ, ਉਹ ਦਾਦ ਦੇਂਦਾ ਹੈ, ਸੱਚੀ ਖੁਸ਼ੀ ਮਿਲਦੀ ਹੈ। ਫਿਰ ਸ਼ਾਇਰ ਇਹ ਨੰਦ ਲਾਲ ਕੋਲ ਇਸ ਵਾਸਤੇ ਆਇਆ ਹੈ ਨੰਦ ਲਾਲ ਕੀ ਕਹਿੰਦਾ ਹੈ, ਦਾਦ ਦੇਂਦਾ ਕਿ ਨਹੀਂ, ਇਹ ਮੇਰੀ ਲਿਖਤ ਨੂੰ ਵਡਿਆਈ ਦੇਂਦਾ ਕਿ ਨਹੀਂ, ਦਾਦ ਦੇਂਦਾ ਕਿ ਨਹੀਂ, ਚੰਗਾ ਆਖਦਾ ਕਿ

ਨਹੀਂ। ਮਜਨੂੰ ਦੇ ਸੰਬੰਧ ਵਿਚ ਉਸ ਨੇ ਨਜ਼ਮ ਭਾਈ ਸਾਹਿਬ ਨੂੰ ਸੁਣਾਈ। ਭਾਈ ਸਾਹਿਬ ਵਿਸਮਾਦ ਹੋ ਗਏ, ਅਗੰਮੀ ਦੁਨੀਆਂ ਵਿਚ ਖੋਹ ਗਏ, ਇਕ ਨਜ਼ਮ ਸੁਣਕੇ ਔਰ ਨੇਤਰ ਸੱਜਲ ਹੋ ਗਏ। ਸ਼ਾਇਰ ਵੀ ਬੜਾ ਹੈਰਾਨ, ਹੁਣ ਸ਼ਾਇਰ ਕਹਿਣ ਲੱਗਾ। ਮਜਨੂੰ ਦੇ ਸੰਬੰਧ ਵਿਚ ਮੈਂ ਤੁਹਾਨੂੰ ਇਕ ਨਜ਼ਮ ਸੁਣਾ ਦਿੱਤੀ ਹੈ, ਮੈਂ ਇਕ ਨਜ਼ਮ ਲੈਲਾ ਦੇ ਸੰਬੰਧ ਵਿਚ ਸੁਣਾਨੀ ਤੁਹਾਨੂੰ। ਕਹਿੰਦੇ ਚਾਵਲ ਦਾ ਇਕੋ ਦਾਣਾ ਦੇਖ ਕੇ ਪਤਾ ਲੱਗ ਜਾਂਦਾ ਹੈ, ਦੇਗਚੀ ਵਿਚ ਚਾਵਲ ਗਲੇ ਕਿ ਨਹੀਂ, ਪੱਕੇ ਕਿ ਨਹੀਂ, ਸਾਰੇ ਥੋੜੀ ਦੇਖੀਦੇ ਨੇ, ਇਕੋ ਦਾਣਾ। ਸਿਆਣਾ ਸ਼ਾਇਰ ਸੀ, ਉਸ ਨੇ ਕਹਿ ਦਿੱਤਾ ਤੁਹਾਡਾ ਵਕਤ ਨਹੀਂ ਜ਼ਾਇਆ ਕਰਨਾ, ਇਕ ਨਜ਼ਮ ਸੁਣਾਈ ਹੈ ਮਜਨੂੰ ਦੇ ਸੰਬੰਧ ਵਿਚ। ਹੁਣ ਇਹ ਸ਼ਾਇਰ ਕਹਿੰਦਾ ਭਾਈ ਸਾਹਿਬ ਜੀ ਮੈਂ ਹੁਣ ਤੁਹਾਨੂੰ ਲੈਲਾ ਦੇ ਸੰਬੰਧ ਵਿਚ ਇਕ ਨਜ਼ਮ ਸੁਣਾਉਣ ਲੱਗਾਂ। ਭਾਈ ਸਾਹਿਬ ਨੇ ਇੰਝ ਹੱਥ ਕੀਤਾ ਗਲਾ ਇਹਨਾਂ ਦਾ ਭਰਿਆ ਹੋਇਆ ਸੀ, ਜਵਾਬ ਵਿਚ ਬੋਲ ਨਹੀਂ ਨਿਕਲਦੇ ਸਨ। ਇੰਝ ਹੱਥ ਨਾਲ ਰੋਕਿਆ, ਫਿਰ ਹਿੰਮਤ ਕੀਤੀ ਸੰਭਾਲਿਆ ਤੇ ਫਿਰ ਬੋਲੇ, ਜੋ ਬੋਲੇ ਨੇ ਬੜੇ ਧਿਆਨ ਨਾਲ ਸੁਣਨਾ :

"ਮਗੋ ਅਜਹਾਲੇ ਲੈਲੀ ਬਾਦਲੇ ਸੋਰੀ ਦਾ ਇਹ ਗੋਇਆ"

ਨੰਦ ਲਾਲ ਦੇ ਪਾਗਲ ਦਿਲ ਨੂੰ ਲੈਲਾ ਦਾ ਕਿੱਸਾ ਨਾ ਸੁਣਾ, ਨਾ ਸੁਣਾ, "ਮਗੋ ਅਜਹਾਲੇ ਲੈਲੀ" ਲੈਲਾ ਦਾ ਹਾਲ ਨਾ ਸੁਣਾ, "ਬਾਦਲੇ ਸੋਰੀ ਦਾ ਇਹ ਗੋਇਆ ਕਿ ਸਰਹਾਏ ਕਿਸਾ ਹੈ" ਮਜਨੂੰ ਬੜਾ ਐਸਾ ਤੂੰ ਮੈਨੂੰ ਮਜਨੂੰ ਦਾ ਕਿੱਸਾ ਸੁਣਾਇਆ। ਮੈਂ ਆਪਣੇ ਹੋਸ਼ ਗਵਾ ਬੈਠਾਂ, ਹੁਣ ਜੇ ਤੂੰ ਕਿੱਸਾ ਸੁਣਾਇਆ ਮੈਂ ਆਪਣੀ ਜਾਨ ਗਵਾ ਬੈਠਾਂਗਾ। ਮੇਰੀ ਜਾਨ ਜਾਂਦੀ ਰਹੇਗੀ। ਨਾ ਸੁਣਾ ਮੇਰੀ ਸੁਨਣ ਦੀ ਤਾਕਤ ਨਹੀਂ, ਕਿੱਸਾ ਤੇ ਉਸ ਨੇ ਮਜਨੂੰ ਦਾ ਸੁਣਾਇਆ, ਜੁੜ ਗਏ ਉਹ ਕਲਗੀਧਰ ਨਾਲ, ਕਿੱਸਾ ਤੇ ਉਸ ਨੇ ਮਜਨੂੰ ਦਾ ਸੁਣਾਇਆ ਜੁੜ ਗਏ ਉਹ ਪ੍ਰਮਾਤਮਾ ਨਾਲ। ਸਾਰਾ ਦਿਨ ਕੀਰਤਨ ਨਾਲ ਪ੍ਰਮਾਤਮਾ ਦੀ ਗੱਲ ਹੋਵੇ, ਮਨ ਪ੍ਰਮਾਤਮਾ ਨਾਲ ਨਹੀਂ ਜੁੜਦਾ, ਕੋਈ ਤੇ ਮਜਨੂੰ ਦੀ ਗੱਲ ਸੁਣ ਕੇ ਵੀ ਜੁੜ ਜਾਂਦਾ 'ਮਗੋ ਅਜਹਾਲੇ ਲੈਲੀ' – ਨਾ ਸੁਣਾ ਮੈਂ ਨਹੀਂ ਸੁਣ ਸਕਦਾ ਨੰਦ ਲਾਲ ਦੇ ਪਾਗਲ ਦਿਲ ਨੂੰ ਲੈਲਾ ਦੀ ਗੱਲ ਨਾ ਸੁਣਾ "ਮਗੋ ਅਜਹਾਲੇ ਲੈਲੀ" ਬਾਦਲੇ ਸੋਰੀ ਦਾ ਇਹ ਗੋਇਆ ਕਿ ਸ਼ਰਹਾਏ ਕਿੱਸਾ ਹੈ ਮਜਨੂੰ ਮਰਾ ਹੈ ਦੀਵਾਨਾ।" ਐਸਾ ਇਹ ਪਾਗਲ ਹੋ ਗਿਆ। ਤੂੰ ਮੈਨੂੰ ਮਜਨੂੰ ਦਾ ਕਿੱਸਾ ਕੀ ਸੁਣਾਇਆ, ਮੈਂ ਆਪਣੀ ਸਮਝ ਗਵਾ ਬੈਠਾ।

"ਸੁਧਿ ਕੀ ਨ ਸੁਧਿ ਰਹੀ ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।"

ਮੈਂ ਤੇ ਆਪਣੀ ਸਮਝ ਗਵਾ ਬੈਠਾ। ਹੁਣ ਤੂੰ ਮੈਨੂੰ ਲੈਲਾ ਦਾ ਕਿੱਸਾ ਮੈਨੂੰ ਸੁਣਾਇਆ, ਮੈਂ ਆਪਣੀ ਜਾਨ ਗਵਾ ਬੈਠੂੰਗਾ, ਮੇਰੇ ਪ੍ਰਾਣ ਚਲੇ ਜਾਣਗੇ, ਮੈਂ ਨਹੀਂ ਸੁਣ ਸਕਦਾ, ਮੈਨੂੰ ਨਾ ਸੁਣਾ। ਇਤਨਾ ਜਜ਼ਬਾਤੀ ਹੋ ਜਾਣਾ, ਇਤਨਾ ਭਾਵਨਾ ਨਾਲ ਭਰ ਜਾਣਾ, ਇਤਨਾ ਪ੍ਰਭੂ

ਪਿਆਰ ਨਾਲ ਭਰ ਜਾਣਾ, ਇਤਨਾ ਪ੍ਰਭੂ ਪਿਆਰ ਨਾਲ ਲੀਨ ਹੋ ਜਾਣਾ, ਕਿਸ ਤੇ ਸਿਰਫ ਮਜਨੂੰ। ਗੁਰੂ ਨਾਨਕ ਦੇ ਕਿੱਸੇ ਸੁਣਾਈਏ, ਗੁਰੂ ਅਰਜਨ ਦੇਵ ਜੀ ਦੀਆਂ ਗੱਲਾਂ ਸੁਣਾਈਏ, ਗੁਰੂ ਹਰਿ ਰਾਏ ਸਾਹਿਬ ਦਾ ਇਤਿਹਾਸ ਸੁਣਾਈਏ, ਗੁਰੂ ਗੋਬਿੰਦ ਸਿੰਘ ਦੀ ਮਹਿਮਾ ਸੁਣਾਈਏ, ਫਿਰ ਵੀ ਮਨ ਗੁਰੂ ਨਾਲ ਨਾ ਜੁੜੇ, ਉਖੜਿਆ ਉਖੜਿਆ ਬੈਠਾ ਰਹੇ। ਤੂੰ ਉਂਝ ਹੀ ਮੈਨੂੰ ਚੰਗਾ ਲੱਗਦਾ ਹੈਂ, ਗੁਰੂ ਤੇਰੇ ਕੋਲ ਕੁਝ ਵੀ ਨਹੀਂ ਚਾਹੀਦਾ। ਤੇਰੇ ਕੋਲ ਬੈਠਣਾ ਹੀ ਚੰਗਾ ਲੱਗਦਾ ਹੈ, ਤੈਨੂੰ ਸੁਣਨਾ ਹੀ ਚੰਗਾ ਲੱਗਦਾ ਹੈ, ਤੇਰਾ ਹੋਣਾ ਹੀ ਕਾਫੀ ਹੈ, ਇਸ ਅਵਸਥਾ ਵਿਚ ਮਨੁੱਖ ਦੇ ਅੰਦਰੋਂ ਮਨੁੱਖਤਾ ਦਾ ਜਨਮ ਹੁੰਦਾ ਹੈ। ਐ ਗੁਰੂ ਅਸੀਂ ਫਿਦਾ ਜਾਨੇ ਹਾਂ ਤੇਰੇ ਤੋਂ ਕੁਰਬਾਨ ਜਾਂਦੇ ਹਾਂ, ਸਦਕੇ ਜਾਂਦੇ ਹਾਂ।

ਦੇਖਣਾ ਚਾਹਿਆ ਸੀ ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹਨਾਂ ਦਾ ਮੇਰੇ ਨਾਲ ਪਸ਼ੂਆਂ ਵਾਲਾ ਸੰਬੰਧ ਹੈ ਕਿ ਮਨੁੱਖਾਂ ਵਾਲਾ, ਦੇਖਣਾ ਚਾਹਿਆ ਸੀ ਵਿਸਾਖੀ ਦੇ ਦਿਨ ਨੰਗੀ ਤਲਵਾਰ ਖੂਨ ਨਾਲ ਭਰੀ ਹੋਈ, ਭਰੇ ਇਕੱਠ ਵਿਚ ਕਹਿੰਦੇ ਸਿਰ ਚਾਹੀਦਾ ਹੈ ਸਿਰ, ਪ੍ਰੇਮ ਦੇ ਵਿਚ ਸਦਕੇ ਹੋਣਾ ਹੁੰਦਾ ਹੈ ਕੁਰਬਾਨ ਹੋਣਾ ਹੁੰਦਾ, ਦੇਣਾ ਹੁੰਦਾ। ਇਤਿਹਾਸ ਕਹਿੰਦਾ ਅੱਧੇ ਬੰਦੇ ਭੱਜ ਗਏ ਸਨ, ਅੱਧੇ 'ਚੋਂ ਅੱਧੇ ਮਾਤਾ ਜੀ ਕੋਲ ਚਲੇ ਗਏ, ਕਹਿਣ ਲੱਗੇ ਪਤਾ ਨਹੀਂ ਸਤਿਗੁਰਾਂ ਨੂੰ ਕੀ ਹੋਇਆ, ਕਹਿੰਦੇ ਨੇ ਸਿਰ ਚਾਹੀਦਾ, ਅਸੀਂ ਕੋਈ ਬੱਕਰੇ ਹਾਂ, ਐਂ ਤਲਵਾਰ ਲੈ ਕੇ ਖੜੇ ਨੇ, ਉਹਨਾਂ ਦੀਆਂ ਅੱਖਾਂ ਦੱਸਦੀਆਂ ਪਈਆਂ ਕੱਟ ਦੇਣਗੇ। ਇਕ ਚੌਥਾਈ ਜਿਹੜੇ ਬੈਠੇ ਸਨ ਉਹਨਾਂ ਵਿਚ ਵੀ ਬਹੁਤੇ ਸਹਿਮੇ ਹੋਏ ਸਨ, ਪਰ ਲਾਹੌਰ ਦੇ ਭਾਈ ਦਇਆ ਰਾਮ ਖੜੇ ਹੋਏ ਹੱਥ ਜੋੜ ਕੇ ਕਹਿਣ ਲੱਗੇ ਮੇਰੇ ਪਾਤਿਸ਼ਾਹ ਜਿਸ ਦਿਨ ਇਹ ਸਿਰ ਤੁਹਾਡੇ ਕਦਮਾਂ ਤੇ ਰੱਖਿਆ ਸੀ ਇਹ ਤੇ ਤੁਹਾਨੂੰ ਉਦੋਂ ਹੀ ਦੇ ਦਿੱਤਾ ਸੀ, ਆਪਣਾ ਹੈ ਨਹੀਂ, ਮੰਗਦੇ ਕਿਉਂ ਹੋ ਇਹ ਤੇ ਹੈ ਹੀ ਤੁਹਾਡਾ, ਔਹ ਲਉ। ਇਸ ਮਨੁੱਖ ਦੇ ਅੰਦਰ ਸੱਚੀ ਮਨੁੱਖਤਾ ਸੀ, ਇਨਸਾਨੀਅਤ ਸੀ, ਤੈਥੋਂ ਗੁਰੂ ਸਦਕੇ ਜਾਂਦੇ ਹਾਂ, ਕੁਰਬਾਨ ਜਾਂਦੇ ਹਾਂ, ਫਿਦਾ ਜਾਂਦੇ ਹਾਂ। ਲੋਭ ਵਿਚ ਤੇ ਲੈਣਾ ਹੁੰਦਾ ਹੈ। *'ਅਪਨੇ ਲੋਭ ਕਉ ਕੀਨੋ ਮੀਤੁ॥'* ਤੂੰ ਚੰਗਾ ਲੱਗਦਾ ਹੈਂ, ਕੋਈ ਟੁੱਕੜਾ ਪਾ ਦੇਵੇਗਾ, ਤੂੰ ਚੰਗਾ ਲੱਗਦਾ ਕੰਮ ਸਿਰੇ ਚਾੜ੍ਹ ਦੇਵੇਂਗਾ ਨਾ। ਚੜ੍ਹਿਆ ਤੇ ਕੁਝ ਵੀ ਨਹੀਂ ਤੇਰਾ ਦਰ ਵੀ ਛੱਡ ਦੇਵਾਂਗੇ, ਤੇਰਾ ਘਰ ਵੀ ਛੋੜ ਦੇਵਾਂਗਾ। ਤੂੰ ਉਂਝ ਹੀ ਚੰਗਾ ਲੱਗਦਾ, ਤੇਰਾ ਹੋਣਾ ਇਹ ਹੀ ਕਾਫੀ ਹੈ, ਇਥੇ ਮਨੁੱਖ ਦੇ ਅੰਦਰ ਮਨੁੱਖਤਾ ਦਾ ਜਨਮ ਹੁੰਦਾ ਹੈ। ਇਨਸਾਨ ਦੇ ਅੰਦਰ ਇਨਸਾਨੀਅਤ ਦਾ ਜਨਮ ਹੁੰਦਾ ਹੈ, ਮੈਂ ਫਿਰ ਦੁਹਰਾਵਾਂ ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਮਨੁੱਖ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਦੇਵਤੇ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਰੱਬ ਦੀ ਤਰ੍ਹਾਂ ਜੀਅ ਸਕਦਾ ਹੈ, ਪ੍ਰਮਾਤਮਾ ਦੀ ਤਰ੍ਹਾਂ ਜੀਅ ਸਕਦਾ ਹੈ, ਪ੍ਰੇਮ ਦੇ ਵਿਚ ਬਰਾਬਰੀ ਹੁੰਦੀ ਹੈ, ਮਾਨਵਤਾ ਵਿਚ ਬਰਾਬਰੀ ਹੁੰਦੀ ਹੈ। ਜੈਸੇ ਤੁਸੀਂ ਸੁਣਦੇ ਹੋ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦ ਪੰਜਾਂ ਨੂੰ ਅੰਮ੍ਰਿਤ ਪਾਨ ਕਰਵਾਇਆ ਤੇ ਖਿਆਲ ਮੈਂ ਅੰਮ੍ਰਿਤ ਦੇਣ ਵਾਲਾ ਇਹ ਲੈਣ ਵਾਲੇ, ਦੇਣ ਦੇ ਨਾਤੇ ਮੈਂ ਦਾਤਾ, ਲੈਣ ਦੇ ਨਾਤੇ

ਭਿਖਾਰੀ। ਮੈਂ ਦੇਣ ਵਾਲਾ ਇਹ ਲੈਣ ਵਾਲੇ, ਦੇਣ ਦੇ ਨਾਤੇ ਮੈਂ ਗੁਰੂ, ਲੈਣ ਦੇ ਨਾਤੇ ਇਹ ਸਿੱਖ। ਇਹ ਸਿੱਖ ਇਹ ਤੇ ਫੇਰ ਬਰਾਬਰੀ ਨਹੀਂ, ਇਕ ਭਿਖਾਰੀ ਇਕ ਦਾਤਾ, ਇਕ ਸਿੱਖ ਤੇ ਇਕ ਗੁਰੂ, ਜਿਸ ਦੇ ਰੋਮ-ਰੋਮ ਵਿਚ ਅੰਮ੍ਰਿਤ ਹੈ, ਜਿਹਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਹੈ, ਜਿਹਦੇ ਬੋਲਾਂ ਵਿਚ ਅੰਮ੍ਰਿਤ ਹੈ, ਜਿਹਦੇ ਹੱਥਾਂ ਵਿਚ ਅੰਮ੍ਰਿਤ ਹੈ, ਜਿਹਦੇ ਕਦਮਾਂ ਵਿਚ ਵੀ ਅੰਮ੍ਰਿਤ ਹੈ। ਜਦੋਂ ਚੱਲੇ ਜ਼ਮੀਨ ਦੇ ਜ਼ੱਰਿਆਂ ਨੂੰ ਵੀ ਪਵਿੱਤਰ ਕਰਕੇ ਰੱਖ ਦੇਂਦਾ ਹੈ। ਉਹ ਇਹਨਾਂ ਪੰਜਾਂ ਦੇ ਕੋਲੋਂ ਹੱਥ ਜੋੜ ਕੇ ਮੰਗਦਾ ਹੈ, ਜਿਵੇਂ ਤੁਸੀਂ ਛਕਿਆ ਹੁਣ ਮੈਨੂੰ ਵੀ ਛਕਾਉ, ਮੈਨੂੰ ਵੀ ਅੰਮ੍ਰਿਤ ਪਾਨ ਕਰਾਉ। ਕੋਈ ਲੋੜ ਨਹੀਂ ਸੀ ਮੈਂ ਫਿਰ ਦੁਹਰਾਵਾਂ ਜਿਹਦੇ ਬੋਲਾਂ ਵਿਚ ਅੰਮ੍ਰਿਤ ਹੈ, ਜਿਹਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਹੈ, ਜਿਹਦੇ ਹਰ ਕਰਮ ਵਿਚ ਅੰਮ੍ਰਿਤ ਦੀ ਧਾਰਾ ਹੈ, ਉਹ ਕਿਉਂ ਮੰਗ ਰਿਹਾ ਹੈ ਬਰਾਬਰੀ ਹੋ ਜਾਵੇ ਬਰਾਬਰੀ ਹੋ ਜਾਏ ਭਾਈ ਫੇਰ ਦੂਜੇ ਭਾਈ ਗੁਰਦਾਸ ਨੂੰ ਕਹਿਣਾ ਪਿਆ, ਜੋ ਗੁਰੂ ਸੀ ਉਹ ਸਿੱਖ ਬਣ ਗਏ, ਜੋ ਸਿੱਖ ਸੀ ਉਹ ਗੁਰੂ ਬਣ ਗਏ ਨੇ, ਬਰਾਬਰੀ ਹੋ ਗਈ ਹੈ।

"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।"

(ਵਾਰ ੪੧/੧)

ਇਹ ਤੇ ਕਮਾਲ ਹੋ ਗਈ, ਇਥੋਂ ਸੱਚੀ ਇਨਸਾਨੀਅਤ ਦਾ ਜਨਮ ਹੁੰਦਾ, ਮਨੁੱਖਤਾ ਦਾ ਜਨਮ ਹੁੰਦਾ, ਫੇਰ ਹੋਰ ਤੀਜਾ ਸੰਬੰਧ ਐਹ ਗੁਰੂ ਤੋਂ ਕਿਤਨੀ ਬਰਾਬਰੀ ਦੇਵੇ, ਫੇਰ ਤੂੰ ਮਹਾਨ ਹੈਂ ਉੱਚਾ ਹੈਂ। ਐਹ ਪ੍ਰਭੂ ਤੂੰ ਕਿਤਨੀ ਬਰਾਬਰੀ ਦੇਣਾਂ। ਫੇਰ ਤੂੰ ਮਹਾਨ ਹੈਂ ਅਸੀਂ ਤੇਰੇ ਸਾਹਮਣੇ ਕੁਝ ਵੀ ਨਹੀਂ, ਕੁਝ ਵੀ ਨਹੀਂ, ਇਹ ਫੇਰ ਸ਼ਰਧਾ ਦਾ ਸੰਬੰਧ ਹੈ, ਪਹਿਲਾ ਸੰਬੰਧ ਲੋਭ ਦਾ ਸੰਬੰਧ ਪਸ਼ੂ, ਦੂਜਾ ਸੰਬੰਧ ਪ੍ਰੇਮ ਦਾ ਸੰਬੰਧ ਮਨੁੱਖ, ਤੀਜਾ ਸੰਬੰਧ ਸ਼ਰਧਾ ਦਾ ਸਬੰਧ, ਦੇਵਤਿਆਂ ਵਿਚ ਤੇ ਦੇਵਤਾ ਹੋ ਗਿਆ। ਸ਼ਰਧਾ ਮਨੁੱਖ ਨੂੰ ਫਰਿਸ਼ਤਾ ਬਣਾ ਦੇਂਦੀ ਹੈ, ਸ਼ਰਧਾ ਮਨੁੱਖ ਨੂੰ ਦੇਵਤਾ ਬਣਾ ਦੇਂਦੀ ਹੈ। ਹੁਣੇ ਜਥੇਦਾਰ ਸਾਹਿਬ ਮੈਨੂੰ ਕਹਿ ਰਹੇ ਸਨ, ਤੁਸੀਂ ਸਬੰਧ ਵਿਚ ਇਕ ਚਿੱਠੀ ਜ਼ਰੂਰ ਅਕਾਲ ਤਖਤ ਤੇ ਲਿਖਿਓ ਅਤੇ ਅੱਜ ਹੀ ਲਿਖ ਕੇ ਭੇਜਦਾ ਹਾਂ। ਮੈਂ ਵਾਅਦਾ ਕੀਤਾ ਮੈਂ ਫਾਰਗ ਹੋ ਕੇ ਅੱਜ ਹੀ ਲਿਖ ਕੇ ਫੈਕਸ ਕਰਕੇ ਭੇਜਾਂਗਾ। ਕੁਝ ਆਪਣੇ ਆਪ ਨੂੰ ਅਕਲ ਦੇ ਧਨੀ ਸਮਝਦੇ ਨੇ, ਉਹਨਾਂ ਦੇ ਲੇਖ ਤੇ ਬੋਲ ਗੁਰੂ ਗ੍ਰੰਥ ਸਾਹਿਬ ਦੇ ਖਿਲਾਫ ਵੀ ਲਿਖੇ। ਕੌਮ ਦੇ ਖਿਲਾਫ ਵੀ ਲਿਖੇ ਤੇ ਬਾਣੀ ਦੇ ਖਿਲਾਫ ਵੀ ਲਿਖੇ ਨੇ। ਸਿੱਖ ਰਹੁਰੀਤ ਦੇ ਖਿਲਾਫ ਵੀ ਲਿਖੇ ਨੇ, ਬੜੀ ਚਰਚਾ ਮੈਨੂੰ ਕਹਿਣ ਲੱਗੇ, ਵਿਸ਼ਵ ਸਿੱਖ ਪ੍ਰਚਾਰਕ ਸੰਸਥਾ ਦੀ ਤਰਫੋਂ ਤੁਹਾਡੇ ਵਿਚਾਰ ਵੀ ਆਉਣੇ ਚਾਹੀਦੇ ਨੇ। ਮੈਂ ਕਿਹਾ ਮੈਂ ਹਰ ਸਟੇਜ ਤੇ ਬੋਲਿਆ ਹਾਂ, ਮੈਂ ਲਿਖਤੀ ਨਹੀਂ ਦਿੱਤੇ। ਤੁਸੀਂ ਅੱਜ ਕਿਹਾ ਮੈਂ ਲਿਖਤੀ ਵੀ ਦੇ ਦੇਂਦਾਂ, ਉਸ ਸ਼ਰਧਾ ਤੋਂ ਹੀਣ ਮਨੁੱਖ ਨੇ ਲਿਖਿਆ ਹੈ ਰੁਮਾਲਿਆਂ ਵਿਚ ਇਕ ਪੋਥੀ ਨੂੰ ਠੱਪ ਕੇ ਰੱਖ ਦੇਣਾ। ਦਿਨ ਭਰ, ਇਹ ਲਫਜ਼ ਅੱਗੇ ਜੋ ਇਹ ਜ਼ਬਾਨ ਕਹਿ ਨਹੀਂ ਸਕਦੀ, ਉੱਫ ਆਪਣੇ ਆਪ ਨੂੰ ਸਿੱਖ ਕਹਿੰਦੇ, ਵਿਦਵਾਨ ਕਹਿੰਦੇ ਨੇ, ਅੰਮ੍ਰਿਤ ਦੀ ਰੀਤ ਤੇ ਵੀ ਤਰਕ ਕੀਤੀ ਹੈ, ਕਥਾ ਕੀਰਤਨ

ਤੇ ਵੀ ਤਰਕ ਕੀਤੀ ਹੈ। ਹੁਣ ਪਤਾ ਨਹੀਂ ਫੇਰ ਕੀ ਹੋਣਾ ਚਾਹੀਦਾ ਹੈ ? ਸ਼ਾਇਦ ਇਹ ਚਾਹੁੰਦੇ ਗੁਰਦੁਆਰਿਆਂ ਨੂੰ ਕਲੱਬ ਹੀ ਬਣਾ ਦੇਈਏ ਅਤੇ ਆਪਣੇ ਆਪ ਨੂੰ ਵਿਦਵਾਨ ਕਹਿੰਦੇ, ਵਿਦਵਾਨ ਹੋਣ ਦਾ ਇਤਨਾ ਮਤਲਬ ਸ਼ਰਧਾ ਤੋਂ ਹੀਣਾ ਹੋਣਾ, ਸ਼ਰਧਾ ਕੋਈ ਚੀਜ਼ ਨਹੀਂ। ਮੈਂ ਅਰਜ਼ ਕਰਾਂ ਇਸ ਤਰ੍ਹਾਂ ਦੇ ਬੰਦੇ ਤੇ ਮਨੁੱਖ ਵੀ ਨਹੀਂ ਜੇ, ਬਿਲਕੁਲ ਪਸ਼ੂਆਂ ਦੇ ਤਲ ਦੀ ਤਰ੍ਹਾਂ ਜੀਅ ਰਹੇ ਨੇ, ਬਿਲਕੁਲ ਥੱਲੇ ਬਿਲਕੁਲ ਥੱਲੇ। ਹੇ ਗੁਰੂ ਤੂੰ ਮਹਾਨ ਹੈਂ; ਤੇਰੀ ਗਤ ਮਿਤ ਅਸੀਂ ਨਹੀਂ ਸਮਝ ਸਕਦੇ, ਤੇਰਾ ਪਾਰਾਵਾਰ ਅਸੀਂ ਨਹੀਂ ਪਾ ਸਕਦੇ, ਤੇਰੇ ਰਾਜ ਨੂੰ ਅਸੀਂ ਨਹੀਂ ਸਮਝ ਸਕਦੇ, ਤੇਰੀ ਅਹਿਮੀਅਤ ਨੂੰ ਨਾ ਤੋਲ ਸਕਦੇ ਹਾਂ, ਨਾ ਗਿਣ ਸਕਦੇ ਹਾਂ, ਨਾ ਨਾਪ ਸਕਦੇ ਹਾਂ, ਤੂੰ ਮਹਾਨ ਹੈਂ, ਤੂੰ ਮਹਾਨ ਹੈਂ, ਮਹਾਨ ਹੈਂ। ਮੈਂ ਸਭ ਕੁਝ ਵੀ ਨਹੀਂ। '*ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥*' ਕਿਸ ਤਰ੍ਹਾਂ ਮੈਂ ਤੇਰਾ ਅੰਤੁ ਲਹਾਂ। ਮੈਂ ਕਿਸ ਤਰ੍ਹਾਂ ਤੈਨੂੰ ਨਾਪਾਂ ਤੋਲਾਂ, ਤੂੰ ਮਹਾਨ ਹੈਂ, ਇਸ ਤਰ੍ਹਾਂ ਦਾ ਸਬੰਧ ਕੋਈ ਗੁਰੂ ਤੇ ਪ੍ਰਮਾਤਮਾ ਨਾਲ ਬਣਾਉਂਦਾ, ਇਹ ਸੰਬੰਧ ਮਨੁੱਖ ਨੂੰ ਦੇਵਤਾ ਬਣਾ ਦੇਂਦਾ ਹੈ। ਫਰਿਸ਼ਤਾ ਬਣਾ ਦੇਂਦਾ, ਬੜੀ ਸੂਸ਼ਮ ਦੁਨੀਆਂ ਦਾ ਮਾਲਕ ਬਣਾ ਦੇਂਦਾ ਹੈ, ਅਗੰਮੀ ਕਰਾਮਾਤਾਂ ਦੀਆਂ ਦਾਤਾਂ ਬਣਾ ਦੇਂਦਾ :

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥

(ਪੰਨਾ ੬੪੯)

ਖੇਡ ਬੜੀ ਅਗੰਮੀ, ਦੁਨੀਆਂ ਪਸ਼ੂ ਦੀ ਤਰ੍ਹਾਂ ਜੀਵਣਾ, ਮਨੁੱਖ ਦੀ ਤਰ੍ਹਾਂ ਜੀਵਣਾ, ਦੇਵਤਿਆਂ ਦੀ ਤਰ੍ਹਾਂ ਜੀਵਣਾ। ਮਨੁੱਖ ਸੁਤੰਤਰ ਹੈ ਕੋਈ ਵੀ ਜੀਵਨ ਨੂੰ ਅਪਣਾ ਸਕਦਾ ਹੈ, ਚੌਥਾ ਰੱਬ ਦੀ ਤਰ੍ਹਾਂ ਜੀਵਣਾ। ਰਵੀਦਾਸ ਕਹਿੰਦੇ ਨੇ ਸ਼ਰਧਾ ਵਿਚ ਪ੍ਰਭੂ ਵੱਡਾ ਹੈ, ਮਹਾਨ ਹੈ, ਸ਼ਰਧਾਲੂ ਹੈ, ਨਿੱਕੀ ਜਿਹੀ ਮੱਛਲੀ ਉਹ ਤੇ ਸਾਗਰ ਦੀ ਤਰ੍ਹਾਂ ਮਹਾਨ, ਉਹ ਤੇ ਸੂਰਜ ਦੀ ਤਰ੍ਹਾਂ ਮਹਾਨ ਹੈ, ਨਿੱਕਾ ਜਿਹਾ ਮੱਛਰ ਸ਼ਰਧਾ ਦੀ ਦੁਨੀਆਂ ਵਿਚ, ਲੇਕਿਨ ਭਗਤੀ ਦਾ ਸੰਬੰਧ ਭਗਤੀ, ਤੇ ਫਿਰ ਪਤਾ ਭਗਤ ਕੀ ਕਹਿੰਦਾ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

(ਪੰਨਾ ੯੩)

ਪ੍ਰਭੂ ਤੂੰ ਮਹਾਨ ਸਹੀ, ਤੇਰੇ ਤੇ ਮੇਰੇ ਵਿਚ ਕੀ ਅੰਤਰ, ਆਪਾਂ ਇਕੋ ਹੀ, ਇਕੋ ਹੀ। ਠੀਕ ਤੂੰ ਸਾਗਰ ਹੈਂ ਮੈਂ ਲਹਿਰ ਹਾਂ, ਪਰ ਮੈਂ ਤੇਰੀ ਲਹਿਰ ਹਾਂ ਤੂੰ ਸਾਗਰ ਹੈਂ, ਮੈਂ ਲਹਿਰ ਹਾਂ, ਪਰ ਮੈਂ ਤੇਰੀ ਲਹਿਰ ਹਾਂ ਤੂੰ ਸੂਰਜ ਹੈਂ ਮੈਂ ਕਿਰਨ ਹਾਂ, ਪਰ ਮੈਂ ਤੇਰੀ ਹੀ ਕਿਰਣ ਹਾਂ, ਤੇਰੇ ਮੇਰੇ ਵਿਚ ਕੀ ਅੰਤਰ ਹੈ ? ਤੇਰੇ ਮੇਰੇ ਵਿਚ ਕੀ ਫਰਕ ਹੈ ?

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

ਕੀ ਅੰਤਰ ਹੈ :

ਕਨਕ ਕਟਿਕ ਜਲ ਤਰੰਗ ਜੈਸਾ॥ ੧॥

(ਪੰਨਾ ੯੩)

ਜੈਸੇ ਸਾਗਰ ਤੇ ਸਾਗਰ ਦੀ ਲਹਿਰ ਕੋਈ ਵੱਖ ਹੈ, ਉਸ ਤੋਂ ਕੀ ਹੋਇਆ, ਤੂੰ ਸਾਗਰ ਹੈਂ ਮੈਂ ਲਹਿਰ ਹਾਂ, ਪਰ ਮੈਂ ਤੇਰੀ ਹੀ ਲਹਿਰ ਹਾਂ, ਤੇਰਾ ਹੀ ਰੂਪ ਹਾਂ, ਕੀ ਹੋਇਆ ਤੂੰ ਸੂਰਜ ਹੈਂ ਮੈਂ ਕਿਰਣ ਹਾਂ, ਪਰ ਮੈਂ ਤੇਰੀ ਹੀ ਕਿਰਣ ਹਾਂ। ਸ਼ਮਸ ਤਬਰੇਜ਼ ਕਹਿੰਦੇ ਨੇ ਬੜਾ ਸੁੰਦਰ *'ਮਨ ਤੋਹ ਸ਼ੁਧੀ ਤੋ ਮਨ ਸ਼ੁਧੀ, ਮਨ ਪੋਹ ਸ਼ੁਧੀ ਤੋ ਮਨ ਸ਼ੁਧੀ। ਮਨ ਜਾਂ ਸ਼ੁਧੀ ਤੋ ਤਨ ਸ਼ੁਧੀ। ਇਹ ਕਸਨਾਂ ਗੋਅਦ ਬਾਹਰ ਅਜੀਨ ਮਨ ਦੀ ਗਰਮ ਤੋ ਦੀਗਰੀ।'* ਫਿਰ ਕੋਈ ਇਹ ਨਾ ਆਖੇ ਤੂੰ ਹੋਰ ਹੈ ਮੈਂ ਹੋਰ ਹਾਂ, ਤੂੰ ਮੈਂ ਹੋ ਜਾਏ ਮੈਂ ਤੂੰ ਹੋ ਜਾਵਾਂ, ਮੈਂ ਤਨ ਹੋ ਜਾਵਾਂ ਤੂੰ ਜਾਨ ਹੋ ਜਾਵੇਂ। ਕੋਈ ਫੇਰ ਇਹ ਨਾ ਆਖੇ ਸ਼ਮਸ ਤਬਰੇਜ਼ ਹੋਰ ਹੈ, ਖੁਦਾ ਕੋਈ ਹੋਰ ਹੈ :

ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੨॥

(ਦਸਮ ਗ੍ਰੰਥ)

ਇਹ ਭਗਤੀ ਦਾ ਸਮਾਂ, ਭਗਤੀ ਮਨੁੱਖ ਨੂੰ ਭਗਵਾਨ ਬਣਾ ਦੇਂਦੀ ਹੈ, ਸ਼ਰਧਾ ਮਨੁੱਖ ਨੂੰ ਦੇਵਤਾ ਬਣਾ ਦੇਂਦੀ ਹੈ, ਪ੍ਰੇਮ ਮਨੁੱਖ ਦੇ ਅੰਦਰ ਮਨੁੱਖਤਾ ਨੂੰ ਜਨਮ ਦੇਂਦਾ ਹੈ, ਲੋਭ ਮਨੁੱਖ ਨੂੰ ਪਸ਼ੂ ਬਣਾ ਦੇਂਦਾ ਹੈ। ਮਹਾਰਾਜ ਕਹਿੰਦੇ ਕੁੱਤਾ ਵੀ ਬਣਾ ਦੇਂਦਾ :

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥

(ਪੰਨਾ ੫੦)

ਸਿਰਫ ਲੋਭ ਦਾ ਰਿਸ਼ਤਾ ਹੋਰ ਕੁਝ ਵੀ ਨਹੀਂ। ਪਿਤਾ ਕੋਲੋਂ ਕੁਝ ਮਿਲਦਾ, ਇਸ ਕਰਕੇ ਚੰਗਾ ਲੱਗਦਾ, ਹੋਰ ਕੋਈ ਮਤਲਬ ਨਹੀਂ ਹੈਗਾ। ਭਰਾ ਤੋਂ ਕੁਝ ਮਿਲਦਾ ਹੈ, ਇਸ ਕਰਕੇ ਭਰਾ ਚੰਗਾ ਲਗਦਾ। ਜਿਸ ਦਿਨ ਮਿਲਣਾ ਬੰਦ ਹੋ ਗਿਆ, ਇਹ ਭਰਾਤਾ, ਭਾਈਚਾਰਾ, ਦੁਸ਼ਮਣੀ ਵਿਚ ਬਦਲ ਜਾਏਗਾ। ਮਿੱਤਰ ਕੋਲੋਂ ਕੁਝ ਮਿਲਦਾ, ਪਤਨੀ ਤੋਂ ਕੁਝ ਮਿਲਦਾ, ਪਤੀ ਤੋਂ ਕੁਝ ਮਿਲਦਾ ਹੈ, ਇਸ ਦਾ ਸੰਬੰਧ ਹੈ। *'ਅਪਨੇ ਲੋਭ ਕਉ ਕੀਨੋ ਮੀਤੁ॥'*

ਸਿਰਫ ਲੈਣ ਦਾ ਰਿਸ਼ਤਾ, ਪ੍ਰੇਮ ਵਿਚ ਦੇਣ ਦਾ ਰਿਸ਼ਤਾ, ਸ਼ਰਧਾ ਵਿਚ ਨਿਸ਼ਾਵਰ ਹੋਣ ਦਾ ਰਿਸ਼ਤਾ, ਭਗਤੀ ਵਿਚ ਰਿਸ਼ਤਾ, ਕੀ ਅੰਤਰਾ ਮਿਟ ਗਿਆ ਤੂੰ ਮੈਂ ਹਾਂ ਮੈਂ ਤੂੰ :

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਇਹ ਚਾਰ ਤਰ੍ਹਾਂ ਦੀਆਂ ਸੰਭਾਵਨਾਂ ਮਨੁੱਖ ਦੇ ਅੰਦਰ ਛੁਪੀਆਂ ਹੋਈਆਂ ਨੇ। ਬਹੁਗਿਣਤੀ ਪਸ਼ੂਆਂ ਦੀ ਹੈ, ਥੋੜੇ-ਥੋੜੇ ਬਹੁਤ ਥੋੜੇ ਫਿਰ ਪ੍ਰੇਮੀ ਮਨੁੱਖ ਨੇ, ਮਨੁੱਖ ਬਹੁਤ ਥੋੜੇ

ਨੇ। ਇਸ ਚੱਕਰ ਵਿਚ ਨਾ ਪੈਣਾ ਛੇ ਅਰਬ ਮਨੁੱਖ ਨੇ ਇਸ ਵਕਤ ਇਸ ਪ੍ਰਿਥਵੀ ਤੇ, ਜਨ ਗਣਨਾ ਤੇ ਇਹ ਕਹਿ ਰਹੀ ਹੈ। ਬਹੁਤ ਥੋੜ੍ਹੇ ਨੇ ਫਰਿਸ਼ਤੇ ਦੇਵਤੇ, ਹਰ ਕਲੋਨੀ ਵਿਚ ਨਹੀਂ ਹੁੰਦੇ ਬਲਕਿ ਹਰ ਸ਼ਹਿਰ ਵਿਚ ਵੀ ਨਹੀਂ ਹੁੰਦੇ, ਹਰ ਸ਼ਹਿਰ ਵਿਚ ਸਾਇੰਸਟਿਸਟ ਹੁੰਦੇ ਨੇ, ਇੰਜੀਨੀਅਰ ਹੁੰਦੇ ਨੇ, ਦਾਰਸ਼ਨਿਕ, ਫਿਲਾਸਫਰ ਹੁੰਦੇ ਨੇ, ਧਨਵਾਨ ਹੁੰਦੇ ਨੇ, ਕਲਾਕਾਰ ਹੁੰਦੇ ਨੇ, ਹਰ ਸ਼ਹਿਰ ਵਿਚ ਫਰਿਸ਼ਤੇ ਨਹੀਂ ਹੁੰਦੇ। ਹੋਰ ਸੁਣ ਲਉ ਜੋ ਪਸ਼ੂ ਦੀ ਤਰ੍ਹਾਂ ਜੀਵਿਆ, ਪਸ਼ੂ ਦੀ ਤਰ੍ਹਾਂ ਮਰ ਗਿਆ, ਅਗਲਾ ਜਨਮ ਪਸ਼ੂ ਦਾ ਜੋ ਮਨੁੱਖ ਦੀ ਤਰ੍ਹਾਂ ਜੀਵਿਆ, ਮਨੁੱਖਾਂ ਦੀ ਤਰ੍ਹਾਂ ਮਰ ਗਿਆ, ਅਗਲਾ ਜਨਮ ਮਨੁੱਖਾਂ ਦਾ। ਜੋ ਦੇਵਤਿਆਂ ਦੀ ਤਰ੍ਹਾਂ ਜੀਵਿਆ, ਦੇਵਤਿਆਂ ਦੀ ਤਰ੍ਹਾਂ ਰੁਖਸਤ ਹੋ ਗਿਆ, ਅਗਲਾ ਜਨਮ ਦੇਵਤੇ ਦਾ। ਜਿਹੜਾ ਜੀਵਿਆ ਹੀ ਪ੍ਰਮਾਤਮਾ ਦੀ ਤਰ੍ਹਾਂ, ਉਹ ਜਗਤ ਤੋਂ ਰੁਖਸਤ ਕੀ ਹੋਇਆ, ਉਹ ਪ੍ਰਮਾਤਮਾ ਹੀ ਹੋ ਗਿਆ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਪੰਨਾ ੮੪੬)

ਬੂੰਦ ਸਾਗਰ ਹੋ ਗਈ 'ਮਨ ਤੋਹ ਸ਼ੁਧੀ, ਤੋ ਮਨ ਸੁਦਮ ਮਨ ਜਹਾਂ ਸ਼ੁਧੀ ਤੋ ਤਨ ਸ਼ੁਧੀ ਈਕਸ ਨਾ ਗਧ ਬਾਟ ਅਜੀਨ ਮਨ ਦੀਗਰਮ ਤੋ ਦੀਗਰੀ।' ਸਮਸਤਰਬੇਜ਼ ਕਹਿੰਦੇ ਨੇ : ਖ਼ੁਦਾ ਇੰਝ ਰਿਸ਼ਤਾ ਨਹੀਂ ਜਿਹੜਾ ਮੈਂ ਜਿਉਂਦਾ ਪਿਆ, ਤੂੰ ਮੈਂ ਹੋ ਜਾਏਂ, ਮੈਂ ਤਨ ਹੋ ਜਾਵਾਂ, ਤੂੰ ਜਾਨ ਹੋ ਜਾਵੇਂ, ਕੋਈ ਫੇਰ ਉਂਗਲ ਇੰਝ ਨਾ ਉਠਾਏ। ਸ਼ਮਸ ਤਬਰੇਜ਼ ਕੋਈ ਹੋਰ ਹੈ, ਖ਼ੁਦਾ ਕੋਈ ਹੋਰ ਹੈ, ਖ਼ੁਦਾ ਇੰਝ ਰਿਸ਼ਤਾ ਇਕੋ ਹੈ ਇਕੋ ਹੈ, ਤੋ ਮੈਂ ਫੇਰ ਦੁਹਰਾਵਾਂ ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਮਨੁੱਖ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਦੇਵਤੇ ਦੀ ਤਰ੍ਹਾਂ ਜੀਅ ਸਕਦਾ ਹੈ, ਮਨੁੱਖ ਰੱਬ ਦੀ ਤਰ੍ਹਾਂ ਜੀਅ ਸਕਦਾ ਹੈ, ਇਸ ਦਾ ਫੈਸਲਾ ਅਸੀਂ ਖ਼ੁਦ ਕਰਨਾ ਹੈ, ਕਿਸ ਤਰ੍ਹਾਂ ਜੀਅ ਰਹੇ ਹਾਂ, ਕਿਸ ਤਰ੍ਹਾਂ ਜੀਅ ਰਹੇ ਹਾਂ। ਇਹ ਸਤਿਸੰਗ, ਇਹ ਕੀਰਤਨ, ਇਹ ਗੁਰੂ ਦੀ ਸੰਗਤ,

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ੧॥

(ਪੰਨਾ ੪੬੨)

ਇਹ ਮਨੁੱਖ ਨੂੰ ਦੇਵਤਾ ਬਣਾਉਣ ਵਾਸਤੇ ਹੈ, ਕਿਉਂਕਿ ਰੱਬ ਹੋਣ ਵਾਸਤੇ ਪਹਿਲੇ ਦੇਵਤਾ ਹੋਣਾ ਪਏਗਾ। ਪ੍ਰਭੂ ਦੇ ਬਹੁਤ ਨੇੜੇ ਹੈ, ਦੇਵਤਾ ਫਰਿਸ਼ਤਾ। ਸਤਿਗੁਰੂ ਰਹਿਮਤ ਕਰਨ, ਪ੍ਰਕਾਸ਼ ਉਤਸਵ ਮਨਾਉਂਦੇ ਹੋਏ ਪੂਰਨ ਚਾਨਣਾ ਅੰਦਰ ਹੋਵੇ ਤੇ ਤੁਸੀਂ ਪ੍ਰਭੂ ਦੀ ਤਰ੍ਹਾਂ ਜੀਅ ਸਕੋ, ਫਿਰ ਕਦੀ *'ਨਾਉ ਸੰਜੋਗੀ ਮੇਲੇ'*। ਸਤਿਗੁਰੂ ਸਹਿਤ ਬਖਸ਼ਣ, ਜ਼ਿੰਦਗੀ ਬਖਸ਼ਣ, ਇਹਨਾਂ ਪਿਆਰੀਆਂ ਸੰਗਤਾਂ ਦੇ ਦਰਸ਼ਨ ਹੋਣ ਤੇ ਕਈ ਦਫਾ ਤੁਹਾਨੂੰ ਵੇਖ ਕੇ

ਅਰਦਾਸ ਨਿਕਲਦੀ ਹੈ, ਜੋ ਸਿੱਖੀ ਦਾ ਸਰੂਪ ਤੁਹਾਡੇ ਕੋਲ ਹੈ ਸਤਿਗੁਰੂ ਬਣਾਈ ਰਖੇ, ਕਿਉਂਕਿ ਜਗ੍ਹਾ-ਜਗ੍ਹਾ ਫੁਰਮਾਣ ਦੇਂਦਾ ਹੁੰਦਾ, ਜਦ ਦੇਖਣਾ ਕੋਈ ਕੇਸਾਂ ਦੀ ਬੇਅਦਬੀ ਕਰੀ ਬੈਠਾ, ਕੋਈ ਮੁੱਛਾਂ ਤਰਾਸ਼ਦਾ, ਕੋਈ ਦਾੜ੍ਹੀ ਤਰਾਸ਼ਦਾ, ਸਿੱਖ ਹੋ ਕੇ, ਫੇਰ ਮੈਂ ਉਹਨਾਂ ਨੂੰ ਕਹਿੰਦਾਂ ਅਫਗਾਨੀ ਸਿੱਖਾਂ ਤੋਂ ਕੁਝ ਸਿੱਖੋ। ਇਹਨਾਂ ਅਫਗਾਨਿਸਤਾਨ ਦੀਆਂ ਪਿਆਰੀਆਂ ਸੰਗਤਾਂ ਕੋਲੋਂ ਕੁਝ ਸਿੱਖੋ, ਪਰ ਕਈ ਦਫਾ ਉਦੋਂ ਮੈਨੂੰ ਬਹੁਤ ਸ਼ਰਮ ਆ ਜਾਂਦੀ ਜਦ ਕਿਸੇ ਅਫਗਾਨੀ ਨੇ ਵੀ ਮੁੱਛਾਂ ਤਰਾਸ਼ੀਆਂ ਹੁੰਦੀਆਂ ਜਾਂ ਦਾੜ੍ਹੀ ਕਤਰੀ ਹੁੰਦੀ ਹੈ, ਉਦੋਂ ਚੋਟ ਲੱਗ ਜਾਂਦੀ ਹੈ। ਇੰਗਲੈਂਡ ਵਿਚ ਦੇਖ ਕੇ, ਜਰਮਨੀ ਵਿਚ ਦੇਖ ਕੇ ਨਿਊਯਾਰਕ ਵਿਚ ਵੇਖ ਕੇ, ਮੈਨੂੰ ਚੋਟ ਬੜੀ ਲੱਗੀ। ਮੈਂ ਕਿਹਾ ਨਹੀਂ ਜਲਾਲਾਬਾਦ ਤੇ ਕਾਬਲ ਤੇ ਐਸਾ ਨਹੀਂ, ਗਜ਼ਨੀ ਤੇ ਐਸਾ ਨਹੀਂ ਸੀ, ਅਫਗਾਨਿਸਤਾਨ ਨੇ ਤੁਹਾਨੂੰ ਪੱਕਾ ਸਿੱਖ ਬਣਾਈ ਰੱਖਿਆ, ਇਹ ਹਿੰਦੋਸਤਾਨ ਨੇ, ਇੰਗਲੈਂਡ, ਜਰਮਨੀ, ਇਹਨੇ ਤੁਹਾਡੀ ਸਿੱਖੀ ਨੂੰ ਗਵਾ ਛੱਡਿਆ। ਇਹ ਗੱਲ ਕੀ ਹੈ? ਇਹ ਅਰਦਾਸ ਹੈ, ਸਿੱਖੀ ਸਰੂਪ ਜੋ ਤੁਹਾਡੇ ਕੋਲ ਹੈ ਧੰਨ ਗੁਰੂ ਗ੍ਰੰਥ ਸਾਹਿਬ ਬਣਾਈ ਰੱਖਣ ਅਤੇ ਸਿੱਖੀ ਦਾ ਮਾਣ ਤਾਣ ਜੋ ਤੁਹਾਡਾ ਬਣਿਆ ਰਹੇ। ਗੁਰੂ ਨਾਨਕ ਦੀਆਂ ਬਖਸ਼ਿਸ਼ਾਂ ਤੁਹਾਡੀ ਝੋਲੀ ਵਿਚ ਪੈਂਦੀਆਂ ਰਹਿਣ। ਇਤਨੀ ਸੇਵਾ ਪ੍ਰਵਾਨ, ਸਾਰਿਆਂ ਦਾ ਧੰਨਵਾਦ, ਭੁੱਲ ਚੁੱਕ ਦੀ ਖਿਮਾਂ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਅਨਿਕ ਰੂਪ

ੴ ਸਤਿਨਾਮੁ ਕਰਤਾ ਪੁਰਖ ਨਿਰਭਉ
ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਪਰੀਪੂਰਨ ਪਰਮਾਤਮਾ ਅਨੰਤ ਸ਼ਕਤੀਆਂ ਦਾ ਮਾਲਕ ਹੈ। ਅਨੰਤ ਕਲਾਧਾਰਨੀ ਹੈ ਅਤੇ ਅਨੰਤ ਗੁਣ ਉਸ ਤੋਂ ਪ੍ਰਗਟ ਹੁੰਦੇ ਹਨ। ਜਿਹੜਾ-ਜਿਹੜਾ ਗੁਣ ਜਿਹੜੀ-ਜਿਹੜੀ ਕਲਾ ਅਤੇ ਜਿਹੜੀ-ਜਿਹੜੀ ਸ਼ਕਤੀ ਦੀ ਝਲਕ ਭਗਤਾਂ ਦੀ ਦ੍ਰਿਸ਼ਟੀ ਵਿਚ ਪਈ ਭਗਤਾਂ ਨੇ ਉਸੇ ਢੰਗ ਦੇ ਉਸ ਕਲਾ, ਉਸ ਸ਼ਕਤੀ ਦੇ ਗੀਤ ਗਾਏ ਨੇ। ਵੇਦਾਂਤ ਅਚਾਰੀਆ ਵਿਆਸ ਦਾ ਇਹ ਕਹਿਣਾ ਹੈ ਕਿ ਜੈਸੀ ਮਨੁੱਖ ਦੀ ਦ੍ਰਿਸ਼ਟੀ ਹੁੰਦੀ ਵੈਸੀ ਹੀ ਸ੍ਰਿਸ਼ਟੀ ਹੋ ਜਾਂਦੀ ਹੈ। ਸੰਸਾਰ ਦਰਅਸਲ ਇਕ ਰੂਪ ਨਹੀਂ, ਜੈਸੀਆਂ-ਜੈਸੀਆਂ ਮਨੁੱਖ ਦੀਆਂ ਨਜ਼ਰਾਂ ਨੇ ਵੈਸੇ-ਵੈਸੇ ਸੰਸਾਰ ਦੇ ਨਜ਼ਾਰੇ ਨੇ। ਜੈਸੀ-ਜੈਸੀ ਬੰਦੇ ਦੀ ਦ੍ਰਿਸ਼ਟੀ ਹੈ ਵੈਸੇ-ਵੈਸੇ ਸ੍ਰਿਸ਼ਟੀ ਦਾ ਰੂਪ ਹੋ ਜਾਂਦਾ ਹੈ। ਇਕ ਖਿੜਿਆ ਹੋਇਆ ਗੁਲਾਬ ਦਾ ਫੁੱਲ ਉਸਨੂੰ ਇਕ ਬਿੱਲੀ ਵੇਖ ਰਹੀ ਹੈ, ਉਸਦੇ ਦੇਖਣ ਦਾ ਆਪਣਾ ਢੰਗ ਹੈ। ਪਰ ਉਸੇ ਖਿੜੇ ਹੋਏ ਗੁਲਾਬ ਦੇ ਫੁੱਲ ਨੂੰ ਜਦ ਇਕ ਕੁੱਤਾ ਦੇਖਦਾ ਹੈ ਉਸਦੀ ਦ੍ਰਿਸ਼ਟੀ ਆਪਣੀ ਹੈ। ਜੋ ਰੂਪ ਬਿੱਲੀ ਨੂੰ ਦਿਖਾਈ ਦੇ ਰਿਹਾ ਜ਼ਰੂਰੀ ਨਹੀਂ ਉਹ ਹੀ ਰੂਪ ਕੁੱਤੇ ਨੂੰ ਦਿਖਾਈ ਦੇਵੇ। ਉਸ ਖਿੜੇ ਹੋਏ ਗੁਲਾਬ ਦੇ ਫੁੱਲ ਨੂੰ ਜਦੋਂ ਇਕ ਬੱਕਰੀ ਦੇਖਦੀ ਹੈ ਕਈ ਦਫਾ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਉਸ ਨੂੰ ਇਹ ਘਾਸ ਹੀ ਦਿਖਾਈ ਦੇਂਦਾ ਹੈ, ਹੋਰ ਕੁਝ ਨਹੀਂ। ਉਸੇ ਫੁੱਲ ਨੂੰ ਇਕ ਸੱਪ ਦੇਖਦਾ, ਇਕ ਆਮ ਸਾਧਾਰਨ ਮਨੁੱਖ ਦੇਖਦਾ, ਉਹ ਕਿਸੇ ਹੋਰ ਢੰਗ ਨਾਲ ਦੇਖਦਾ ਹੈ। ਪਰ ਜਦ ਉਸੇ ਫੁੱਲ ਨੂੰ ਕਵੀ ਦੇਖਦਾ, ਸ਼ਾਇਰ ਦੇਖਦਾ, ਉਹ ਫੁੱਲ ਦੀ ਸੁੰਦਰਤਾ ਕੋਮਲਤਾ ਦੇ ਬਹੁਤ ਗਹਿਰੇ ਤਲ ਵਿਚ ਖੋਹ ਜਾਂਦਾ ਹੈ ਔਰ ਕਵੀ ਦੇ ਅੰਦਰੋਂ ਅਗੰਮੀ ਗੀਤ ਫੁੱਟ ਪੈਂਦਾ। ਫੁੱਲ ਤਾਂ ਉਹ ਹੀ ਹੈ ਪਰ ਵੇਖਣ-ਵੇਖਣ ਦੀ ਦ੍ਰਿਸ਼ਟੀ ਵੱਖ ਹੋਣ ਕਰਕੇ ਫੁੱਲ ਦਾ ਰੂਪ ਹੀ ਵੱਖ ਹੋ ਜਾਂਦਾ।

ਸੋ ਜਿਤਨੀਆਂ ਹੀ ਦ੍ਰਿਸ਼ਟੀਆਂ ਨੇ ਉਤਨੀਆਂ ਹੀ ਸ੍ਰਿਸ਼ਟੀਆਂ ਨੇ। ਜਿਤਨੀਆਂ ਨਜ਼ਰਾਂ ਨੇ ਉਤਨੇ ਹੀ ਨਜ਼ਾਰੇ ਨੇ। ਜੇ ਸ੍ਰਿਸ਼ਟੀ ਦੇ ਅਨੇਕਾਂ ਰੂਪ ਹੋ ਸਕਦੇ ਨੇ, ਤੱਕਨੀ ਵੱਖ-ਵੱਖ ਹੋਣ ਦੇ ਨਾਤੇ ਪ੍ਰਮਾਤਮਾ ਦੇ ਅਨੇਕਾਂ ਰੂਪ ਹੋ ਸਕਦੇ ਨੇ। ਪਰਮਾਤਮਾ ਦੇ ਵੀ ਵੱਖ-ਵੱਖ ਰੂਪ ਭਗਤਾਂ ਦੇ ਸਾਹਮਣੇ ਆਏ ਤੇ ਭਗਤਾਂ ਨੇ ਪਰਮਾਤਮਾ ਦੇ ਵੱਖ-ਵੱਖ ਰੂਪ ਦੀ ਚਰਚਾ ਕੀਤੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਫੁਰਮਾਣ ਕਿ ਇਹ ਕਥਨੀਆਂ ਇਤਨੀਆ ਨੇ, ਵੱਖ-

ਵੱਖ ਰੂਪ ਨੇ ਜਿਨ੍ਹਾਂ ਨੂੰ ਪੂਰਨ ਰੂਪ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

(ਜਪੁਜੀ ਸਾਹਿਬ)

ਕਰੋੜਾਂ ਤਰ੍ਹਾਂ ਦੇ ਕਥਾਕਾਰਾਂ ਨੇ ਕਰੋੜਾਂ ਤਰ੍ਹਾਂ ਦੀਆਂ ਕਥਨੀਆਂ ਕਰੋੜਾਂ ਵਾਰ ਕੀਤੀਆਂ। ਲੇਕਿਨ ਹੇ ਈਸ਼ਵਰ! ਤੇਰੀ ਕਥਾ ਅਜੇ ਮੁੱਕੀ ਨਹੀਂ, ਖਤਮ ਨਹੀਂ ਹੋਈ। ਕਥਾ ਕਰਨ ਵਾਲਾ ਤੇ ਖਤਮ ਹੋ ਜਾਂਦਾ ਹੈ, ਲੇਕਿਨ ਤੇਰੀ ਗੱਲ ਮੁੱਕਦੀ ਨਹੀਂ, ਤੇਰੀ ਕਥਾ ਮੁੱਕਦੀ ਨਹੀਂ, ਕਿਉਂਕਿ ਤੂੰ ਅਨੇਕਾਂ ਗੁਣਾਂ, ਅਨੰਤ ਕਲਾ ਤੇ ਅਨੰਤ ਸ਼ਕਤੀਆਂ ਦਾ ਮਾਲਕ ਹੈਂ। ਪਰੀਪੂਰਨ ਪਰਮਾਤਮਾ ਦੀ ਜਿਹੜੀ-ਜਿਹੜੀ ਸ਼ਕਤੀ ਕਲਾ ਤੇ ਜਿਹੜਾ-ਜਿਹੜਾ ਗੁਣ ਸਾਹਮਣੇ ਆਇਆ ਹੈ ਭਗਤਾਂ ਨੇ ਉਸਦਾ ਬੜੇ ਸੁੰਦਰ ਢੰਗ ਨਾਲ ਵਰਨਣ ਕੀਤਾ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਜਪੁਜੀ ਸਾਹਿਬ ਦੀ ਉਚਾਰਨ ਕੀਤੀ ਇਸ ਪਉੜੀ ਦੇ ਵਿਚ ਕੁਝ ਵੀ ਦ੍ਰਿਸ਼ਟੀਆਂ ਦਾ ਜ਼ਿਕਰ ਕੀਤਾ।

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

(ਜਪੁਜੀ ਸਾਹਿਬ)

ਜੇ ਕਿਸੇ ਕੋਲ ਸਮਝਣ ਦਾ ਤਾਨ ਹੈ, ਕਥਨ ਕਰਨ ਦਾ ਤਾਨ ਹੈ ਤਾਂ ਉਹ ਕਹਿ ਰਿਹਾ ਹੈ ਕਿ ਹੇ ਪਰਮਾਤਮਾ! ਤੂੰ ਇਕ ਤਾਨ ਹੈਂ, ਤੂੰ ਇਕ ਸ਼ਕਤੀ ਹੈਂ, ਪਰ ਇਹ ਸ਼ਕਤੀ ਕਿਤਨੀ ਹੈ,

"ਕੇਤਾ ਤਾਣੁ ਸੁਆਲਿਹੁ ਰੂਪੁ॥"

ਸਾਹਿਬ ਕਹਿੰਦੇ ਇਹ ਸ਼ਕਤੀ ਕਿਤਨੀ ਹੈ, ਅੰਦਾਜ਼ੇ ਤੋਂ ਪਰ੍ਹੇ ਹੈ। ਕਿਸ ਦੇ ਕੋਲ ਇਹ ਕੁੱਵਤ ਹੈ, ਕਿਸ ਦੇ ਕੋਲ ਇਹ ਸ਼ਕਤੀ ਹੈ ਕਿ ਉਸ ਸ਼ਕਤੀ ਨੂੰ ਨਾਪ ਸਕੇ, ਤੋਲ ਸਕੇ, ਗਿਣ ਸਕੇ, ਕਿਉਂਕਿ ਬੰਦੇ ਕੋਲ ਪੈਮਾਨੇ ਤਿੰਨ ਨੇ, ਕੁਝ ਵਸਤੂਆਂ ਐਸੀਆਂ ਨੇ ਜਿਸਨੂੰ ਬੰਦਾ ਤੋਲ ਕੇ ਅੰਦਾਜ਼ਾ ਲਗਾ ਲੈ ਕਿ ਇਤਨੀ ਹੈ, ਕੁਝ ਐਸਾ ਹੈ, ਜਿਸਨੂੰ ਗਿਣਨਾ ਪੈਂਦਾ। ਕੁਝ ਐਸਾ ਹੈ ਜਿਸ ਨੂੰ ਨਾਪਣਾ ਹੈ। ਗੁਰੂ ਨਾਨਕ ਜੀ ਮਹਾਰਾਜ ਦਾ ਫੁਰਮਾਣ : ਹੇ ਪਰਮਾਤਮਾ! ਤੂੰ ਨਾਪਿਆ ਨਹੀਂ ਜਾ ਸਕਦਾ, ਕਿਉਂਕਿ ਪਤਾ ਹੀ ਨਹੀਂ ਚੱਲਦਾ ਤੂੰ ਕਿਥੋਂ ਸ਼ੁਰੂ ਹੁੰਦਾ ਕਿਥੇ ਖਤਮ ਹੁੰਦਾ ਹੈਂ।

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥

ਜੋ ਤੇਰਾ ਚੀਰਾ, ਜੋ ਤੇਰਾ ਚੋਲਾ ਹੈ, ਇਹ ਨਾਪ ਤੋਲ ਵਿਚ ਨਹੀਂ ਆਉਂਦਾ। ਜੋ ਤੇਰੇ ਗੁਣ ਨੇ ਗਿਣਤੀ ਵਿਚ ਨਹੀਂ ਆਉਂਦੇ।

"ਅੰਤੁ ਨ ਸਿਫਤੀ ਕਹਣਿ ਨ ਅੰਤੁ॥"

ਔਰ ਜਿਤਨਾ ਤੂੰ ਹੈਂ ਤੋਲਿਆ ਵੀ ਨਹੀਂ ਜਾ ਸਕਦਾ। ਅਤੁਲ ਕਿਉਂ ਤੋਲਿਆ ਜਾ ਸਕੇ। ਜੋ ਤੋਲਿਆ ਨਾ ਜਾ ਸਕੇ, ਗਿਣਿਆ ਨਾ ਜਾ ਸਕੇ, ਨਾਪਿਆ ਨਾ ਜਾ ਸਕੇ, ਉਹ ਅਸੀਂ ਮੈਂ ਉਸਦੀ ਸੀਮਾ ਬਣ ਜਾਂਦੀ ਹੈ। ਜੋ ਸਾਡੀ ਗਿਣਤੀ ਵਿਚ ਆ ਜਾਏ ਉਹ ਸਾਡੀ ਪਕੜ ਵਿਚ ਆ ਗਿਆ ਉਹ ਸਾਡੇ ਕੋਲ ਹੈ, ਸਾਡੇ ਕੋਲ ਉਹ ਹੀ ਚੀਜ਼ ਹੈ ਜਿਸਨੂੰ ਅਸੀਂ ਗਿਣ ਲਿਆ, ਜਿਸਨੂੰ ਅਸੀਂ ਤੋਲ ਲਿਆ, ਜਿਸਨੂੰ ਅਸੀਂ ਨਾਪ ਲਿਆ। ਪਰਮਾਤਮਾ ਅੱਜ ਤੱਕ ਨਾ ਨਾਪਿਆ ਗਿਆ, ਨਾ ਤੋਲਿਆ ਗਿਆ ਔਰ ਨਾ ਹੀ ਉਸ ਦੀ ਗਿਣਤੀ ਹੋ ਸਕੀ। ਸਾਹਿਬਾਂ ਦਾ ਫੁਰਮਾਣ ਕੋਈ ਗਾ ਰਿਹਾ ਜਿਸਦੇ ਕੋਲ ਗਾਉਣ ਦੀ ਸ਼ਕਤੀ ਹੈ, ਸਮਝਣ ਦੀ ਸ਼ਕਤੀ ਹੈ, ਬੋਧਕ ਬਲ ਹੈ, ਉਹ ਕਹਿ ਰਿਹਾ, ਹੇ ਪਰਮਾਤਮਾ! ਤੂੰ ਤੇ ਇਕ ਤਾਨ ਹੈਂ, ਤੂੰ ਤੇ ਇਕ ਸ਼ਕਤੀ ਹੈਂ ਪਰਮ ਸ਼ਕਤੀ, ਪਰ ਕਿੰਨੀ ਕੁ ਸ਼ਕਤੀ ਹੈਂ, ਕਿਥੋਂ ਸ਼ੁਰੂ ਹੁੰਦੀ ਹੈ, ਕਿਥੋਂ ਖਤਮ ਹੁੰਦੀ ਹੈ? ਸਾਹਿਬ ਕਹਿੰਦੇ ਅਸੀਂ ਤਿੰਨ ਦ੍ਰਿਸ਼ਟੀਆਂ ਪਰਮਾਤਮਾ ਦੀਆਂ, ਸਾਡੇ ਦੇਸ਼ ਵਿਚ ਪ੍ਰਧਾਨ ਰਹੀਆਂ, ਸਿਰਮੌਰ ਰਹੀਆਂ ਨੇ, ਉਹਨਾਂ ਦਾ ਖਾਸ ਤੌਰ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ਼ਾਰਤਨ ਜ਼ਿਕਰ ਕੀਤਾ। ਇਸ ਪਉੜੀ ਦੇ ਵਿਚ ਔਰ ਉਹ ਤਿੰਨ ਦ੍ਰਿਸ਼ਟੀਆਂ ਰਹੀਆਂ ਨੇ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀਆਂ। ਸਾਡੇ ਦੇਸ਼ ਵਿਚ ਸਨਾਤਨ ਮੱਤ ਪੁਰਾਣਾ ਮੱਤ ਜੋ ਈਸ਼ਵਰ ਦੀ ਬੰਧਨੀ ਕਰਦਾ, ਉਸ ਬੰਧਨੀ ਦੇ ਵਿਚ ਜਾਂ ਵਿਸ਼ਨੂੰ ਦੀ ਦ੍ਰਿਸ਼ਟੀ ਹੋਵੇਗੀ ਜਾਂ ਸ਼ੰਕਰ ਦੀ ਜਾਂ ਬ੍ਰਹਮਾ ਦੀ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਤਿੰਨਾਂ ਦ੍ਰਿਸ਼ਟੀਆਂ ਨੂੰ ਸਾਹਮਣੇ ਰੱਖ ਕੇ ਆਪਣਾ ਇਕ ਦ੍ਰਿਸ਼ਟੀਕੋਣ ਜਗਤ ਦੇ ਸਾਹਮਣੇ ਰੱਖਿਆ, ਸੰਸਾਰ ਦੇ ਸਾਹਮਣੇ ਰੱਖਿਆ ਵਿਸ਼ਨੂੰ ਦਾ ਦ੍ਰਿਸ਼ਟੀਕੋਣ ਇਹ ਸੀ: *'ਗਾਵੈ ਕੋ ਦਾਤਿ ਜਾਣੈ ਨੀਸਾਣੁ॥'* ਸ੍ਰੀ ਵਿਸ਼ਨੂੰ ਦਾ ਇਹ ਕਹਿਣਾ ਸੀ ਜੋ ਦਾਤ ਹੈ ਜੋ ਕੁਝ ਸਾਡੇ ਕੋਲ ਹੈ, ਇਹ ਤਨ ਦਾਨ ਵਿਚ ਮਿਲਿਆ, ਦਾਨ ਵਿਚ ਮਿਲਿਆ। ਇਹ ਇੰਦਰੇ ਦਾਨ ਵਿਚ ਮਿਲੇ। ਦਿਮਾਗੀ ਸ਼ਕਤੀ ਇਹ ਸਾਨੂੰ ਦਾਨ ਵਿਚ ਮਿਲੀ ਹੈ ਜਿਸ ਦਾ ਕੋਈ ਅਸੀਂ ਮੁੱਲ ਨਾ ਦਿੱਤਾ ਹੋਵੇ, ਜੋ ਅਸੀਂ ਬਣਾਈ ਨਹੀਂ, ਉਹ ਸਾਨੂੰ ਦਾਨ ਵਿਚ ਮਿਲੀ ਹੈ। ਹਰ ਬੰਦੇ ਨੂੰ ਇਹ ਤਨ ਮਾਂ-ਬਾਪ ਬੌਧਿਕ ਬਲ ਇੰਦਰੇ ਕਰਮ ਇੰਦਰੇ ਗਿਆਨ ਇੰਦਰੇ ਸਭ ਦਾਨ ਵਿਚ ਮਿਲੇ। ਸਭ ਤੋਂ ਮਹਾਨ ਚੀਜ਼ ਜੋ ਸਾਡੇ ਕੋਲ ਹੈ ਤਨ ਤੇ ਮਨ, ਇਹ ਆਤਮਾ, ਇਹ ਦਾਨ ਵਿਚ ਮਿਲੀ। ਤਨ ਮਨ ਦੇ ਆਸਰੇ ਵਿਚ ਜੋ ਕੁਝ ਵੀ ਅਸੀਂ ਇਕੱਠਾ ਕੀਤਾ ਹੈ ਉਹ ਸਭ ਕੁਝ ਦਾਨ ਹੈ, ਕਿਉਂਕਿ ਤਨ ਹੀ ਨਾ ਹੋਵੇ, ਮਨ ਹੀ ਨਾ ਹੋਵੇ, ਅਸੀਂ ਕੀ ਕੁਝ ਇਕੱਠਾ ਕਰ ਸਕਦੇ ਹਾਂ। ਤਨ ਸਾਨੂੰ ਦਾਨ ਵਿਚ ਮਿਲਿਆ, ਮਨ ਸਾਨੂੰ ਦਾਨ ਵਿਚ ਮਿਲਿਆ, ਵਿਸ਼ਨੂੰ ਦਾ ਸਾਡੇ ਵੇਸ ਤੇ ਬੜਾ ਭਾਰੀ ਪ੍ਰਭਾਵ ਪਿਆ, ਉਸਨੇ ਕਿਹਾ ਕਿ ਉਸ ਦਾਤ ਨੂੰ ਦਾਤੇ ਦੀ ਦਿੱਤੀ ਹੋਈ ਨਿਸ਼ਾਨੀ ਜਾਣੋ, ਜਿਸਨੇ ਕੋਈ ਨਿਸ਼ਾਨੀ ਦਿੱਤੀ ਹੋਵੇ। ਉਸ ਨਿਸ਼ਾਨੀ ਨੂੰ ਵੇਖਕੇ ਨਿਸ਼ਾਨੀ ਦੇਣ ਵਾਲਾ ਬਾਰ-ਬਾਰ ਚੇਤੇ ਆਉਂਦਾ ਹੈ ਤੇ ਵਿਸ਼ਨੂੰ ਦਾ ਕਹਿਣਾ ਸੀ ਤਨ ਨੂੰ ਵੇਖੋ, ਪ੍ਰਮਾਤਮਾ ਨੂੰ ਚੇਤੇ ਕਰੋ, ਮਨ ਦੀ ਗਤੀ ਦੇਖੋ, ਈਸ਼ਵਰ ਨੂੰ ਚਿੰਤਨ ਕਰੋ, ਧੀਆਂ ਪੁੱਤਰਾਂ ਨੂੰ

ਦੇਖੋ, ਪ੍ਰਭੂ ਨੂੰ ਯਾਦ ਕਰੋ, ਧਨ ਸੰਪਦਾ ਨੂੰ ਦੇਖੋ, ਆਪਣੀਆਂ ਮਹਿਲ ਮਾੜੀਆਂ ਨੂੰ ਦੇਖੋ ਤੇ ਪ੍ਰਭੂ ਦਾ ਧੰਨਵਾਦ ਕਰੋ, ਉਸਨੂੰ ਯਾਦ ਕਰੋ, ਕਿਉਂਕਿ ਸਭ ਕੁਝ ਉਸ ਦੀਆਂ ਦਿੱਤੀਆਂ ਹੋਈਆਂ ਨਿਸ਼ਾਨੀਆਂ ਹਨ। ਪੰਡਿਤ ਹਿਰਦੇ ਰਾਮ ਦਾ ਇਕ ਥਾਂ ਤੇ ਕਹਿਣਾ ਹੈ, ਹੇ ਪ੍ਰਭੂ! ਮੈਂ ਕੋਈ ਐਸੀ ਚੀਜ਼ ਤੇਰੇ ਕਦਮਾਂ ਵਿਚ ਭੇਟ ਕਰਨਾ ਚਾਹੁੰਦਾ ਹਾਂ ਜੋ ਮੇਰੀ ਆਪਣੀ ਹੋਵੇ। ਕਿਉਂਕਿ ਤੇਰੀ ਚੀਜ਼ ਮੈਂ ਤੇਰੇ ਅੱਗੇ ਰੱਖਾਂ। ਇਹ ਸ਼ੋਭਾ ਨਹੀਂ ਦੇਂਦੀ।

"ਤੇਰੋ ਕੀਆ ਤੁਝਹਿ ਕਿਆ ਅਰਪਉ" (ਪੰਨਾ ੬੯੪)

ਮੈਂ ਕੋਈ ਆਪਣੀ ਚੀਜ਼ ਤੇਰੇ ਚਰਨਾਂ ਦੇ ਵਿਚ ਅਰਪਣ ਕਰਨਾ ਚਾਹੁੰਦਾ ਹਾਂ। ਤੇ ਹਿਰਦਾ ਰਾਮ ਕਹਿੰਦੇ ਨੇ ਖਿਆਲ ਜਾਪਦਾ ਏ ਕਿ ਮੈਂ ਆਪਣਾ ਤਨ ਤੇਰੇ ਕਦਮਾਂ ਵਿਚ ਨਿਸ਼ਾਵਰ ਕਰਾਂ। ਤੇ ਜਿਸ ਵਕਤ ਮੈਂ ਅਰਪਣ ਕਰਨ ਲੱਗਣਾਂ ਸੋ ਪਤਾ ਚੱਲਦਾ ਤਨ ਤੇਰੀ ਦੇਣ ਹੈ, ਤੇਰੀ ਦਿੱਤੀ ਹੋਈ ਦਾਤ ਹੈ, ਕਿਉਂਕਿ ਤਨ ਨੂੰ ਮੈਂ ਬਣਾਇਆ ਨਹੀਂ ਅਤੇ ਮੈਂ ਬਜ਼ਾਰੋਂ ਖਰੀਦ ਕੇ ਨਹੀਂ ਲਿਆਂਦਾ, ਤੇਰੀ ਦਿੱਤੀ ਹੋਈ ਦਾਤ ਹੈ। ਸੋਚਦਾਂ ਮਨ ਤੇਰੇ ਕਦਮਾਂ ਵਿਚ ਭੇਟ ਕਰਾਂ, ਤੇ ਮਨ ਵੀ ਮੈਂ ਨਹੀਂ ਬਣਾਇਆ, ਤੂੰ ਬਣਾਇਆ ਅਤੇ ਤੂੰ ਦਿੱਤਾ ਤੇ ਤਨ ਤੇ ਮਨ ਦੇ ਆਸਰੇ ਤੇ ਜੋ ਮੈਂ ਕਮਾਇਆ ਧਨ ਇਹ ਵਸੀਲਿਆਂ ਦੇ ਨਾਲ ਮਿਲਿਆ। ਅਗਰ ਵਸੀਲਾ ਹੀ ਤੂੰ ਨਾ ਬਣੇਂ, ਤਨ ਤੇ ਮਨ ਹੀ ਨਾ ਬਣੇਂ, ਧਨ ਕਿਥੋਂ ਕਮਾਇਆ ਜਾ ਸਕਦਾ? ਧਨ ਵੀ ਮੈਂ ਤੇਰੇ ਕਦਮਾਂ ਦੇ ਵਿਚ ਕੀ ਰੱਖਾਂ? ਤਨ ਤੇ ਮਨ ਵੀ ਤੇਰੇ ਕਦਮਾਂ ਵਿਚ ਕੀ ਰੱਖਾਂ। ਇਹ ਸਭ ਕੁਝ ਤੇਰਾ ਦਿੱਤਾ ਹੋਇਆ ਹੈ। ਦਰਅਸਲ ਪ੍ਰਭੂ ਵਸੀਲਾ ਨਾ ਬਣੇ ਤੇ ਕੁਝ ਵੀ ਮਨੁੱਖ ਨੂੰ ਪ੍ਰਾਪਤ ਨਹੀਂ ਹੋ ਸਕਦਾ, ਨਾ ਤਨ, ਨਾ ਮਨ, ਨਾ ਧਨ, ਵਸੀਲਾ ਹੀ ਪ੍ਰਮਾਤਮਾ ਹੈ, ਵਸਾਇਲ ਹੀ ਈਸ਼ਵਰ ਹੈ। ਇਕ ਉਰਦੂ ਦੇ ਸ਼ਾਇਰ ਦਾ ਕਹਿਣਾ ਹੈ-'ਦੁਨੀਆਂ ਮੇਂ ਕੁਝ ਐਸੇ ਭੀ ਕਮਲ ਹੋਤੇ ਹੈਂ ਜੋ ਖਿਲਤੇ ਨਹੀਂ, ਪਰ ਵਕਤ ਉਜਲੇ ਹੋਤੇ ਹੈਂ। ਯੇ ਬਾਤ ਜੁਦਾ ਹੈ, ਬਹੁਤ ਅਮੀਰ ਨਾ ਹਰ ਜ਼ਹਿਨ ਮੇਂ ਕੁਝ ਤਾਜ਼ੇ ਮਹਿਲ ਹੋਤੇ ਹੈਂ।'

ਸ਼ਾਹ ਜਹਾਨ ਨੂੰ ਸ਼ੰਕਾ ਮਿਲ ਗਿਆ, ਵਸਾਇਲ ਮਿਲ ਗਏ, ਉਹਨੇ ਜ਼ਮੀਨ ਦੇ ਉਤੇ ਤਾਜ਼ੇ ਮਹਿਲ ਖੜਾ ਕਰ ਦਿੱਤਾ, ਪਰ ਜਿਸਨੂੰ ਕੋਈ ਮੌਕੇ ਤੇ ਵਸਾਇਲ ਨਹੀਂ ਲੱਭਦੇ, ਉਸ ਦੀਆਂ ਹਸਰਤਾਂ ਅੰਦਰ ਹੀ ਰਹਿ ਜਾਂਦੀਆਂ ਨੇ। ਤੇ ਉਸ ਦਾ ਇਹ ਮਤਲਬ ਨਹੀਂ ਕਿ ਉਹ ਤਾਜ ਮਹਿਲ ਤਾਮੀਲ ਨਹੀਂ ਕਰ ਸਕਦਾ। ਉਹ ਵੀ ਤਾਮੀਲ ਕਰ ਸਕਦਾ, ਹਰ ਮਨੁੱਖ ਤਾਮੀਲ ਕਰ ਸਕਦਾ, ਅਗਰ ਉਸਨੂੰ ਮੌਕਾ, ਉਸਨੂੰ ਵਸਾਇਲ ਮਿਲ ਜਾਣ ਤੇ ਮੌਕਾ ਤੇ ਵਸੀਲੇ ਤੇ ਪ੍ਰਮਾਤਮਾ ਆਪ ਹੀ ਹੈ।

ਇਸ ਵਾਸਤੇ ਹਿਰਦਾ ਰਾਮ ਕਹਿੰਦੇ ਨੇ ਇਹ ਤਨ ਮਨ ਤੇ ਧਨ ਤੇਰੇ ਵਸੀਲਿਆਂ ਨਾਲ ਮਿਲਿਆ ਹੈ, ਤੂੰ ਦਿੱਤਾ ਹੈ, ਇਹ ਮੈਂ ਤੇਰੇ ਕਦਮਾਂ ਵਿਚ ਕੀ ਰੱਖਾਂ? ਤੇ ਮਨ ਮੇਰਾ ਨਹੀਂ, ਤਨ ਮੇਰਾ ਨਹੀਂ, ਧਨ ਮੇਰਾ ਨਹੀਂ, ਹਿਰਦਾ ਰਾਮ ਕਹਿੰਦਾ ਹੈ ਕੁਝ ਮੇਰਾ ਵੀ ਹੈ ਉਹ

ਮੈਂ ਤੇਰੇ ਕਦਮਾਂ ਵਿਚ ਅਰਪਣ ਕਰਨਾ ਚਾਹੁੰਦਾ ਹਾਂ। ਤੇ ਉਹਨਾਂ ਦਾ ਫੁਰਮਾਨ ਹੈ ਜੋ ਕੁਝ ਮੇਰਾ ਹੈ ਮੇਰੇ ਗੁਨਾਹ, ਮੇਰੀਆਂ ਭੁੱਲਾਂ, ਮੇਰੀਆਂ ਕਮਜ਼ੋਰੀਆਂ। ਹੇ ਪ੍ਰਮਾਤਮਾ ! ਜੇ ਤੂੰ ਕਬੂਲ ਕਰਨਾ ਚਾਹੇਂ ਮੈਂ ਤੇਰੇ ਕਦਮਾਂ ਵਿਚ ਰੱਖ ਦੇਵਾਂ, ਮੈਂ ਤੇਰੇ ਅੱਗੇ ਅਰਪਣ ਕਰ ਦੇਵਾਂ। ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬੜੀ ਸੁੰਦਰ ਪੰਗਤੀ ਹੈ :

ਦਾਤਿ ਜੋਤਿ ਸਭ ਸੂਰਤਿ ਤੇਰੀ॥

(ਪੰਨਾ ੧੨੫੧)

ਇਹ ਸ਼ਕਲ ਸੂਰਤ ਸਭ ਤੇਰੀ ਹੈ, ਇਸ ਦੇ ਵਿਚ ਆਤਮ ਪ੍ਰਕਾਸ਼ ਤੇਰਾ ਹੈ। ਈਸ਼ਵਰ ਕੁਝ ਮੇਰਾ ਵੀ ਹੈ, ਤਨ ਮਨ ਸੁਆਸ ਤੇ ਆਤਮਾ ਜੇ ਪਰਮਾਤਮਾ ਦੇ ਅਧੀਨ ਨੇ ਤੇ ਫਿਰ ਮਨੁੱਖ ਦਾ ਆਪਣਾ ਕੀ ਰਿਹਾ ? ਸਾਹਿਬ ਕਹਿੰਦੇ ਕੁਝ ਮੇਰਾ ਵੀ ਹੈ, *'ਦਾਤਿ ਜੋਤਿ ਸਭ ਸੂਰਤਿ ਤੇਰੀ॥'*

ਇਹ ਸ਼ਕਲ ਸੂਰਤ ਤੇਰੀ ਬਣਾਈ ਹੈ। ਅਸੀਂ ਸ਼ਕਲ ਸੂਰਤ ਵਿਚ ਆਪਣਾ ਕੋਈ ਚੁਨਾਵ ਨਹੀਂ ਕੀਤਾ, ਸਭ ਪ੍ਰਮਾਤਮਾ ਦੀ ਦੇਣ ਹੈ। ਪ੍ਰਾਣਾਂ ਦੀ ਹਰਕਤ ਤੇਰੀ ਹੈ, ਆਤਮ ਪ੍ਰਕਾਸ਼ ਤੇਰਾ ਹੈ।

ਦਾਤਿ ਜੋਤਿ ਸਭ ਸੂਰਤਿ ਤੇਰੀ॥

ਪਰ ਇਸ ਦੇ ਵਿਚ ਕੁਝ ਮੇਰੀ ਵੀ ਹੈ। ਕੀ ਹੈ,

ਬਹੁਤੁ ਸਿਆਣਪ ਹਉਮੈ ਮੇਰੀ॥

(ਪੰਨਾ ੧੨੫੧)

ਹੰਕਾਰ ਤੇ ਚਤੁਰਾਈ ਇਹ ਮੇਰੀ ਹੈ। ਚਤੁਰਾਈ ਅਤੇ ਹਉਮੈ ਦੇ ਆਸਰੇ ਤੇ ਮੈਂ ਤੇਰੀ ਚੀਜ਼ ਤੇ ਵੀ ਮੇਰੇ ਦੀ ਮੋਹਰ ਲਾ ਛੱਡਦਾ ਹਾਂ। ਤਨ ਤੇਰਾ ਦਿੱਤਾ ਹੋਇਆ ਮੈਂ ਕਹਿੰਦਾਂ ਮੇਰਾ ਤਨ ਹੈ, ਧਨ ਤੇਰਾ ਦਿੱਤਾ ਹੋਇਆ ਮੈਂ ਕਹਿ ਦੇਂਦਾਂ ਮੇਰਾ ਧਨ ਹੈ। ਦਿੱਤੀ ਹੋਈ ਇਹ ਤੇਰੀ ਆਤਮਾ ਮੈਂ ਇਹ ਕਹਿ ਦੇਂਦਾਂ ਮੇਰੀ ਆਤਮਾ ਹੈ। ਲੇਕਿਨ ਮੈਂ ਮੇਰੇ ਦੀ ਮੋਹਰ ਲਾ ਬੈਠਾਂ, ਮੈਂ ਆਪਣਾ ਦਾਅਵਾ ਕੀਤਾ, ਤੈਥੋਂ ਦੂਰ ਹੋ ਗਈ ਵਿੱਥ ਬਹੁਤ ਵੱਧ ਗਈ। ਨੇੜੇ ਆਉਣ ਵਾਸਤੇ ਇਸ ਮੈਂ ਮੇਰੇ ਦੀ ਮੋਹਰ ਨੂੰ ਹਟਾਉਣਾ ਪਏਗਾ ! ਤੇ ਮਿਲਿਆ ਦਾਨ ਵਿਚ ਮਿਲਿਆ ਤਨ ਹੈ, ਮਨ ਹੈ, ਧਨ ਹੈ, ਦਾਤ ਨਾਲ ਨਫਰਤ ਨਹੀਂ।

ਵਡਾ ਦਾਤਾ ਤਿਲੁ ਨ ਤਮਾਇ॥

ਪ੍ਰਮਾਤਮਾ ਦਾ ਸੁਭਾਅ ਇਹ ਹੈ ਦਾਨ ਦੇਣਾ ਉਹ ਸਭ ਕੁਝ ਨੂੰ ਦੇ ਰਿਹਾ ਹੈ। ਉਹ ਸੂਰਜ, ਚੰਦ, ਤਾਰਿਆਂ ਨੂੰ ਰੌਸ਼ਨੀ ਦੇ ਰਿਹਾ ਹੈ, ਉਹ ਜ਼ਮੀਨ ਨੂੰ ਤਰ੍ਹਾਂ-ਤਰ੍ਹਾਂ ਦੀਆਂ ਧਾਤੂਆਂ ਅਤੇ ਅਣਗਿਣਤ ਭੰਡਾਰੇ ਦੇ ਰਿਹਾ ਹੈ। ਉਸਨੇ ਮਨੁੱਖੀ ਤਨ ਦੇ ਅੰਦਰ ਸਵਾਸਾਂ ਦੀ ਹਰਕਤ ਪਾਈ, ਗਿਆਨ ਇੰਦਰੇ ਦਿੱਤੇ, ਕਰਮ ਇੰਦਰੇ ਦਿੱਤੇ, ਇਹ ਸਭ ਕੁਝ ਉਸ ਦੀ ਦੇਣ ਹੈ।

ਉਸ ਦਾ ਸੁਭਾਅ ਹੈ ਦੇਣਾ ਜੋ ਕੁਝ ਉਸਨੇ ਦਿੱਤਾ ਹੈ। ਉਸ ਦੀ ਦੇਣ ਨੂੰ ਵੇਖਕੇ ਉਸ ਦੇਣ ਨੂੰ ਨਿਸ਼ਾਨੀ ਜਾਣ ਕੇ ਦਾਤੇ ਦਾ ਚਿੰਤਨ ਕਰਨਾ ਹੈ। ਇਹ ਵਿਸ਼ਨੂੰ ਦਾ ਨਜ਼ਰੀਆ ਸੀ, ਅਗਾਂਹ ਜਾ ਕੇ ਇਹ ਖਿਆਲ ਪ੍ਰਚੱਲਿਤ ਹੋ ਗਿਆ ਕਿ ਵਿਸ਼ਨੂੰ ਭੰਡਾਰੀ ਹੈ, ਸੰਸਾਰ ਨੂੰ ਰਿਜ਼ਕ ਦੇਣ ਵਾਲਾ, ਸੰਸਾਰ ਨੂੰ ਦਾਤਾਂ ਦੇਣ ਵਾਲਾ। ਦਰਅਸਲ ਦਾਤੇ ਨੂੰ ਦੇਣ ਵਾਲਾ ਨਹੀਂ, ਦਾਤੇ ਦਾ ਗਿਆਨ ਕਰਾਉਣ ਵਾਲਾ ਅਤੇ ਬੋਧ ਕਰਾਉਣ ਵਾਲਾ ਕਿ ਦਾਤਾ ਉਹ ਜੋ ਕੁਝ ਸਾਡੇ ਕੋਲ ਹੈ ਇਹ ਸਭ ਕੁਝ ਉਸ ਦਾ ਦਿੱਤਾ ਹੋਇਆ। ਵਿਸ਼ਨੂੰ ਦੀ ਗੱਲ ਕਰੀਬਨ-ਕਰੀਬਨ ਹਰ ਕਿਸੇ ਦੇ ਜ਼ਹਿਨ ਵਿਚ ਆਈ ਤੇ ਇਸ ਕਰਕੇ ਸਾਡੇ ਦੇਸ਼ ਵਿਚ ਵਿਸ਼ਨੂੰ ਦੇ ਬਹੁਤ ਮੰਦਿਰ ਬਣੇ। ਵਿਸ਼ਨੂੰ ਦੇ ਅਨੇਕਾਂ ਅਵਤਾਰ ਮੰਨੇ, ਵਿਸ਼ਨੂੰ ਤੋਂ ਬਾਅਦ ਇਕ ਹੋਰ ਦ੍ਰਿਸ਼ਟੀਕੋਣ ਪ੍ਰਚੱਲਿਤ ਹੋਇਆ, ਉਹ ਸੀ ਬ੍ਰਹਮਾ ਦਾ। ਗੁਰੂ ਨਾਨਕ ਦੇਵ ਜੀ ਮਹਾਰਾਜ ਇਸ਼ਾਰਤਨ ਉਹਨਾਂ ਦਾ ਜ਼ਿਕਰ ਕਰਦੇ ਨੇ-

ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

(ਜਪੁਜੀ ਸਾਹਿਬ)

ਬ੍ਰਹਮਾ ਵਿਸ਼ਨੂੰ ਦੇ ਨੁਕਤਾ-ਨਿਗਾਹ ਨਾਲ ਸਹਿਮਤ ਹੁੰਦਾ ਨਹੀਂ ਦਿੱਸਦਾ। ਬੜੀ ਬਿਖੜੀ ਵਿਦਿਆ ਲੈ ਕੇ ਬਹੁਤ ਬਰੀਕ ਤੇ ਪੇਚੀਦਾ ਵਿਦਿਆ ਲੈ ਕੇ ਉਹਨੇ ਪ੍ਰਭੂ ਦੇ ਗੀਤ ਗਾਉਣੇ ਸ਼ੁਰੂ ਕੀਤੇ। ਕਿਉਂ ਇਕ ਬ੍ਰਹਮਾ ਕੋਲ ਦਿਮਾਗ, ਇਕ ਦਾਰਸ਼ਨਿਕ ਦਾ ਦਿਮਾਗ ਸੀ, ਫਿਲਾਸਫਰ ਦਾ ਦਿਮਾਗ ਸੀ। ਉਹ ਛੋਟੀ ਮੋਟੀਆਂ ਗੱਲਾਂ ਨਾਲ ਸਹਿਮਤ ਹੋਣ ਵਾਲਾ ਨਹੀਂ ਸੀ। ਇਸ ਕਰਕੇ ਉਹ ਸੰਸਾਰ ਦੀ ਖੋਜ ਵਿਚ ਚੱਲ ਪਿਆ ਬਈ ਪਹਿਲਾਂ ਮੈਂ ਦੇਖਣਾ ਸੰਸਾਰ ਕਿਉਂ ਹੈ, ਇਹਦਾ ਮੂਲ ਕੀ ਹੈ ? ਇਹਦਾ ਆਦਿ ਕੀ ਹੈ, ਇਹਦਾ ਮੱਧ ਕੀ ਹੈ, ਇਹਦਾ ਅੰਤ ਕੀ ਹੈ, ਇਹਦਾ ਅੰਤ ਕੀ ਹੈ ? ਤੋ ਸ੍ਰਿਸ਼ਟੀ ਦਾ ਮੂਲ ਲੱਭਣ ਵਾਸਤੇ ਬ੍ਰਹਮਾ ਚਲ ਪਿਆ। ਉਹਨਾਂ ਆਪਣੀ ਖੋਜ ਦੋਰਾਈ, ਬਨਸਪਤੀ ਦਾ ਮੂਲ ਕੀੜੇ ਮਕੋੜਿਆਂ ਦਾ ਮੂਲ ਪਸ਼ੂ ਪੰਛੀਆਂ ਦੀ ਹੋਂਦ ਸੂਰਜ ਚੰਦ ਤਾਰਿਆਂ ਦੀ ਪੱਸਰੀ ਹੋਈ, ਇਹ ਰੋਸ਼ਨੀ ਤੇ ਹੋਂਦ ਅਤੇ ਮਨੁੱਖਤਾ ਦਾ ਇਤਨੇ ਗਹਿਰੇ ਰੂਪ ਵਿਚ ਬ੍ਰਹਮਾ ਨੇ ਅਧਿਐਨ ਕੀਤਾ, ਖੋਜ ਕੀਤੀ, ਜਿਸ ਤੋਂ ਸਪੱਸ਼ਟ ਹੁੰਦਾ ਇਸ ਤਰ੍ਹਾਂ ਦੀ ਖੋਜ ਕਰਨ ਵਾਲਾ, ਪ੍ਰਿਥਵੀ ਦੇ ਉੱਪਰ ਇਹ ਪਹਿਲਾ ਮਨੁੱਖ ਹੈ। 84 ਲੱਖ ਜੂਨ ਦਾ ਬੋਧ ਇਸਨੇ ਕੀਤਾ, ਗ੍ਰਹਿ-ਨਛੱਤਰਾਂ ਦੀ ਗਰਦਿਸ਼ ਦਾ ਮਨੁੱਖੀ ਮਨ ਦੇ ਉਤੇ ਜੋ ਕੁਝ ਅਸਰ ਪੈ ਸਕਦਾ, ਪ੍ਰਭਾਵ ਜੋ ਕੁਝ ਚੰਗਾ ਤੇ ਮਾੜਾ ਪੈਂਦਾ ਇਹ ਵਿਚਾਰਾਂ ਵੀ ਬ੍ਰਹਮਾ ਨੇ ਜਗਤ ਦੇ ਸਾਹਮਣੇ ਰੱਖੀਆਂ। ਬਾਅਦ ਵਿਚ ਇਹਨਾਂ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਜੋਤਿਸ਼ ਵਿਦਿਆ ਦਾ ਜਨਮ ਸਾਡੇ ਦੇਸ਼ ਵਿਚ ਹੋਇਆ, ਜਿਸਨੂੰ ਅਸੀਂ ਆਯੁਰਵੈਦਿਕ ਤੌਰ ਤਰੀਕਾ ਇਲਾਜ ਦਾ ਦੱਸਦੇ ਹਾਂ। ਆਯੁਰਵੈਦਿਕ ਜੋ ਵੇਦਾਂ ਵਿਚੋਂ ਨਿਕਲਿਆ ਹੋਇਆ ਢੰਗ ਹੈ ਉਸਨੇ ਜੜ੍ਹੀਆਂ ਬੂਟੀਆਂ ਦੀ ਵੀ ਖੋਜ ਕੀਤੀ। ਇਹ ਕਿਉਂ ਨੇ, ਇਹ ਕਿਥੋਂ ਨੇ,

ਇਹਨਾਂ ਦਾ ਮੂਲ ਕਾਰਨ ਕੀ ਹੈ ਤੇ ਇਹਨਾਂ ਬੀਮਾਰੀਆਂ ਦਾ ਅੰਤ ਕਿਸ ਤਰ੍ਹਾਂ ਹੋਵੇਗਾ ? ਜ਼ਿੰਦਗੀ ਦੇ ਹਰ ਪਹਿਲੂ ਦੀ ਖੋਜ ਬ੍ਰਹਮਾ ਨੇ ਕੀਤੀ।

ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ਼ਾਰਤਨ ਆਸਾ ਰਾਗ ਸ਼ਬਦ ਵਿਚ ਜ਼ਿਕਰ ਵੀ ਕਰਦੇ ਨੇ :-

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥
ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥ ੩॥

(ਪੰਨਾ ੩੫੦)

ਸ੍ਰਿਸ਼ਟੀ ਦੀ ਟੋਲ ਵਿਚ ਚਲ ਪਿਆ, ਸ੍ਰਿਸ਼ਟੀ ਦੀ ਭਾਲ ਵਿਚ ਚੱਲ ਪਿਆ। ਅਗਾਂਹ ਚਲ ਕੇ ਸਾਡੇ ਦੇਸ਼ ਵਿਚ ਇਹ ਗੱਲ ਪ੍ਰਚੱਲਿਤ ਹੋ ਗਈ ਕਿ ਬ੍ਰਹਮਾ ਸੰਸਾਰੀ ਹੈ ਸੰਸਾਰ ਦੇ ਬਣਾਉਣ ਵਾਲਾ। ਸੰਸਾਰ ਦੇ ਬਣਾਉਣ ਵਾਲਾ ਨਹੀਂ ਹੈ। ਸੰਸਾਰ ਕਿਵੇਂ ਬਣਿਆ, ਇਸ ਦਾ ਗਿਆਨ ਦੇਣ ਵਾਲਾ ਹੈ, ਸੰਸਾਰ ਕਿਵੇਂ ਆਲਮੇ ਵਜੂਦ ਦੇ ਵਿਚ ਆਇਆ, ਬਣਤਰ ਕੀ ਹੈ ਅਤੇ ਇਹ ਕਿਥੋਂ ਤੱਕ ਪਸਰਿਆ ਹੋਇਆ ਇਸ ਦਾ ਬਹੁਤ ਕੁਝ ਗਿਆਨ ਉਸਨੇ ਦਿੱਤਾ, ਕਿਉਂਕਿ ਸੰਸਾਰ ਦੇ ਗਿਆਨ ਦੇ ਉਤੇ ਹੀ ਵੇਦ ਖੜੇ ਨੇਂ, ਇਸ ਵਾਸਤੇ ਬ੍ਰਹਮੇ ਨੂੰ ਸੰਸਾਰੀ ਕਹਿ ਦਿੱਤਾ। ਸ੍ਰੀ ਕ੍ਰਿਸ਼ਨ ਨੇ ਇਥੇ ਆ ਕੇ ਅਰਜੁਨ ਨੂੰ ਕਿਹਾ-

'ਤਰੇਈ ਗੁਣੀ ਵੇਦ ਵਿਸਾ ਨਿਸ ਤਰੇਈ ਗੁਣੀ ਬਵਾਜਨ।'

ਐ ਅਰਜੁਨ ਵੇਦ ਤਿੰਨ ਗੁਣਾਂ ਦੀ ਗੱਲ ਕਰਦੇ ਨੇ, ਸੰਸਾਰ ਦੀ ਗੱਲ ਕਰਦੇ ਨੇ, ਤੂੰ ਮੇਰੀ ਗੱਲ ਸੁਣ ਜੋ ਮੈਂ ਕਹਿ ਰਿਹਾਂ, ਇਸਨੂੰ ਮੰਨ ਜੋ ਮੈਂ ਕਹਿ ਰਿਹਾਂ, ਉਸ ਨਾਲ ਜੁੜ, ਕਿਉਂਕਿ ਵੇਦ ਸੰਸਾਰ ਦੀ ਗੱਲ ਕਰਦੇ ਨੇ। ਅਸਲ ਸੰਸਾਰ ਵੀ ਆਪਣੇ ਥਾਂ ਉਤੇ ਇਤਨਾ ਮਹਾਨ ਹੈ ਕਿ ਇਹਦੀ ਵੀ ਖੋਜ ਹੋਣੀ ਚਾਹੀਦੀ ਹੈ ਅਤੇ ਖੋਜ ਕਰਨ ਤੇ ਬ੍ਰਹਮਾ ਚਲਿਆ ਉਸ ਦਾ ਸ਼ੌਕ ਸੀ, ਉਸ ਦੀ ਇਹ ਭੁੱਖ ਸੀ। ਜੀਵਨ ਦੀ ਬਹੁਪੱਖੀ ਖੋਜ ਬ੍ਰਹਮਾ ਨੇ ਕੀਤੀ। ਸੰਗੀਤ ਦਾ ਜਨਮ ਦਾਤਾ ਬ੍ਰਹਮਾ ਹੈ, ਕਵਿਤਾ ਦਾ ਜਨਮਦਾਤਾ ਬ੍ਰਹਮਾ ਹੈ, ਆਯੁਰਵੈਦਿਕ ਦਾ ਜਨਮਦਾਤਾ ਬ੍ਰਹਮਾ ਹੈ, 84 ਲੱਖ ਜੂਨ ਦਾ ਗਿਆਨ ਦੇਣ ਵਾਲਾ ਬ੍ਰਹਮਾ ਹੈ। ਮਨ ਦੀਆਂ ਹਾਲਤਾਂ ਨੌਂ ਨੇ, ਰੰਗ ਨੌਂ ਨੇ, ਸੁਰਾਂ ਸੱਤ ਨੇ, ਜ਼ਬਾਨ ਦੇ ਰਸ ਛੇ ਨੇ, ਇਸ ਤਰੀਕੇ ਦੀ ਖੋਜ ਵੀ ਬ੍ਰਹਮਾ ਕਰਦਾ ਰਿਹਾ ਅਤੇ ਬਹੁਪੱਖੀ ਖੋਜ ਉਸਨੇ ਜਗਤ ਦੇ ਸਾਹਮਣੇ ਰੱਖੀ, ਕਿਉਂਕਿ ਦਿਮਾਗ ਆਪ ਦੇ ਕੋਲ ਦਾਰਸ਼ਨਿਕ ਦਾ ਸੀ, ਫਿਲਾਸਫਰ ਦਾ ਸੀ, ਆਪ ਦੀਆਂ ਬਰੀਕੀ ਗੱਲਾਂ ਹਰ ਮਨੁੱਖ ਦੀ ਸਮਝ ਵਿਚ ਨਾ ਆਈਆਂ, ਇਸ ਵਾਸਤੇ ਬ੍ਰਹਮਾ ਦੀ ਪ੍ਰਤਿਸ਼ਠਾ ਸਾਡੇ ਦੇਸ਼ ਵਿਚ ਕੋਈ ਬਹੁਤ ਨਹੀਂ ਹੋ ਸਕੀ, ਉਹਦੇ ਕੋਈ ਬਹੁਤੇ ਮੰਦਰ ਸਾਡੇ ਦੇਸ਼ ਵਿਚ ਨਹੀਂ ਬਣ ਸਕੇ। ਜਿਸ ਤਰ੍ਹਾਂ ਕਦਮ-ਕਦਮ ਤੇ ਵਿਸ਼ਨੂੰ ਦੇ ਮੰਦਰ ਨੇ, ਇਸ ਤਰ੍ਹਾਂ ਕਦਮ-ਕਦਮ ਉਤੇ ਬ੍ਰਹਮਾ ਦੇ ਮੰਦਿਰ ਨਹੀਂ ਬਣ ਸਕੇ। ਕਾਰਨ ਕੀ ਸੀ ? ਉਹ ਦਾਰਸ਼ਨਿਕ ਸੀ,

ਫਿਲਾਸਫਰ ਸੀ, ਇਤਨੀ ਗਹਿਰੀ ਗੱਲ ਕਰਦਾ ਸੀ, *'ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥'* ਇਤਨੀ ਬਿੱਖਰੀ ਵਿਦਿਆ ਅੱਗੋਂ ਰੱਖਦਾ ਸੀ। ਲੋਕਾਂ ਦੀ ਸਮਝ ਤੋਂ ਪਰ੍ਹੇ ਦੀ ਗੱਲ ਸੀ, ਸੰਸਾਰ ਦੀ ਸਮਝ ਤੋਂ ਪਰ੍ਹੇ ਦੀ ਗੱਲ ਸੀ ਅਤੇ ਪਰ੍ਹੇ ਦੀ ਗੱਲ ਇਸ ਕਰਕੇ ਕਰਦਾ ਸੀ ਮਨੁੱਖਾਂ ਦੇ ਅੰਦਰ ਪਰ੍ਹੇ ਜਾਣ ਦੀ ਭੁੱਖ ਪੈਦਾ ਕੀਤੀ ਜਾ ਸਕੇ, ਦੂਰ ਜਾਣ ਦੀ ਭੁੱਖ ਪੈਦਾ ਕੀਤੀ ਜਾ ਸਕੇ। ਮਨੁੱਖ ਦਾ ਦਿਮਾਗ ਜਿਥੇ ਹੈ ਉਥੇ ਤਕ ਦੀ ਗੱਲ ਕੀਤੀ ਜਾਏ ਤਾਂ ਮਨੁੱਖ ਦਾ ਦਿਮਾਗ ਅੱਗੇ ਨਹੀਂ ਜ਼ਾ ਸਕਦਾ, ਅੱਗੇ ਬਾਰੇ ਨਹੀਂ ਸੋਚੇਗਾ। ਬਹੁਤ ਅੱਗੇ ਦੀ ਗੱਲ ਬ੍ਰਹਮਾ ਕਰਦਾ ਸੀ ਤੇ ਉਸ ਦੇ ਆਲੇ-ਦੁਆਲੇ ਬਹੁਤੀ ਮਨੁੱਖਤਾ ਇਕੱਠੀ ਨਹੀਂ ਹੋ ਸਕੀ, ਉਸ ਦੀ ਪੂਜਾ ਵੀ ਸਾਡੇ ਦੇਸ਼ ਵਿਚ ਬਹੁਤੀ ਪੱਧਰ ਤੇ ਨਹੀਂ ਹੋ ਸਕਦੀ ਤੇ ਉਸ ਦੇ ਬਹੁਤ ਸਾਰੇ ਮੰਦਿਰ ਵੀ ਨਹੀਂ ਬਣ ਸਕੇ। ਇਸ ਦਾ ਨੁਕਤਾ-ਨਿਗਾਹ ਵਿਚ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਇਸ਼ਾਰਾ ਕਰਦੇ ਨੇ :

ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਤੀਸਰਾ ਦ੍ਰਿਸ਼ਟੀਕੋਨ ਜਗਤ ਦੇ ਸਾਹਮਣੇ ਰੱਖਿਆ ਸ਼ੰਕਰ ਨੇ। ਇਹਨਾਂ ਦਾ ਨੁਕਤਾ-ਨਿਗਾਹ ਬ੍ਰਹਮਾ ਨਾਲੋਂ ਬਿਲਕੁਲ ਨਿਆਰਾ ਸੀ। ਉਹਨਾਂ ਨੇ ਜਿਸ ਢੰਗ ਦਾ ਗਿਆਨ ਜਗਤ ਦੇ ਸਾਹਮਣੇ ਰੱਖਿਆ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ਼ਾਰਤਨ ਉਹਨਾਂ ਦਾ ਜ਼ਿਕਰ ਕਰਦੇ ਨੇ, *'ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥'* ਸ਼ਿਵ ਜੀ ਦੇ ਗਾਉਣ ਦਾ ਢੰਗ ਇਹ ਸੀ, *'ਗਾਵੈ ਕੋ ਸਾਜਿ ਕਰੇ ਤਨੁ ਖੇਹ॥'* ਕਿ ਪ੍ਰਮਾਤਮਾ ਤਨ ਦੀ ਸਾਜਨਾ ਕਰਕੇ ਫੇਰ ਖੇਹ ਕਰ ਦੇਂਦਾ, ਬਈ ਪ੍ਰਮਾਤਮਾ ਤਨ ਦੀ ਸਾਜਨਾ ਕਰਕੇ ਫੇਰ ਖੇਹ ਕਰ ਦੇਂਦਾ, ਜੀਵਨ ਬਣਾ ਕੇ ਫਿਰ ਢਾਹ ਦੇਂਦਾ। ਮੌਤ ਹੀ ਮੌਤ ਹੈ। ਸਮੱਗਰ ਜੀਵਨ ਦੇ ਵਿਚ ਇਥੇ ਸੂਰਜ ਬਣਦੇ ਨੇ, ਬੁੱਝਦੇ ਨੇ। ਇਥੇ ਧਰਤੀਆਂ ਬਣਦੀਆਂ ਨੇ, ਮਿੱਟ ਜਾਂਦੀਆਂ ਨੇ, ਇਥੇ ਮੌਸਮੇ ਬਹਾਰ ਆਉਂਦਾ ਫਿਜ਼ਾ ਆ ਜਾਂਦੀ ਹੈ। ਇਥੇ ਮਨੁੱਖ ਜੰਮਦੇ ਨੇ, ਮਰ ਜਾਂਦੇ ਨੇ, ਮੌਤ ਹੀ ਮੌਤ ਹੈ, ਅੰਤ ਹੀ ਅੰਤ ਹੈ। ਅੰਤ ਦਾ ਦ੍ਰਿਸ਼ ਜਗਤ ਦੇ ਸਾਹਮਣੇ ਸ਼ੰਕਰ ਨੇ ਰੱਖਿਆ ਕਈ ਵੇਰਾ ਮੁਰਦਿਆਂ ਦੀਆਂ ਖੋਪੜੀਆਂ ਦੀ ਮਾਲਾ ਗਲ ਵਿਚ ਪਾ ਲੈਂਦਾ ਸੀ, ਇਸ ਕਰਕੇ ਲੋਕਾਂ ਨੂੰ ਪਤਾ ਚੱਲੇ ਮਨੁੱਖ ਦਾ ਅੰਜਾਮ ਇਹ ਹੀ ਹੈ। ਉਹ ਆਪਣੇ ਤਨ ਦੇ ਉਤੇ ਰਾਖ ਮਲ ਲੈਂਦਾ ਸੀ, ਸੁਆਹ ਮਲ ਲੈਂਦਾ ਸੀ, ਸੁਆਹ ਮਲ ਕੇ ਭਰਮਨ ਕਰਦਾ ਸੀ। ਸੋ ਇਸ ਕਰਕੇ ਤੇ ਆਖਿਰ ਤਨ ਨੇ ਸੁਆਹ ਹੋ ਜਾਣਾ, ਰਾਖ ਹੋ ਜਾਣਾ, ਮਿੱਟੀ ਹੋ ਜਾਣਾ।

ਗਾਵੈ ਕੋ ਸਾਜਿ ਕਰੇ ਤਨੁ ਖੇਹ॥
ਗਾਵੈ ਕੋ ਜੀਅ ਲੈ ਫਿਰਿ ਦੇਹ॥

ਔਰ ਸ਼ਿਵ ਜੀ ਅਕਸਰ ਆਪਣੀ ਸਮਾਧੀ ਸ਼ਮਸ਼ਾਨ-ਘਾਟ ਤੇ ਲਾਉਂਦਾ ਸੀ। ਉਥੇ

ਬੈਠਦਾ ਸੀ ਤਾਂਕਿ ਮੌਤ ਚੇਤੇ ਰਹੇ। ਉਹਨਾਂ ਦਾ ਕਹਿਣਾ ਸੀ ਜਿਸਨੂੰ ਆਪਣਾ ਅੰਤ ਚੇਤੇ ਨਹੀਂ ਉਹ ਬੇਅੰਤ ਤਕ ਨਹੀਂ ਜਾ ਸਕੇਗਾ। ਬੇਅੰਤ ਤੱਕ ਪਹੁੰਚਣ ਵਾਸਤੇ ਉਸਨੂੰ ਆਪਣਾ ਅੰਤ ਦਿਖਾਈ ਦੇਣਾ ਚਾਹੀਦਾ ਹੈ। ਇਹ ਤਿੰਨ ਦ੍ਰਿਸ਼ਟੀਆਂ ਸਾਡੇ ਦੇਸ਼ ਵਿਚ ਪ੍ਰਚੱਲਿਤ ਹੋਈਆਂ। ਸੰਸਾਰ ਵਿਚ ਫਸੇ ਹੋਏ ਰਸਕ ਮਨੁੱਖਾਂ ਨੂੰ ਵਿਸ਼ਨੂੰ ਦੀ ਗੱਲ ਬਹੁਤ ਚੰਗੀ ਲੱਗੀ। ਵਿਸ਼ਨੂੰ ਦੇ ਆਲੇ-ਦੁਆਲੇ ਇਕੱਠੇ ਹੋ ਗਏ। ਅੱਜ ਵੀ ਅਸੀਂ ਦੇਖਦੇ ਹਾਂ ਬਹੁਤਾ ਵਪਾਰੀ ਤਬਕਾ, ਕਿਸੇ ਹੱਦ ਤੱਕ ਲੱਛਮੀ ਨਰਾਇਣ ਦੀ ਹੀ ਪੂਜਾ ਕਰਦਾ। ਸੰਸਾਰ ਤੋਂ ਉਪਰਾਮ ਬੰਦਿਆਂ ਨੇ ਸ਼ਿਵ ਜੀ ਦਾ ਦਾਮਨ ਪਕੜਿਆ ਅਤੇ ਉਹਨਾਂ ਨੂੰ ਸ਼ਿਵ ਜੀ ਦੀ ਗੱਲ ਬਹੁਤ ਚੰਗੀ ਲੱਗੀ ਕਿ ਮੌਤ ਹੀ ਮੌਤ ਹੈ। ਸੰਸਾਰ ਵਿਚ ਸਭ ਕੁਝ ਰਾਖ ਹੋ ਜਾਂਦਾ, ਸਭ ਕੁਝ ਮਿੱਟ ਜਾਂਦਾ, ਸਭ ਕੁਝ ਅੰਤ ਹੋ ਜਾਂਦਾ। *'ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥'* ਇਸ ਤਰ੍ਹਾਂ ਦੇ ਉਪਰਾਮ ਬੰਦੇ ਜੋ ਸੰਸਾਰ ਤੋਂ ਬਿਲਕੁਲ ਬੇਜ਼ਾਰ ਸਨ, ਉਹ ਸ਼ਿਵ ਜੀ ਦੇ ਆਲੇ-ਦੁਆਲੇ ਇਕੱਠੇ ਹੋ ਗਏ। ਅਵਧੂਤ ਲੋਕ ਸੰਸਾਰ ਤੋਂ ਬੈਰਾਗੀ ਤਿਆਗੀ ਮਨੁੱਖ ਸਾਰੇ ਹੀ ਸ਼ਿਵ ਜੀ ਦਾ ਦਾਮਨ ਪਕੜ ਕੇ ਚੱਲਣ ਲੱਗੇ। ਸੰਸਾਰ ਵਿਚ ਰਸ ਮਾਣਨ ਵਾਲੇ, ਸੰਸਾਰ ਵਿਚ ਹੀ ਰਹਿਣ ਵਾਲੇ, ਐਸੇ ਮਨੁੱਖਾਂ ਨੂੰ ਵਿਸ਼ਨੂੰ ਬਹੁਤ ਅੱਛੇ ਲੱਗੇ। ਲੇਕਿਨ ਬ੍ਰਹਮੇ ਨਾਲ ਕੋਈ ਬਹੁਤੀ ਮਨੁੱਖਤਾ ਨੇ ਸਾਥ ਨਾ ਜੋੜਿਆ। ਕਿਉਂਕਿ ਉਸਦੀ ਗੱਲ ਵਿਦਿਆ 'ਤੇ ਖੜੀ ਸੀ, ਗਿਆਨ 'ਤੇ ਖੜੀ ਸੀ, ਅਕਲ ਦੀਆਂ ਖੋਜਾਂ ਤੇ ਖੜੀ ਸੀ। ਇਸ ਵਾਸਤੇ ਆਮ ਸਧਾਰਨ ਮਨੁੱਖ ਬ੍ਰਹਮਾ ਦੀ ਪਕੜ ਤੋਂ ਪਰ੍ਹੇ ਰਿਹਾ।

ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਿਹੜਾ ਦ੍ਰਿਸ਼ਟੀਕੋਨ ਜਗਤ ਦੇ ਸਾਹਮਣੇ ਰੱਖਿਆ ਹੈ, ਉਹਨਾਂ ਦਾ ਫੁਰਮਾਣ ਹੈ ਕਿ ਇਕ ਦ੍ਰਿਸ਼ਟੀ ਨਾਲ ਗੱਲ ਨਹੀਂ ਬਣੇਗੀ, ਕਿਉਂਕਿ ਪ੍ਰਮਾਤਮਾ ਅਨੰਤ ਗੁਣਾਂ ਦਾ ਮਾਲਕ ਹੈ। ਅਨੰਤ ਸ਼ਕਤੀਆਂ ਦਾ ਮਾਲਕ ਹੈ। ਅਨੰਤ ਕਲਾ ਦਾ ਮਾਲਕ ਹੈ। ਬਹੁਪੱਖੀ ਝਾਤ ਪਰਮਾਤਮਾ ਦੇ ਨਾਲ ਨਹੀਂ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪ੍ਰਥਮ ਜਿਹੜੀ ਗੱਲ ਪਹਿਲੀ ਕੀਤੀ ਹੈ ਉਹ ਤੇ ਹੈ ਇਹ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਪੰਨਾ ੧੧੦੨)

ਐ ਬੰਦੇ ਪਹਿਲਾਂ ਤੇ ਮੌਤ ਨੂੰ ਕਬੂਲ ਕਰ ਲੈ, ਆਪਣਾ ਅੰਤ ਕਬੂਲ ਕਰ, ਤਾਂ ਹੀ ਮੈਂ ਤੈਨੂੰ ਬੇਅੰਤ ਦੇ ਦੇਸ਼ ਲੈ ਜਾ ਸਕਾਂਗਾ। ਪਹਿਲਾਂ ਅੰਤ ਤੈਨੂੰ ਕਬੂਲ ਹੋਵੇ, ਪ੍ਰਥਮ ਮੌਤ ਤੈਨੂੰ ਕਬੂਲ ਹੋਵੇ, ਇਕ ਨਜ਼ਰੀਆ ਸਾਹਮਣੇ ਰੱਖ ਕੇ ਫੇਰ ਸਾਹਿਬ ਕਹਿੰਦੇ ਪ੍ਰਮਾਤਮਾ ਨਿਰਾ ਕਾਲ ਦਾ ਰੂਪ ਹੀ ਨਹੀਂ ਬਲਕਿ ਉਹ ਬਹੁਤ ਵੱਡਾ ਦਾਤਾ ਹੈ, ਬੜਾ ਦਿਆਲੂ ਹੈ ਤੇ ਉਸਨੇ ਬਹੁਤ ਕੁਝ ਦਿੱਤਾ ਹੈ :

ਮਨੁ ਤਨੁ ਤੇਰਾ ਧਨੁ ਭੀ ਤੇਰਾ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥

(ਪੰਨਾ ੧੦੬)

ਇਹ ਸਭ ਕੁਝ ਤੇਰੀ ਦੇਣ ਹੈ, ਤੂੰ ਸਾਡੀ ਝੋਲੀ ਵਿਚ ਪਾਈ ਹੈ, ਤੂੰ ਤੇ ਬਹੁਤ ਵੱਡਾ ਦਾਤਾ ਹੈਂ, ਬਹੁਤ ਵੱਡਾ ਦਾਤਾ, ਪਰ ਸਾਹਿਬਾਂ ਦਾ ਐਸਾ ਕਹਿਣਾ ਹੈ ਕਿ ਦਾਤ ਦੇ ਵਿਚ ਬੰਦਾ ਫਸ ਨਾ ਜਾਏ, ਕਿਧਰੇ ਦਾਤਾਂ ਵਿਚ ਫਸ ਕੇ ਦਾਤੇ ਨੂੰ ਭੁੱਲ ਨਾ ਜਾਏ।

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ॥

(ਪੰਨਾ ੭੨੩)

ਦਰ ਸੰਪਰਦਾ ਨੂੰ ਵੇਖਕੇ, ਧੀਆਂ-ਪੁੱਤਰਾਂ ਨੂੰ ਵੇਖਕੇ ਮਹਿਲ ਮਾੜੀਆਂ ਨੂੰ ਵੇਖਕੇ ਕਿਧਰੇ ਦਾਤੇ ਨੂੰ ਭੁੱਲ ਨਾ ਜਾਏ, ਤੋ ਉਸਨੂੰ ਆਪਣੀ ਮੌਤ ਚੇਤੇ ਰੱਖਣੀ ਚਾਹੀਦੀ ਹੈ। ਪਰ ਮੌਤ ਨੂੰ ਚੇਤੇ ਰੱਖ ਕੇ ਕਿਧਰੇ ਇਤਨਾ ਹੀ ਉਪਰਾਮ ਤੂੰ ਹੋ ਜਾਏਂ ਕਿ ਸੰਸਾਰ ਤੋਂ ਬਿਲਕੁਲ ਕਿਨਾਰਾਕਸ਼ ਹੋ ਜਾਏਂ। ਸੋ ਸਾਹਿਬ ਕਹਿੰਦੇ ਨਹੀਂ ਆਪਣੀ ਅਕਲ ਦਾ ਵੀ ਪ੍ਰਯੋਗ ਕਰੇ, ਆਪਣੀ ਬੁੱਧੀ ਦਾ ਪ੍ਰਯੋਗ ਕਰੇ, ਬੁੱਧੀ ਦੇ ਆਸਰੇ ਵਿਚ ਸੰਸਾਰ ਵਿਚ ਰਹਿੰਦਾ ਹੋਇਆ ਸੰਸਾਰ ਤੋਂ ਉੱਚਾ ਹੋਵੇ। ਇਸ ਵਾਸਤੇ ਗੁਰੂ ਨਾਨਕ ਨੇ ਨਾਅਰਾ ਲਾਇਆ :

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥

(ਪੰਨਾ ੧੨੪੫)

ਜ਼ਿੰਦਗੀ ਦੇ ਹਰ ਪਹਿਲੂ ਵਿਚ ਤੂੰ ਅਕਲ ਦਾ ਪ੍ਰਯੋਗ ਕਰ, ਪਰ ਨਿਰੀ ਕੋਰੀ ਅਕਲ ਦਾ ਪ੍ਰਯੋਗ ਨਾ ਕਰ, ਐਸਾ ਨਾ ਹੋਵੇ ਕਿ -

"ਅਕਲ ਬਾਰੀਕ ਹੂਈ ਜਾਤੀ ਹੈ। ਰੂਹ ਤਾਰੀਕ ਹੂਈ ਜਾਤੀ ਹੈ।"

ਕਈ ਦਫ਼ਾ ਮਨੁੱਖ ਫਲਸਫੇ ਦੀਆਂ ਗੁੰਝਲਦਾਰ ਗੱਲਾਂ ਵਿਚ ਐਸਾ ਫਸਦਾ ਹੈ ਕਿ ਜ਼ਿੰਦਗੀ ਦੀ ਹਕੀਕਤ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਇਸ ਵਾਸਤੇ ਸਾਹਿਬ ਕਹਿੰਦੇ ਨੇ ਕਿ ਇਹ ਤਿੰਨ ਗੱਲਾਂ ਇਕੱਠੀਆਂ ਹੀ ਤੈਨੂੰ ਚੇਤੇ ਹੋਣ- ਤੂੰ ਗਿਆਨੀ ਬਣ, ਬੁੱਧੀਮਾਨ ਬਣ, ਆਲਮ ਬਣ, ਲੇਕਿਨ ਇਲਮ ਵਿਚ ਗਵਾਚ ਨਾ ਜਾਵੇਂ, ਤੈਨੂੰ ਮੌਤ ਚੇਤੇ ਹੋਵੇ, ਪਰ ਮੌਤ ਚੇਤੇ ਹੋਵੇ, ਪਰ ਤੂੰ ਕਿਤੇ ਉਪਰਾਮ ਨਾ ਹੋ ਜਾਵੇਂ ਕਿ ਸੰਸਾਰ ਤੋਂ ਕਿਨਾਰਾਕਸ਼ ਹੀ ਕਰ ਲਵੇਂ। ਪ੍ਰਮਾਤਮਾ ਤੈਨੂੰ ਇਕ ਦਾਤੇ ਦੇ ਰੂਪ ਵਿਚ ਦਿਖਾਈ ਦੇਵੇ, ਉਹ ਜੋ ਕੁਝ ਤੇਰੇ ਕੋਲ ਹੈ ਇਹ ਉਸ ਦੀ ਦਿੱਤੀ ਹੋਈ ਨਿਸ਼ਾਨੀ ਤੈਨੂੰ ਪ੍ਰਤੀਤ ਹੋਵੇ। ਇਸ ਨਿਸ਼ਾਨੀ ਨੂੰ ਤੂੰ ਵੇਖ ਕਰਕੇ ਦਾਤੇ ਦਾ ਚਿੰਤਨ ਕਰ ਸਕੇਂ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਇਸ ਤਰ੍ਹਾਂ ਦੀਆਂ ਕਥਨੀਆਂ ਸੰਸਾਰ ਦੇ ਵਿਚ ਬਹੁਤ ਸਾਰੀਆਂ ਨੇ :

ਕਥਨਾ ਕਥੀ ਨ ਆਵੈ ਤੋਟਿ॥

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

(ਜਪੁਜੀ ਸਾਹਿਬ)

ਅਨੰਤ ਰੂਪ ਤੇ ਅਨੰਤ ਗੁਣਾਂ ਦਾ ਮਾਲਕ ਸਾਧਕਾਂ ਦੀ ਦ੍ਰਿਸ਼ਟੀ ਵਿਚ ਜਿਸ-ਜਿਸ ਢੰਗ ਨਾਲ ਪ੍ਰਗਟ ਹੋਇਆ ਸਾਧਕ ਲੋਕਾਂ ਨੇ ਉਸੇ-ਉਸੇ ਢੰਗ ਨਾਲ ਉਸ ਪਰਮ ਸ਼ਕਤੀ ਦੇ ਗੀਤ ਗਾਏ। ਉਹਦੀ ਉਸਤਤੀ ਕੀਤੀ, ਕਿਉਂਕਿ ਉਹ ਹਰ ਪਲ, ਹਰ ਛਿਨ ਨਵਾਂ ਹੈ ਅਤੇ ਅਨੇਕਾਂ ਰੂਪ ਨੇ। ਇਸ ਵਾਸਤੇ ਪਰੀਪੂਰਨ ਪ੍ਰਮਾਤਮਾ ਦੇ ਅਨੇਕਾਂ ਨਾਮ ਪੈ ਗਏ। ਸਾਹਿਬ ਫੁਰਮਾਣ ਕਰਦੇ ਨੇ :

ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥

(ਪੰਨਾ ੧੧੬੮)

ਕਿਸੇ ਨੂੰ ਐਸਾ ਦਿਖਾਈ ਦਿੱਤਾ ਕਿ ਉਹ ਰਮਿਆ ਹੋਇਆ ਹੈ। ਜਦ ਐਸਾ ਦਿਖਾਈ ਦਿੱਤਾ ਤੇ ਰਸਨਾ ਤੋਂ ਨਿਕਲਿਆਂ ਰਾਮ ਜਦ ਐਸਾ ਕਿਸੇ ਨੂੰ ਪ੍ਰਤੀਤ ਹੋਇਆ ਕਿ ਸੰਸਾਰ ਵਿਚ ਰਹਿੰਦਾ ਹੋਇਆ ਉਹ ਸੰਸਾਰ ਤੋਂ ਪਰ੍ਹੇ ਹੈ, ਤੇ ਨਿਰੰਜਨ ਸ਼ਬਦ ਰਸਨਾ ਦੇ ਲਾਗੇ ਜਦ ਇਹ ਦੇਖਿਆ ਕਿ ਉਹਦੇ ਵਿਚ ਖਿੱਚ ਨਹੀਂ, ਕਸ਼ਿਸ਼ ਨਹੀਂ ਹੈ। ਉਸ ਦੇ ਵਿਚ ਸੰਸਾਰ ਦੀ ਪਕੜ ਨਹੀਂ ਹੈ। ਸੰਸਾਰ ਵਿਚ ਰਹਿੰਦਾ ਹੋਇਆ ਸੰਸਾਰ ਦੀ ਮੋਹ ਮਮਤਾ ਉਸ ਵਿਚ ਨਹੀਂ ਹੈ, ਤਾਂ ਸੁਭਾਵਕ ਸ਼ਬਦ ਨਿਕਲਿਆ, ਕ੍ਰਿਸ਼ਨ ਜਦ ਐਸਾ ਦਿੱਸਿਆ ਕਿ ਉਹ ਕਰਤਾ ਹੈ, ਕਿਤੇ ਨਹੀਂ ਹੈ ਤੇ ਰਸਨਾ ਵਿਚੋਂ ਨਿਕਲਿਆ, ਕਰਤਾਰ ਜਦ ਐਸਾ ਪ੍ਰਤੀਤ ਹੋਇਆ ਕਿ ਉਸ ਦਾ ਕੋਈ ਆਕਾਰ ਨਹੀਂ ਹੈ, ਉਸ ਦਾ ਕੋਈ ਵਜੂਦ ਨਹੀਂ ਹੈ, ਉਹ ਪਰਮ ਸ਼ਕਤੀ ਹੈ ਤੇ ਰਸਨਾ ਵਿਚ ਸੁਭਾਵਕ ਨਾਮ ਨਿਕਲਿਆ, ਨਿਰੰਕਾਰ ਤੇ ਜਦ ਐਸਾ ਮਹਿਸੂਸ ਹੋਇਆ ਕਿ ਉਹ ਇਕ ਅਸਚਰਜ ਰੂਪ ਹੈ। ਜਿਹੜਾ ਉਸ ਦੇ ਨੇੜੇ ਜਾਂਦਾ ਉਸ ਦਾ ਅੰਧਕਾਰ ਦੂਰ ਹੋ ਕੇ ਉਸ ਨੂੰ ਪ੍ਰਕਾਸ਼ ਮਿਲਦਾ, ਉਸ ਨੂੰ ਚਾਨਣਾ ਮਿਲਦਾ, ਤਾਂ ਸੁਭਾਵਕ ਸ਼ਬਦ ਨਿਕਲਦਾ ਵਾਹਿਗੁਰੂ। ਇਸੇ ਤਰੀਕੇ ਨਾਲ ਬੋਲੀ ਦੇ ਅਧਾਰ ਤੇ, ਮਜ਼ਬਾਂ ਦੇ ਅਧਾਰ ਤੇ ਵੱਖ-ਵੱਖ ਬਣੀ ਹੋਈ ਸੰਸਕ੍ਰਿਤੀ ਦੇ ਅਧਾਰ ਤੇ ਪ੍ਰਮਾਤਮਾ ਦੇ ਵੱਖ-ਵੱਖ ਨਾਮ ਸੰਸਾਰ ਵਿਚ ਪ੍ਰਗਟ ਹੋਏ ਤੇ ਉਹਦੇ ਵੱਖ-ਵੱਖ ਰੂਪ ਦੀ ਚਰਚਾ ਧਰਮ ਗ੍ਰੰਥਾਂ ਵਿਚ ਹੋਈ। ਇਤਨੀ ਗੱਲ ਸਪੱਸ਼ਟ ਹੈ ਕਿ ਹਰ ਬੰਦੇ ਕੋਲ ਦ੍ਰਿਸ਼ਟੀ ਵੱਖ-ਵੱਖ ਹੈ ਅਤੇ ਆਪਣੀ ਦ੍ਰਿਸ਼ਟੀ ਦੇ ਮੁਤਾਬਿਕ ਹੀ ਮਨੁੱਖ ਸੰਸਾਰ ਨੂੰ ਦੇਖਦਾ ਹੈ, ਨਿਰੰਕਾਰ ਨੂੰ ਦੇਖਦਾ ਹੈ।

ਇਕ ਤਸਬੀਹ ਦੇ ਕੇ ਅਗਾਂਹ ਚੱਲਾਂਗੇ, ਇਕ ਦਰਖੱਤ ਦੇ ਥੱਲੇ ਪੰਜ ਸੱਤ ਮਨੁੱਖ ਵਿਸ਼ਰਾਮ ਕਰ ਰਹੇ ਨੇ। ਦੁਪਹਿਰ ਵੇਲੇ ਉਨ੍ਹਾਂ ਦੇ ਵਿਚੋਂ ਇਕ ਨ੍ਰਿਤਕਾਰ ਹੈ, ਇਕ ਸੰਗੀਤਕਾਰ ਹੈ, ਇਕ ਉਦਾਸੀ ਸੰਤ ਹੈ, ਇਕ ਨੌਜਵਾਨ ਹੈ, ਜਿਹੜਾ ਹੁਣੇ ਹੀ ਘਰੋਂ ਲੜ ਕੇ ਆਇਆ ਹੈ। ਬੜੀ ਦੁਖੀ ਹੈ, ਬਹੁਤ ਬੇਚੈਨ ਹੈ। ਅਰਾਮ ਕਰ ਰਹੇ ਮਨੁੱਖਾਂ ਵਿਚੋਂ ਇਕ ਲੱਕੜ ਦਾ

ਵਪਾਰੀ ਹੈ। ਹਵਾ ਦੇ ਤੇਜ਼ ਝੋਕੇ ਜਦੋਂ ਦਰੱਖਤ ਨਾਲ ਛੂੰਹਦੇ ਨੇ, ਦਰੱਖਤ ਦੀਆਂ ਟਹਿਣੀਆਂ ਹਵਾ ਨਾਲ ਝੂਲਦੀਆਂ ਨੇ। ਜਿਹੜਾ ਨ੍ਰਿਤਕਾਰ ਸੀ ਉਹ ਨ੍ਰਿਤ ਦੀ ਦੁਨੀਆਂ ਵਿਚ ਖੋਹ ਜਾਂਦਾ ਅਤੇ ਕਹਿੰਦਾ ਹੈ ਮੇਰੇ ਤੋਂ ਵੀ ਜ਼ਿਆਦਾ ਸੁੰਦਰ, ਦਰੱਖਤ ਨ੍ਰਿਤ ਕਰ ਰਹੇ ਨੇ, ਇਹਦੀ ਸ਼ਾਖਾ ਵਿਚ ਕਿਤਨੀ ਲਚਕ ਹੈ, ਇਹਦੇ ਪੱਤੇ ਕਿਸ ਢੰਗ ਨਾਲ ਝੂਮ ਰਹੇ ਨੇ ਨ੍ਰਿਤ ਵੇਖ ਕੇ ਉਹ ਦਰੱਖਤ ਦਾ। ਉਹ ਨ੍ਰਿਤਕਾਰ ਬਿਸਮਾਦ ਦੀ ਦੁਨੀਆਂ ਵਿਚ ਖੋਹ ਜਾਂਦਾ, ਉਹਨੂੰ ਦਰੱਖਤ ਨੱਚਦਾ ਹੋਇਆ ਪ੍ਰਤੀਤ ਹੁੰਦਾ। ਦੂਸਰਾ ਸੰਗੀਤਕਾਰ ਹੈ, ਜਦ ਪਵਨ ਦੇ ਤੇਜ਼ ਝੋਕੇ ਦਰੱਖਤ ਨਾਲ ਸੰਪਰਕ ਕਰਦੇ ਨੇ ਸ਼ਾਂ-ਸ਼ਾਂ ਦੀ ਅਵਾਜ਼ ਬੁਲੰਦ ਹੁੰਦੀ ਹੈ। ਉਹ ਸੰਗੀਤਕਾਰ ਸਰਗਮ ਦੀ ਦੁਨੀਆਂ ਵਿਚ ਖੋਹ ਜਾਂਦਾ, ਸੁਰਾਂ ਦੀ ਦੁਨੀਆਂ ਵਿਚ ਖੋਹ ਜਾਂਦਾ, ਸੰਗੀਤ ਦੀ ਦੁਨੀਆਂ ਵਿਚ ਖੋਹ ਜਾਂਦਾ, ਵਿਸਮਾਦ ਹੋ ਜਾਂਦਾ। ਕਹਿੰਦਾ ਹੈ ਕਿ ਸਿਰਫ ਮੈਂ ਹੀ ਨਹੀਂ ਗਾਉਂਦਾ ਇਹ ਦਰੱਖਤ ਵੀ ਗਾਉਂਦਾ ਹੈ, ਗੀਤ ਸੰਗੀਤ ਇਹਦੇ ਵਿਚੋਂ ਹੀ ਨਿਕਲਦਾ ਹੈ। ਨ੍ਰਿਤਕਾਰ ਨੂੰ ਐਸਾ ਪ੍ਰਤੀਤ ਹੋਇਆ ਕਿ ਦਰੱਖਤ ਨੱਚ ਰਿਹਾ ਹੈ, ਪਰ ਸੰਗੀਤਕਾਰ ਨੂੰ ਐਸਾ ਪ੍ਰਤੀਤ ਹੋਇਆ ਕਿ ਜੈਸੇ ਪੱਤੇ-ਪੱਤੇ 'ਚੋਂ ਸੰਗੀਤ ਦਾ ਜਨਮ ਹੋਇਆ। ਉਦਾਸੀਨ ਮਹਾਤਮਾ ਲੇਟਿਆ ਹੋਇਆ, ਉਹ ਦੇਖਦਾ ਦਰੱਖਤ ਦੀ ਤਰਫ ਇਕ ਸੁੱਕਾ ਪੱਤਾ ਤੇਜ਼ ਹਵਾ ਦੇ ਝੋਕੇ ਨਾਲ ਟੁੱਟ ਕੇ ਜ਼ਮੀਨ ਤੇ ਆ ਗਿਰਦਾ ਹੈ। ਅੱਖਾਂ ਵਿਚੋਂ ਹੰਝੂ ਆ ਗਏ ਸੰਤ ਦੇ, ਔਰ ਕਹਿੰਦਾ ਇਕ ਦਿਨ ਸੰਸਾਰ ਦੇ ਦਰੱਖਤ ਨਾਲੋਂ ਇਸ ਤਰ੍ਹਾਂ ਟੁੱਟ ਜਾਵਾਂਗਾ, ਜਿਵੇਂ ਪੱਤਾ ਟੁੱਟ ਗਿਆ। ਜਿਵੇਂ ਹੁਣ ਪੱਤੇ ਦਾ ਜੁੜਨਾ ਇਕ ਦਰੱਖਤ ਨਾਲ ਬੜਾ ਔਖਾ ਹੈ, ਤਿਵੇਂ ਮਰਨ ਹੋਏ ਮਨੁੱਖ ਦਾ ਮੁੜ ਕੇ ਕੁਟੰਬ, ਸਕੇ ਸਬੰਧੀਆਂ ਸੰਸਾਰ ਨਾਲ ਜੁੜਨਾ ਬਹੁਤ ਔਖਾ ਹੈ, ਬਹੁਤ ਔਖਾ। ਹੋਰ ਬੈਰਾਗ ਦੀ ਦੁਨੀਆਂ ਵਿਚ ਖੋਹ ਗਿਆ, ਹੋਰ ਸੰਸਾਰ ਤੋਂ ਉਪਰਾਮ ਹੋ ਗਿਆ ਬਈ ਇਥੇ ਤੇ ਸਾਰੇ ਹੀ ਪੱਤੇ ਝੜ ਜਾਂਦੇ, ਇਹ ਪੱਤੇ ਸਦੀਵੀ ਦਰੱਖਤ ਨਾਲ ਨਹੀਂ ਰਹਿੰਦੇ, ਇਕ-ਇਕ ਕਰਕੇ ਸਾਰਿਆਂ ਨੂੰ ਝੜਨਾ ਪੈਣਾ। ਇਸੇ ਕਰਕੇ ਕਿਸੇ ਪਰਮ ਖੋਜ, ਕਿਸੇ ਪਰਮ ਦੇਸ਼ ਦੇ ਅੰਦਰ ਤਲਬ ਰੱਖ ਕੇ ਅਗੰਮੀ ਦੁਨੀਆਂ ਵਿਚ ਖੋਹ ਗਿਆ ਇਹ ਸੰਤ। ਚੌਥਾ ਜੋ ਲੇਟਿਆ ਹੋਇਆ ਅਰਾਮ ਕਰ ਰਿਹਾ ਸੀ ਇਸ ਦਰੱਖਤ ਦੇ ਥੱਲੇ, ਉਹ ਇਕ ਵਪਾਰੀ ਹੈ ਲੱਕੜ ਦਾ, ਉਹ ਇਸ ਸੋਚਾਂ ਵਿਚ ਗਲਤਾਨ ਹੋ ਗਿਆ, ਦਰੱਖਤ ਨੂੰ ਅਗਰ ਮੈਂ ਖਰੀਦ ਲਵਾਂ, ਇਹਦੇ ਵਿਚ ਇਮਾਰਤੀ ਲੱਕੜ ਕਿਤਨੀ ਨਿਕਲੇਗੀ, ਇਸ ਵਿਚ ਜਲਾਊ ਲੱਕੜ ਕਿਤਨੀ ਹੋਵੇਗੀ ਅਤੇ ਇਸ ਵਿਚ ਜਿਹੜਾ ਬਾਕੀ ਦਾ ਮਲਬਾ ਹੈ, ਸ਼ਾਖਾਂ ਇਹਦਾ ਕੋਲਾ ਬਣ ਸਕੇਗਾ ਕਿ ਨਹੀਂ, ਮੈਂ ਕਿੰਨੇ ਦਾ ਇਕ ਦਰੱਖਤ ਖਰੀਦਾਂ, ਇਹ ਕਿਤਨੇ ਦਾ ਵਿਕੇਗਾ, ਮੈਨੂੰ ਕੀ ਕੁਝ ਬਚੇਗਾ। ਦਰੱਖਤ ਨੂੰ ਵੇਖ ਕੇ ਵਪਾਰ ਦੀ ਦੁਨੀਆਂ ਵਿਚ ਖੋਹ ਗਿਆ। ਪੰਜਵਾਂ ਜੋ ਅਰਾਮ ਕਰ ਰਿਹਾ ਹੈ ਇਹ ਇਕ ਨੌਜਵਾਨ ਹੈ, ਹੁਣੇ-ਹੁਣ ਘਰੋਂ ਲੜ ਕੇ ਆਇਆ ਤੇ ਹਵਾ ਦੇ ਤੇਜ਼ ਝੋਕਿਆਂ ਨਾਲ ਜਦ ਸ਼ਾਖਾਂ-ਸ਼ਾਖਾਂ ਨਾਲ ਟਕਰਾਉਂਦੀਆਂ ਨੇ, ਪੱਤੇ-ਪੱਤੇ ਨਾਲ ਟਕਰਾਉਂਦੇ ਨੇ, ਖੜਾਕ ਪੈਦਾ ਹੁੰਦਾ ਰਹਿੰਦਾ। ਝਗੜਾ ਇਥੇ ਵੀ ਸ਼ੁਰੂ ਹੈ, ਸ਼ਾਖਾਂ-ਸ਼ਾਖਾਂ ਨਾਲ ਲੜ ਰਹੀਆਂ ਨੇ, ਪੱਤੇ-ਪੱਤੇ ਨਾਲ ਲੜ

ਰਹੇ ਨੇ। ਸਿਰਫ ਸਾਡੇ ਘਰ ਵਿਚ ਹੀ ਲੜਾਈ ਨਹੀਂ ਇਥੇ ਦਰੱਖਤ ਵਿਚ ਵੀ ਬਹੁਤ ਵੱਡੀ ਲੜਾਈ ਹੈ। ਹੁਣ ਜੈਸੀ-ਜੈਸੀ ਦ੍ਰਿਸ਼ਟੀ ਹੈ ਮਨੁੱਖ ਦੀ ਵੈਸੀ-ਵੈਸੀ ਸ੍ਰਿਸ਼ਟੀ ਦਿਖਾਈ ਦੇਂਦੀ ਹੈ ਮਨੁੱਖ ਨੂੰ।

ਦਰੱਖਤ ਇਕੋ ਹੀ ਹੈ ਪਰ ਸਾਰਿਆਂ ਨੂੰ ਵੱਖ-ਵੱਖ ਕਰਕੇ ਪ੍ਰਤੀਤ ਹੋ ਗਿਆ। ਸੰਸਾਰ ਇਕ ਹੈ ਲੇਕਿਨ ਨਜ਼ਰਾਂ ਵੱਖ-ਵੱਖ ਹੋਣ ਕਰਕੇ ਨਜ਼ਾਰੇ ਵੱਖ-ਵੱਖ ਦਿਖਾਈ ਦੇਂਦੇ ਨੇ। ਜੈਸੀ ਦ੍ਰਿਸ਼ਟੀ ਹੁੰਦੀ ਹੈ, ਜੈਸੀ ਦ੍ਰਿਸ਼ਟੀ ਹੁੰਦੀ ਹੈ ਵੈਸੀ ਹੀ ਮਨੁੱਖ ਦੀ ਸ੍ਰਿਸ਼ਟੀ ਬਣ ਜਾਂਦੀ ਹੈ। ਵੱਖ-ਵੱਖ ਸ੍ਰਿਸ਼ਟੀ ਕਰਕੇ ਪ੍ਰਮਾਤਮਾ ਦੇ ਅਨੇਕਾਂ ਰੂਪ ਜਗਤ ਵਿਚ ਪ੍ਰਚੱਲਤ ਹੋਏ। ਇਸਲਾਮ ਤੇ ਇਸਾਈਅਤ ਨੇ ਉਸ ਪਰੀਪੂਰਨ ਪ੍ਰਮਾਤਮਾ ਨੂੰ ਪਿਤਾ ਕਰਕੇ ਆਖਿਆ। ਫਾਦਰ ਕਹਿੰਦੇ ਨੇ ਪਿਦਰ ਹੈ। ਸਮੁੱਚਾ ਇਸਲਾਮ ਕਹਿੰਦਾ ਹੈ ਉਹ ਜਿਹੜੀ ਪਰਮ ਸ਼ਕਤੀ ਹੈ ਪਿਦਰ ਹੈ, ਉਹ ਫਾਦਰ ਹੈ। ਦਰਅਸਲ ਅਗਰ ਅਸੀਂ ਪ੍ਰਮਾਤਮਾ ਨੂੰ ਸੰਬੰਧੀ ਬਣਾਉਣਾ ਚਾਹੀਏ ਜੈਸੇ ਤੇ ਉਹ ਹੈ ਵੀ ਸਾਡਾ ਸੰਬੰਧੀ। ਬੁਨਿਆਦੀ ਸੰਬੰਧੀ ਕੋਈ ਸਾਡੇ ਕੋਲੋਂ ਪੁਛੇ ਤੁਸੀਂ ਪ੍ਰਮਾਤਮਾ ਨਾਲ ਸੰਬੰਧ ਅਸਥਾਪਣ ਕੀਤਾ ਪਰ ਉਹ ਤੁਹਾਡਾ ਕਿਹੋ ਜਹਿਆਂ ਨਾਲ ਸੰਬੰਧੀ ਹੈ ? ਕੌਣ ਲਗਦਾ ਨਹੀਂ ਲਗਦਾ, ਜੈਸੇ ਨਾਲ ਚਲਦੇ ਹੋਏ ਮਨੁੱਖ ਬਾਰੇ ਕੁਝ ਪੁੱਛ ਲਏ ਕੌਣ ਹੈ, ਅਸੀਂ ਕਹਿ ਦੇਈਏ ਕਿ ਸੰਬੰਧੀ ਹੈ, ਪਰ ਇਹਦੇ ਨਾਲ ਸਵਾਲ ਦਾ ਸਹੀ ਮਹਿਣੇ ਜਵਾਬ ਨਹੀਂ ਮਿਲਦਾ। ਉਹ ਪੁੱਛ ਸਕਦਾ ਸੰਬੰਧੀ ਤੇ ਹੈ ਕੀ ਲਗਦਾ, ਪੁੱਤਰ ਲੱਗਦਾ, ਮਿੱਤਰ ਲਗਦਾ, ਭਰਾ ਲੱਗਦਾ। ਦੋਸਤ ਲਗਦਾ ? ਆਇਆ ਕੀ ਲਗਦਾ ? ਰਿਸ਼ਤੇ ਦਾ ਜ਼ਿਕਰ ਕਰਨਾ ਪੈਂਦਾ, ਸੰਬੰਧੀ ਦਾ ਜ਼ਿਕਰ ਕਰਨਾ ਪੈਂਦਾ, ਕੈਸਾ ਸੰਬੰਧੀ ਹੈ, ਸੰਬੰਧੀ ਦੀ ਚਰਚਾ ਕਰਨੀ ਪੈਂਦੀ। ਉਹ ਜੋ ਪਰਮ ਸ਼ਕਤੀ ਹੈ ਉਹ ਪ੍ਰਮਾਤਮਾ ਹੈ, ਉਹਦੇ ਨਾਲ ਸੰਬੰਧ ਜੋੜਨਾ ਹੈ। ਪਰ ਇਹ ਸੰਬੰਧ ਕੈਸਾ ਹੋਵੇਗਾ, ਪਰ ਮਨੁੱਖ ਦੀ ਦੁਨੀਆਂ ਵਿਚ ਜੋ ਸੰਬੰਧ ਨੇ ਉਹਦੇ ਵਿਚ ਨਾਂ ਹੈ, ਬਾਪ ਹੈ, ਪਤਨੀ ਹੈ, ਬੱਚੇ ਨੇ, ਭਰਾ ਨੇ, ਦੋਸਤ ਨੇ, ਪੜੋਸੀ ਨੇ। ਇਹ ਹੀ ਸੰਬੰਧ ਨੇ। ਉਸ ਪਰੀਪੂਰਨ ਪਰਮਾਤਮਾ ਨਾਲ ਕੈਸਾ ਸੰਬੰਧ ਜੋੜੀਏ ? ਈਸਾਈਅਤ ਵੀ ਕਹਿੰਦੀ ਹੈ ਉਹ ਫਾਦਰ ਹੈ ਪ੍ਰਾਰਥਨਾ ਕਰਨਗੇ, ਇਬਾਦਤ ਕਰਨਗੇ। ਉਹ ਪਿਤਾ ਦੇ ਅੱਗੇ ਝੁਕਣਗੇ ਅਤੇ ਉਸ ਪਿਤਾ ਦੇ ਕੋਲੋਂ ਇੰਝ ਜਾਚਨਾ ਕਰਨਗੇ ਜੈਸੇ ਕਿ ਇਕ ਮਾਸੂਮ ਬੱਚਾ ਪਿਉ ਕੋਲੋਂ ਮੰਗਦ ਐ। ਇਸਲਾਮ ਈਸਾਈਅਤ ਦੀ ਸਮੁੱਚੀ ਇਬਾਦਤ ਪੁੱਤਰ ਦੇ ਆਲੇ-ਦੁਆਲੇ ਘੁੰਮਦੀ ਹੈ, ਇਕ ਪੁੱਤਰ ਪਿਉ ਦੀ ਪੂਜਾ ਕਰ ਰਿਹਾ ਹੈ, ਇਕ ਪੁੱਤਰ ਪਿਤਾ ਦੀ ਪ੍ਰਕਰਮਾ ਕਰ ਰਿਹਾ ਹੈ, ਇਕ ਪੁੱਤਰ ਪਿਤਾ ਨੂੰ ਮਹਾਨ ਜਾਣ ਕੇ ਉਹਦੇ ਅੱਗੇ ਜਾਚਨਾ ਕਰ ਰਿਹਾ ਹੈ। ਇਹ ਬੰਦਗੀ, ਇਹ ਇਬਾਦਤ, ਇਸ ਰਿਸ਼ਤੇ ਦੇ ਉਤੇ ਖੜੀ ਹੈ। ਹੋਰ ਥੋੜਾ ਜਿਹਾ ਅਗਾਂਹ ਜਾਈਏ ਭਾਰਤ ਦਾ ਪੁਰਾਣਾ ਸਨਾਤਨ ਮੱਤ, ਉਸ ਦਾ ਇਕ ਅੰਗ ਉਸ ਪਰਮ ਸ਼ਕਤੀ ਨੂੰ, ਪਰਮਾਤਮਾ ਨੂੰ ਮਾਂ ਕਰਕੇ ਪੂਜਦਾ ਹੈ, ਮਾਤਾ ਕਰਕੇ ਪੂਜਦਾ ਹੈ। ਜਿਥੇ ਇਸਲਾਮ ਕਹਿੰਦਾ ਹੈ ਉਹ ਪਿਤਾ ਹੈ। ਈਸਾਈਅਤ ਕਹਿੰਦਾ ਹੈ ਉਹ ਫਾਦਰ ਹੈ, ਉਹ ਬਾਪ ਹੈ। ਉਥੇ ਭਾਰਤ ਦਾ ਇਕ ਤਬਕਾ

ਕਹਿੰਦਾ ਉਹ ਮਾਂ ਹੈ। ਲਹਿਜਾ ਮਾਤਾ ਮਾਤਾ ਦੀ ਚਰਚਾ ਦੇ ਗੀਤ ਚਲਦੇ ਨੇ। ਮਾਂ ਦੇ ਬਹੁਤ ਸਾਰੇ ਮੰਦਰ ਵੀ ਸਾਡੇ ਦੇਸ਼ ਵਿਚ ਮੌਜੂਦ ਨੇ, ਜੈਸੇ ਕਿ ਵੈਸ਼ਨੋ ਦੇਵੀ, ਨੈਨਾ ਦੇਵੀ, ਕਾਲੀ ਦੇਵੀ, ਸੁਰਸਵਤੀ ਦੇਵੀ, ਦੁਰਗਾ ਦੇਵੀ ਇਤਿਆਦਕ ਅਨੰਤ ਦੇਵੀਆਂ ਸਾਡੇ ਦੇਸ਼ ਵਿਚ ਇਕ ਭਾਵਨਾ ਕਰਕੇ ਉਜਾਗਰ ਹੋਈਆਂ ਕਿ ਮਨੁੱਖ ਨੇ ਮੰਨਿਆ ਉਹ ਪਰਮਾਤਮਾ ਮਾਤਾ ਹੈ, ਮਾਂ ਹੈ ਤੇ ਮਾਂ ਜਾਣ ਕੇ ਪੂਜਾ ਸ਼ੁਰੂ ਹੋਈ, ਮਾਂ ਜਾਣ ਕੇ ਪ੍ਰਤਿਸ਼ਠਾ ਸ਼ੁਰੂ ਹੋਈ ਅਤੇ ਮਾਂ ਜਾਣ ਕੇ ਬੰਦਗੀ, ਪ੍ਰਕਰਮਾ, ਇਬਾਦਤ। ਇਹ ਸਭ ਕੁਝ ਅਰਚਾ ਬੰਧਨ ਚਲ ਰਿਹਾ। ਇਕ ਤਬਕੇ ਨੇ ਇਸ ਢੰਗ ਨਾਲ ਪ੍ਰਮਾਤਮਾ ਨੂੰ ਮੰਨਿਆ। ਅਗਾਂਹ ਚੱਲੀਏ ਸੂਫੀ ਸੰਤ ਜਿਹੜੇ ਨੇ, ਪਰੀਪੂਰਨ ਪ੍ਰਮਾਤਮਾ ਨਾਲ ਜੋ ਰਿਸ਼ਤਾ ਸਥਾਪਤ ਕਰਦੇ ਨੇ ਉਹ ਹੈ ਮਹਿਬੂਬ ਤੇ ਮਹਿਬੂਬਾ। ਇਸੇ ਵਾਸਤੇ ਸਭ ਮੁਸਲਮਾਨ ਸੂਫੀ ਕਲਾਮ ਨੂੰ ਪਸੰਦ ਨਹੀਂ ਕਰਦੇ। ਮੁਤੱਸਬੀ ਮੁਸਲਮਾਨਾਂ ਨੇ ਤੇ ਸੂਫੀਆਂ ਨੂੰ ਕਿਸੇ ਹੱਦ ਤਕ ਕਤਲ ਕੀਤਾ, ਮੁਲਤਾਨ ਦੇ ਮੁਸਲਿਮ ਹੁਕਮਰਾਨ ਨੇ ਸ਼ੱਮਸ ਤਬਰੇਜ਼ ਦੀ ਪੁੱਠੀ ਖੱਲ ਲੁਹਾ ਦਿੱਤੀ। ਤਕਰੀਬਨ-ਤਕਰੀਬਨ ਜਿਤਨੇ ਵੀ ਸੂਫੀ ਪੈਦਾ ਹੋਏ ਮੁਤੱਸਬੀ ਮੁਸਲਮਾਨਾਂ ਦੀ ਮਾਰ ਦੇ ਸ਼ਿਕਾਰ ਹੁੰਦੇ ਰਹੇ। ਜੈਸੇ ਸਰਮੱਦ ਦੀ ਕਬਰ ਅਸੀਂ ਜਾਮਾ ਮਸਜਿਦ ਦੇ ਕੋਲ ਦੇਖਦੇ ਹਾਂ, ਇਸ ਨੂੰ ਔਰੰਗਜ਼ੇਬ ਨੇ ਕਤਲ ਕਰ ਦਿੱਤਾ ਸੀ। ਇਹ ਖੁਲ੍ਹੇ ਖਿਆਲਾਂ ਦਾ ਮਾਲਕ। ਸੂਫੀ ਕਲਾਮ ਦੇ ਅੰਦਰ ਜੋ ਰਿਸ਼ਤਾ ਪ੍ਰਮਾਤਮਾ ਦਾ ਮਿਲਦਾ ਉਹ ਹੈ ਮਹਿਬੂਬ ਤੇ ਮਹਿਬੂਬਾ ਦਾ, ਕਿਸੇ ਥਾਂ ਉਹ ਪ੍ਰਮਾਤਮਾ ਨੂੰ ਮਹਿਬੂਬ ਬਣਾਉਂਦੇ ਖੁਦ ਮਹਿਬੂਬਾ ਬਣਦੇ ਨੇ। ਕਿਸੇ ਥਾਂ ਪ੍ਰਮਾਤਮਾ ਨੂੰ ਮਹਿਬੂਬਾ ਸਮਝਦੇ ਨੇ, ਖੁਦ ਮਹਿਬੂਬ ਬਣਦੇ ਨੇ। ਇਸ ਰਿਸ਼ਤੇ ਦੇ ਆਲੇ-ਦੁਆਲੇ ਉਨ੍ਹਾਂ ਦੀ ਬੰਦਗੀ, ਉਨ੍ਹਾਂ ਦੀ ਇਬਾਦਤ ਘੁੰਮਦੀ ਹੈ। ਥੋੜ੍ਹਾ ਜਿਹਾ ਹੋਰ ਅਗਾਂਹ ਚੱਲੀਏ ਕੁਝ ਹੋਰ ਵੀ ਸੰਬੰਧ ਮਿਲਦੇ ਨੇ। ਭਗਤ ਕਬੀਰ ਜੀ ਮਹਾਰਾਜ ਨੇ ਪਰੀਪੂਰਨ ਪ੍ਰਮਾਤਮਾ ਨਾਲ ਜੋ ਸੰਬੰਧ ਜੋੜਿਆ ਹੈ ਉਹ ਹੈ, ਮੈਂ ਦਾਸ ਹਾਂ ਤੂੰ ਮਾਲਕ। ਭਗਤ ਲੋਕ ਜਿੰਨੇ ਵੀ ਹੋਏ ਨੇ ਸਾਡੇ ਦੇਸ਼ ਵਿਚ ਤਕਰੀਬਨ-ਤਕਰੀਬਨ ਆਪਣੇ ਆਪ ਨੂੰ ਦਾਸ ਕਹਿੰਦੇ ਨੇ, ਪ੍ਰਮਾਤਮਾ ਨੂੰ ਮਾਲਕ ਕਹਿੰਦੇ ਨੇ। ਅਸੀਂ ਤੇ ਜ਼ਰਖਰੀਦ ਗੁਲਾਮ ਹਾਂ।

ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ॥

(ਪੰਨਾ ੩੩੮)

ਜਿਤਨੇ ਵੀ ਭਗਤ ਹੋਏ ਨੇ ਸਭ ਆਪਣੇ ਆਪ ਨੂੰ ਗੁਲਾਮ ਆਖਦੇ ਰਹੇ ਨੇ, ਦਾਸ ਆਖਦੇ ਰਹੇ ਨੇ। ਤੂੰ ਮਾਲਕ ਹੈਂ ਅਸੀਂ ਤੇਰੇ ਗੁਲਾਮ ਹਾਂ। ਗਰਜ਼ ਕਿ ਇਹਨਾਂ ਰਿਸ਼ਤਿਆਂ ਦੇ ਆਲੇ-ਦੁਆਲੇ ਪਰੀਪੂਰਨ ਪ੍ਰਮਾਤਮਾ ਦਾ ਸੰਬੰਧ ਚਲਦਾ ਰਿਹਾ। ਕੁਝ ਐਸੇ ਹੀ ਭਗਤ ਹੋਏ ਨੇ ਜਿਨ੍ਹਾਂ ਨੇ ਕਹਿ ਦਿੱਤਾ ਤੂੰ ਰਾਜਾ ਹੈਂ ਅਸੀਂ ਤੇਰੀ ਪਰਜਾ। ਐ ਪਰਮਾਤਮਾ ਤੂੰ ਰਾਜਾ ਹੈਂ। ਰਾਜਾ ਜਾਣ ਕੇ ਉਸ ਦੀ ਪੂਜਾ ਹੋਈ ਅਤੇ ਨਿਸ਼ਕਲੰਕ ਰਾਜਾ ਕਰਕੇ ਆਖਿਆ। ਤੂੰ ਨਿਸ਼ਕਲੰਕ ਰਾਜਾ ਹੈਂ, ਤੇਰੇ ਤੇ ਕੋਈ ਕਲੰਕ ਨਹੀਂ, ਅਸੀਂ ਤੇਰੀ ਰਈਅਤ ਹਾਂ, ਅਸੀਂ ਤੇਰੀ

ਪਰਜਾ ਹਾਂ। ਬੰਦਗੀ ਕਰਦੇ ਨੇ, ਇਬਾਦਤ ਕਰਦੇ ਨੇ। ਇਸ ਢੰਗ ਦੇ ਨਾਲ ਜੈਸੇ ਕੋਈ ਪਰਜਾ ਰਾਜੇ ਅੱਗੇ ਸਜਦਾ ਕਰ ਰਹੀ ਹੋਵੇ, ਬੰਦਗੀ ਕਰ ਰਹੀ ਹੋਵੇ। ਕੁਝ ਐਸੇ ਵੀ ਮਹਾਨ ਪੁਰਸ਼ ਹੋਏ ਨੇ ਜਿਨ੍ਹਾਂ ਨੇ ਰਿਸ਼ਤਾ ਜੋੜਿਆ ਬਈ ਤੂੰ ਗੁਰੂ ਹੈਂ, ਅਸੀਂ ਤੇਰੇ ਸ਼ਿਸ਼, ਤੂੰ ਗੁਰੂ ਸਰਬ ਸੰਸਾਰ ਨੂੰ ਚਾਨਣਾ ਦੇਣ ਵਾਲਾ, ਪ੍ਰਕਾਸ਼ ਦੇਣ ਵਾਲਾ ਹੈਂ, ਅਸੀਂ ਤੇ ਸ਼ਿਸ਼ ਤੇ ਸ਼ਿਸ਼ ਜਾਣਕੇ, ਉਸਨੂੰ ਗੁਰੂ ਸਮਝ ਕੇ ਇਹ ਸੰਬੰਧ ਜੋੜਿਆ ਗਿਆ। ਬੰਦਗੀ ਦੁਆਰਾ, ਪ੍ਰਸਤਸ਼ ਦੁਆਰਾ ਕੁਝ ਐਸੇ ਵੀ ਨੇ ਜਿਨ੍ਹਾਂ ਨੇ ਸੰਬੰਧ ਜੋੜਿਆ, ਉਸ ਪਰੀਪੂਰਨ ਪਰਮਾਤਮਾ ਨਾਲ ਮਿੱਤਰ ਦਾ ਤੇ ਬਈ ਸਾਡਾ ਮਿੱਤਰ ਹੈ, ਤੂੰ ਸਾਡਾ ਦੋਸਤ ਹੈਂ।

ਵੱਖ-ਵੱਖ ਰਿਸ਼ਤਿਆਂ ਤੇ ਸਮੁੱਚੇ ਸੰਸਾਰ ਵਿਚ ਵੱਖ-ਵੱਖ ਮਜ਼੍ਹਬ ਤੇ ਸੰਪਰਦਾਵਾਂ ਮੌਜੂਦ ਨੇ, ਜੈਸੇ ਕਿ ਮੈਂ ਅਰਜ਼ ਕਰ ਚੁੱਕਿਆ ਕਿ ਇਸਲਾਮ ਤੇ ਇਸਾਈਅਤ ਦਾ ਰਿਸ਼ਤਾ ਪਿਉ-ਪੁੱਤਰ ਦੇ ਰਿਸ਼ਤੇ ਤੇ ਖੜਾ ਹੈ। ਸਨਾਤਨ ਮੱਤ ਦੇ ਇਕ ਧੜੇ ਦਾ ਰਿਸ਼ਤਾ ਮਾਂ ਤੇ ਪੁੱਤਰ ਦਾ ਹੈ, ਸੂਫੀਆਂ ਦਾ ਰਿਸ਼ਤਾ ਮਹਿਬੂਬ ਤੇ ਮਹਿਬੂਬਾ ਦਾ ਰਿਸ਼ਤਾ ਹੈ ਅਤੇ ਭਗਤਾਂ ਜੋ ਬਹੁਤ ਭਾਂਤ ਦੇ ਸਾਡੇ ਦੇਸ਼ ਵਿਚ ਪੈਦਾ ਹੋਏ, ਦਾਸ ਤੇ ਮਾਲਕ ਦਾ ਰਿਸ਼ਤਾ ਹੈ। ਤੂੰ ਮਾਲਕ ਹੈਂ ਅਸੀਂ ਤੇਰੇ ਗੁਲਾਮ ਹਾਂ। ਅਸੀਂ ਤੇਰੇ ਦਾਸ ਹਾਂ, ਇਹਨਾਂ ਵਿਚੋਂ ਮੀਰਾਂ ਵੀ ਹੈ ਜੋ ਥਾਂ-ਥਾਂ ਤੇ ਆਪਣੇ ਆਪ ਨੂੰ ਦਾਸੀ ਕਹਿੰਦੀ ਹੈ, ਗੁਲਾਮ ਕਹਿੰਦੀ ਹੈ ਤੇ ਮਾਲਕ ਹੈ।

'ਮਾਨੇ ਚਾਕਰ ਰਾਖੋ ਚਾਕਰ ਰਾਖੋ ਚਾਕਰ ਰਾਖੋ ਜੀ।'

ਇਹ ਗੀਤ ਮੀਰਾਂ ਦਾ ਬੜਾ ਪ੍ਰਚੱਲਿਤ ਹੈ। ਐ ਪ੍ਰਭੂ ਮੈਨੂੰ ਚਾਕਰ ਰੱਖ ਲੈ, ਗੁਲਾਮ ਰੱਖ ਲੈ, ਦਾਸ ਰੱਖ ਲੈ। ਤੂੰ ਮਾਲਕ ਹੈਂ ਮੈਂ ਤੇਰੀ ਚਾਕਰ ਹਾਂ, ਸਮੁੱਚਾ ਭਗਤੀ ਜੀਵਨ ਦਾਸਾਂ ਤੇ ਮਾਲਕ ਦੇ ਰਿਸ਼ਤੇ ਦੇ ਆਲੇ-ਦੁਆਲੇ ਘੁੰਮਦਾ ਹੈ। ਕੁਝ ਐਸੇ ਵੀ ਨੇ ਜੋ ਕਹਿੰਦੇ ਨੇ ਤੂੰ ਸਾਡਾ ਮਿੱਤਰ ਹੈਂ। ਚੀਨ ਦਾ ਪ੍ਰਸਿੱਧ ਸੰਤ ਲੋਂਗਸੇ ਉਹ ਕਹਿੰਦਾ, ਹੇ ਈਸ਼ਵਰ ਜਿਸ ਧਾਤੂ ਤੋਂ ਤੂੰ ਬਣਿਆ ਉਸੇ ਧਾਤੂ ਤੋਂ ਮੇਰਾ ਜਨਮ ਹੈ, ਫਰਕ ਸਿਰਫ ਇਤਨਾ ਤੂੰ ਪਹਿਲੇ ਹੈਂ, ਅਨਾਦੀ ਹੈਂ। ਮੈਂ ਬਾਅਦ ਵਿਚੋਂ ਇਕ ਦਾਤੇ, ਇਕੋ ਅੰਸ਼ ਹੋਣ ਕਰਕੇ ਤੂੰ ਮੇਰਾ ਵੱਡਾ ਭਰਾ ਹੈਂ, ਮੈਂ ਛੋਟਾ। ਭਗਤਾਂ ਦੇ ਰਿਸ਼ਤੇ ਦੇ ਆਲੇ-ਦੁਆਲੇ ਲੋਂਗਸੇ ਦੀ ਬੰਦਗੀ ਘੁੰਮਦੀ ਹੈ, ਲੋਂਗਸੇ ਦੀ ਇਬਾਦਤ ਘੁੰਮਦੀ ਹੈ। ਵੱਖ-ਵੱਖ ਸੰਸਾਰ ਦੇ ਭਗਤਾਂ ਨੇ, ਸੰਤਾਂ ਨੇ ਰਿਸ਼ਤੇ ਪਰੀਪੂਰਨ ਪਰਮਾਤਮਾ ਨਾਲ ਵੱਖ-ਵੱਖ ਸਥਾਪਤ ਕੀਤੇ ਨੇ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰੀਏ ਤੇ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਕੋਲੋਂ ਪੁੱਛੀਏ ਕਿ ਅਕਾਲ ਪੁਰਖ ਤੁਹਾਡਾ ਕੀ ਲੱਗਦਾ ਹੈ, ਪ੍ਰਮਾਤਮਾ ਨੂੰ ਤੁਸੀਂ ਕਿਹੜਾ ਰਿਸ਼ਤਾ ਅਸਥਾਪਿਤ ਕੀਤਾ, ਤੇ ਬਾਣੀ ਪੜ੍ਹਨ ਤੋਂ ਪਤਾ ਚੱਲਦਾ ਇਕ ਰਿਸ਼ਤਾ ਗੁਰੂ ਨਾਨਕ ਨੇ ਨਹੀਂ ਮੰਨਿਆ ਤੇ ਬਾਕੀ ਸਾਰੇ ਰਿਸ਼ਤੇ ਪਰੀਪੂਰਨ ਪਰਮਾਤਮਾ ਤੇ ਨਿਰੂਪਣ ਕਰ ਦਿੱਤੇ। ਉਹਨਾਂ ਦਾ ਫੁਰਮਾਣ ਹੈ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥

(ਪੰਨਾ ੧੦੩)

ਵਿਗਿਆਨਕ ਤੱਥ ਵੀ ਸਾਡੇ ਸਾਹਮਣੇ ਹੈ। ਅਗਰ ਕਿਸੇ ਬੱਚੇ ਦੀ ਮਾਂ ਹੋਵੇ ਤੇ ਪਿਉ ਨਾ ਹੋਵੇ ਉਹ ਅਹਿਸਾਸ ਕਮਤਰੀ ਦਾ ਸ਼ਿਕਾਰ ਹੋ ਜਾਏ ਅਤੇ ਉਸਨੂੰ ਜਗਤ ਯਤੀਮ ਕਹਿਣ ਲੱਗ ਜਾਂਦਾ ਹੈ। ਕਹਿੰਦਾ ਪਿਉ ਹੀ ਕੋਈ ਨਹੀਂ, ਮਾਂ ਹੈ। ਜੇ ਹੁਣ ਪਿਉ ਹੋਵੇ ਮਾਂ ਨਾ ਹੋਵੇ ਐਸਾ ਬੱਚਾ ਮਮਤਾ ਤੇ ਪਿਆਰ ਤੋਂ ਵਾਂਝਾ ਰਹਿ ਜਾਂਦਾ ਹੈ। ਜੀਵਨ ਦੀ ਪਰਵਰਿਸ਼ ਵਿਚ ਕਾਫੀ ਥਾਂ ਖਾਮੀਆਂ ਆ ਜਾਂਦੀਆਂ ਅਤੇ ਇਸ ਗੱਲ ਨੂੰ ਹੁਣ ਮਨੋ-ਵਿਗਿਆਨੀਆਂ ਨੇ ਮੰਨ ਲਿਆ ਕਿ ਜਿਸ ਬੱਚੇ ਨੂੰ ਮਾਂ ਦੀ ਮਮਤਾ ਨਹੀਂ ਮਿਲੀ ਵੱਡਾ ਹੋ ਕੇ ਇਹ ਕਠੋਰ ਹੋਵੇਗਾ, ਇਹ ਸਖਤ ਦਿਲ ਦਾ ਹੋਵੇਗਾ। ਇਹ ਗੱਲ ਵੱਖਰੀ ਹੈ ਕਿ ਉਸਦੇ ਪੂਰਬਲੇ ਵਿਚਾਰ ਕੁਝ ਪਵਿੱਤਰ ਹੋਣ ਕਿ ਉਸ ਦੇ ਅੰਦਰ ਕੋਮਲਤਾ ਬਣੀ ਰਹੇ। ਇਹ ਗੱਲ ਵੱਖਰੀ ਹੈ ਕਿ ਮਾਂ ਦੀ ਮਮਤਾ ਅਗਰ ਨਹੀਂ ਮਿਲੀ, ਪਿਆਰ ਅਗਰ ਨਹੀਂ ਮਿਲਿਆ ਤੇ ਬੱਚੇ ਦਾ ਹਿਰਦਾ ਕਠੋਰ ਹੋ ਜਾਵੇਗਾ, ਸਖਤ ਹੋ ਜਾਵੇਗਾ। ਮਾਂ ਦੀ ਲੋੜ ਹੈ, ਪਿਤਾ ਦੀ ਲੋੜ ਹੈ। ਹੁਣ ਮਾਂ ਹੋਵੇ, ਬਾਪ ਹੋਵੇ ਮਗਰ ਭਰਾ ਨਾ ਹੋਵੇ, ਬੜੀ ਘਾਟ ਮਹਿਸੂਸ ਹੁੰਦੀ ਹੈ। ਭਰਾ ਨੂੰ ਤੇ ਆਖਦੇ ਨੇ ਇਹ ਬਾਹਾਂ ਨੇ, ਇਹ ਸਾਡੀਆਂ ਬਾਹਾਂ ਨੇ। ਹੁਣ ਮਾਂ-ਬਾਪ ਤੇ ਹੋਣ ਭਰਾ ਨਾ ਹੋਵੇ ਤਾਂ ਬਹੁਤ ਵੱਡੀ ਘਾਟ ਮਹਿਸੂਸ ਹੁੰਦੀ ਹੈ, ਬਹੁਤ ਵੱਡੀ ਘਾਟ। ਭਰਾ ਹੋਵੇ ਮਾਂ-ਬਾਪ ਵੀ ਹੋਣ ਪਰ ਦੋਸਤ ਨਾ ਹੋਣ, ਮਿੱਤਰ ਨਾ ਹੋਣ, ਜਿਸਨੂੰ ਬੰਦਾ ਰਾਜ਼ ਦੀ ਗੱਲ ਦੱਸ ਸਕੇ, ਕਿਉਂਕਿ ਕੁਝ ਐਸੇ ਵੀ ਰਾਜ਼ ਹੁੰਦੇ ਨੇ, ਵਿਅਕਤੀਗਤ ਜੋ ਬੰਦਾ ਮਾਂ ਨੂੰ ਨਹੀਂ ਦੱਸ ਸਕਦਾ, ਪਿਉ ਨੂੰ ਨਹੀਂ ਦੱਸ ਸਕਦਾ, ਭਰਾ ਨੂੰ ਵੀ ਨਹੀਂ ਕਹਿ ਸਕਦਾ, ਉਹ ਸਿਰਫ ਮਿੱਤਰ ਨੂੰ ਹੀ ਕਹਿ ਸਕਦਾ, ਦੋਸਤ ਨੂੰ ਕਹਿ ਸਕਦਾ। ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਉਸ ਪਰੀਪੂਰਨ ਪਰਮਾਤਮਾ ਨੂੰ ਦੋਸਤ ਵੀ ਕਹਿੰਦੇ ਨੇ, ਕਿਉਂਕਿ ਜਿਹੜੀ ਗੱਲ ਮੇਰੇ ਅੰਦਰ ਗੁੱਝੀ ਹੈ, ਹੇ ਅਕਾਲ ਪੁਰਖ! ਮੈਂ ਤੇਰੇ ਅੱਗੇ ਪ੍ਰਗਟ ਕਰਨੀ ਹੈ, ਇਸ ਢੰਗ ਨਾਲ ਜੈਸੇ ਕਿ ਇਕ ਮਿੱਤਰ ਮਿੱਤਰ ਦੇ ਅੱਗੇ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਵਿਚ ਮਿੱਤਰਤਾ ਦਾ ਰਿਸ਼ਤਾ ਵੀ ਮੌਜੂਦ ਹੈ। ਸਾਹਿਬ ਕਹਿੰਦੇ ਨੇ :

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥

(ਪੰਨਾ ੭੦੩)

ਸਾਹਿਬ ਉਸ ਪਰਮ ਸ਼ਕਤੀ ਨੂੰ ਯਾਰ ਕਹਿੰਦੇ ਨੇ, ਤੂੰ ਸਖਾ ਹੈਂ ਸਾਡਾ, ਤੂੰ ਮਿੱਤਰ ਹੈਂ ਸਾਡਾ, ਤੂੰ ਯਾਰ ਹੈਂ ਸਾਡਾ, ਅਸੀਂ ਤੈਥੋਂ ਕੋਈ ਗੱਲ ਛੁਪਾ ਕੇ ਨਹੀਂ ਰੱਖਣੀ ਔਰ ਛਿਪਾ ਕੇ ਰੱਖ

ਵੀ ਨਹੀਂ ਸਕਦੇ। ਤੇਰੇ ਅੱਗੇ ਸਭ ਕੁਝ ਪ੍ਰਗਟ ਕਰ ਦੇਣਾ, ਪਰ ਤੂੰ ਨਿਰਾ ਯਾਰ ਨਹੀਂ, ਭਰਾਤਾ ਵੀ ਹੈਂ। 'ਰਵ ਮੈਂ ਤੂੰ ਸਖਾ ਭਰਾਤਾ', ਪਰ ਤੂੰ ਸਾਡੀਆਂ ਬਾਹਾਂ ਵੀ ਹੈਂ। ਨਿਰੀਆਂ ਤੂੰ ਸਾਡੀਆਂ ਬਾਹਾਂ ਵੀ ਨਹੀਂ ਰੱਖਿਆ ਕਰਨ ਵਾਸਤੇ ਬਲਕਿ ਤੂੰ ਪਿਤਾ ਹੈਂ। ਪਿਤਾ ਦੀ ਸੋਚਣੀ ਹੁੰਦੀ ਹੈ ਬੱਚਾ ਅਜ਼ੀਮ ਬਣੇ, ਤੂੰ ਸਾਨੂੰ ਮਹਾਨ ਬਣਾਉਣ ਦੀ ਵੀ ਸੋਚਦਾ, ਤੂੰ ਨਿਰਾ ਪਿਤਾ ਨਹੀਂ ਤੂੰ ਮਾਂ ਵੀ ਹੈਂ। ਮਮਤਾ ਤੈਥੋਂ ਡੁੱਲ੍ਹ-ਡੁੱਲ੍ਹ ਕੇ ਪੈਂਦੀ ਹੈ। ਤੇਰਾ ਪਿਆਰ ਸਮੱਗਰ ਜੀਵਨ ਬਖਸ਼ਦਾ ਹੈ। ਤੂੰ ਸਾਰਿਆਂ ਨਾਲ ਪਿਆਰ ਪਾਉਂਦਾ। ਅਗਾਊਂ ਚੱਲੀਏ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਬਾਣੀ ਮਹਿਬੂਬ ਤੇ ਮਹਿਬੂਬਾ ਦੇ ਰਿਸ਼ਤੇ ਨੂੰ ਵੀ ਝੁਠਲਾਂਦੀ ਨਹੀਂ, ਨਜ਼ਰ-ਅੰਦਾਜ਼ ਨਹੀਂ ਕਰਦੀ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਐਸਾ ਸੰਬੰਧ ਵੀ ਪ੍ਰਮਾਤਮਾ ਨਾਲ ਜੋੜਿਆ। ਵਡਹੰਸ ਰਾਗ ਦਾ ਇਕ ਸ਼ਬਦ ਮੈਂ ਆਪ ਜੀ ਦੇ ਸਮੱਕਸ਼ ਭੇਟ ਕਰਾਂ :

'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥
ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ॥

(ਪੰਨਾ ੫੫੭)

ਇਸ ਸ਼ਬਦ ਦੇ ਵਿਚ ਜਿਸ ਰਿਸ਼ਤੇ ਦਾ ਜ਼ਿਕਰ ਹੈ ਉਹ ਤੇ ਉਹੀ ਸੰਬੰਧ ਮੇਰੇ ਪਾਤਿਸ਼ਾਹ ਸਥਾਪਿਤ ਕਰ ਰਹੇ ਨੇ ਜੋ ਸੂਫੀਆਂ ਨੇ ਈਸ਼ਵਰ ਨਾਲ ਸਥਾਪਿਤ ਕੀਤਾ। ਦਰਅਸਲ ਮਾਂ-ਬਾਪ ਹੋਵੇ, ਭਰਾ ਵੀ ਹੋਵਣ, ਦੋਸਤ ਵੀ ਹੋਵਣ, ਪਤੀ ਨਾ ਹੋਵੇ, ਪਤਨੀ ਨਾ ਹੋਵੇ, ਇਕ ਬਹੁਤ ਵੱਡੀ ਘਾਟ ਪਰਿਵਾਰ ਵਿਚ ਮਹਿਸੂਸ ਹੁੰਦੀ ਹੈ। ਇਹ ਰਿਸ਼ਤਾ ਵੀ ਪਰੀਪੂਰਨ ਪਰਮਾਤਮਾ ਨਾਲ ਸਤਿਗੁਰੂ ਦੇਵ ਜੀ ਮਹਾਰਾਜ ਨੇ ਜੋੜਿਆ ਹੈ। ਫੇਰ ਗੁਰਬਾਣੀ ਉਸ ਪਰੀਪੂਰਨ ਪਰਮਾਤਮਾ ਨੂੰ ਗੁਰੂ ਵੀ ਕਹਿੰਦੀ ਹੈ :

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥

(ਪੰਨਾ ੮੬੪)

ਤੂੰ ਗੁਰੂ ਹੈਂ।

ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥

(ਚੌਪਈ ਸਾਹਿਬ)

ਤੂੰ ਸਾਡਾ ਗੁਰੂ ਹੈਂ, ਅਸੀਂ ਤੈਥੋਂ ਪ੍ਰੇਰਨਾ ਲੈਣ ਵਾਲੇ ਹਾਂ। ਤੂੰ ਸਮੱਗਰ ਜੀਵਨ ਨੂੰ ਗਿਆਨ ਦਾਨ ਦੇਣ ਵਾਲਾ, ਸਾਰੇ ਜਗਤ ਨੂੰ ਗਿਆਨ ਦਾਨ ਦੇਣ ਵਾਲਾ, ਸਾਰੇ ਜਗਤ ਨੂੰ ਚਾਨਣਾ ਦੇਣ ਵਾਲਾ। ਜਿਥੇ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸਦੇ ਨਾਲ ਗੁਰੂ ਤੇ ਸ਼ਿਸ਼ ਵਾਲਾ ਰਿਸ਼ਤਾ ਜੋੜਦੇ ਨੇ ਉਥੇ ਗੁਰਬਾਣੀ ਉਸਨੂੰ ਰਾਜਾ ਵੀ ਕਹਿੰਦੀ ਹੈ :

ਹਰਿ ਸਮਾਨ ਨਹੀ ਕੋ ਰਾਜਾ॥

ਇਹ ਭੂਪਤ ਸਭ ਦਿਵਸ ਚਾਰ ਕੇ ਝੂਠੇ ਕਰਤ ਕਾਜਾ॥

ਐ ਪਰੀਪੂਰਨ ਪ੍ਰਮਾਤਮਾ ਤੇਰੇ ਸਮਾਨ ਹੋਰ ਕੋਈ ਰਾਜਾ ਨਹੀਂ ਹੈ, ਤੇਰੇ ਸਮਾਨ ਹੋਰ ਕੋਈ ਪਿਤਾ ਨਹੀਂ ਹੈ। ਤੇਰੇ ਸਮਾਨ ਹੋਰ ਕੋਈ ਮਾਂ ਨਹੀਂ ਹੈ, ਤੇਰੇ ਸਮਾਨ ਹੋਰ ਕੋਈ ਮਿੱਤਰ ਦੋਸਤ ਨਹੀਂ ਹੋ ਸਕਦਾ। ਤੇਰੇ ਸਮਾਨ ਹੋਰ ਕੋਈ ਮਾਲਕ ਨਹੀਂ ਹੋ ਸਕਦਾ। ਸਾਰੇ ਜਗਤ ਦੇ ਰਿਸ਼ਤੇ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਵਿਚ ਨਿਰੂਪਣ ਕੀਤੇ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਜਿੰਨੇ ਸਾਡੇ ਸੰਬੰਧ ਨੇ ਇਹਨਾਂ ਸੰਬੰਧਾਂ ਵਿਚੋਂ ਹੀ ਪ੍ਰਮਾਤਮਾ ਦੀ ਝਲਕ ਵੇਖਣੀ ਹੈ। ਮਾਂ ਦੇ ਅੰਦਰ ਡੁੱਲ੍ਹ ਰਹੀ ਮਮਤਾ ਨੂੰ ਪਰਮਾਤਮਾ ਦੀ ਦਿੱਤੀ ਹੋਈ ਮਮਤਾ ਸਮਝਣਾ। ਪਿਤਾ ਦਾ ਦਿੱਤਾ ਹੋਇਆ ਪਿਆਰ ਐਸਾ ਸਮਝਣਾ ਹੈ ਕਿ ਪ੍ਰਮਾਤਮਾ ਹੀ ਪਿਆਰ ਦੇ ਰਿਹਾ, ਈਸ਼ਵਰ ਹੀ ਇਹ ਪਿਆਰ ਦੇ ਰਿਹਾ, ਈਸ਼ਵਰ ਹੀ ਇਹ ਪਿਆਰ ਦੇ ਰਿਹਾ। ਮਾਂ ਨੂੰ ਠੁਕਰਾ ਕੇ ਪਿਤਾ ਦਾ ਦਿਲ ਤੋੜ ਕੇ ਅਗਰ ਕੋਈ ਬੰਦਾ ਤੀਰਥਾਂ ਤੇ ਭਰਮਣ ਕਰੇ, ਦਾਨ ਕਰੇ, ਪੁੰਨ ਕਰੇ, ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸਨੂੰ ਕੋਈ ਮਹਾਨਤਾ ਨਹੀਂ ਦਿੱਤੀ। ਆਪ ਕਹਿੰਦੇ ਨੇ :

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।...

ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ।

(ਵਾਰ ੩੭/੧੩)

ਮਾਂ ਦਾ ਦਿਲ ਤੋੜ ਕੇ ਪਿਉ ਦੀ ਬੇਅਦਬੀ ਕਰਕੇ ਅਗਰ ਕੋਈ ਬੰਦਾ ਕਥਾ ਸੁਨਣ ਜਾਵੇ, ਭਾਈ ਸਾਹਿਬ ਕਹਿੰਦੇ ਕਥਾ ਦੇ ਭੇਦ ਨੂੰ ਨਹੀਂ ਸਮਝ ਸਕੇਗਾ। ਇਹ ਤੇ ਭੁੱਲ ਗਿਆ, ਇਹ ਜੋ ਮਾਂ ਤੈਨੂੰ ਮਿਲੀ ਹੈ ਇਹ ਮਾਂ ਨਹੀਂ, ਇਹ ਪ੍ਰਮਾਤਮਾ ਹੀ ਮਾਂ ਦੇ ਰੂਪ ਵਿਚ ਤੈਨੂੰ ਮਿਲਿਆ ਹੈ। ਪ੍ਰਮਾਤਮਾ ਹੀ ਮਮਤਾ ਲੁਟਾ ਰਿਹਾ, ਪ੍ਰਮਾਤਮਾ ਹੀ ਪਿਆਰ ਦੇ ਰਿਹਾ, ਮਗਰ ਪ੍ਰਮਾਤਮਾ ਨੇ ਪਿਆਰ ਦੇਣਾ, ਮਮਤਾ ਕਰਨੀ ਹੈ ਤੇ ਕਿਸ ਰੂਪ ਵਿਚ ਕਰੇ ਤੇ ਮਾਂ ਦੇ ਰੂਪ ਵਿਚ

ਕਰੇ। ਪ੍ਰਮਾਤਮਾ ਨੇ ਹਮਦਰਦੀ ਜਤਾਉਣੀ ਹੈ। ਕਿਸ ਰੂਪ ਵਿਚ ਪਿਆਰ ਦੇ ਰਿਹਾ, ਇਸ ਕਰਕੇ ਭਾਈ ਸਾਹਿਬ ਕਹਿ ਰਹੇ ਨੇ ਪਿਤਾ ਦਾ ਦਿਲ ਤੋੜ ਕੇ ਜੋ ਤੀਰਥਾਂ ਤੇ ਭਰਮਣ ਕਰਿਆ ਫਿਰਦਾ, ਮਾਂ ਨੂੰ ਠੋਕਰ ਮਾਰ ਕੇ ਕਥਾ ਸੁਨਣ ਦੀ ਕੋਸ਼ਿਸ਼ ਕਰੀ ਫਿਰਦਾ, ਭਾਈ ਸਾਹਿਬ ਕਹਿੰਦੇ ਰੱਬੀ ਰਾਜ਼ ਨੂੰ ਉਹ ਸਮਝ ਸਕੇਗਾ। *'ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ।'* ਤੇ ਹੁਣ ਐਸਾ ਹੋਵੇ ਕਿ ਮਾਤਾ ਦੇ ਤਨ ਦੇ ਕਪੜੇ ਨਾ ਹੋਣ, ਪਿਤਾ ਦੇ ਪੈਰਾਂ ਦੀ ਜੁੱਤੀ ਨਾ ਹੋਵੇ ਤੇ ਇਹ ਬਹੁਤ ਵੱਡਾ ਦਾਨੀ ਬਣਿਆ ਫਿਰਿਆ ਫਿਰੇ। ਭਾਈ ਸਾਹਿਬ ਕਹਿੰਦੇ *'ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।'* ਮਾਂ ਨੂੰ ਠੁਕਰਾ ਕੇ ਪਿਉ ਦੀਆਂ ਜ਼ਰੂਰਤਾਂ ਨੂੰ ਠੁਕਰਾ ਕੇ ਜਿਹੜਾ ਬਹੁਤ ਵੱਡਾ ਦਾਨੀ ਬਣਨ ਦੀ ਕੋਸ਼ਿਸ਼ ਕਰ ਰਿਹਾ, ਭਾਈ ਸਾਹਿਬ ਕਹਿੰਦੇ, ਪਰਲੇ ਦਰਜੇ ਦਾ ਅਗਿਆਨੀ ਪੁਰਸ਼ ਅਤੇ ਬੇਈਮਾਨ ਬੰਦਾ। ਕਾਰਨ ਕੀ ਕਿ ਇਹ ਤਮਾਮ ਰਿਸ਼ਤਿਆਂ ਦੇ ਵਿਚੋਂ ਹੀ ਪ੍ਰਮਾਤਮਾ ਦਾ ਰਿਸ਼ਤਾ ਲੱਭਣਾ ਸੀ, ਈਸ਼ਵਰ ਦਾ ਰਿਸ਼ਤਾ ਲੱਭਣਾ ਸੀ। ਇਸ ਵਾਸਤੇ ਸਾਡੇ ਦੇਸ਼ ਵਿਚ ਕੋਸ਼ਿਸ਼ ਕੀਤੀ ਗਈ ਕਿ ਪਹਿਲੇ ਘਰ ਨੂੰ ਮੰਦਿਰ ਬਣਾਇਆ ਜਾਏ, ਘਰ ਮੰਦਰ :

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।

(ਭਾਈ ਗੁਰਦਾਸ ਜੀ, ਵਾਰ ੧/੨੭)

ਘਰ ਨੂੰ ਹੀ ਮੰਦਰ ਬਣਾਉਣਾ ਤੋ ਘਰ ਮੰਦਿਰ ਤਾਂ ਬਣ ਸਕਦਾ ਕਿ ਮਾਂ ਵਿਚ ਪ੍ਰਮਾਤਮਾ ਦੀ ਝਲਕ ਮਿਲੇ, ਪਿਤਾ ਵਿਚ ਪ੍ਰਮਾਤਮਾ ਦਾ ਸਰੂਪ ਦਿਖਾਈ ਦੇਵੇ, ਭਰਾਵਾਂ ਵਿਚ ਅਕਾਲ ਪੁਰਖ ਦੀ ਹਮਦਰਦੀ ਦਿਖਾਈ ਦੇਵੇ, ਮਿੱਤਰਾਂ ਵਿਚ ਪ੍ਰਮਾਤਮਾ ਦਾ ਨੇੜ ਦਿਖਾਈ ਦੇਵੇ ਅਤੇ ਪਤਨੀ ਵਿਚ ਪ੍ਰਮਾਤਮਾ ਦੀ ਪੱਤ ਸ਼ਕੱਤ ਦਿਖਾਈ ਦੇਵੇ ਤਾਂ ਹੀ ਘਰ ਮੰਦਿਰ ਬਣ ਸਕਦਾ। ਬੜੀ ਕੋਸ਼ਿਸ਼ ਕੀਤੀ ਸਾਡੇ ਦੇਸ਼ ਦੇ ਰਿਸ਼ੀ ਮੁਨੀਆਂ ਨੇ ਕਿ ਜਿਹੜੀ ਪਤਨੀ ਹੈ ਪਤੀ ਨੂੰ ਪ੍ਰਮਾਤਮਾ ਆਖੇ, ਜੋ ਪਤੀ ਹੈ ਉਹ ਪਤਨੀ ਨੂੰ ਦੇਵੀ ਆਖੇ। ਹੁਣ ਇਕ ਨੂੰ ਦੇਵੀ ਦਿਖਾਈ ਦੇਵੇ ਤੇ ਇਕ ਨੂੰ ਪ੍ਰਮਾਤਮਾ ਦਿਖਾਈ ਦੇਵੇ, ਘਰ ਆਪੇ ਹੀ ਮੰਦਿਰ ਬਣ ਗਿਆ। ਆਖਿਰ ਮੰਦਿਰ ਵਿਚ ਕੀ ਹੁੰਦਾ, ਦੇਵਤੇ ਹੁੰਦੇ ਨੇ, ਦੇਵੀਆਂ ਹੁੰਦੀਆਂ ਨੇ, ਪਤੀ ਨੂੰ ਪਤਨੀ ਦੇਵੀ ਦਿਖਾਈ ਦੇਵੇ ਅਤੇ ਪਤਨੀ ਨੂੰ ਪਤੀ ਦੇਵਤਾ ਦਿਖਾਈ ਦੇਵੇ। ਇਕ ਪ੍ਰਮਾਤਮਾ ਕਰਕੇ ਬੁਲਾਵੇ, ਇਕ ਦੇਵੀ ਕਰਕੇ ਬੁਲਾਵੇ, ਘਰ ਮੰਦਿਰ ਬਣ ਗਿਆ ਪਰ ਜੇ ਇਸ ਤੋਂ ਉਲਟ ਗੱਲ ਹੋਵੇ, ਪਤੀ ਪਤਨੀ ਨੂੰ ਭੂਤ ਦਿਖਾਈ ਦੇਵੇ ਅਤੇ ਪਤਨੀ ਪਤੀ ਨੂੰ ਡੈਣ ਦਿਖਾਈ ਦੇਵੇ। ਘਰ ਤੇ ਨਰਕ ਬਣ ਗਿਆ, ਹੋਰ ਕਿਹੜੇ ਨਰਕ ਵਿਚ ਜਾਣਾ ਹੈ। ਘਰ ਹੀ ਦੁੱਖਾਂ ਦਾ ਅਖਾੜਾ ਬਣ ਗਿਆ, ਘਰ ਨੂੰ ਮੰਦਿਰ ਬਣਾਉਣ ਦੀ ਪ੍ਰਾਚੀਨ ਸਮੇਂ ਤੋਂ ਇਹ ਕੋਸ਼ਿਸ਼ ਸੀ। ਪ੍ਰਮਾਤਮਾ ਪਹਿਲੇ ਘਰ ਵਿਚ ਦਿਖਾਈ ਦੇਵੇ ਤਾਂ ਹੀ ਬਾਹਰ ਦਿਖਾਈ ਦੇ ਸਕੇਗਾ, ਜਿਸਨੂੰ ਘਰ ਵਿਚ ਨਹੀਂ ਦਿਖਾਈ ਦਿੱਤਾ, ਉਸਨੂੰ ਬਾਹਰ ਕਿਸ ਤਰ੍ਹਾਂ ਦਿਖਾਈ

ਦੇਣਾ ? ਤਮਾਮ ਰਿਸ਼ਤਿਆਂ ਦੇ ਵਿਚੋਂ ਪ੍ਰਮਾਤਮਾ ਦੀ ਝਲਕ ਵੇਖਣੀ ਹੈ। ਇਸ ਤਰ੍ਹਾਂ ਦੀ ਕੋਸ਼ਿਸ਼ ਭਾਰਤ ਦੇ ਰਿਸ਼ੀਆਂ ਮੁਨੀਆਂ ਨੇ ਕੀਤੀ ਅਤੇ ਜ਼ੋਰ ਦਿੱਤਾ, ਕੁਝ ਰਸਤੇ ਵਿਚੋਂ ਵੀ ਮਨੁੱਖ-ਲੰਘਦਾ ਜਾ ਰਿਹਾ ਹੋਵੇ ਤੇ ਰਾਮ ਰਾਮ ਬੁਲਾ ਦੇਣਾ, ਸਤਿ ਸ੍ਰੀ ਅਕਾਲ ਬੁਲਾ ਦੇਣਾ। ਅਜਨਬੀ ਨੂੰ ਵੀ ਹਰੇ ਕ੍ਰਿਸ਼ਨ ਬੁਲਾ ਦੇਣੀ। ਰਾਮ ਰਾਮ ਬੁਲਾਣ ਦਾ ਮਤਲਬ ਕੀ ਸੀ, ਇਕ ਦੂਜੇ ਦੇ ਅੰਦਰ ਰਾਮ ਨੂੰ ਵੇਖਣਾ, ਇਕ ਦੂਜੇ ਦੇ ਅੰਦਰ ਸਤਿ ਨੂੰ ਤੇ ਅਕਾਲ ਨੂੰ ਵੇਖਣਾ। ਜਦ ਇਕ ਦੂਜੇ ਦੇ ਅੰਦਰ ਪ੍ਰਮਾਤਮਾ ਹੀ ਦਿਖਾਈ ਦੇ ਰਿਹਾ ਤੇ ਝੂਠ ਕਿਸ ਦੇ ਅੱਗੇ ਬੋਲਣਾ, ਧੋਖਾ ਕਿਸਨੂੰ ਦੇਣਾ ? ਬਹੁਤ ਗਹਿਰੀ ਸਭਿਅਤਾ ਸਾਡੇ ਦੇਸ਼ ਵਿਚ ਪਣਪੀ ਸੀ, ਜੋ ਪੱਛਮੀ ਸਭਿਅਤਾ ਨੇ ਕਿਸੇ ਹੱਦ ਤੱਕ ਬਰਬਾਦ ਕਰ ਦਿੱਤੀ। ਇਸ ਵਾਸਤੇ ਹੁਣ ਜਿਸ ਵੇਲੇ ਦੋ ਮਨੁੱਖਾਂ ਦਾ ਮਿਲਾਪ ਹੋ ਜਾਏ ਉਹ **Good Morning** ਕਹਿ ਛੱਡਦੇ ਨੇ, ਸ਼ਾਮ ਨੂੰ **Good Evening** ਕਹਿ ਦਿੰਦੇ ਨੇ, **Good Night** ਕਹਿ ਦਿੰਦੇ ਨੇ। ਪਰ ਕੌਣ ਪੁੱਛੇ ਇਸ ਦੇ ਵਿਚ **Good Night** ਕੋਈ ਧਾਰਮਿਕਤਾ ਨਹੀਂ ਹੈ, ਇਸ ਦੇ ਵਿਚ ਕੋਈ ਰੱਬੀ ਰਸ ਨਹੀਂ ਹੈ, ਇਸ ਦੇ ਵਿਚ ਕੋਈ ਪ੍ਰਮਾਤਮਾ ਦੀ ਝਲਕ ਨਹੀਂ ਹੈ। ਹੇ ਮਨੁੱਖ ਤੂੰ ਉਸ ਪਰਮ ਸ਼ਕਤੀ ਨੂੰ ਅਜਨਬੀ ਵਿਚ ਵੀ ਦੇਖ, ਰਾਹੀ ਦੇ ਵਿਚ ਵੀ ਦੇਖ, ਪਰਿਵਾਰ ਵਿਚ ਵੀ ਦੇਖ, ਸੰਸਾਰ ਦੇ ਵਿਚ ਵੀ ਦੇਖ, ਤਾਂ ਹੀ ਤੂੰ ਉਸ ਪ੍ਰਮਾਤਮਾ ਨੂੰ ਹਰ ਪਹਿਲੂ ਵਿਚ ਵੇਖ ਸਕੇਂਗਾ, ਹਰ ਪਾਸਿਓਂ ਦੇਖ ਸਕੇਂਗਾ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਕਥਨ ਕਿ ਪ੍ਰਮਾਤਮਾ ਦਾ ਇਕ ਰੂਪ ਨਹੀਂ, ਕਿਤੇ ਉਹ ਤੈਨੂੰ ਮਾਂ ਦੇ ਰੂਪ ਵਿਚ ਮਿਲਿਆ, ਕਿਤੇ ਤੈਨੂੰ ਪਿਤਾ ਦੇ ਰੂਪ ਵਿਚ ਮਿਲਿਆ, ਕਿਤੇ ਤੈਨੂੰ ਭਰਾਵਾਂ ਦੇ ਰੂਪ ਵਿਚ ਮਿਲਿਆ, ਕਿਤੇ ਤੈਨੂੰ ਮਿੱਤਰਾਂ ਦੇ ਰੂਪ ਵਿਚ ਮਿਲਿਆ ਅਤੇ ਰਸਤੇ ਵਿਚ ਕੋਈ ਅਜਨਬੀ ਜਾ ਰਿਹਾ, ਇਹ ਵੀ ਅਜਨਬੀ ਨਹੀਂ, ਇਹਦੇ ਵਿਚ ਵੀ ਰਾਮ ਦੀ ਝਲਕ ਵੇਖਣ ਦੀ ਕੋਸ਼ਿਸ਼ ਕਰ, ਇਹਦੇ ਅੰਦਰ ਵੀ ਖ਼ੁਦਾ ਨੂੰ ਵੇਖਣ ਦੀ ਕੋਸ਼ਿਸ਼ ਕਰ। ਇਸ ਵਾਸਤੇ ਇਸਲਾਮ ਦੇ ਅੰਦਰ ਵੀ ਇਹ ਰਿਵਾਜ ਪ੍ਰਚੱਲਿਤ ਸੀ ਸਲਾਮਵਾਲੇਕੁਮ, ਸਲਾਮ ਹੈ, ਸੱਜਦਾ ਹੈ, ਨਮਸਕਾਰ ਹੈ, ਉਸ ਅੱਲਾ ਨੂੰ, ਉਸ ਪ੍ਰਮਾਤਮਾ ਨੂੰ ਬਹੁਤ ਕੀਮਤੀ ਇਹ ਗੱਲਾਂ ਸਨ। ਸਮੇਂ ਦੀ ਧਾਰਾ ਨੇ ਖੋਹ ਦਿੱਤੀਆਂ ਨੇ, ਬਰਬਾਦ ਕਰ ਦਿੱਤੀਆਂ ਨੇ। ਇਸ ਕਰਕੇ ਘਰ ਦਾ ਮੰਦਿਰ ਬਣਨਾ ਔਖਾ ਹੋ ਗਿਆ। ਜੇ ਘਰ ਮੰਦਿਰ ਨਹੀਂ ਬਣਿਆ ਤੇ ਸੰਸਾਰ ਦਾ ਮੰਦਿਰ ਦਿਖਾਈ ਦੇਣਾ ਬੜਾ ਔਖਾ ਹੈ, ਬਹੁਤ ਔਖਾ ਹੈ। ਜੇ ਘਰ ਮੰਦਿਰ ਬਣ ਗਿਆ ਤੇ ਸਮੁੱਚਾ ਸੰਸਾਰ ਵੀ ਮੰਦਿਰ ਬਣ ਗਿਆ ਅਤੇ ਸਮੁੱਚੇ ਸੰਸਾਰ ਦੇ ਅੰਦਰ ਨਿਰੰਕਾਰ ਦਿਖਾਈ ਦੇਵੇਗਾ। ਅਨੇਕਾਂ ਰੂਪਾਂ ਵਿਚ, ਅਨੇਕਾਂ ਕਲਾਂ ਵਿਚ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਐਸਾ ਕਹਿਣਾ ਸੀ ਕਿ ਸਮੂਹ ਬ੍ਰਹਿਮੰਡ ਦੀ ਅਨੇਕਤਾ ਵਿਚੋਂ ਇਕ ਨੂੰ ਵੇਖਣਾ ਹੈ ਅਤੇ ਉਸੇ ਇਕ ਨੂੰ ਅਨੇਕਤਾ ਵਿਚ ਨਿਰੂਪਣ ਕਰ

ਦੇਣਾ, ਸਮੁੰਦਰ ਦ੍ਰਿਸ਼ਟੀ ਆਪਣੇ ਅੰਦਰ ਪੈਦਾ ਕਰ, ਤਾਂਕਿ ਪ੍ਰਮਾਤਮਾ ਦੇ ਤਮਾਮ ਰੂਪ ਤੇ ਸਾਰੇ ਰੂਪ ਦੇ ਸਾਹਮਣੇ ਪ੍ਰਗਟ ਹੋ ਜਾਣ ਅਤੇ ਉਸ ਦੇ ਵੀ ਅਨੇਕ ਰੂਪ, ਅਨੇਕ ਰੂਪ, ਤੇਰੇ ਨਾਰਾਇਣ, ਤੇਰੇ ਅਨੇਕਾਂ ਰੂਪ ਨੇ, ਤੂੰ ਬਖਸ਼ਿਸ਼ ਕਰ, ਤੇਰੇ ਸਾਰੇ ਰੂਪ ਸਾਡੇ ਸਾਹਮਣੇ ਪ੍ਰਗਟ ਹੋਣ, ਤਾਂਕਿ ਤੇਰੇ ਸਾਰੇ ਰੂਪਾਂ ਦੀ ਝਲਕ ਅਸੀਂ ਵੇਖ ਸਕੀਏ ਤੇ ਸਾਰੇ ਰੂਪਾਂ ਨੂੰ ਅਸੀਂ ਸੱਜਦਾ ਕਰ ਸਕੀਏ ਤੇ ਸਾਰੇ ਸਰੂਪ ਵੇਖਕੇ ਅਸੀਂ ਅਨੰਦ ਮਾਣ ਸਕੀਏ।

☆☆☆

ਸਚਖੰਡਿ ਵਸੈ ਨਿਰੰਕਾਰੁ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪ੍ਰਮਾਤਮਾ ਤੱਕ ਪਹੁੰਚਣ ਦੇ ਜਿਸ ਮਾਰਗ ਦਾ ਜ਼ਿਕਰ ਕੀਤਾ ਹੈ ਉਸ ਨੂੰ ਗੁਰੂ ਪੰਥ ਕਹਿੰਦੇ ਨੇ ਪੰਥ ਮਾਰਗ ਰਸਤਾ। ਇਸ ਰਸਤੇ ਦੇ ਵਿਚ ਕੁਝ ਪੜਾਉ ਨੇ ਜਿਸ ਵਿਚੋਂ ਲੰਘ ਕੇ ਜਾਣਾ ਪੈਂਦਾ ਹੈ, ਇਤਨੀ ਗੱਲ ਤੇ ਸਪੱਸ਼ਟ ਹੈ ਕਿ ਸਰੀਰ ਨੇ ਦੇਸ਼ ਤਕ ਨਹੀਂ ਪਹੁੰਚਣਾ, ਸੂਰਤ ਨੇ ਪਹੁੰਚਣਾ ਹੈ। ਸੂਰਤ ਹੀ ਇਸ ਮਾਰਗ ਤੇ ਚੱਲ ਕੇ ਪਹੁੰਚਦੀ ਹੈ ਮੰਜ਼ਲੇ-ਮਕਸੂਦ ਤੱਕ। ਉਹ ਜੋ ਮੰਜ਼ਲੇ-ਮਕਸੂਦ ਹੈ ਉਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਖਿਆ ਹੈ ਸੱਚਖੰਡਿ ਪਹੁੰਚਣਾ ਹੈ ਮਨੁੱਖ ਨੇ। ਸੱਚਖੰਡਿ ਤੱਕ ਉਸ ਸੱਚ ਤੱਕ ਜੋ ਨਿਰਵੈਰੁ ਹੈ, ਉਸ ਸੱਚ ਤੱਕ ਜੋ ਨਿਰਭਉ ਹੈ, ਉਸ ਸੱਚ ਤੱਕ ਜੋ ਅਕਾਲ ਹੈ ਅਤੇ ਆਪਣੇ ਆਪ ਤੋਂ ਪ੍ਰਕਾਸ਼ਮਾਣ ਹੈ ਮੂਰਤੀਮਾਣ ਹੈ ਇਹ ਮਨੁੱਖ ਦੀ ਮੰਜ਼ਿਲ ਹੈ। ਜਿਵੇਂ ਵਗਦੀਆਂ ਹੋਈਆਂ ਨਦੀਆਂ ਦੀ ਮੰਜ਼ਿਲ ਸਾਗਰ ਹੈ, ਜੀਵਨ ਦੀ ਧਾਰਾ ਦੀ ਮੰਜ਼ਿਲ ਪ੍ਰਮਾਤਮਾ ਹੈ ਈਸ਼ਵਰ ਹੈ ਸੱਚਖੰਡਿ ਹੈ, ਤੇ ਪਹੁੰਚਣਾ ਹੈ ਸੱਚਖੰਡਿ ਤੱਕ, ਰਸਤੇ ਵਿਚ ਕੁਝ ਪੜਾਉ ਨੇ ਉਹਨਾਂ ਪੜਾਉ ਦਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬੜੇ ਸੁੰਦਰ ਢੰਗ ਨਾਲ ਜ਼ਿਕਰ ਕੀਤਾ ਹੈ। ਆਦਿ ਕਾਲ ਤੋਂ ਸਾਡੇ ਦੇਸ਼ ਦੇ ਰਿਸ਼ੀ ਮੁਨੀ ਵੱਖ-ਵੱਖ ਰਸਤਿਆਂ ਦੀ ਚਰਚਾ ਕਰਦੇ ਰਹੇ ਨੇ। ਉਹਨਾਂ ਨੇ ਆਪਣਾ ਆਤਮਬੋਧ ਜਗਤ ਦੇ ਸਾਹਮਣੇ ਰੱਖਿਆ। ਕਿਉਂਕਿ ਅਨੁਭਵ ਹਰ ਰਿਸ਼ੀ ਦਾ ਵੱਖ-ਵੱਖ ਸੀ, ਇਸ ਕਰਕੇ ਸਾਡੇ ਦੇਸ਼ ਵਿਚ ਇਕ ਸ਼ਾਸਤਰ ਦਾ ਜਨਮ ਨਾ ਹੋਇਆ, ਅਨੇਕਾਂ ਸ਼ਾਸਤਰਾਂ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਨੇ,

"ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥"

(ਪੰਨਾ ੩੫੭)

ਛੇ ਗੁਰੂ ਨੇ ਛੇ ਸ਼ਾਸਤਰ ਨੇ ਪਰ ਛੇ ਸ਼ਾਸਤਰਾਂ ਦਾ ਉਪਦੇਸ਼ ਵੀ ਛੇ ਤਰ੍ਹਾਂ ਦਾ ਹੈ। ਵੱਖ-ਵੱਖ ਮਾਰਗਾਂ ਦੀ ਗੱਲ, ਰਸਤਿਆਂ ਦੀ ਗੱਲ, ਇਹਨਾਂ ਸਤਿਪੁਰਸ਼ਾਂ ਨੇ ਕੀਤੀ ਹੈ। ਜਿਸ ਤਰ੍ਹਾਂ ਨਦੀਆਂ ਇਕ ਰਸਤੇ ਤੋਂ ਸਾਗਰ ਤੱਕ ਨਹੀਂ ਪਹੁੰਚਦੀਆਂ। ਸੱਚਖੰਡਿ ਤੱਕ ਪਹੁੰਚਣ ਵਾਸਤੇ

ਸੰਸਾਰ ਦੇ ਵਿਚ ਅਨੇਕਾਂ ਮਾਰਗ ਤੇ ਅਨੇਕਾਂ ਰਸਤਿਆਂ ਨੇ ਜਨਮ ਲਿਆ। ਇਕ ਮਾਰਗ ਜਿਸ ਨੂੰ ਸਨਾਤਨ ਮੱਤ ਕਹਿੰਦੇ ਨੇ, ਉਹਨਾਂ ਨੇ ਮੰਜ਼ਿਲ ਦੱਸੀ ਹੈ ਗਿਆਨ ਕਾਂਡ, ਮਨੁੱਖ ਗਿਆਨ ਤੱਕ ਪਹੁੰਚ ਜਾਏ ਤੇ ਪ੍ਰਮਾਤਮਾ ਤੱਕ ਪਹੁੰਚ ਜਾਏਗਾ। ਸਮੂੰਹ ਦੁੱਖ ਤੇ ਪਾਪਾਂ ਦੀ ਜੜ੍ਹ ਹੈ ਅਗਿਆਨ, ਅਗਿਆਨ ਦੇ ਮਿਟਦਿਆਂ ਪਾਪ ਮਿੱਟ ਜਾਂਦਾ ਹੈ ਅਤੇ ਪਾਪ ਦੇ ਮਿਟਦਿਆਂ ਦੁੱਖ ਮਿੱਟ ਜਾਂਦਾ ਹੈ। ਇਸਲਾਮ ਅਤੇ ਇਸਾਈਅਤ ਦਾ ਐਸਾ ਕਹਿਣਾ ਕਿ ਬੰਦਾ ਜੋ ਦੁਖੀ ਹੈ ਇਹ ਇਸ ਵਾਸਤੇ ਹੈ ਕਿ ਇਹ ਪਾਪੀ ਹੈ, ਕਿਉਂਕਿ ਹਰ ਦੁੱਖ ਦਾ ਜਨਮ ਪਾਪ ਹੈ, ਜੈਸੇ-ਜੈਸੇ ਪਾਪ ਵਧਦੇ ਨੇ ਵੈਸੇ-ਵੈਸੇ ਦੁੱਖ ਵੱਧਦਾ ਹੈ। ਭਾਰਤੀ ਮਨੀਸ਼ ਇਸ ਵਿਚਾਰਧਾਰਾ ਨਾਲ ਸਹਿਮਤ ਹੁੰਦੇ ਨਹੀਂ ਦਿੱਸਦੇ। ਉਹਨਾਂ ਨੇ ਇਕ ਪ੍ਰਸ਼ਨ ਖੜਾ ਕੀਤਾ ਅਗਰ ਦੁੱਖ ਦਾ ਮੂਲ ਪਾਪ ਹੈ ਤੇ ਪਾਪਾਂ ਤੋਂ ਦੁੱਖ ਪੈਦਾ ਹੁੰਦਾ ਹੈ ਤਾਂ ਫੇਰ ਮਨੁੱਖ ਪਾਪ ਕਰਦਾ ਹੀ ਕਿਉਂ ਹੈ ਜਦ ਪਾਪ ਨੇ ਦੁੱਖ ਨੂੰ ਜਨਮ ਦੇਣਾ ਤੇ ਫਿਰ ਮਨੁੱਖ ਕਿਉਂ ਪਾਪ ਕਰਦਾ ਹੈ ਤੇ ਜੋ ਤੱਤ ਕੱਢੇ ਗਏ ਅਗਿਆਨ ਨੂੰ ਵੱਸ ਹੋ ਕੇ ਮਨੁੱਖ ਪਾਪ ਕਰਦਾ ਤੇ ਪਾਪ ਦੀ ਸ਼ਾਖ ਨੂੰ ਦੁੱਖਾਂ ਦਾ ਫਲ ਲੱਗਦਾ। ਜੜ੍ਹ ਜੋ ਹੈ ਅਗਿਆਨ ਹੈ, ਅਗਿਆਨ ਦੇ ਮਿਟਦਿਆਂ ਪਾਪ ਮਿਟ ਜਾਂਦਾ ਹੈ ਅਤੇ ਪਾਪ ਦੇ ਮਿਟਦਿਆਂ ਦੁੱਖ ਮਿਟ ਜਾਂਦੇ ਨੇ ਮਨੁੱਖ ਦੀ ਮੰਜ਼ਿਲ ਹੈ ਗਿਆਨ ਤੱਕ ਪਹੁੰਚਣਾ।

'ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥' (ਪੰਨਾ ੧੨੬੬)

ਮਹਾਰਾਜ ਕਹਿੰਦੇ ਬੱਚਾ ਅਜੇ ਨਿਆਣਾ ਉਹ ਸੱਪ ਦੇ ਮੂੰਹ ਵਿਚ ਉਂਗਲ ਦੇਂਦਾ ਹੈ ਅਤੇ ਅੱਗ ਵਿਚ ਹੱਥ ਪਾਉਂਦਾ, ਕਿਉਂਕਿ ਉਸਨੂੰ ਪਤਾ ਨਹੀਂ ਅੱਗ ਦੇ ਸੁਭਾਅ ਦਾ ਗਿਆਨ ਨਹੀਂ ਹੈ, ਸੱਪ ਦੀ ਫਿਤਰਤ ਦਾ ਉਸ ਨੂੰ ਬੋਧ ਨਹੀਂ ਹੈ, ਅਗਰ ਉਸ ਨੂੰ ਬੋਧ ਹੋ ਜਾਏ ਤਾਂ ਉਹ ਸੱਪ ਤੇ ਅਗਨੀ ਤੋਂ ਬਚੇਗਾ। ਅਗਰ ਮਨੁੱਖ ਨੂੰ ਇਸ ਦਾ ਬੋਧ ਹੋ ਜਾਇ ਕਿ ਪਾਪ ਤੋਂ ਦੁੱਖ ਪੈਦਾ ਹੁੰਦੇ ਨੇ, ਇਤਨੀ ਸੂਝ ਮਿਲਦਿਆਂ ਹੀ ਮਨੁੱਖ ਪਾਪ ਨਹੀਂ ਕਰੇਗਾ ਅਤੇ ਦੁੱਖਾਂ ਤੋਂ ਬੱਚ ਜਾਏਗਾ ਤੇ ਅਗਿਆਨ ਤੋਂ ਪਾਪ ਜਨਮ ਲੈਂਦੇ ਨੇ, ਪਾਪ ਤੋਂ ਦੁੱਖ ਜਨਮ ਲੈਂਦੇ ਨੇ। ਇਸਾਈਅਤ ਤੇ ਇਸਲਾਮ ਦਾ ਐਸਾ ਕਹਿਣਾ ਹੈ ਦੁੱਖਾਂ ਦਾ ਜਨਮ ਪਾਪ ਤੋਂ ਹੈ ਤੇ ਪਾਪ ਦੀ ਨਵਿਰਤੀ ਕਿਸ ਤਰ੍ਹਾਂ ਹੋਵੇ? ਉਹ ਕਹਿੰਦੇ ਪਾਪ ਦੀ ਨਵਿਰਤੀ ਪੁੰਨ ਨਾਲ ਹੋਵੇਗੀ, ਜਿਤਨੇ ਪਾਪ ਨੇ ਉਹਦੇ ਮੁਕਾਬਲੇ ਤੇ ਪੁੰਨ ਕੀਤੇ ਜਾਣ। ਭਾਰਤੀ ਮਨੀਸ਼ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਹਿਮਤ ਨਹੀਂ ਇਸ ਗੱਲ ਨਾਲ ਕਿ ਪੁੰਨ ਨਾਲ ਪਾਪ ਘੱਟ ਜਾਂਦੇ ਨੇ। ਹਰ ਮਨੁੱਖ ਆਪਣੀ ਜ਼ਿੰਦਗੀ ਵਿਚ ਕੁਝ ਪੁੰਨ ਕਰਦਾ ਰਹਿੰਦਾ ਪਰ ਵੇਖਣ ਦੇ ਵਿਚ ਐਸਾ ਆਇਆ ਕਿ ਪੁੰਨ ਦੇ ਨਾਲ ਪਾਪ ਘਟਦੇ ਨਹੀਂ, ਪੁੰਨ ਦੇ ਨਾਲ ਦੁੱਖ ਘੱਟਦੇ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਗਤੀ ਬੜੀ ਕ੍ਰਾਂਤੀਕਾਰੀ ਹੈ :-

'ਪਾਪ ਪੁੰਨ ਦੁਇ ਏਕ ਸਮਾਨ॥ ਨਿਜ ਘਰਿ ਪਾਰਸੁ ਤਜਹੁ ਗੁਨ ਆਨ॥੩॥

(ਪੰਨਾ ੩੨੫)

ਪਾਪ ਤੇ ਪੁੰਨ ਦੋਵੇਂ ਇਕੋ ਜਿਹੇ ਨੇ, ਬਹੁਤ ਇਥੇ ਠੇਸ ਲੱਗੇਗੀ ਪੁੰਨ ਕਰਨ ਵਾਲਿਆਂ ਨੂੰ, ਕਿਉਂਕਿ ਪੰਗਤੀ ਕਹਿ ਰਹੀ ਹੈ- ਪਾਪ ਤੇ ਪਾਪ ਹੈ, ਪੁੰਨ ਵੀ ਕੋਈ ਪਾਪ ਤੋਂ ਉੱਤਮ ਨਹੀਂ ਹੈ ਤੇ ਤ੍ਰਿਸ਼ਨਾ ਵੱਸ ਹੋ ਕੇ ਮਨੁੱਖ ਪਾਪ ਕਰਦਾ ਹੈ ਅਤੇ ਅਗਿਆਨ ਵੱਸ ਹੋ ਕੇ ਹੀ ਮਨੁੱਖ ਪੁੰਨ ਕਰੇ, ਲੋਭ ਵੱਸ ਹੋ ਕੇ ਹੀ ਮਨੁੱਖ ਪੁੰਨ ਕਰੇ, ਆਸਾ ਅਤੇ ਤ੍ਰਿਸ਼ਨਾ ਵੱਸ ਹੋ ਕੇ ਹੀ ਤਾਂ ਫਿਰ ਮਨੁੱਖ ਪੁੰਨ ਕਰੇ ਤਾਂ ਫੇਰ ਪੁੰਨ ਤੇ ਪਾਪ ਵਿਚ ਅੰਤਰ ਰਹਿ ਨਹੀਂ ਜਾਂਦਾ। ਪੁੰਨ ਤੇ ਪਾਪ ਦੀ ਫਿਰ ਬੁਨਿਆਦ ਇਕੋ ਹੀ ਹੈ, ਉਹ ਹੈ ਲੋਭ, ਉਹ ਹੈ ਤ੍ਰਿਸ਼ਨਾ, ਉਹ ਹੈ ਹੰਕਾਰ, ਉਹ ਹੈ ਅਗਿਆਨ। ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਫ਼ੁਰਮਾਣ ਹੈ ਕਿ ਗਿਆਨ ਦੇ ਨਾਲ ਅਗਿਆਨ ਮਿੱਟਦਾ ਹੈ, ਅਗਿਆਨ ਦੇ ਮਿਟਦਿਆਂ ਪਾਪ ਮਿਟਦੇ ਹਨ, ਪਾਪ ਦੇ ਮਿਟਦਿਆਂ ਦੁੱਖ ਮਿਟਦਾ ਹੈ ਤੇ ਗਿਆਨ ਤੱਕ ਪਹੁੰਚਣਾ ਪ੍ਰਮਾਤਮਾ ਤੱਕ ਪਹੁੰਚਣਾ ਹੈ। ਜਿਸ ਤਰ੍ਹਾਂ ਰੌਸ਼ਨੀ ਸੂਰਜ ਦਾ ਰੂਪ ਹੈ, ਗਿਆਨ ਪ੍ਰਮਾਤਮਾ ਦਾ ਰੂਪ ਹੈ, ਪ੍ਰਕਾਸ਼ ਤਕ ਪਹੁੰਚ ਜਾਣਾ ਸੂਰਜ ਤੱਕ ਹੀ ਪਹੁੰਚਣਾ, ਗਿਆਨ ਤੱਕ ਪਹੁੰਚ ਜਾਣਾ ਪ੍ਰਮਾਤਮਾ ਤੱਕ ਹੀ ਪਹੁੰਚਣਾ ਹੈ ਤੇ ਗਿਆਨ ਤੱਕ ਕਿਸ ਤਰ੍ਹਾਂ ਪਹੁੰਚਿਆ ਜਾਏ? ਸਨਾਤਨੀ ਰਿਸ਼ੀ ਐਸਾ ਕਹਿੰਦੇ ਨੇ, ਪ੍ਰਥਮ ਕਰਮ-ਕਾਂਡ ਫਿਰ ਉਪਾਸ਼ਨਾ ਕਾਂਡ, ਫਿਰ ਗਿਆਨ-ਕਾਂਡ ਕਰਮ-ਕਾਂਡ ਤੋਂ ਗੱਲ ਸ਼ੁਰੂ ਕਰਨੀ ਪਏਗੀ, ਔਰ ਕਰਮ ਅਨੇਕਾਂ ਤਰ੍ਹਾਂ ਦੇ ਨੇ- ਇਸ ਵਾਸਤੇ ਮਨੁੱਖ ਨੇ ਕਰਨੇ ਨੇ ਕਿ ਮਨੁੱਖ ਦੀ ਜ਼ਿੰਦਗੀ ਵਿਚ ਕੁਝ ਗਤੀ ਆਵੇ, ਕੁਝ ਇਹ ਚੱਲੇ, ਇਹਦੀ ਸੂਰਤ ਅਗਾਂਹ ਨੂੰ ਚੱਲੇ ਤੇ ਪ੍ਰਥਮ ਕਰਮ-ਕਾਂਡ, ਦੂਸਰਾ ਉਪਾਸ਼ਨਾ ਕਾਂਡ, ਉਪਆਸਣ ਆਪਣੇ ਆਪ ਦੇ ਨਾਲ ਆਸਣ ਜਮਾਣਾ, ਉਪਾਸ਼ਨਾ ਦਾ ਇਤਨਾ ਹੀ ਮਤਲਬ ਹੈ ਪਰ ਦੇਖਣ ਵਿਚ ਐਸਾ ਆਇਆ ਹੈ। ਆਪਣੇ ਆਪ ਦੇ ਨਾਲ ਬੈਠਣਾ ਬੜੀ ਔਖੀ ਗੱਲ ਹੈ ਮਨੁੱਖ ਮਿੱਤਰਾਂ ਨਾਲ ਬੈਠ ਸਕਦਾ ਹੈ, ਪੁੱਤਰਾਂ ਨਾਲ ਬੈਠ ਸਕਦਾ ਹੈ ਅਤੇ ਜਾਂ ਕੋਈ ਟੀ.ਵੀ. ਚਾਹੀਦਾ ਹੈ, ਰੇਡੀਉ ਚਾਹੀਦਾ, ਅਖਬਾਰ ਚਾਹੀਦਾ, ਕੋਈ ਨਾਵਲ ਚਾਹੀਦਾ, ਕੋਈ ਕਿਤਾਬ ਚਾਹੀਦੀ, ਮਨੁੱਖ ਇਕੱਲਾ ਨਹੀਂ ਬੈਠ ਸਕਦਾ, ਕੁਝ ਨਾ ਕੁਝ ਦੂਸਰਾ ਚਾਹੀਦਾ ਹੈ ਜਿਸਦੇ ਨਾਲ ਮਨੁੱਖ ਬੈਠ ਸਕੇ ਦੂਸਰਾ ਕਿਉਂ ਚਾਹੀਦਾ, ਕਿਉਂਕਿ ਜਦ ਇਕੱਲਾ ਹੁੰਦਾ ਇਕੱਲੇਪਣ ਦੇ ਵਿਚ ਜਨਮ ਜਨਮਾਂਤਰਾਂ ਦੇ ਅੰਦਰ ਪਈਆਂ ਹੋਈਆਂ ਬੇਚੈਨੀਆਂ ਸਾਹਮਣੇ ਆਉਂਦਿਆਂ। ਮਨੁੱਖ ਬੇਜ਼ਾਰ ਹੁੰਦਾ, ਮਨੁੱਖ ਦੁੱਖੀ ਹੁੰਦਾ, ਮਨੁੱਖ ਪੀੜਤ ਹੁੰਦਾ ਹੈ। ਇਸ ਦੁੱਖ ਨੂੰ ਭੁਲਾਣ ਵਾਸਤੇ ਕੋਈ ਦੂਸਰਾ ਚਾਹੀਦਾ ਹੈ ਤੇ ਦੂਸਰੇ ਕੋਲ ਬੈਠ ਕੇ ਗੱਲਬਾਤ ਕਰਦਿਆਂ ਮਨੁੱਖ ਵਿਅਕਤੀ ਤੌਰ ਤੇ ਦੁੱਖ ਨੂੰ ਭੁੱਲ ਜਾਂਦਾ ਵਰਨਾ ਦੁੱਖ ਅੰਦਰ ਰਹਿੰਦਾ, ਇਸ ਵਾਸਤੇ ਬੰਦਾ ਦੂਸਰੇ ਦਾ ਸਾਥ ਮੰਗਦਾ ਹੈ। ਇਕੱਲੇਪਣ ਤੋਂ ਡਰਦਾ ਸਮੁੱਚੀ ਦੁਨੀਆਂ ਦੇ ਵਿਚ ਜਿਨ੍ਹਾਂ ਦੇ ਅੰਦਰ ਸਭ ਤੋਂ ਕਰੜੀ ਸਜ਼ਾ ਮੰਨੀ ਗਈ ਹੈ ਤਨਹਾਈ। ਜਦ ਕੋਈ ਕੈਦੀ ਕਾਬੂ ਵਿਚ ਨਹੀਂ ਆਉਂਦਾ ਉਸਨੂੰ ਤਨਹਾਈ ਦੀ ਸਜ਼ਾ ਲਾਈ ਜਾਂਦੀ ਹੈ ਤੂੰ ਇਕੱਲਾ ਹੀ ਰਹਿ, ਦਸ ਪੰਦਰਾਂ ਦਿਨਾਂ ਤੋਂ ਬਾਅਦ ਹੀ ਉਹ ਮੁਆਫ਼ੀ ਮੰਗਣ ਲੱਗ ਪੈਂਦਾ ਹੈ। ਉਹ ਕਹਿੰਦਾ ਹੈ ਮੈਨੂੰ ਸਾਰਿਆਂ ਦੇ ਨਾਲ ਰੱਖੋ,

ਕਾਰਨ ਇਕੱਲਿਆਂ ਰਹਿਣਾ ਬਹੁਤ ਔਖਾ ਹੈ, ਬਹੁਤ ਔਖਾ। ਆਮ ਪੰਜਾਬੀ ਦੀ ਕਹਾਵਤ ਹੈ ਇਕੱਲਾ ਤੇ ਰੱਬ ਵੀ ਨਾ ਹੋਵੇ, ਇਹ ਕਹਾਵਤ ਹੈ ਐਸਾ ਕਿਉਂ ਪ੍ਰਮਾਤਮਾ ਨਾਲ ਅਸੀਂ ਇਹ ਗੱਲ ਕਿਉਂ ਜੋੜਦੇ। ਇਹ ਹੀ ਕਿਉਂਕਿ ਇਕੱਲੇਪਣ ਵਿਚ ਇਤਨੀਆਂ ਬੇਜ਼ਾਰੀਆਂ ਨੇ, ਇਤਨੀਆਂ ਬੇਚੈਨੀਆਂ ਨੇ, ਇਤਨਾ ਦੁੱਖ ਹੈ, ਮਨੁੱਖ ਇਕੱਲ ਤੋਂ ਬੱਚਦਾ ਹੈ। ਕੋਈ ਦੂਸਰਾ ਚਾਹੀਦਾ ਹੈ, ਤੀਸਰਾ ਚਾਹੀਦਾ ਹੈ, ਚੌਥਾ ਚਾਹੀਦਾ ਹੈ, ਕੁਝ ਨਾ ਕੁਝ ਚਾਹੀਦਾ ਹੈ, ਮਨੁੱਖ ਇਕੱਲਾ ਨਹੀਂ ਬੈਠ ਸਕਦਾ। ਕਹਿੰਦੇ ਨੇ ਗੰਗਾ ਦੇ ਤੱਟ ਤੇ ਇਕ ਮਹਾਤਮਾ ਜਨ ਬੈਠੇ ਆਪਣੀ ਅਗੰਮੀ ਮਸਤੀ ਦੇ ਵਿਚ ਉਹਨਾਂ ਦੇ ਮਿੱਤਰ ਨੇ ਵੇਖਿਆ ਕਿ ਮਹਾਤਮਾ ਜੀ ਇਕੱਲੇ ਬੈਠੇ ਨੇ ਤੇ ਇਕੱਲੇ ਹੋਣਾ ਇਕ ਦੁੱਖ ਹੈ, ਬੇਜ਼ਾਰੀ ਹੈ, ਬੇਚੈਨੀ ਹੈ, ਪੀੜਾ ਹੈ, ਮੈਂ ਚੱਲ ਕੇ ਸਾਥ ਦੇਨਾਂ ਤੇ ਚਲੇ ਗਏ ਮਹਾਤਮਾ ਜੀ ਦੇ ਕੋਲ। ਬੈਠ ਕੇ ਕਹਿਣ ਲੱਗੇ ਸੰਤ ਜੀ ਤੁਸੀਂ ਇਕੱਲੇ ਸੀ ਮੈਂ ਤੁਹਾਡਾ ਸਾਥ ਕਰਨ ਵਾਸਤੇ ਆ ਗਿਆ, ਤੁਹਾਨੂੰ ਸਾਥ ਦੇਣ ਵਾਸਤੇ ਆ ਗਿਆ, ਤੇ ਸੰਤ ਬੋਲੇ ਨਹੀਂ ਮਿੱਤਰਾ ਮੈਂ ਇਕੱਲਾ ਨਹੀਂ ਸੀ, ਮੈਂ ਆਪਣੇ ਆਪ ਦੇ ਨਾਲ ਬੈਠਾ ਸੀ, ਹੁਣ ਤੂੰ ਆਇਆ ਮੈਨੂੰ ਇਕੱਲਾ ਕਰ ਛੱਡਿਆ ਮੈਨੂੰ, ਆਪਣੇ ਨਾਲ ਰਹਿ ਸਕਦਾ ਉਹ ਹੀ ਸੰਤ ਹੈ, ਉਹ ਹੀ ਮਹਾਤਮਾ ਹੈ, ਉਹ ਹੀ ਗੁਰਮੁਖ ਹੈ, ਉਹ ਹੀ ਫਕੀਰ ਹੈ, ਬਾਕੀ ਜਗਤ ਨਾਲ ਸੰਸਾਰ ਨਾਲ ਸਾਰਾ ਸੰਸਾਰ ਬੈਠਦਾ ਹੈ। ਆਪਣੇ ਆਪ ਨੂੰ ਬੈਠਣ ਦੀ ਜਿਸ ਨੂੰ ਜਾਚ ਆ ਗਈ ਹੈ ਤੇ ਜੋ ਆਪਣੇ ਆਪ ਨਾਲ ਬੈਠ ਕੇ ਖੁਸ਼ ਰਹਿ ਸਕੇ ਪ੍ਰਸੰਨ ਰਹਿ ਸਕੇ, ਸਮਝ ਲਉ ਧਰਮੀ ਹੈ, ਸਮਝ ਲਉ ਇਕ ਨੇ ਕੋਈ ਗੁੱਝੀ ਦੌਲਤ ਪ੍ਰਾਪਤ ਕਰ ਲਈ ਹੈ, ਸਮਝ ਲਉ ਕਿ ਇਹਨੇ ਅੰਦਰ ਦਾ ਕੋਈ ਖਜ਼ਾਨਾ ਲੱਭ ਲਿਆ। ਇਸ ਵਾਸਤੇ ਆਪਣੇ ਆਪ ਨਾਲ ਬੈਠ ਸਕਦਾ ਹੈ। ਕਹਿੰਦੇ ਨੇ ਇਕਾਂਤ ਇਕੱਲ ਕਸੌਟੀ ਹੈ ਧਰਮੀ ਮਨੁੱਖ ਦੀ, ਕਿਉਂਕਿ ਇਕੱਲੇ ਵਿਚ ਜੋ ਕੁਝ ਵੀ ਚੇਤੇ ਆਵੇਗਾ, ਜੋ ਕੁਝ ਵੀ ਯਾਦ ਆਵੇਗਾ ਬੱਸ ਉਹ ਹੀ ਮਨੁੱਖ ਦੀ ਦੁਨੀਆਂ, ਉਹ ਹੀ ਮਨੁੱਖ ਦਾ ਵਾਸਤਿਕ ਸਰੂਪ ਹੈ। ਇਕੱਲੇ ਬੈਠਿਆਂ ਸੰਸਾਰ ਚੇਤੇ ਆਉਂਦਾ ਹੈ, ਦੁਸ਼ਮਣ ਚੇਤੇ ਆਉਂਦੇ ਨੇ, ਅਣਗਿਣਤ ਹੋਰ ਅਨਰਥ ਬੜੀਆਂ ਵਿਚਾਰਾਂ ਚਲਦੀਆਂ ਨੇ ਤੇ ਇਹ ਮਨੁੱਖ ਧਰਮੀ ਨਹੀਂ ਹੈ। ਇਕੱਲਾ ਬੈਠਿਆਂ ਪ੍ਰਮਾਤਮਾ ਚੇਤੇ ਆਵੇ, ਈਸ਼ਵਰ ਦੀ ਚਰਚਾ ਚੇਤੇ ਆਵੇ, ਸੰਤ ਜਨ ਚੇਤੇ ਆਵਣ, ਧਾਰਮਿਕ ਮੰਦਰ ਚੇਤੇ ਆਵਣ ਤੇ ਐਸਾ ਮਨੁੱਖ ਇਕਾਂਤ ਦੀ ਕਸੌਟੀ 'ਤੇ ਪੂਰਾ ਉਤਰ ਗਿਆ। ਇਹ ਬੰਦਾ ਧਰਮੀ ਹੈ, ਇਹ ਮਨੁੱਖ ਮਹਾਨ ਹੈ ਤੇ ਉਪ ਆਸਣ ਆਪਣੇ ਆਪ ਦੇ ਨਾਲ ਆਸਣ ਜਮਾਣਾ ਆਪਣੇ ਆਪ ਦੇ ਨਾਲ ਬੈਠਣਾ ਪ੍ਰਥਮ ਕਰਮ-ਕਾਂਡ, ਫਿਰ ਉਪਾਸ਼ਨਾ ਕਾਂਡ, ਇਹਨਾਂ ਦੋਵਾਂ ਪੜਾਵਾਂ ਤੋਂ ਲੰਘ ਕੇ ਮਨੁੱਖ ਨੇ ਪਹੁੰਚਣਾ ਗਿਆਨ ਕਾਂਡ ਤੱਕ। ਮੁਹੰਮਦ ਸਾਹਿਬ ਨੇ ਇਸ ਦੀ ਵੰਡ ਹੋਰ ਢੰਗ ਨਾਲ ਕੀਤੀ ਹੈ, ਉਹਨਾਂ ਦਾ ਫੁਰਮਾਣ ਹੈ ਤਿੰਨ ਪੜਾਉ ਨੇ ਚੌਥੀ ਮੰਜ਼ਲ ਹੈ। ਤਿੰਨ ਪੜਾਉ ਕਿਹੜੇ ਉਹ ਕਹਿੰਦੇ ਨੇ ਪ੍ਰਥਮ ਸ਼ਰੀਅਤ, ਫਿਰ ਤਰੀਕਤ, ਫਿਰ ਮਾਰਫਤ, ਫਿਰ ਹਕੀਕਤ। ਸ਼ਰੀਅਤ ਤੋਂ ਗੱਲ ਸ਼ੁਰੂ ਕਰਨੀ ਸ਼ਰੀਅਤ ਦਾ ਮਤਲਬ ਹੈ ਕਰਮ-ਕਾਂਡ, ਫਿਰ

ਦੂਸਰਾ ਪੜਾਉ ਹੈ ਤਰੀਕਤ, ਕੁਝ ਤਰਕ ਕਰਨਾ ਹੈ ਕੁਝ ਛੱਡਣਾ ਹੈ, ਤਰੀਕਤ ਤੋਂ ਬਾਅਦ ਹੈ ਜਜ਼ਬਿਆਂ ਦੀ ਦੁਨੀਆਂ, ਭਾਵਨਾ ਦੀ ਦੁਨੀਆਂ, ਸ਼ਰਧਾ ਦੀ ਦੁਨੀਆਂ, ਜਿਨ੍ਹਾਂ ਨੂੰ ਉਹਨਾਂ ਨੇ ਮਾਰਫਤ ਆਖਿਆ ਤੇ ਚੌਥੀ ਹੈ ਮੰਜ਼ਿਲ ਹਕੀਕਤ, ਹਕੀਕਤ ਦਾ ਮਤਲਬ ਸੱਚਾਈ ਹੈ ਸੱਚ, ਸੱਚ ਤੱਕ ਪਹੁੰਚਣਾ, ਹੱਕ ਤੱਕ ਪਹੁੰਚਣਾ ਹੈ, ਹਕੀਕਤ ਤੱਕ ਪਹੁੰਚਣਾ ਹੈ, ਕਿਵੇਂ ਪਹੁੰਚਿਆ ਜਾਵੇ ਤੋ ਮੁਹੰਮਦ ਸਾਹਿਬ ਦਾ ਕਹਿਣਾ ਹੈ ਪਹਿਲੇ ਮਨੁੱਖ ਸ਼ਰੀਅਤ ਅਪਨਾਵੇ ਫੇਰ ਉਹ ਪਹੁੰਚੇ ਤਰੀਕਤ ਤੱਕ, ਫੇਰ ਉਹ ਪਹੁੰਚੇ ਮਾਰਫਤ ਤੱਕ ਤਾਂ ਫੇਰ ਉਹ ਹਕੀਕਤ ਦੇ ਵਿਚ ਪਹੁੰਚ ਜਾਵੇਗਾ। ਜਿਥੇ ਦੋ ਪੜਾਉ ਤੀਸਰੀ ਮੰਜ਼ਿਲ ਹੈ ਐਸਾ ਸਨਾਤਨੀ ਰਿਸ਼ੀ ਕਹਿੰਦੇ ਨੇ ਉਥੇ ਇਸਲਾਮ ਦੇ ਬਾਨੀ ਕਹਿੰਦੇ ਨੇ ਤਿੰਨ ਪੜਾਉ ਨੇ ਚੌਥੀ ਮੰਜ਼ਿਲ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ, ਚਾਰ ਪੜਾਉ ਨੇ ਪੰਜਵੀਂ ਮੰਜ਼ਿਲ ਹੈ, ਉਸ ਮੰਜ਼ਿਲ ਦੇ ਨਾਮ ਭਾਵੇਂ ਵੱਖ-ਵੱਖ ਰੱਖੇ ਗਏ ਨੇ ਪਰ ਮੰਜ਼ਿਲ ਇਕ ਹੈ। ਭਾਰਤੀ ਰਿਸ਼ੀਆਂ ਨੇ ਉਹਨੂੰ ਗਿਆਨ ਕਾਂਡ ਆਖਿਆ ਹੈ, ਮੁਹੰਮਦ ਸਾਹਿਬ ਨੇ ਉਸ ਨੂੰ ਹਕੀਕਤ ਆਖਿਆ ਹੈ, ਗੁਰੂ ਨਾਨਕ ਨੇ ਉਸ ਨੂੰ ਸੱਚਖੰਡਿ ਆਖਿਆ ਹੈ, ਸੱਚਖੰਡਿ ਤੱਕ ਪਹੁੰਚਣਾ ਹੈ, ਹਕੀਕਤ ਤੱਕ ਪਹੁੰਚਣਾ ਹੈ, ਗਿਆਨ ਕਾਂਡ ਤੱਕ ਕਿਸ ਤਰ੍ਹਾਂ ਪਹੁੰਚੀਏ? ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫੁਰਮਾਣ ਰਸਤੇ ਵਿਚ ਚਾਰ ਪੜਾਉ ਨੇ ਜਿਨ੍ਹਾਂ ਤੋਂ ਲੰਘ ਕੇ ਮਨੁੱਖ ਪਹੁੰਚੇਗਾ। ਸੱਚਖੰਡਿ ਵਿਚ ਉਥੇ ਜਿਥੇ ਸੱਚ ਹੀ ਸੱਚ ਹੈ ਅਨੰਦ ਹੈ, ਸੁੰਦਰਤਾ ਹੈ, ਰਸ ਹੈ, ਸਦੀਵੀ ਖੇੜਾ ਹੈ, ਉਥੇ ਤੱਕ ਪਹੁੰਚਣਾ ਹੈ, ਕਿਵੇਂ ਪਹੁੰਚਿਆ ਜਾਏ? ਜੈਸੇ ਪ੍ਰਥਮ ਦੱਸਿਆ ਹੈ, ਮੁਹੰਮਦ ਸਾਹਿਬ ਨੇ ਕਿਹਾ, ਸ਼ਰੀਅਤ ਚਾਹੀਦੀ, ਜੋ ਸ਼ਰ੍ਹਾ ਵਿਚ ਨਹੀਂ ਆਉਂਦਾ ਉਹ ਹੱਕ ਤਕ ਨਹੀਂ ਪਹੁੰਚ ਸਕੇਗਾ, ਪਰ ਜੋ ਕਰਮ ਕਾਂਡ ਨਹੀਂ ਕਰਦਾ ਉਹ ਗਿਆਨ ਕਾਂਡ ਤੱਕ ਨਹੀਂ ਪਹੁੰਚ ਸਕੇਗਾ ਐਸਾ ਸਨਾਤਨੀਆਂ ਦਾ ਕਹਿਣਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਹਿਣਾ ਜੋ ਧਰਮ-ਕਾਂਡ ਤੱਕ ਨਹੀਂ ਆਇਆ ਉਹਦਾ ਸੱਚਖੰਡਿ ਤੱਕ ਪਹੁੰਚਣਾ ਬਹੁਤ ਕਠਿਨ ਹੈ, ਬਹੁਤ ਔਖਾ ਹੈ। ਚਾਰ ਪੜਾਉ ਤੇ ਪੰਜਵੀਂ ਮੰਜ਼ਿਲ ਹੈ ਐਸਾ ਗੁਰੂ ਨਾਨਕ ਨੇ ਬੜਾ ਸੁੰਦਰ ਨਿਰਣਾ ਕਰਕੇ ਜਗਤ ਦੇ ਸਾਹਮਣੇ ਗੁਰੂ ਪੰਥ ਦੀ ਵਿਆਖਿਆ ਕੀਤੀ ਹੈ। ਪਹਿਲਾ ਪੜਾਉ ਹੈ ਧਰਮ ਖੰਡ, ਦੂਸਰਾ ਪੜਾਉ ਹੈ ਗਿਆਨ ਖੰਡ, ਤੀਸਰਾ ਪੜਾਉ ਹੈ ਸਰਮ ਖੰਡ, ਚੌਥਾ ਪੜਾਉ ਕਰਮ ਖੰਡ ਹੈ, ਪੰਜਵੀਂ ਮੰਜ਼ਿਲ ਹੈ ਸੱਚਖੰਡਿ ਜਿਥੇ ਮਨੁੱਖ ਨੇ ਪਹੁੰਚਣਾ ਹੈ। ਧਾਰਮਿਕ ਮਨੁੱਖ ਸਾਧਨਾ ਕਰਨ ਵਾਲਾ ਬੰਦਾ ਸੁਇਮ ਨਿਰਣਾ ਕਰ ਸਕੇਗਾ ਮੈਂ ਕਿਹੜੇ ਪੜਾਉ ਨੇ ਪਹੁੰਚਣਾ ਹੈ ਆਖਰ ਅਸੀਂ ਦੇਖਦੇ ਹਾਂ ਕੋਈ ਮਨੁੱਖ ਮੁਸਾਫਿਰ ਸਫਰ ਤਹਿ ਕਰਦਾ ਹੈ, ਰੇਲ ਵਿਚ ਬੈਠਾ ਹੋਵੇ ਚਾਹੇ ਉਹ ਸਫ਼ਰ ਕਾਰ ਵਿਚ ਜਾਂ ਬੱਸ ਵਿਚ ਕਰੇ, ਰਸਤੇ ਵਿਚ ਜਿਉਂ-ਜਿਉਂ ਪੜਾਉ ਆਉਂਦੇ ਨੇ ਉਹ ਅੰਦਾਜ਼ਾ ਲਾ ਲੈਂਦੇ ਕਿ ਮੈਂ ਹੁਣ ਇਤਨੀ ਦੂਰ ਤੱਕ ਪਹੁੰਚ ਗਿਆ। ਮੈਂ ਹੁਣ ਅੱਧ ਵਿਚਕਾਰ ਵਿਚ ਆ ਗਿਆ। ਹੁਣ ਮੰਜ਼ਿਲ ਨੇੜੇ ਹੈ, ਹੁਣ ਮੈਂ ਮੰਜ਼ਿਲ ਤੇ ਪਹੁੰਚਣ ਵਾਲਾ ਹਾਂ, ਰਸਤੇ ਤੇ ਮੀਲ ਪੱਥਰ ਦੇਖਦਿਆਂ-ਦੇਖਦਿਆਂ ਮਨੁੱਖ ਮੁਸਾਫਰ

ਆਪਣੀ ਮੰਜ਼ਿਲ ਦਾ ਅੰਦਾਜ਼ਾ ਲਾ ਲੈਂਦਾ ਹੈ ਕਿ ਮੈਂ ਇਤਨੀ ਮੰਜ਼ਲ ਤਹਿ ਕੀਤੀ ਇਸੇ ਤਰੀਕੇ ਨਾਲ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫੁਰਮਾਣ ਹੈ ਕਿ ਮਨੁੱਖ ਸੁਇਮ ਇਹ ਵੀ ਅੰਦਾਜ਼ਾ ਲਾ ਸਕਦਾ ਕਿ ਮੈਂ ਪ੍ਰਮਾਤਮਾ ਦਾ ਮਾਰਗ ਕਿਤਨਾ, ਚੱਲਿਆ ਰੱਬ ਤੋਂ ਕਿਤਨੀ ਦੂਰ ਹਾਂ ਜਾਂ ਕਿਤਨੀ ਨੇੜੇ ਹਾਂ ਅਗਰ ਉਹ ਸੁਇਮ ਇਸ ਢੰਗ ਨਾਲ ਵੇਖਣਾ ਚਾਹੇ ਤੋ ਵੇਖ ਸਕੇਗਾ, ਧਰਮ ਖੰਡ ਪਹਿਲਾ ਪੜਾਉ ਹੈ ਅਤੇ ਇਸ ਪੜਾਉ ਦੀ ਵਿਆਖਿਆ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਢੰਗ ਨਾਲ ਕਰਦੇ ਨੇ ਕਿ :-

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥

(ਜਪੁਜੀ ਸਾਹਿਬ)

ਧਰਮ ਖੰਡ ਦੀ ਵਿਆਖਿਆ ਮਹਾਰਾਜ ਇਹ ਕਰਦੇ ਨੇ ਕਿ ਸਮੁੱਚੇ ਨਿਮਾਜ਼ ਦੇ ਵਿਚ ਇਕ ਤਰਤੀਬ ਹੈ- ਰਾਤ ਹੈ, ਰੁਤਾਂ ਨੇ, ਥਿੱਤਾਂ ਨੇ, ਵਾਰ ਹੈ, ਸੂਰਜ ਚੰਦ ਤਾਰੇ ਨੇ, ਗ੍ਰਹਿ ਨਛੱਤਰ ਨੇ ਸਾਰੇ ਦੇ ਸਾਰੇ ਬਕਾਇਦਾ ਤਰਤੀਬ ਵਿਚ ਨੇ, ਮਰਿਯਾਦਾ ਵਿਚ ਨੇ, ਵਿਧੀ ਵਿਧਾਨ ਦੇ ਮੁਤਾਬਿਕ ਚਲ ਰਹੇ ਨੇ। ਸਮੁੱਚੀ ਦੁਨੀਆਂ ਵਿਚ ਟਰੈਫਿਕ ਦੇ ਰੂਲ ਮੌਜੂਦ ਨੇ ਲੇਕਿਨ ਫੇਰ ਵੀ ਐਕਸੀਡੈਂਟ ਹੁੰਦੇ ਨੇ, ਟਕਰਾਉ ਹੁੰਦਾ ਹੈ ਰੂਲ ਬਣੇ ਹੋਏ ਨੇ, ਫੇਰ ਵੀ ਰੋਜ਼ ਟਕਰਾਉ ਹੋ ਜਾਂਦਾ ਅਸਮਾਨ ਵਿਚ ਝਾਤ ਮਾਰੀਏ ਅਣਗਿਣਤ ਗ੍ਰਹਿ ਨਛੱਤਰ ਨੇ, ਜੋ ਅਤਿਅੰਤ ਤੇਜ਼ ਗਤੀ ਨਾਲ ਚਲ ਰਹੇ ਨੇ, ਲੇਕਿਨ ਐਸਾ ਸੁਨਣ ਪੜ੍ਹਨ ਵਿਚ ਨਹੀਂ ਆਉਂਦਾ ਕਿਤੇ ਇਕ ਗ੍ਰਹਿ ਦੂਸਰੇ ਗ੍ਰਹਿ ਨਾਲ ਟਕਰਾ ਗਏ, ਇਕ ਨਛੱਤਰ ਦੂਸਰੇ ਨਛੱਤਰ ਨਾਲ ਟਕਰਾ ਗਿਆ ਅਤੇ ਬੜੀ ਤੇਜ਼ ਗਤੀ ਨਾਲ ਇਹ ਸਭ ਚੱਲ ਰਹੇ ਨੇ। ਇਥੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੁਝ ਵਿਧਾਨ ਹੈ, ਕੁਝ ਪਰੀਪੂਰਨ ਪ੍ਰਮਾਤਮਾ ਨੇ ਨਿਯਮ ਬਣਾ ਰੱਖੇ ਨੇ ਇਹਨਾਂ ਗ੍ਰਹਿ ਨਛੱਤਰਾਂ ਦੀ ਚਾਲ ਨੂੰ ਚਲਾਉਣ ਵਾਸਤੇ ਸਾਹਿਬ ਕਹਿੰਦੇ ਨੇ, ਕਿ ਸਾਗਰ ਦਰਿਆ ਪਵਨ ਪਾਣੀ ਗ੍ਰਹਿ ਨਛੱਤਰ ਸਭ ਮਰਿਯਾਦਾ ਵਿਚ ਹੈ। ਤੇ ਹੇ ਬੰਦੇ! ਤੂੰ ਵੀ ਆਪਣੀ ਜ਼ਿੰਦਗੀ ਨੂੰ ਮਰਿਆਦਾ ਦੇਹ, ਜਦ ਮਨੁੱਖ ਆਪਣੇ ਜੀਵਨ ਨੂੰ ਮਰਿਆਦਾ ਦੇ ਦੇਂਦਾ ਐਸੇ ਮਨੁੱਖ ਨੂੰ ਕਹਿੰਦੇ ਨੇ ਇਹ ਪਹਿਲੇ ਪੜਾਉ ਤੇ ਪਹੁੰਚ ਗਿਆ। ਇਹ ਧਰਮ ਖੰਡ ਤੇ ਪਹੁੰਚ ਗਿਆ ਆਪਣੀ ਜ਼ਿੰਦਗੀ ਨੂੰ ਉਸ ਨੇ ਮਰਿਆਦਾ ਦਿੱਤੀ ਹੈ। ਪਹਿਚਾਣ ਕੀ

ਹੋਵੇਗੀ ਉਸ ਦਾ ਬੋਲਣਾ ਮਰਿਆਦਾ ਵਿਚ ਹੋਵੇਗਾ, ਉਸਦਾ ਉਠਣਾ ਸੌਣਾ ਬੈਠਣਾ ਮਰਿਆਦਾ ਵਿਚ ਹੋਵੇਗਾ ਉਹਦਾ ਖਾਣਾ ਪੀਣਾ ਮਰਿਆਦਾ ਵਿਚ ਹੋਵੇਗਾ। ਉਹਦਾ ਪਹਿਨਣਾ ਮਰਿਆਦਾ ਵਿਚ ਹੋਵੇਗਾ ਭਾਵ ਕਿ ਉਸ ਦਾ ਹੱਸਣਾ ਤੇ ਰੋਣਾ ਵੀ ਮਰਿਆਦਾ ਵਿਚ ਹੋਵੇਗਾ, ਐਸਾ ਨਹੀਂ ਹੋਵੇਗਾ *'ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥'* ਪਸ਼ੂ ਦੀ ਤਰ੍ਹਾਂ ਨਹੀਂ ਉਹ ਸੌਏਗਾ ਤੇ ਪਸ਼ੂ ਦੀ ਤਰ੍ਹਾਂ ਨਹੀਂ ਉਹ ਖਾਏਗਾ ਉਹਦਾ ਖਾਣਾ ਪੀਣਾ ਉਠਣਾ ਬੈਠਣਾ ਸੌਣਾ ਜਾਗਣਾ ਸਾਰੇ ਦਾ ਸਾਰਾ ਤਰਤੀਬ ਵਿਚ ਹੋਵੇਗਾ, ਜੈਸੇ ਇੱਟਾਂ ਨੂੰ ਤਰਤੀਬ ਦੇਈਏ ਤਾਂ ਮਕਾਨ ਬਣਦਾ ਹੈ, ਅਵਾਜ਼ ਨੂੰ ਤਰਤੀਬ ਦੇਈਏ ਤਾਂ ਸੰਗੀਤ ਦਾ ਜਨਮ ਹੁੰਦਾ ਹੈ, ਅੱਖਰਾਂ ਨੂੰ ਤਰਤੀਬ ਦੇਈਏ ਕਵਿਤਾ ਦਾ ਜਨਮ ਹੁੰਦਾ ਹੈ, ਜੀਵਨ ਦੀ ਇਕ-ਇਕ ਨਸ ਨੂੰ, ਰੋਮ ਨੂੰ ਪਰੀਪੂਰਨ ਪ੍ਰਮਾਤਮਾ ਨੇ ਐਸੀ ਤਰਤੀਬ ਦਿੱਤੀ ਹੈ ਕਿ ਸੁੰਦਰ ਕਾਇਆ ਦਾ ਜਨਮ ਹੋਇਆ। ਅਗਰ ਤਰਤੀਬ ਦਿੱਤੀ ਨਾ ਹੁੰਦੀ ਤੇ ਐਸਾ ਵੀ ਹੋ ਸਕਦਾ ਹੈ ਅੱਖਾਂ ਸਿਰ ਦੇ ਉਪਰ ਲੱਗ ਜਾਂਦੀਆਂ। ਨੱਕ ਹੱਥਾਂ ਨੂੰ ਲੱਗ ਜਾਂਦੇ, ਦੰਦ ਪਿਛਲੇ ਪਾਸੇ ਹੋ ਜਾਂਦੇ। ਐਸਾ ਵੀ ਹੋ ਸਕਦਾ ਜਿਥੇ ਬਾਹਾਂ ਨੇ ਉਥੇ ਲੱਤਾਂ ਵੀ ਹੋ ਜਾਂਦੀਆਂ, ਜਿਥੇ ਲੱਤਾਂ ਨੇ ਉਥੇ ਬਾਹਾਂ ਵੀ ਹੋ ਜਾਂਦੀਆਂ। ਪਰ ਨਹੀਂ ਸਰੀਰ ਦੇ ਵਿਚ ਵੀ ਇਕ ਤਰਤੀਬ ਹੈ, ਇਕ-ਇਕ ਨਸ ਇਕ-ਇਕ ਰੋਮ, ਇਕ-ਇਕ ਆਜਾਹ ਦੰਦ ਸਭ ਕੁਝ ਪ੍ਰਤੀਤ ਦੇ ਨਾਲ ਪਰੀਪੂਰਨ ਪ੍ਰਮਾਤਮਾ ਨੇ ਬਣਾਏ ਨੇ। ਜਦ ਸਰੀਰ ਦਾ ਢਾਂਚਾ ਸਾਰੇ ਦਾ ਸਾਰਾ ਤਰਤੀਬ ਵਿਚ ਹੈ ਤੇ ਫੇਰ ਕਰਮਾਂ ਦਾ ਢਾਂਚਾ ਵੀ ਤਰਤੀਬ ਵਿਚ ਹੋਣਾ ਚਾਹੀਦਾ ਹੈ। ਇਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਧਰਮਖੰਡ ਕਹਿੰਦੇ ਹਨ ਅਤੇ ਆਪ ਦਾ ਫੁਰਮਾਣ ਹੈ ਇਸ ਧਰਤੀ ਵਿਚ ਇਹ ਬੰਦੇ ਤੂੰ ਧਰਮ ਕਮਾਉਣ ਵਾਸਤੇ ਆਇਆ ਹੈਂ, ਇਹ ਧਰਤੀ ਧਰਮਸਾਲ ਹੈ, ਇਥੇ ਸਭ ਕੁਝ ਧਰਮ ਵਿਚ ਹੈ, ਇਥੇ ਸਭ ਕੁਝ ਮਰਿਆਦਾ ਵਿਚ ਹੈ, ਧਰਮ ਦੇ ਅੱਖਰੀ ਅਰਥ ਨੇ ਧਾਰਨ ਕਰਨਾ ਕਿਸੇ ਅਸੂਲ ਨੂੰ, ਨਿਯਮ ਨੂੰ, ਮਰਿਆਦਾ ਨੂੰ ਤਾਂ ਸੂਰਜ ਚੰਦ ਤਾਰਿਆਂ ਨੇ, ਗ੍ਰਹਿ ਨਛੱਤਰਾਂ ਨੇ, ਸਾਗਰ ਨੇ ਔਰ ਇਹ ਪ੍ਰਿਥਵੀ ਨੇ ਧਰਮ ਧਾਰਨ ਕੀਤਾ ਹੋਇਆ ਮਰਿਆਦਾ ਨੂੰ ਧਾਰਨ ਕੀਤਾ ਹੋਇਆ, ਐ ਬੰਦੇ ਤੂੰ ਵੀ ਮਰਿਆਦਾ ਨੂੰ ਧਾਰਨ ਕਰ। ਜਿਸ ਵਕਤ ਬੰਦੇ ਦਾ ਸਭ ਕੁਝ ਮਰਿਆਦਾ ਵਿਚ ਹੋ ਜਾਂਦਾ ਹੈ ਅਤੇ ਉਸ ਦਾ ਜਾਪ ਜਾਰੀ ਰਹਿੰਦਾ ਬੰਦਗੀ ਉਸਦੀ ਜਾਰੀ ਰਹਿੰਦੀ ਹੈ, ਐਸੇ ਮਨੁੱਖ ਨੂੰ ਕਹਿੰਦੇ ਨੇ ਇਹ ਧਰਮ ਖੰਡ ਵਿਚ ਪਹੁੰਚ ਗਿਆ ਹੈ ਪਰ ਇਹ ਪਹਿਲਾ ਪੜਾਉ ਹੈ, ਇਸ ਨੂੰ ਅਸੀਂ ਕਹਿ ਦੇਂਦੇ ਹਾਂ ਧਰਮੀ ਹੈ, ਕਿਉਂਕਿ ਇਸ ਦਾ ਸਭ ਕੁਝ ਨਿਯਮ ਵਿਚ ਹੈ, ਬੇਤਰਤੀਬਾ ਇਸ ਦਾ ਕੁਝ ਵੀ ਨਹੀਂ ਹੈ, ਇਹਦੇ ਬੋਲ ਵਿਚ ਤਰਤੀਬ ਹੈ, ਇਹਦੇ ਸੌਣ ਜਾਗਣ ਵਿਚ ਤਰਤੀਬ ਹੈ, ਭਾਵ ਕਿ ਇਸ ਦੇ ਹੱਸਣ ਤੇ ਰੋਣ ਦੇ ਵਿਚ ਵੀ ਬਕਾਇਦਾ ਇਕ ਵਿਧੀ ਹੈ ਵਿਧਾਨ ਹੈ, ਜਾਪ ਜਾਰੀ ਹੋਵੇ ਤਾਂ ਫਿਰ ਧਰਮ ਖੰਡ ਤੋ ਸੁਰਤ ਅਗਾਂਹ ਲੰਘ ਕੇ ਪਹੁੰਚ ਜਾਂਦੀ ਹੈ, ਗਿਆਨ ਖੰਡ ਵਿਚ ਪਹੁੰਚ ਗਿਆ ਕਿਉਂਕਿ ਦੂਸਰਾ ਪੜਾਉ ਹੈ, ਤੇ ਇਸ ਦੂਸਰੇ ਪੜਾਉ ਦੀ ਰੂਪ-ਰੇਖਾ ਗੁਰੂ ਨਾਨਕ

ਦੇਵ ਜੀ ਮਹਾਰਾਜ ਆਪਣੀ ਬਾਣੀ ਵਿਚ ਬਿਆਨ ਕਰਦੇ

ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥

(ਜਪੁਜੀ ਸਾਹਿਬ)

ਗਿਆਨ ਖੰਡ ਵਿਚ ਪਹੁੰਚ ਕੇ ਮਨੁੱਖ ਨੂੰ ਪਤਾ ਚਲਦਾ ਹੈ ਕਿ ਕਈ ਅਵਤਾਰੀ ਪੁਰਸ਼ ਨੇ, ਕਈ ਗ੍ਰਹਿ ਨਛੱਤਰ ਨੇ, ਕਈ ਸੂਰਜ ਚੰਦ ਤਾਰੇ ਨੇ, ਅਣਗਿਣਤ ਪ੍ਰਿਥਵੀਆਂ ਨੇ, ਬੇਸ਼ੁਮਾਰ ਅਵਤਾਰੀ ਦੁਨੀਆਂ ਇਥੇ ਪਹੁੰਚ ਕੇ ਮਨੁੱਖ ਵਿਅਕਤੀ ਦਾ ਪੁਜਾਰੀ ਨਾ ਹੋ ਕੇ ਸ਼ਕਤੀ ਦਾ ਪੁਜਾਰੀ ਹੋ ਜਾਂਦਾ ਹੈ, ਉਹਦੇ ਤਸੱਵਰ ਵਿਚ ਪ੍ਰਮਾਤਮਾ ਇਕ ਸ਼ਕਤੀ ਦੀ ਤਰ੍ਹਾਂ ਪ੍ਰਗਟ ਨਾ ਹੋ ਕੇ ਇਕ ਵਿਅਕਤੀ ਦੀ ਤਰ੍ਹਾਂ, ਕਿਉਂਕਿ ਵਿਅਕਤੀ ਦਾ ਜਨਮ ਵੀ ਹੁੰਦਾ ਹੈ, ਉਹਦਾ ਮਰਨ ਵੀ ਹੁੰਦਾ ਹੈ, ਵਿਅਕਤੀ ਦੀ ਜਾਤ ਵੀ ਹੁੰਦੀ ਹੈ, ਪਾਤ ਵੀ ਹੁੰਦੀ ਹੈ, ਗਿਆਨ ਖੰਡ ਵਿਚ ਪਹੁੰਚ ਕੇ ਉਸ ਨੂੰ ਪਤਾ ਚਲਦਾ ਹੈ ਪ੍ਰਮਾਤਮਾ ਵਿਅਕਤੀ ਨਹੀਂ-

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥

(ਜਪੁਜੀ ਸਾਹਿਬ)

ਬ੍ਰਹਮੇ ਜੈਸੇ ਆਲਮ ਅਣਗਿਣਤ ਨੇ, ਸ਼ਿਵ ਜੈਸੇ ਜੋਗੀ ਅਨੇਕ ਨੇ, ਅਨੇਕ ਹੀ ਅਵਤਾਰੀ ਪੁਰਸ਼ ਨੇ ਜੋ ਗਾਹੇ-ਬਗਾਤੇ ਰੂਹੇ-ਜ਼ਮੀਨ ਤੇ ਵੱਖ-ਵੱਖ ਪ੍ਰਿਥਵੀਆਂ ਤੇ ਪ੍ਰਗਟ ਹੁੰਦੇ ਨੇ ਅਤੇ ਇਹ ਇਤਨਾ ਲੰਬਾ ਪਸਾਰਾ ਹੈ ਜਿਸ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ। ਗਿਆਨ ਖੰਡ ਵਿਚ ਪਹੁੰਚ ਕੇ ਮਨੁੱਖ ਕਿਸੇ ਹੱਦ ਤੱਕ ਅਵਤਾਰਾਂ ਦਾ ਵੀ ਪੁਜਾਰੀ ਰਹਿ ਨਹੀਂ ਜਾਂਦਾ। ਉਹ ਐਸਾ ਸਮਝਦਾ ਕਿ ਜੈਸੇ ਚੰਦਰਮਾ ਦੀ ਤਰਫ਼ ਉਂਗਲ ਨਾਲ ਇਸ਼ਾਰਾ ਕੀਤਾ ਗਿਆ ਪਰ ਉਂਗਲ ਚੰਦਰਮਾ ਨਹੀਂ ਹੈ। ਉਹ ਸਮਝਦਾ ਅਵਤਾਰ ਇਕ ਇਸ਼ਾਰਾ ਨੇ ਅਵਤਾਰ ਇਕ ਜਿਮੇ ਦੀ ਤਰ੍ਹਾਂ ਨੇ ਜਿਸ ਦਾ ਇਸਤੇਮਾਲ ਕਰਕੇ ਪਹੁੰਚਣਾ ਪ੍ਰਮਾਤਮਾ ਤੱਕ ਈਸ਼ਵਰ ਤੱਕ ਇਸ ਸਭ ਕੁਝ ਦੀ ਅਸਲੀਅਤ ਦਾ ਮਨੁੱਖ ਨੂੰ ਪਤਾ ਚੱਲ ਜਾਂਦਾ, ਭਗਤ ਕਬੀਰ ਦਾ ਗਿਆਨ ਖੰਡ ਸੰਬੰਧੀ ਇਕ ਬੜਾ ਸੁੰਦਰ ਸ਼ਬਦ ਹੈ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਉਹਨਾਂ ਦਾ ਫੁਰਮਾਣ ਹੈ :

ਕੋਟਿ ਸੂਰ ਜਾ ਕੈ ਪਰਗਾਸ॥ ਕੋਟਿ ਮਹਾਦੇਵ ਅਰੁ ਕਬਿਲਾਸ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥ ਬ੍ਰਹਮਾ ਕੋਟਿ ਬੇਦ ਉਚਰੈ॥੧॥

(ਪੰਨਾ ੧੧੬੨)

ਕਰੋੜਾਂ ਸੂਰਜ ਨੇ, ਕਰੋੜਾਂ ਚੰਦਰਮਾ ਨੇ, ਕਰੋੜਾਂ ਦੁਰਗਾ ਦੇਵੀਆਂ ਨੇ, ਕਰੋੜਾਂ ਸ਼ਿਵਜੀ ਨੇ, ਅਨੰਤ ਕਵਲਾਪਤੀ ਵਿਸ਼ਨੂੰ ਨੇ:

ਕੋਟਿ ਚੰਦ੍ਰਮੇ ਕਰਹਿ ਚਰਾਕ॥ ਸੁਰ ਤੇਤੀਸਉ ਜੇਵਹਿ ਪਾਕ॥

ਅਖੀਰ ਵਿਚ ਕਬੀਰ ਗਿਆਨ ਖੰਡ ਦੀ ਚਰਮ ਸੀਮਾ ਨੂੰ ਛੂੰਹਦੇ ਨੇ ਉਹ ਕਹਿੰਦੇ ਨੇ:

ਬਾਵਨ ਕੋਟਿ ਜਾ ਕੈ ਰੋਮਾਵਲੀ॥ ਰਾਵਨ ਸੈਨਾ ਜਹ ਤੇ ਛਲੀ॥

(ਪੰਨਾ ੧੧੬੩)

ਜਿਸ ਨੇ ਰਾਵਣ ਦੀ ਸੈਨਾ ਨੂੰ ਛੱਲ ਕੇ ਤਬਾਹ ਕਰ ਦਿੱਤਾ, ਰਾਵਣ ਨੂੰ ਵੀ ਮਲੀਆਮੇਟ ਕਰ ਦਿੱਤਾ, ਐਸੇ ਰਾਮ ਵੀ ਕਰੋੜਾਂ ਨੇ-*'ਸਹਸ ਕੋਟਿ ਬਹੁ ਕਹਤ ਪੁਰਾਨ॥ ਦੁਰਜੋਧਨ ਦਾ ਮਥਿਆ ਮਾਨੁ॥'* ਜਿਸ ਨੇ ਦੁਰਯੋਧਨ ਦੇ ਮਾਨ ਨੂੰ ਮਿੱਟੀ ਵਿਚ ਮਿਲਾ ਦਿੱਤਾ, ਐਸੇ ਅਵਤਾਰੀ ਪੁਰਸ਼ ਕ੍ਰਿਸ਼ਨ ਵੀ ਕਰੋੜਾਂ ਨੇ। ਵੈਸੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫੁਰਮਾਣ- "ਕੀਤੇ ਕਿਸਨ ਸੇ ਕੀਟ ਕੋਟੇ ਬਨਾਏ........" ਅਨੇਕ ਪੀਰ ਪੈਗੰਬਰ ਅਵਤਾਰੀ ਪੁਰਸ਼ ਰਿਸ਼ੀ ਮੁਨੀ ਰੂਹੇ-ਜ਼ਮੀਨ ਤੇ ਹੋਏ ਨੇ, ਗਿਆਨ ਖੰਡ ਵਿਚ ਪਹੁੰਚ ਕੇ ਉਸ ਨੂੰ ਇਹ ਲੰਬਾ ਚੌੜਾ ਪਸਾਰਾ ਦਿਸ ਪੈਂਦਾ, ਉਥੇ ਉਸ ਦਾ ਇਹ ਜਾਪ ਜਾਰੀ ਰਹਿੰਦਾ, ਅਵਤਾਰ ਦਾ ਮਾਨ ਤੇ ਸਤਿਕਾਰ ਹੈ ਲੇਕਿਨ ਉਸ ਨੂੰ ਇਤਨਾ ਅਨੁਭਵ ਹੋ ਜਾਂਦਾ ਕਿ ਅਵਤਾਰ ਪ੍ਰਮਾਤਮਾ ਨਹੀਂ, ਜੈਸੇ ਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫੁਰਮਾਣ ਹੈ-

'ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥'

(ਪੰਨਾ ੮੯੪)

ਉਹ ਜਿਹੜਾ ਬੇਅੰਤ ਪ੍ਰਭੂ ਹੈ ਉਸਦੀ ਪੂਰਨ ਲੀਲ੍ਹਾ ਨੂੰ ਵੀ ਅਵਤਾਰ ਪੁਰਸ਼ ਨਹੀਂ ਸਮਝ ਸਕਦੇ। ਉਹ ਇਤਨਾ ਮਹਾਨ ਹੈ, ਉਹ ਇਤਨਾ ਅਸੀਮ ਹੈ, ਜਾਪ ਜਾਰੀ ਹੈ ਤੋ ਗਿਆਨ ਖੰਡ ਤੋਂ ਸੁਰਤ ਅਗਲੇ ਤੀਸਰੇ ਪੜਾਉ ਤੇ ਪਹੁੰਚ ਜਾਂਦੀ ਹੈ। ਤੀਸਰੇ ਪੜਾਉ ਦਾ ਨਾਮ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਰਮਖੰਡ ਰੱਖਿਆ ਤੇ ਸਰਮਖੰਡ ਦੀ ਵਿਆਖਿਆ ਇਸ ਪ੍ਰਕਾਰ ਹੈ:

ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥

ਸਰਮਖੰਡ ਵਿਚ ਮਨੁੱਖ ਦੀ ਬਣਤਰ ਬੜੀ ਸੁੰਦਰ ਬਣ ਜਾਂਦੀ ਹੈ, ਮਨ ਬੜਾ ਸੁੰਦਰ ਹੋ ਜਾਂਦਾ ਹੈ, ਚਿੱਤ ਬੜਾ ਸੁੰਦਰ ਹੋ ਜਾਂਦਾ ਹੈ, ਬੁੱਧੀ ਬੜੀ ਨਿਰਮਲ ਹੋ ਜਾਂਦੀ ਹੈ, ਆਮ ਭਾਉ ਵੀ ਮਨੁੱਖ ਦਾ ਸ਼ੁੱਧ ਹੋ ਜਾਂਦਾ ਹੈ, ਕਿਉਂਕਿ ਸਰਮਖੰਡ ਵਾਸਤਵ ਵਿਚ ਐਸੀ ਟਕਸਾਲ ਹੈ ਜਿਥੇ ਘਾੜਤਿ ਬੜੀ ਕਮਾਲ ਦੀ ਘੜੀ ਜਾਂਦੀ ਹੈ:

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥

(ਜਪੁਜੀ ਸਾਹਿਬ)

ਉਥੇ ਜੋ ਮਨ ਘੜਿਆ ਜਾਂਦਾ ਹੈ ਉਹ ਦੇਵਤਿਆਂ ਦਾ ਅਤੇ ਰਿਸ਼ੀ ਮੁਨੀਆਂ ਦਾ ਰੂਪ ਹੁੰਦਾ ਹੈ। ਉਥੇ ਜੋ ਬੁੱਧੀ ਤੇ ਚਿੱਤ ਦੀ ਘਾੜਤਿ ਘੜੀ ਜਾਂਦੀ ਹੈ ਉਹ ਦੇਵਤਿਆਂ ਦੀ ਤਰ੍ਹਾਂ ਹੁੰਦੀ ਹੈ। ਆਮ ਭਾਉ ਅਤਿਅੰਤ ਸ਼ੁੱਧ ਹੋ ਜਾਂਦਾ ਹੈ, ਮਨ ਵਿਚ ਗਲਤ ਫੁਰਨੇ ਨਹੀਂ ਪੈਦਾ ਹੁੰਦੇ, ਬੁੱਧੀ ਗਲਤ ਫੈਸਲਾ ਨਹੀਂ ਦੇਂਦੀ ਅਤੇ ਚਿੱਤ ਗਲਤ ਗੱਲਾਂ ਨੂੰ ਚੇਤੇ ਨਹੀਂ ਕਰਦਾ ਅਤੇ ਅਨੁਭਾਉ ਸ਼ੁੱਧ ਹੋ ਜਾਂਦਾ, ਪਵਿੱਤਰ ਹੋ ਜਾਂਦਾ, ਇਸ ਤਰ੍ਹਾਂ ਚੁਟਿਸਠਾ ਅੰਤਕਰਨ ਸਰਮਖੰਡ ਵਿਚ ਘੜਿਆ ਜਾਂਦਾ ਹੈ। ਜਾਪ ਕਰਦਿਆਂ ਹੋਇਆਂ ਮਨੁੱਖ ਧਰਮ ਖੰਡ ਤੋਂ ਲੰਘ ਕੇ ਗਿਆਨ ਖੰਡ ਤੱਕ, ਫੇਰ ਗਿਆਨ ਖੰਡ ਤੋਂ ਲੰਘ ਕੇ ਫੇਰ ਸਰਮ ਖੰਡ ਤੱਕ ਪਹੁੰਚਦਾ ਹੈ ਵਾਸਤਿਕ ਸਰਮ ਖੰਡ ਅਤਿਅੰਤ ਸੁੰਦਰ ਖੰਡ ਹੈ ਜਿਥੇ ਮਨੁੱਖ ਦੀ ਘਾੜਤਿ ਬੜੀ ਸੁੰਦਰ ਘੜੀ ਜਾਂਦੀ ਹੈ, ਕੋਈ ਗਲਤ ਫੁਰਨਾ ਨਹੀਂ ਦੇਂਦੀ, ਚਿੱਤ ਦੇ ਵਿਚ ਕਦੀ ਕੋਈ ਗਲਤ ਖਿਆਲ ਪੈਦਾ ਨਹੀਂ ਹੁੰਦੇ ਅਤੇ ਅਨੁਭਵ ਅਤਿਅੰਤ ਸ਼ੁੱਧ ਹੋ ਜਾਂਦਾ, ਜਾਪ ਜਾਰੀ ਹੈ ਸਾਧਨਾ ਵਿਚ ਇਹ ਲੀਨ ਇਹ ਸਾਧਕ ਇਹਦੀ ਫੇਰ ਸੁਰਤ ਅਗਾਂਹ ਚੱਲ ਪੈਂਦੀ ਹੈ ਅਤੇ ਅਗਲਾ ਜੋ ਚੌਥਾ ਪੜਾਉ ਹੈ ਉਸ ਨੂੰ ਫੇਰ ਕਹਿੰਦੇ ਨੇ ਕਰਮ ਖੰਡ, ਕਰਮ ਸ਼ਬਦ ਸੰਸਕ੍ਰਿਤ ਦਾ ਹੋਵੇ ਤਾਂ ਇਹਦੇ ਅੱਖਰੀ ਅਰਥ ਬਣਦੇ ਨੇ ਕਮਧੰਨ ਪਰ ਕਰਮ ਸ਼ਬਦ ਪਰ ਛਿਨ ਦਾ ਹੋਵੇ ਤੇ ਫਿਰ ਇਸ ਦੇ ਅੱਖਰੀ ਸ਼ਬਦ ਬਣਦੇ ਨੇ ਬਖਸ਼ਿਸ਼ ਦਾ ਖੰਡ, ਰਹਿਮਤ ਦਾ ਖੰਡ, ਸਾਧਨਾ ਕਰਦਿਆਂ-ਕਰਦਿਆਂ ਆਖਰ ਸਾਧਕ ਪ੍ਰਮਾਤਮਾ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਕਰਮ ਖੰਡ ਦਾ ਮਤਲਬ ਹੈ ਬਖਸ਼ਿਸ਼ ਦਾ ਖੰਡ, ਜਿਵੇਂ ਸੂਰਜ ਹਰ ਵਕਤ ਹੀ ਰੌਸ਼ਨੀ ਦੇਂਦਾ ਹੈ ਪਰ ਅੱਖਾਂ ਬੰਦ ਕਰ ਲਈਏ ਤਾਂ ਫੇਰ ਰੌਸ਼ਨੀ ਨਾਲ ਸੰਬੰਧ ਟੁੱਟ ਜਾਂਦਾ ਹੈ। ਪਰਦੇ ਦੁਆਰ ਚਾਰੋਂ ਪਾਸੇ ਬੰਦ ਕਰ ਲਈਏ ਤਾਂ ਕਮਰੇ ਵਿਚ ਸੂਰਜ ਦੀਆਂ ਕਿਰਣਾਂ ਦਾ ਪਹੁੰਚਣਾ ਕਠਿਨ ਹੋ ਜਾਂਦਾ ਹੈ। ਉਂਝ ਸੂਰਜ ਹਰ ਵਕਤ ਰੌਸ਼ਨੀ ਦੇਂਦਾ ਹਰ ਵਕਤ ਪ੍ਰਕਾਸ਼ ਦੇਂਦਾ ਹੈ, ਪ੍ਰਮਾਤਮਾ ਹਰ ਵਕਤ ਬਖਸ਼ਿਸ਼ ਕਰਦਾ ਹੈ, ਪਰ ਜਿਸ ਵਕਤ ਸਾਡੀ ਪਿੱਠ ਹੁੰਦੀ ਹੈ, ਜਿਸ ਵਕਤ ਅਸੀਂ ਪਾਤਰ ਨਹੀਂ ਹੁੰਦੇ, ਜਿਸ ਵਕਤ ਸਾਡੀਆਂ ਅੱਖਾਂ ਬੰਦ ਹੁੰਦੀਆਂ ਨੇ ਤਾਂ ਅਸੀਂ ਪ੍ਰਮਾਤਮਾ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਾਂ। ਕਰਮ ਖੰਡ ਵਿਚ ਪਹੁੰਚ ਕੇ ਮਨੁੱਖ ਦੀ ਅੱਖ ਖੁਲ੍ਹ ਜਾਂਦੀ ਹੈ ਰੌਸ਼ਨੀ ਨਾਲ ਸੰਬੰਧ ਜੁੜ ਜਾਂਦਾ ਹੈ, ਇਹ ਪ੍ਰਭੂ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਸਾਹਿਬ ਕਰਮ ਖੰਡ ਦੀ ਵਿਆਖਿਆ ਇਸ ਢੰਗ ਨਾਲ ਕਰਦੇ ਨੇ ਕਿ :

ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥

(ਜਪੁਜੀ ਸਾਹਿਬ)

ਕਰਮ ਖੰਡ ਦੀ ਬਣਤਰ ਬੜੀ ਜ਼ੋਰ ਵਾਲੀ ਹੈ, ਬੜੀ ਮਹਾਨ ਹੈ, ਬੜੀ ਉੱਤਮ ਹੈ, ਇਥੇ ਬਾਣੀ ਵਿਚ ਜ਼ੋਰ ਆ ਜਾਂਦਾ ਹੈ, ਕਹਿੰਦੇ ਨੇ ਬਚਨਾਂ ਵਿਚ ਸਤਿਆ ਆ ਜਾਂਦੀ ਹੈ, ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ। ਸਾਡੇ ਦੇਸ਼ ਦੇ ਪ੍ਰਾਚੀਨ ਮੁਨੀ ਸ਼ਾਇਰ ਕਹਿੰਦੇ ਰਹੇ ਨੇ ਕਿ ਜੋ ਭਜਨ ਦੀ ਸਿਖਰਤਾ ਨੂੰ ਛੂਹ ਲੈਂਦਾ, ਜੋ ਨਾਮ ਜਪਿਆਂ-ਜਪਿਆਂ ਟੀਸੀ ਤੇ ਪਹੁੰਚ ਜਾਂਦਾ ਉਹਦੇ ਹੱਥਾਂ ਵਿਚ ਜਾਂ ਪੈਰਾਂ ਵਿਚ ਪਦਮ ਬਣ ਜਾਂਦਾ ਹੈ। ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਦੁਆਪਰ ਯੁਗ ਦੇ ਸ੍ਰੇਸ਼ਟ ਅਵਤਾਰ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਪਦਮ ਹੈ, ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਇਸ ਦਾ ਇਸ਼ਾਰਾ ਕਰਦੇ ਨੇ *'ਚਰਨ ਕਮਲ ਵਿਚ ਪਦਮ ਹੈ ਝਿਲਮਿਲ ਚਮਕੇ ਵਾਂਗੂੰ ਤਾਰੇ।'* ਜਿਸ ਤਰ੍ਹਾਂ ਰਾਤ ਨੂੰ ਤਾਰਾ ਚਮਕਦਾ ਹੈ ਇਸ ਤਰ੍ਹਾਂ ਪਦਮ ਸ੍ਰੀ ਕ੍ਰਿਸ਼ਨ ਦੇ ਕਦਮਾਂ ਵਿਚ ਚਰਨਾਂ ਵਿਚ ਚਮਕ ਰਿਹਾ ਸੀ। ਕਹਿਣ ਤੋਂ ਮੁਰਾਦ ਇਹ ਕਿ ਪ੍ਰਾਚੀਨ ਸਮੇਂ ਤੋਂ ਇਸ ਗੱਲ ਨੂੰ ਮੰਨਦੇ ਰਹੇ ਨੇ ਧਾਰਮਿਕ ਲੋਕ ਕਿ ਹੱਥਾਂ ਦੇ ਵਿਚ, ਕਦਮਾਂ ਦੇ ਵਿਚ ਪਦਮ ਦਾ ਬਣ ਜਾਣਾ ਮਹਾਂਪੁਰਸ਼ ਹੋਣ ਦਾ ਇਹ ਸਬੂਤ ਹੈ। ਇਸ ਕਰਕੇ ਜਦ ਵੀ ਕਿਸੇ ਅਵਤਾਰੀ ਪੁਰਸ਼ ਦੀ ਚਰਚਾ ਚਾਰੋਂ ਪਾਸੇ ਕਿਤੇ ਛਿੜਦੀ ਸੀ ਲੋਕੀਂ ਉਸ ਨੂੰ ਅਵਤਾਰ ਕਹਿਣਾ ਸ਼ੁਰੂ ਕਰਦੇ ਸਨ ਤਾਂ ਵੇਖਿਆ ਜਾਂਦਾ ਸੀ ਇਹਦੇ ਹੱਥਾਂ ਵਿਚ ਜਾਂ ਪੈਰਾਂ ਵਿਚ ਪਦਮ ਹੈ ਕਿ ਨਹੀਂ। ਪਦਮ ਕਮਲ ਦੇ ਫਲ ਨਹੀਂ। ਕਹਿੰਦੇ ਨੇ ਰੂਹੇ-ਜ਼ਮੀਨ ਤੇ ਐਸਾ ਫੁੱਲ ਹੈ ਜਿਹਦੇ ਬੜੇ ਨਾਮ ਨੇ: ਕਮਲ ਨੂੰ ਸੌਰਬ ਵੀ ਆਖਿਆ ਜਾਂਦਾ ਹੈ, ਕਮਲ ਨੂੰ ਸਾਰੰਗ ਵੀ ਕਹਿੰਦੇ ਨੇ, ਕਮਲ ਕੰਜ ਵੀ ਕਹਿੰਦੇ ਨੇ, ਕਮਲ ਨੂੰ ਪਦਮ ਵੀ ਕਹਿੰਦੇ ਨੇ ਅਤੇ ਕਮਲ ਨੂੰ ਬਾਰਜ ਵੀ ਕਹਿੰਦੇ ਨੇ, ਅਣ-ਗਿਣਤ ਨਾਮ ਇਸ ਫੁੱਲ ਦੇ ਅਤੇ ਧਾਰਮਿਕ ਦੁਨੀਆਂ ਵਿਚ ਇਹਦੀ ਬੜੀ ਸ੍ਰੇਸ਼ਟਾ ਹੈ। ਹਿੰਦੋਸਤਾਨ ਦੇ ਤਮਾਮ ਧਾਰਮਿਕ ਮੰਦਰਾਂ ਦੇ ਗੁੰਬਦ ਕਮਲ ਵਾਂਗ ਬਣਾਏ ਜਾਂਦੇ ਨੇ, ਕਮਲ ਦੀ ਤਰ੍ਹਾਂ ਇਹ ਗੁੰਬਦ ਇਹ ਕਮਲ ਇਸ਼ਾਰਾ ਕਰ ਰਿਹਾ ਕਿ ਪਾਣੀ ਕਿਤਨਾ ਵੀ ਵੱਧ ਜਾਏ ਮੈਂ ਡੁੱਬਦਾ ਨਹੀਂ ਮੈਂ ਨਿਰਲੇਪ ਰਹਿੰਦਾ ਹਾਂ। ਮਨੁੱਖ ਸੰਸਾਰ ਦੀ ਸੰਪ੍ਰਦਾ ਕਿਤਨੀ ਵੀ ਵੱਧ ਜਾਏ ਸੁੱਖ ਕਿਤਨਾ ਵੀ ਵੱਧ ਜਾਏ ਜਾਂ ਦੁੱਖ ਦੀਆਂ ਲਹਿਰਾਂ ਕਿਤਨੀਆਂ ਵੀ ਟਕਰਾਉਣ ਤੂੰ ਡੁੱਬੀ ਨਾ, ਤੂੰ ਮੇਰੀ ਤਰ੍ਹਾਂ ਖਿੜਿਆ ਰਹੀਂ, ਤੂੰ ਸੰਸਾਰ ਵਿਚ ਜਨਮ ਲੈ ਕੇ ਸੰਸਾਰ ਤੋਂ ਉੱਚਾ ਹੋਵੀਂ। ਪਾਣੀ ਤੋਂ ਜਨਮ ਲੈ ਕੇ ਕਮਲ ਦਾ ਫੁੱਲ ਪਾਣੀ ਤੋਂ ਨਿਰਲੇਪ ਹੋ ਜਾਂਦਾ, ਸੰਸਾਰ ਵਿਚੋਂ ਜਨਮ ਲੈ ਕੇ ਸੰਸਾਰ ਤੋਂ ਨਿਰਲੇਪ ਹੋ ਜਾਣਾ ਇਹ ਕਮਲ ਦੀ ਤਰ੍ਹਾਂ ਜੀਵਨ ਹੈ ਤੇ ਕਮਲ ਫੁੱਲ ਧਾਰਮਿਕ ਦੁਨੀਆਂ ਵਿਚ ਇਕ ਖਾਸ ਥਾਂ ਰੱਖਦਾ ਹੈ, ਕਹਿੰਦੇ ਨੇ ਸਿਰਫ ਐਸਾ ਹੀ ਨਹੀਂ ਕਿ ਕਮਲ ਇਕ ਪ੍ਰਤੀਤ ਹੈ ਬਲਕਿ ਜਦ ਕੋਈ ਧਰਮ ਦੀ ਸੀਮਾ ਨੂੰ ਛੂੰਹਦਾ ਹੈ ਤਾਂ ਉਹਦੇ ਹੱਥ ਜਾਂ ਪੈਰ ਵਿਚ ਕੁਝ ਰੇਖਾ ਐਸੀ ਬਣਦੀ ਹੈ ਜਿਸ ਨੂੰ ਕਹਿੰਦੇ ਨੇ ਪਦਮ ਰੇਖਾ। ਇਹ ਪਦਮ ਰੇਖਾ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਸੀ ਇਹ ਪਦਮ ਰੇਖਾ ਗੁਰੂ ਅਮਰਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਸੀ, ਜਦ ਕਿ ਹਰਿਦੁਆਰ ਦੇ ਇਕ ਬ੍ਰਾਹਮਣ ਨੇ ਆਪ ਦੇ ਚਰਨਾਂ ਨੂੰ ਦੇਖਿਆ

ਤਾਂ ਸਿਰ ਝੁਕਾ ਕੇ ਡੰਡਉਤ ਕੀਤੀ। ਸਤਿਗੁਰੂ ਕਹਿਣ ਲੱਗੇ, ਬ੍ਰਾਹਮਣ ਦੇਵਤਾ ਤੂੰ ਮੈਨੂੰ ਸਜਦਾ ਕਿਉਂ ਕਰ ਰਿਹਾ ਹੈਂ, ਮੈਨੂੰ ਮੱਥਾ ਕਿਉਂ ਟੇਕ ਰਿਹਾ ਹੈਂ ? ਤਾਂ ਬ੍ਰਾਹਮਣ ਕਹਿਣ ਲੱਗਾ ਮਹਾਰਾਜ ਆਪ ਦੇ ਚਰਨਾਂ ਵਿਚ ਪਦਮ ਹੈ, ਪਦਮ ਹੋਣਾ ਇਕ ਬ੍ਰਹਮ ਗਿਆਨੀ ਹੋਣ ਦਾ ਸਬੂਤ ਹੈ, ਪਦਮ ਹੋਣਾ ਅਵਤਾਰੀ ਪੁਰਸ਼ ਦੀ ਨਿਸ਼ਾਨੀ ਹੈ, ਤੁਹਾਡੇ ਚਰਨਾਂ ਦੇ ਵਿਚ ਪਦਮ ਪਰ ਹੁਣ ਇਹ ਜ਼ਰੂਰੀ ਨਹੀਂ ਕਿ ਹੱਥ ਤੇ ਪੈਰਾਂ ਵਿਚ ਵਾਕੇ ਹੀ ਪਦਮ ਬਣ ਜਾਂਦਾ ਹੈ ਜਦ ਕਿ ਅਸੀਂ ਦੇਖਦੇ ਹਾਂ ਸ੍ਰੀ ਕ੍ਰਿਸ਼ਨ ਦੇ ਹੱਥ ਤੇ ਪੈਰ ਵਿਚ ਪਦਮ ਹੋਵੇ ਐਸੀ ਕੋਈ ਚਰਚਾ ਨਹੀਂ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਕੋਈ ਪਦਮ ਹੋਵੇ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ। ਇਤਿਹਾਸ ਵਿਚ ਬਾਕੀ ਚੌਵੀ ਅਵਤਾਰਾਂ ਦੇ ਚਰਨਾਂ ਵਿਚ ਪਦਮ ਹੋਵੇ ਸਨਾਤਨ ਮੱਤ ਦੇ ਚੌਵੀ ਅਵਤਾਰ ਜਾਂ ਜੈਨੀਆਂ ਦੇ ਚੌਵੀ ਤੀਰਥਨ ਕਰਨਾ ਜਾਂ ਮਹਾਤਮਾ ਬੁੱਧ ਉਹਨਾਂ ਦੇ ਪੈਰਾਂ ਵਿਚ ਪਦਮ ਹੋਵੇ ਜਾਂ ਹੱਥ ਵਿਚ ਪਦਮ ਹੋਵੇ ਇਸ ਤਰ੍ਹਾਂ ਦਾ ਇਤਿਹਾਸ ਵਿਚ ਕੋਈ ਸਬੂਤ ਮਿਲਦਾ ਨਹੀਂ; ਲੇਕਿਨ ਫਿਰ ਵੀ ਇਹ ਚਰਚਾ ਮਹਾਨ ਹੈ ਕਿ ਜਦ ਬੰਦਾ ਧਰਮ ਦੀ ਸਿਖਰਤਾ ਨੂੰ ਛੂਹ ਲੈਂਦਾ ਹੈ ਉਹਦੇ ਹੱਥਾਂ ਵਿਚ ਜਾਂ ਪੈਰਾਂ ਵਿਚ ਪਦਮ ਬਣ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫੁਰਮਾਣ ਹੈ -

ਫੁਨੇਹ ਛੰਦ ਦੇ ਅੰਦਰ ਆਪ ਫੁਰਮਾਣ ਕਰਦੇ ਨੇ-

ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥
ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥

(ਪੰਨਾ ੧੩੬੨)

ਐ ਸਖੀ ! ਮੇਰੇ ਹੱਥਾਂ ਵਿਚ ਪਦਮ ਬਣ ਗਿਆ ਹੈ। ਇਤਿਹਾਸ ਵਿਚ ਐਸਾ ਕੋਈ ਜ਼ਿਕਰ ਨਹੀਂ ਹੈ, ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹੱਥਾਂ ਵਿਚ ਪਦਮ ਸੀ, ਲੇਕਿਨ ਇਹ ਜਿਸ ਪਦਮ ਦੀ ਤਰਫ ਇਸ਼ਾਰਾ ਕਰ ਰਹੇ ਹਨ ਦਰਅਸਲ ਜਦੋਂ ਪ੍ਰਭੂ ਚਿੰਤਨ ਕਰਦਿਆਂ-ਕਰਦਿਆਂ ਮਨੁੱਖ ਸਿਖਰਤਾ ਨੂੰ ਛੂਹ ਲੈਂਦਾ ਹੈ ਜੁੜ ਜਾਂਦਾ ਤਾਂ ਉਹਦੇ ਹੱਥਾਂ ਵਿਚ ਬਰਕਤਾਂ ਆ ਜਾਂਦੀਆਂ ਨੇ ਤਾਂ ਐਸੇ ਮਨੁੱਖ ਦੇ ਹੱਥ ਜਿਸ ਕੰਮ ਨੂੰ ਛੂੰਹਦੇ ਨੇ ਕੰਮ ਸਿਰੇ ਚੜ੍ਹਦਾ ਹੈ। ਕੰਮ ਪਾਇਆ ਤਕਮੀਲ ਤੱਕ ਜਾਂਦਾ ਔਰ ਇਹ ਆਮ ਕਹਾਵਤ ਹੈ, ਕੁਝ ਹੱਥ ਐਸੇ ਬੇ-ਰਕਤੇ ਹੁੰਦੇ ਨੇ ਕਿ ਬਣਦਿਆਂ ਹੋਇਆਂ ਕੰਮ ਨੂੰ ਵੀ ਉਹ ਛੂਹ ਜਾਣ ਤਾਂ ਵਿਗੜ ਜਾਂਦਾ ਹੈ।

ਕਈਆਂ ਦੇ ਹੱਥ ਇਤਨੇ ਬੇ-ਬਰਕਤੇ ਤੇ ਉਹ ਸੋਨੇ ਨੂੰ ਹੱਥ ਪਾਉਣ ਉਹ ਮਿੱਟੀ ਹੋ ਜਾਵੇ ਪਰ ਕਈਆਂ ਦੇ ਹੱਥ ਇਤਨੇ ਬਰਕਤਾਂ ਵਾਲੇ ਕਿ ਉਹ ਵਿਗੜੇ ਹੋਏ ਕੰਮ ਨੂੰ ਹੱਥ ਪਾਉਣ ਤਾਂ ਉਹ ਸਿਰੇ ਚੜ੍ਹ ਜਾਂਦੇ। ਪ੍ਰਾਚੀਨ ਸਮੇਂ ਵਿਚ ਜਦ ਕਿਸੇ ਪੁਲ ਦਾ ਉਦਘਾਟਨ ਕਰਨਾ ਹੋਵੇ ਜਾਂ ਕਿਸੇ ਭਵਨ ਦਾ ਸੰਗੇ-ਬੁਨਿਆਦ ਰੱਖਣਾ ਹੋਵੇ ਤਾਂ ਕੋਸ਼ਿਸ਼ ਕੀਤੀ ਜਾਂਦੀ

ਸੀ ਕਿ ਐਸੇ ਹੱਥਾਂ ਤੋਂ ਰਖਾਇਆ ਜਾਵੇ ਜਿਹਦੇ ਹੱਥਾਂ ਵਿਚ ਬਰਕਤ ਹੈ, ਕੰਮ ਦੀ ਸ਼ੁਰੂਆਤ ਕਿਸੇ ਐਸੇ ਹੱਥਾਂ ਤੋਂ ਕਰਾਈ ਜਾਏ ਜਿਹਦੇ ਹੱਥਾਂ ਵਿਚ ਪਦਮ ਹੋਵੇ। ਪ੍ਰਾਚੀਨ ਸਮੇਂ ਸਾਡੇ ਦੇਸ਼ ਵਿਚ ਇਹ ਪਰੰਪਰਾ ਹੁੰਦੀ ਸੀ, ਭਾਉ ਜਿਹਦੇ ਹੱਥਾਂ ਵਿਚ ਬਰਕਤ ਹੋਵੇ ਸਿਮਰਨ ਕਰਦਿਆਂ-ਕਰਦਿਆਂ ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਇਸ ਕਰਕੇ ਅਸੀਸ ਦੇਣ ਦੀ ਪ੍ਰਥਾ ਵੀ ਸਾਡੇ ਦੇਸ਼ ਵਿਚ ਰਾਏਜੋਈ ਜਿਹਦੇ ਹੱਥਾਂ ਵਿਚ ਬਰਕਤ ਹੈ ਉਹ ਆਪਣਾ ਹੱਥ ਜਾਚਕ ਜੋ ਉਸ ਦੇ ਕਦਮਾਂ ਵਿਚ ਬੈਠਾ ਹੈ ਉਹ ਉਹਦੇ ਸਿਰ ਉਪਰ ਰੱਖ ਦੇਵੇ ਅਸੀਸ ਦੇਵੇ ਆਪਣੇ ਹੱਥਾਂ ਦੀ ਬਰਕਤ ਉਹਦੇ ਸੀਸ ਉਤੇ ਰੱਖ ਕੇ ਦੇਣ ਦਾ ਇਕ ਰਿਵਾਜ ਸਾਡੇ ਦੇਸ਼ ਵਿਚ ਬਕਾਇਦਾ ਪ੍ਰਚੱਲਤ ਸੀ ਹੁਣ ਵੀ ਕਿਸੇ ਹੱਦ ਤਕ ਪ੍ਰਚੱਲਤ ਹੈ, ਪਰ ਅਸੀਸ ਉਹ ਹੀ ਦੇ ਸਕਦਾ ਹੈ ਜਿਹਦੇ ਹੱਥਾਂ ਵਿਚ ਬਰਕਤ ਹੈ ਜਿਹਦੇ ਹੱਥਾਂ ਵਿਚ ਕੋਈ ਬਰਕਤ ਨਹੀਂ ਹੈ, ਉਹਨੇ ਕੀ ਅਸੀਸ ਦੇਣੀ ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਨੇ ਇਕ ਕਮਾਲ ਹੋ ਗਿਆ ਕਿ ਮੇਰੇ ਹੱਥਾਂ ਵਿਚ ਬਰਕਤ ਆ ਗਈ ਮੇਰੇ ਹੱਥਾਂ ਵਿਚ ਪਦਮ ਬਣ ਗਿਆ।

ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥
ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥

ਭੱਟਾਂ ਦਾ ਇਕ ਪਾਵਣ ਪਵਿੱਤਰ ਸਵੱਈਆ ਹੈ ਜਿਹਦੇ ਵਿਚ ਕਹਿੰਦੇ ਨੇ ਹੇ ਗੁਰੂ ਅਮਰਦਾਸ ਜੀ ਮਹਾਰਾਜ ਤੁਹਾਡਾ ਜੋ ਦਾਇਆਂ ਹੱਥ ਹੈ ਪਦਮ ਬਣ ਗਿਆ ਹੈ। *'ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥'* 'ਧਰਮ ਗ੍ਰੰਥਾਂ ਵਿਚ ਪਦਮ ਦੀ ਜੋ ਇੰਨੀ ਲੰਬੀ ਚੌੜੀ ਚਰਚਾ ਹੈ ਇਹ ਸਿਰਫ ਚਰਚਾ ਹੀ ਨਹੀਂ ਇਹਦੇ ਵਿਚ ਬਹੁਤ ਵੱਡੀ ਸੱਚਾਈ ਹੈ ਹੱਥ ਵਿਚ ਲਾਜ਼ਮੀ ਬਰਕਤਾਂ ਆ ਜਾਂਦੀਆਂ ਨੇ ਸਿਮਰਨ ਕਰਨ ਵਾਲੇ ਮਨੁੱਖ ਦੇ, ਜੋ ਸਿਮਰਨ ਕਰਦਾ ਹੈ ਉਹਦੇ ਬਚਨਾਂ ਵਿਚ ਸਤਿਆ ਆ ਜਾਂਦੀ ਹੈ, ਉਹਦੇ ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ, ਉਹਦੇ ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਉਹਦੇ ਕਦਮ ਜਿਸ ਪਾਸੇ ਚੱਲਣ ਕ੍ਰਾਂਤੀ ਆਉਂਦੀ ਹੈ, ਕੁਝ ਪਲਟਾ ਆਉਂਦਾ ਹੈ। ਉਹਦੇ ਹੱਥ ਜਿਸ ਕੰਮ ਨੂੰ ਛੂਹਣ ਸਿਰੇ ਚੜ੍ਹਦੇ ਨੇ, ਅਤੇ ਉਹਦੇ ਬਚਨਾਂ ਵਿਚ ਇੰਨੀ ਸੱਤਿਆ ਹੁੰਦੀ ਹੈ ਕਿ ਉਹਨੂੰ ਸੁਣ ਕੇ ਸੰਸਾਰੀਆਂ ਦੇ ਮਨ ਬਦਲ ਜਾਂਦੇ ਨੇ:-

ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥

(ਪੰਨਾ ੨੬੯)

ਜਿਸ ਦੇ ਅੰਦਰ ਪ੍ਰਮਾਤਮਾ ਵੱਸਦਾ ਉਹਦੀ ਸਿਖਿਆ ਵਿਚ ਸੱਤਿਆ ਹੁੰਦੀ ਹੈ, ਉਹਦੇ ਬਚਨਾਂ ਵਿਚ ਸੱਤਿਆ ਹੁੰਦੀ ਹੈ, ਉਹਦੇ ਬਚਨਾਂ ਵਿਚ ਤਾਕਤ ਹੁੰਦੀ ਹੈ। ਤਦੇ ਤੇ ਮੇਰੇ ਪਾਤਿਸ਼ਾਹ ਕਹਿੰਦੇ ਨੇ ਕਰਮ ਖੰਡ ਵਿਚ ਪਹੁੰਚ ਕੇ ਮਨੁੱਖ ਦੀ ਬਾਣੀ ਵਿਚ ਜ਼ੋਰ ਆਉਂਦਾ

ਹੈ *'ਕਰਮ ਖੰਡ ਕੀ ਬਾਣੀ ਜੋਰੁ'* ਤੋ ਭੱਟ ਕਹਿ ਰਹੇ ਨੇ *'ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥'* ਭੱਟ ਕਹਿੰਦੇ ਇਹ ਗੁਰੂ ਅਮਰਦਾਸ ਜੀ ਤੁਹਾਡਾ ਜੋ ਦਾਇਆਂ ਹੱਥ ਹੈ ਇਹਦੇ ਵਿਚ ਪਦਮ ਹੈ। ਇਤਿਹਾਸ ਇਹ ਕਹਿੰਦਾ ਹੈ ਪਦਮ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਸੀ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭੱਟ ਬੋਲਦੇ ਨੇ ਕਿ ਪਦਮ ਗੁਰੂ ਅਮਰਦਾਸ ਮਹਾਰਾਜ ਜੀ ਦੇ ਹੱਥ ਵਿਚ ਸੀ, ਇਤਿਹਾਸ ਤੇ ਬਾਣੀ ਵਿਚ ਇਹ ਅੰਤਰਾ ਕਿਉਂ ਹੈ, ਇਤਿਹਾਸ ਆਪਣੀ ਥਾਂ ਤੇ ਠੀਕ ਹੈ ਅਤੇ ਬਾਣੀ ਆਪਣੀ ਥਾਂ ਤੇ ਸੱਚ ਨੂੰ ਪੇਸ਼ ਕਰਦੀ ਹੈ, ਇਤਿਹਾਸ ਵਿਚ ਜਿਸ ਪਦਮ ਦਾ ਜ਼ਿਕਰ ਹੈ ਬਈ ਉਹ ਚਰਨਾਂ ਵਿਚ ਹੈ ਜੋਤਿਸ਼ ਵਿਦਿਆ ਦੇ ਕਥਨ ਅਨੁਸਾਰ ਸੋ ਪਦਮ ਦੀ ਤਰ੍ਹਾਂ ਰੇਖਾ ਪੈਰਾਂ ਵਿਚ ਬਣ ਜਾਂਦੀਆਂ ਨੇ ਇਤਿਹਾਸ ਵਿਚ ਉਸਦਾ ਜ਼ਿਕਰ ਹੈ ਉਹ ਇਹ ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਹੱਥਾਂ ਵਿਚ ਸੱਤਿਆ ਆ ਜਾਂਦੀ ਹੈ, ਹੱਥਾਂ ਵਿਚ ਤਾਕਤ ਆ ਜਾਂਦੀ ਹੈ, ਹੇ ਗੁਰੂ ਅਮਰਦਾਸ ਜੀ! ਤੁਹਾਡਾ ਜੋ ਦਾਇਆਂ ਹੱਥ ਹੈ ਇਹਦੇ ਵਿਚ ਬਰਕਤਾਂ ਆ ਗਈਆਂ, ਇਹਦੇ ਵਿਚ ਪਦਮ ਬਣ ਗਿਆ। ਜਿੰਨੀਆਂ ਸਿਧੀਆਂ ਨੇ ਤੁਹਾਡੇ ਮੁਖੜੇ ਨੂੰ ਤੱਕ ਰਹੀਆਂ ਨੇ ਬਈ ਰਸਨਾ ਤੋਂ ਤੁਹਾਡਾ ਨਿਕਲਿਆ ਉਹ ਕੰਮ ਕਰਨ:

ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥

ਪਰ ਤੁਹਾਡਾ ਜੋ ਬਾਇਆਂ ਹੱਥ ਹੈ ਉਹ ਵੀ ਖਾਲੀ ਨਹੀਂ, ਤੁਹਾਡੇ ਬਾਏਂ ਹੱਥ ਵਿਚ ਰਿਧੀਆਂ ਨੇ। ਦਾਇਨੇ ਹੱਥ ਵਿਚ ਪਦਮ, ਤੁਹਾਡੇ ਮੁਖੜੇ ਦੇ ਸਾਹਮਣੇ ਸਿਧੀਆਂ ਬੈਠੀਆਂ ਨੇ, ਇਤਨੀ ਲੰਬੀ ਚੌੜੀ ਬਰਕਤ ਕਿਸ ਤਰ੍ਹਾਂ ਆ ਗਈ। ਤੋ ਭੱਟ ਕਹਿੰਦੇ :

ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ॥
ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ॥

(ਪੰਨਾ ੧੩੯੪)

ਹੇ ਗੁਰੂ ਅਮਰਦਾਸ ਜੀ ! ਤੁਹਾਡੇ ਹਿਰਦੇ ਵਿਚ ਇਕ ਰਸ ਪ੍ਰਮਾਤਮਾ ਦਾ ਕੀ ਟਿਕਿਆ ਕਿ ਤੁਹਾਡੇ ਹੱਥਾਂ ਵਿਚ ਪਦਮ ਬਣ ਗਿਆ। ਤੁਹਾਡੇ ਬਾਏਂ ਹੱਥ ਵਿਚ ਰਿਧੀਆਂ ਆ ਗਈਆਂ ਅਤੇ ਸਿਧੀਆਂ ਤੁਹਾਡੀਆਂ ਦਾਸੀਆਂ ਬਣ ਗਈਆਂ ਨੇ। ਗੁਰੂ ਅਮਰਦਾਸ ਮਹਾਰਾਜ ਜੀ ਦਾ ਆਪਣਾ ਵੀ ਵਾਕ ਹੈ :

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥

(ਪੰਨਾ ੬੪੯)

ਜਿਹਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਵੱਸ ਜਾਂਦਾ ਹੈ ਰਿਧੀਆਂ ਸਿਧੀਆਂ ਉਸ ਦੀਆਂ ਪ੍ਰਕਰਮਾਂ ਕਰਦੀਆਂ ਨੇ। *'ਰਿਧ ਸਿਧ ਨਾਵੈ ਕੀ ਦਾਸੀ'* ਤੋ ਸਿਮਰਨ ਕਰਦਿਆਂ-ਕਰਦਿਆਂ ਭਜਨ ਕਰਦਿਆਂ-ਕਰਦਿਆਂ ਜੋ ਮਨੁੱਖ ਪਹੁੰਚਦਾ ਕਰਮ ਖੰਡ ਵਿਚ ਉਸ ਦੀ

ਬਾਣੀ ਵਿਚ ਤਾਕਤ ਆ ਜਾਂਦੀ ਹੈ, ਉਹਦੇ ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ, ਉਹਦੇ ਬਚਨਾਂ ਵਿਚ ਸੱਤਿਆ ਆ ਜਾਂਦੀ ਹੈ।

'ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥'

ਉਸ ਅਵਸਥਾ ਦੇ ਵਿਚ ਅਭਿਆਸੀ ਮਨ ਵਿਚ ਇਕ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਨਹੀਂ, ਉਹ ਪ੍ਰਮਾਤਮਾ ਵਿਚ ਹੁੰਦਾ ਪ੍ਰਮਾਤਮਾ ਉਸ ਵਿਚ ਹੁੰਦਾ

ਤਿਥੈ ਜੋਧ ਮਹਾ ਬਲ ਸੂਰ॥

ਪਰ ਕਰਮ ਖੰਡ ਤੱਕ ਮਹਾਰਾਜ ਕਹਿੰਦੇ ਯੋਧੇ ਕੋਈ ਮਹਾਂਬਲੀ ਸੂਰਮੇ ਪਹੁੰਚਦੇ ਨੇ, ਹਰ ਮਨੁੱਖ ਦੀ ਇਥੇ ਤੱਕ ਪਹੁੰਚ ਨਹੀਂ ਹੈ। ਸੰਸਾਰ ਵਿਚ ਅਸੀਂ ਸਿਰਫ ਉਂਗਲੀਆਂ ਤੇ ਹੀ ਗਿਣ ਸਕਦੇ ਹਾਂ ਉਹਨਾਂ ਮਨੁੱਖਾਂ ਨੂੰ ਜੋ ਕਰਮ ਖੰਡ ਤੱਕ ਪਹੁੰਚਦੇ ਨੇ, ਬਹੁਤ ਇਹ ਕਠਿਨ ਸਾਧਨਾ ਹੈ। ਇਸ ਕਰਕੇ ਸਾਹਿਬ ਕਹਿੰਦੇ ਕਮਜ਼ੋਰ ਦਿਲ ਦਿਮਾਗ ਰੱਖਣ ਵਾਲੇ ਕਮਜ਼ੋਰ ਸਾਧਨਾ ਕਰਨ ਵਾਲੇ ਆਲਸ ਨਿੰਦਰਾ ਤਿੰਦਰਾ ਵਿਚ ਫੱਸੇ ਹੋਏ ਮਨੁੱਖ ਕਰਮ ਖੰਡ ਤੱਕ ਪਹੁੰਚਣਾ ਤਾਂ ਬਹੁਤ ਔਖੀ ਗੱਲ ਹੈ, ਉਹ ਤਾਂ ਗਿਆਨ ਖੰਡ ਤੱਕ ਵੀ ਨਹੀਂ ਪਹੁੰਚ ਸਕਦੇ। ਕਰਮ ਖੰਡ ਤੱਕ ਪਹੁੰਚਣ ਵਾਲੇ ਜਿਹੜੇ ਪੁਰਸ਼ ਨੇ ਉਹਨਾਂ ਤੇ ਕੋਈ ਮਹਾਂਬਲੀ ਸੂਰਮੇ ਤੇ ਯੋਧੇ ਨੇ :

ਤਿਥੈ ਜੋਧ ਮਹਾ ਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥

(ਜਪੁਜੀ ਸਾਹਿਬ)

ਜੋ ਕਰਮ ਖੰਡ ਤੱਕ ਪਹੁੰਚ ਗਿਆ, ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਨੇ ਉਸ ਮਨੁੱਖ ਦੀ ਮਹਿਮਾ ਸ੍ਰੀ ਰਾਮ ਤੇ ਉਹਨਾਂ ਦੀ ਸੁਪਤਨੀ ਸੀਤਾ ਵੀ ਗਾਇਣ ਕਰਦੀ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵੀ ਕਥਨ ਹੈ :

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥

(ਪੰਨਾ ੨੭੩)

ਜੋ ਬ੍ਰਹਮ-ਗਿਆਨੀ ਹੈ, ਜਿਹਦੇ ਅੰਦਰ ਬ੍ਰਹਮ ਦਾ ਰਸ ਪੈਦਾ ਹੋ ਗਿਆ ਹੈ, ਸ਼ਿਵ ਜੀ ਉਸ ਦੀ ਤਲਾਸ਼ ਵਿਚ ਹੈ, ਮਹਾਂਦੇਵ ਦੀ ਪ੍ਰਾਰਥਨਾ ਕਰਦੇ ਨੇ, ਅਕਾਲ ਪੁਰਖ ਦੇ ਅੱਗੇ ਹੇ ਅਕਾਲ ਪੁਰਖ! ਕਿਸੇ ਐਸੇ ਪੁਰਸ਼ ਦੇ ਦਰਸ਼ਨ ਕਰਾਂ ਜਿਸ ਦੇ ਅੰਦਰ ਤੇਰਾ ਵਾਸਾ ਹੋ

ਗਿਆ ਹੈ, ਜਿਥੇ ਤੂੰ ਪ੍ਰਗਟ ਹੋ ਗਿਆ ਕਿਸੇ ਬ੍ਰਹਮ ਗਿਆਨੀ ਦੇ ਦਰਸ਼ਨ ਕਰਾਂ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥

ਬ੍ਰਹਮ-ਗਿਆਨੀ ਦੀ ਤਲਾਸ਼ ਕਰਦਾ ਸ਼ਿਵ ਜੀ ਅਸੀਂ ਆਪਣੀ ਅਰਦਾਸ ਵਿਚ ਬਕਾਇਦਾ ਇਹ ਸ਼ਬਦ ਜੋੜੇ ਹੋਏ ਨੇ 'ਸੋਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੈ।' ਇਹ ਸਾਡੀ ਮੰਗ ਹੈ

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥

(ਪੰਨਾ ੫੨੦)

ਉਹ ਸਾਡੇ ਮਿੱਤਰ ਨੇ ਜਿਨ੍ਹਾਂ ਦੀ ਦੀਵਾਰ ਵਿਚੋਂ ਦੁਰਮੱਤੀ ਨਾਸ ਹੋਵੇ, ਜਿਨ੍ਹਾਂ ਦੇ ਮਿਲਦਿਆਂ ਪ੍ਰਮਾਤਮਾ ਚੇਤੇ ਆਵੇ, ਜਿਨ੍ਹਾਂ ਦੇ ਕੋਲ ਬੈਠਿਆਂ ਰੱਬ ਦੀ ਸਿੰਮਰਤੀ ਜਾਗੇ। ਜਿਵੇਂ ਹਿਮਾਲੀਆ ਪਰਬਤ ਤੇ ਚੱਲੇ ਜਾਈਏ ਤਾਂ ਠੰਢ ਆਪਣੇ ਆਪ ਮਿਲਦੀ ਹੈ, ਫੁੱਲਾਂ ਕੋਲ ਬੈਠੀਏ ਮਹਿਕ ਆਪਣੇ ਆਪ ਮਿਲਦੀ ਹੈ, ਜਲਦੇ ਹੋਏ ਦੀਵੇ ਕੋਲ ਬੈਠੀਏ ਪ੍ਰਕਾਸ਼ ਆਪਣੇ ਆਪ ਮਿਲਦਾ ਹੈ, ਰੱਬ ਨਾਲ ਜੁੜੇ ਮਨੁੱਖ ਕੋਲ ਬੈਠੀਏ ਮਨ ਆਪਣੇ ਆਪ ਜੁੜਨ ਨੂੰ ਕਰਦਾ, ਮਨ ਨੂੰ ਆਪੇ ਚੈਨ ਮਿਲਦਾ, ਮਨ ਨੂੰ ਆਪੇ ਹੀ ਕੁਝ ਪ੍ਰੇਰਣਾ ਮਿਲਦੀ, ਇਸ ਕਰਕੇ ਸਾਹਿਬ ਕਹਿੰਦੇ ਨੇ-ਕਰਮ ਖੰਡ ਤੱਕ ਕੋਈ ਹੀ ਪਹੁੰਚਦਾ ਹੈ, ਕੌਣ ?

ਤਿਥੈ ਜੋਧ ਮਹਾ ਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥

(ਜਪੁਜੀ ਸਾਹਿਬ)

ਕੋਈ ਯੋਧੇ ਕੋਈ ਮਹਾਂਬਲੀ ਸੂਰਮੇ ਇਸ ਬਖਸ਼ਿਸ਼ ਦੇ ਖੰਡ ਤੱਕ ਪਹੁੰਚਦੇ ਨੇ, ਉਹ ਰਾਮ ਦੇ ਵਿਚ ਸਮਾ ਜਾਂਦੇ ਨੇ ਤੇ ਰਾਮ ਉਹਨਾਂ ਦੇ ਅੰਦਰ ਲੀਨ ਹੋ ਜਾਂਦਾ ਹੈ। ਉਹ ਇਕ-ਮਿਕ ਹੋ ਜਾਂਦੇ ਨੇ, ਸਾਧਨਾ ਅਜੇ ਵੀ ਜਾਰੀ ਹੈ, ਜਾਪ ਅਜੇ ਵੀ ਜਾਰੀ ਹੈ, ਪਰ ਜਾਪ ਕਰਦਿਆਂ-ਕਰਦਿਆਂ ਅਭਿਆਸੀ ਇੰਜ ਮਹਿਸੂਸ ਕਰਦਾ ਜੈਸੇ ਕੋਈ ਸਰਿਤਾ ਦੀ ਹੱਦ ਖੋਹ ਜਾਂਦੀ ਹੈ, ਉਹ ਸਾਗਰ ਦਾ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਭਗਤ ਭਗਵਾਨ ਵਿਚ ਖੋਹ ਕੇ ਭਗਵਾਨ ਦਾ ਰੂਪ ਹੋ ਜਾਂਦਾ ਹੈ, ਸਿੱਖ ਗੁਰੂ ਵਿਚ ਖੋਹ ਕੇ ਗੁਰੂ ਦਾ ਰੂਪ ਹੋ ਜਾਂਦਾ ਹੈ, ਸਾਧਕ ਈਸ਼ਵਰ ਵਿਚ ਖੋਹ ਕੇ ਈਸ਼ਵਰ ਦਾ ਰੂਪ ਹੋ ਜਾਂਦਾ ਹੈ ਜੈਸੇ ਕਿ ਵਾਕ ਨੇ :

ਨਾਮੇ ਨਾਰਾਇਨ ਨਾਹੀ ਭੇਦੁ॥ (ਪੰਨਾ ੧੧੬੬)

ਹੁਣ ਨਾਮਦੇਵ ਵਿਚ ਨਰਾਇਣ ਵਿਚ ਕੋਈ ਭੇਦ ਨਹੀਂ ਰਹਿਆ। ਹੁਣ ਕਬੀਰ ਵਿਚ ਤੇ ਰਾਮ ਵਿਚ ਕੋਈ ਭੇਦ ਨਹੀਂ ਰਹਿਆ। ਸਿੱਖ ਗੁਰੂ-ਗੁਰੂ ਸਿੱਖ ਹੈ, ਹੁਣ ਸਿੱਖ ਤੇ ਗੁਰੂ ਦੇ ਵਿਚ ਕੋਈ ਭੇਦ ਨਹੀਂ ਰਹਿਆ, ਹੁਣ ਪ੍ਰਮਾਤਮਾ ਤੇ ਸਾਧਕ ਵਿਚ ਕੋਈ ਭੇਦ ਨਹੀਂ ਰਿਹਾ।

"ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥"

(ਪੰਨਾ ੬੩੩)

ਜਿਸ ਤਰ੍ਹਾਂ ਪਾਣੀ ਦੇ ਅੰਦਰ ਪਾਣੀ ਲੀਨ ਹੋ ਜਾਂਦਾ ਹੈ ਉਸੇ ਤਰ੍ਹਾਂ ਆਤਮਾ ਪਰਮਾਤਮਾ ਦੇ ਵਿਚ ਲੀਨ ਹੋ ਜਾਂਦੀ ਹੈ। ਸਾਹਿਬ ਕਹਿੰਦੇ ਗੋਬਿੰਦ ਦਾ ਮਿਲਣਾ ਸਾਨੂੰ ਨਸੀਬ ਹੋ ਜਾਂਦਾ ਹੈ, ਕਬੀਰ ਕਹਿੰਦੈ-

'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥'

(ਪੰਨਾ ੯੬੯)

ਹੁਣ ਕਬੀਰ ਰਾਮ ਬਣ ਗਏ ਨੇ ਔਰ ਰਾਮ ਕਬੀਰ ਬਣ ਗਏ ਨੇ। ਅਗਰ ਕੋਈ ਪਹਿਚਾਣ ਕਰਨਾ ਚਾਹੇਗਾ ਪਹਿਚਾਣ ਨਹੀਂ ਹੋ ਸਕੇਗੀ। ਕਬੀਰ ਕੌਣ ਹੈ ਤੇ ਰਾਮ ਕੌਣ ਹੈ, ਹੁਣ ਰਾਮ ਤੇ ਕਬੀਰ ਦਾ ਅੰਤਰਾ ਮਿੱਟ ਗਿਆ ਹੈ, ਆਪਣੇ ਇਸ ਸ਼ਬਦ ਦੇ ਰਾਹੀਂ ਪੂਰਨ ਰੂਪ ਵਿਚ ਸਮਝਾਇਆ ਵੀ ਹੈ :

"ਗੰਗਾ ਕੈ ਸੰਗਿ ਸਲਿਤਾ ਬਿਗਰੀ॥ ਸੋ ਸਲਿਤਾ ਗੰਗਾ ਹੋਇ ਨਿਬਰੀ॥੧॥ ...
ਚੰਦਨ ਕੈ ਸੰਗਿ ਤਰਵਰੁ ਬਿਗਰਿਓ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ॥ ੨॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥ ੩॥
ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥੪॥"

(ਪੰਨਾ ੧੧੫੮)

ਜੈਸੇ ਨਦੀ ਨਾਲੇ ਗੰਗਾ ਦਾ ਸੰਗ ਕਰਕੇ ਗੰਗਾ ਦਾ ਹੀ ਰੂਪ ਹੋ ਜਾਂਦੇ ਨੇ ਤਿਵੇਂ ਸਤਿਸੰਗ ਕਰਕੇ ਕਬੀਰ ਰਾਮ ਦਾ ਰੂਪ ਹੋ ਗਿਆ ਹੈ। ਮਨੁੱਖ ਦੀ ਮੰਜ਼ਿਲ ਹੈ ਸੱਚਖੰਡਿ, ਇਥੇ ਕੀ ਹੁੰਦਾ ਹੈ "ਸਚਖੰਡਿ ਵਸੈ ਨਿਰੰਕਾਰੁ" ਉਥੇ ਉਹ ਨਿਰੰਕਾਰ ਵਿਚ ਜਾ ਕੇ ਵੱਸਦਾ ਹੈ ਅਤੇ ਨਿਰੰਕਾਰ ਉਸ ਵਿਚ ਆ ਕੇ ਲੀਨ ਹੁੰਦਾ ਹੈ, ਇਹ ਪੰਜਵੀਂ ਮੰਜ਼ਿਲ ਹੈ, ਇਹ ਪੰਜਵਾਂ ਘਰ ਹੈ, ਭੇਦ ਮਿੱਟ ਜਾਂਦੇ ਨੇ, ਈਸ਼ਵਰ ਤੇ ਹੁਣ ਮਨੁੱਖ ਵਿਚ ਕੋਈ ਭੇਦ ਰਹਿ ਨਹੀਂ ਜਾਂਦਾ, ਧਰਮ ਖੰਡ ਤੋਂ ਜੋ ਯਾਤਰਾ ਸ਼ੁਰੂ ਹੋਈ ਸੁਰਤ ਦੀ ਪਹੁੰਚ ਗਈ ਸਚਖੰਡਿ ਵਿਚ ਅਤੇ ਇਸੇ ਤਰੀਕੇ ਨਾਲ ਸਨਾਤਨ ਮੱਤ ਦੇ ਕਥਨ ਅਨੁਸਾਰ ਕਰਮ ਕਾਂਡ ਜਿਹੜੀ ਯਾਤਰਾ ਸ਼ੁਰੂ ਹੋਈ ਪਹੁੰਚ ਗਈ ਗਿਆਨ ਕਾਂਡ ਤੱਕ ਔਰ ਇਸ ਤਰੀਕੇ ਨਾਲ ਮੁਹੰਮਦ ਸਾਹਿਬ ਦਾ ਕਥਨ ਹੈ ਕਿ ਸ਼ਰੀਅਤ ਤੋਂ ਜਿਹੜੀ ਯਾਤਰਾ ਸ਼ੁਰੂ ਹੋਈ ਉਹ ਪਹੁੰਚ ਗਈ ਹਕੀਕਤ ਤੱਕ, ਉਹ ਪਹੁੰਚ ਗਈ ਖੁਦਾ ਤੱਕ, ਉਹ ਪਹੁੰਚ ਗਈ ਅੱਲਾ ਤੱਕ। ਮਨੁੱਖ ਦੀ ਮੰਜ਼ਿਲ ਹੈ ਅਕਾਲ ਪੁਰਖ, ਜਿਥੋਂ ਇਹ ਮਨੁੱਖ ਖੜਾ ਹੈ ਉਥੋਂ ਇਹ ਯਾਤਰਾ ਆਰੰਭ ਕਰਨੀ ਪਏਗੀ, ਜ਼ਿੰਦਗੀ ਨੂੰ ਵਿਧੀ ਵਿਧਾਨ ਜਿਸ ਵਕਤ ਦਿੱਤਾ ਯਾਤਰਾ ਆਰੰਭ ਹੋ ਗਈ ਅਤੇ ਸਹਿਜੇ-ਸਹਿਜੇ ਜੈਸੇ ਨਦੀ ਚੱਲਦੀ ਹੈ ਸੈਂਕੜੇ ਮੀਲ ਦੀ ਵਾਟ ਤਹਿ ਕਰਕੇ ਸਾਗਰ ਤੱਕ ਪਹੁੰਚੀ ਹੈ, ਇਸੇ ਤਰ੍ਹਾਂ ਸਾਧਕ ਰੋਜ਼ ਸਾਧਨਾ ਕਰਦਿਆਂ-ਕਰਦਿਆਂ ਆਪਣੀ ਸੁਰਤ ਨੂੰ ਗਤੀ ਦਿੰਦਾ ਹੈ ਅਤੇ ਇਕ ਦਿਨ ਸੁਰਤ ਸਚਖੰਡਿ ਤੱਕ ਪਹੁੰਚ ਜਾਂਦੀ ਹੈ,

ਇਸ ਮਾਰਗ ਵਿਚ ਰੋਕਾਂ ਵੀ ਅਨੇਕਾਂ ਨੇ, ਕਿਉਂਕਿ ਇਹ ਮਾਰਗ ਮੈਦਾਨੀ ਮਾਰਗ ਨਹੀਂ ਹੈ, ਇਹ ਮਾਰਗ ਪਹਾੜੀ ਰਸਤਾ ਹੈ, ਚੜ੍ਹਾਈ ਹੈ, ਪਾਣੀ ਨਿਵਾਣ ਦੀ ਤਰਫ ਆਪਣੇ ਆਪ ਜਾਂਦਾ ਹੈ ਪਰ ਜੇ ਉਸਨੂੰ ਉਪਰ ਚਾੜ੍ਹਨਾ ਹੋਵੇ ਤਾਂ ਦਬਾਅ ਪ੍ਰੈਸ਼ਰ ਚਾਹੀਦਾ ਹੈ। ਸੁਰਤ ਨਿਵਾਣ ਦੀ ਤਰਫ ਆਪਣੇ ਆਪ ਜਾਂਦੀ ਹੈ ਪਰ ਸੱਚਖੰਡਿ ਦੀ ਤਰਫ ਲਿਜਾਣ ਵਾਸਤੇ ਕੁਝ ਆਸਰੇ ਚਾਹੀਦੇ ਨੇ, ਕੁਝ ਵਸੀਲੇ ਚਾਹੀਦੇ ਨੇ ਕਿਉਂਕਿ ਸੱਚਖੰਡਿ ਟੀਸੀ ਹੈ, ਚੜ੍ਹਾਈ ਹੈ, ਧਰਮ ਦਾ ਮਾਰਗ ਮੈਦਾਨੀ ਰਸਤਾ ਨਹੀਂ, ਇਹ ਪਹਾੜੀ ਰਸਤਾ ਹੈ। ਭਗਤ ਕਬੀਰ ਜੀ ਮਹਾਰਾਜ ਦਾ ਇਹ ਕਥਨ ਹੈ-

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥

(ਪੰਨਾ ੩੪੫)

ਮੈਂ ਰਾਮ ਨਾਮ ਦੀ ਬਿਖੜੀ ਘਾਟੀ ਤੇ ਚੜ੍ਹ ਰਿਹਾਂ, ਆਪਣੀ ਸੁਰਤ ਨੂੰ ਚੜ੍ਹਾ ਰਿਹਾਂ। ਜਿਨ੍ਹਾਂ ਲੋਕਾਂ ਨੂੰ ਪਹਾੜਾਂ ਦੇ ਉਤੇ ਚੜ੍ਹਨ ਦਾ ਥੋੜ੍ਹਾ ਬਹੁਤ ਵੀ ਅਨੁਭਵ ਹੈ ਉਹਨਾਂ ਨੂੰ ਪਤਾ ਹੋਵੇਗਾ ਚੜ੍ਹਨਾ ਕਿਤਨਾ ਕਠਿਨ ਹੈ, ਦਮ ਫੁਲ ਜਾਂਦਾ ਹੈ, ਗੋਡੇ ਰਹਿ ਜਾਂਦੇ ਨੇ, ਸਰੀਰ ਰਹਿ ਜਾਂਦੇ ਨੇ, ਸੁਰਤ ਨੂੰ ਚਾੜ੍ਹਨ ਲੱਗਿਆਂ ਵੀ ਇਸ ਕਿਸਮ ਦੀ ਮਿਹਨਤ ਕਰਨੀ ਪੈਂਦੀ ਹੈ, ਜਿਸ ਤਰ੍ਹਾਂ ਨਿਵਾਣ ਦੀ ਤਰਫ ਆਉਣਾ ਹੋਵੇ, ਪਉੜੀਆਂ ਤੋਂ ਥੱਲੇ ਲਹਿਣਾ ਹੋਵੇ, ਇਹ ਜ਼ਰਾ ਆਸਾਨ ਹੈ, ਸੁਰਤ ਨੂੰ ਥੱਲੇ ਲਹਿਣਾ ਹੋਵੇ ਇਹ ਆਮ ਗੱਲ ਹੈ। ਕ੍ਰੋਧੀ, ਲੋਭੀ, ਝੂਠਾ ਬਣਨਾ, ਫਰੇਬੀ ਬਣਨਾ, ਇਹ ਮਨੁੱਖ ਆਪੇ ਹੀ ਬਣ ਜਾਂਦਾ ਹੈ, ਬਿਨਾਂ ਪ੍ਰੇਰਣਾ ਤੋਂ ਬਣ ਜਾਂਦਾ ਹੈ, ਬਿਨਾਂ ਕਿਸੇ ਦੀ ਸੰਗਤ ਤੋਂ ਵੀ ਬਣ ਜਾਂਦਾ ਹੈ, ਪਰ ਸਚਖੰਡਿ ਤੱਕ ਪਹੁੰਚਣਾ ਹੈ ਵਸੀਲੇ ਚਾਹੀਦੇ ਨੇ, ਆਸਰੇ ਚਾਹੀਦੇ ਨੇ, ਬਿਨਾਂ ਸਹਾਰਿਆਂ ਤੋਂ ਇਹ ਗੱਲ ਨਹੀਂ ਬਣੇਗੀ, ਕਿਉਂਕਿ ਸੱਚਖੰਡਿ ਸਿਖਰ ਹੈ, ਬੁਲੰਦੀ ਹੈ। ਰਵਿਦਾਸ ਜੀ ਮਹਾਰਾਜ ਇਸ ਪਹਾੜ ਤੇ ਚੜ੍ਹਦਿਆਂ ਹੋਇਆਂ ਆਪਣੀ ਅਸਮਰੱਥਾ ਇਸ ਢੰਗ ਨਾਲ ਪ੍ਰਗਟ ਕਰਦੇ ਨੇ- *'ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥'* ਭਗਤ ਰਵਿਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ ਮੇਰਾ ਮਨ ਰੂਪੀ ਬੈਲ ਬੜਾ ਕਮਜ਼ੋਰ ਹੈ ਜਿਸ ਦੇ ਉਪਰ ਮੈਂ ਰਾਮ ਨਾਮ ਦੀ ਦੌਲਤ ਲੱਦੀ ਹੋਈ ਹੈ, ਅੱਗੋਂ ਘਾਟੀਆਂ ਬੜੀਆਂ ਬਿਖੜੀਆਂ ਨੇ ਮਾਰਗ ਬੜੇ ਬਿਖੜੇ ਨੇ। ਜਿਨ੍ਹਾਂ ਨੇ ਕਦੀ ਅਮਰਨਾਥ, ਹੇਮੁਕੰਟ ਜਾਂ ਬਦਰੀ ਨਾਰਾਇਣ ਦੀ ਪੈਦਲ ਯਾਤਰਾ ਕੀਤੀ ਹੈ ਉਹਨਾਂ ਨੂੰ ਪਤਾ ਹੋਵੇਗਾ ਕਿ ਇਹ ਮਾਰਗ ਕਿਤਨਾ ਬਿਖੜਾ ਹੋਵੇਗਾ ਅਤੇ ਇਸ ਦੇ ਉਪਰ ਚਲਣਾ ਕਿਤਨਾ ਕਠਿਨ ਹੈ, ਇਤਨਾ ਹੀ ਕਠਿਨ ਹੈ ਸੁਰਤ ਨੂੰ ਉਪਰ ਚਾੜ੍ਹਨਾ, ਮਨੁੱਖ ਅੱਠਵੀਂ ਮੰਜ਼ਿਲ ਤੇ ਖੜਾ ਹੋਵੇ ਉਸ ਨੂੰ ਧੱਕਾ ਮਾਰ ਕੇ ਥੱਲੇ ਗਿਰਾਇਆ ਜਾ ਸਕਦਾ ਹੈ, ਪਰ ਉਹ ਥੱਲੇ ਖੜਾ ਹੈ ਉਸ ਨੂੰ ਧੱਕਾ ਮਾਰ ਕੇ ਉਪਰ ਨਹੀਂ ਚੜ੍ਹਾਇਆ ਜਾ ਸਕਦਾ। ਇਕ ਧੱਕੇ ਨਾਲ ਥੱਲੇ ਜ਼ਰੂਰ ਗਿਰਾਇਆ ਜਾ ਸਕਦਾ ਤਾਂ ਪਰ ਉਪਰ

ਨਹੀਂ ਚੜ੍ਹਾਇਆ ਜਾ ਸਕਦਾ। ਮਨੁੱਖ ਸਹਿਜੇ-ਸਹਿਜੇ ਮਿਹਨਤ ਕਰੇ ਅਤੇ ਸੁਰਤ ਨੂੰ ਉਪਰ ਚਾੜ੍ਹੇ, ਧਰਮ ਖੰਡ ਤੋਂ ਬਾਅਦ ਗਿਆਨ ਖੰਡ ਵਿਚ ਆ ਜਾਏ, ਗਿਆਨ ਖੰਡ ਤੋਂ ਬਾਅਦ ਇਹ ਸਰਮ ਖੰਡ ਵਿਚ ਆ ਜਾਏ, ਇਕ ਦਿਨ ਦੀ ਕੁਸੰਗਤਿ, ਇਕ ਦਿਨ ਦਾ ਭੈੜਾ ਮਾਹੌਲ, ਇਕ ਦਿਨ ਦਾ ਧੱਕਾ ਉਸਦੀ ਕਈ ਸਾਲਾਂ ਦੀ ਮਿਹਨਤ ਨੂੰ ਬਰਬਾਦ ਕਰ ਦਿੰਦਾ ਹੈ ਅਤੇ ਉਹ ਥੱਲੇ ਆ ਜਾਂਦਾ ਹੈ, ਲੇਕਿਨ ਇਕ ਦਿਨ ਦੇ ਸਤਿਸੰਗਿ ਨਾਲ ਇਹ ਚੜ੍ਹ ਨਹੀਂ ਸਕਦਾ, ਇਕ ਦਮ ਸੁਰਤ ਚੜ੍ਹੇਗੀ ਨਹੀਂ ਕਿਉਂਕਿ ਚੜ੍ਹਨ ਲੱਗਿਆਂ ਮਿਹਨਤ ਦੀ ਲੋੜ ਹੈ, ਚੜ੍ਹਨ ਲੱਗਿਆਂ ਸਾਧਨਾ ਦੀ ਲੋੜ ਹੈ, ਕਾਦਰ ਕਰੀਮ ਨੇ ਨਿਯਮ ਵੀ ਐਸਾ ਬਣਾ ਛੱਡਿਆ ਹੈ, ਇਹ ਰਸ ਮਨੁੱਖ ਨੂੰ ਸਹਿਜੇ-ਸਹਿਜੇ ਪ੍ਰਾਪਤ ਹੁੰਦਾ ਹੈ। 'ਕਾਰਨ ਹਰਚੇ ਯੁਤ ਬਰਾਇਅਤ ਦੇਰ ਨਾ ਪਾਇਅਤ' ਜਿਹੜੀ ਚੀਜ਼ ਛੇਤੀ ਮਿਲ ਜਾਏ, ਬਿਨਾਂ ਮਿਹਨਤ ਦੇ ਮਿਲ ਜਾਏ, ਬਿਨਾਂ ਮੁੱਲ ਦੇ ਮਿਲ ਜਾਏ, ਮਨੁੱਖ ਉਸ ਦੀ ਕਦਰ ਨਹੀਂ ਕਰਦਾ, ਇਸ ਵਾਸਤੇ ਧਰਮ ਬਹੁਤ ਵੱਡੀ ਮਿਹਨਤ ਨਾਲ ਮਿਲਦਾ ਹੈ ਅਤੇ ਬਹੁਤ ਵੱਡਾ ਇਸ ਦਾ ਮੁੱਲ ਚੁਕਾਉਣਾ ਪੈਂਦਾ ਹੈ। ਕਬੀਰ ਦੇ ਕੋਲੋਂ ਮਸਤੀ ਦੇਖ ਕੇ, ਕਬੀਰ ਦੇ ਕੋਲੋਂ ਰਸ ਦੇਖ ਕੇ ਇਕ ਵਪਾਰੀ ਨੇ ਮੋਹਰਾਂ ਦੀ ਥੈਲੀ ਅੱਗੋਂ ਰੱਖੀ ਅਤੇ ਆਖਿਆ ਕਬੀਰ ਜੋ ਮਸਤੀ ਤੇਰੇ ਕੋਲ ਹੈ ਉਹ ਸਾਡੀ ਝੋਲੀ ਵਿਚ ਪਾ ਦੇ, ਤੇ ਕਬੀਰ ਕਹਿੰਦੇ ਨੇ –

"ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥"

(ਪੰਨਾ ੩੨੭)

ਇਹ ਧਨ ਦੇ ਨਾਲ ਮਸਤੀ ਨਹੀਂ, ਇਸ ਧਰਮ ਦਾ ਸਹਾਰਾ ਲੈ ਕੇ ਗਿਆਨ ਖੰਡ ਪਹੁੰਚਿਆ ਨਹੀਂ ਜਾ ਸਕਦਾ ਤੇ ਸਭ ਤੋਂ ਵੱਡੀ ਜਿਹੜੀ ਭੇਟ ਹੈ, ਗੁਰਬਾਣੀ ਦੇ ਕਥਨ ਅਨੁਸਾਰ ਉਹ ਹੈ ਮਨ ਨੂੰ ਰੱਖਣਾ, ਜੇ ਮਨ ਅਰਪਣ ਕੀਤਾ ਤਾਂ ਸਹਿਜੇ-ਸਹਿਜੇ ਉਪਰ ਤੱਕ ਪਹੁੰਚ ਜਾਂਦਾ ਹੈ।

ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥

(ਪੰਨਾ ੨੮੬)

ਕਬੀਰ ਕਹਿੰਦੇ-

ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥

ਸਭ ਤੋਂ ਵੱਡੀ ਭੇਟ ਆਪਣਾ ਮਨ ਅਰਪਣ ਕਰ ਦਿਉ। ਆਪਣੇ ਮਨ ਨੂੰ ਭੇਟ ਕਰਦਿਆਂ ਹੀ ਸੁਰਤ ਨੂੰ ਰਵਾਨੀ ਮਿਲ ਜਾਂਦੀ ਹੈ ਅਤੇ ਇਕ ਦਿਨ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ ਕਿ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ (ਪੰਨਾ ੮੪੬)

ਜਿਤਨਾ ਚਿਰ ਨਦੀ ਸਾਗਰ ਭਿੰਨ ਨਾ ਹੋਵੇ ਪੂਰਨ ਨਹੀਂ ਹੁੰਦੀ, ਅਧੂਰੀ ਰਹਿ ਜਾਂਦੀ

ਹੈ ਅਤੇ ਜਿਤਨਾ ਚਿਰ ਆਤਮਾ ਪ੍ਰਮਾਤਮਾ ਵਿਚ ਲੀਨ ਨਾ ਹੋਵੇ ਅਧੂਰੀ ਰਹਿ ਜਾਂਦੀ ਹੈ, ਮਨੁੱਖ ਉਸ ਦਿਨ ਪੂਰਾ ਹੁੰਦਾ ਹੈ, ਇਹ ਗੱਲ ਵੱਖਰੀ ਹੈ ਸੱਚਖੰਡਿ ਤੱਕ ਸੁਰਤ ਪਹੁੰਚ ਕੇ ਮਨੁੱਖ ਪੂਰਨ ਹੋ ਜਾਂਦਾ ਹੈ, ਮੁਕੰਮਲ ਹੋ ਜਾਂਦਾ ਹੈ, ਮਨੁੱਖ ਵੀ ਮਹਾਨ ਹੋ ਜਾਂਦਾ ਹੈ, ਮਨੁੱਖ ਦੀ ਯਾਤਰਾ ਹੈ, ਸਚਖੰਡਿ ਪ੍ਰਮਾਤਮਾ ਰਸਤੇ ਦੀਆਂ ਰੋਕਾਂ ਤੋਂ ਜਾਣਕਾਰੀ ਕਰਾਈਏ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੜਾਵਾਂ ਦਾ ਵੀ ਜ਼ਿਕਰ ਕੀਤਾ। ਸਤਿਗੁਰੂ ਦੇਵ ਜੀ ਐਸੀ ਸਮਰੱਥਾ ਦੇਣ ਕਿ ਇਹਨਾਂ ਪੜਾਵਾਂ ਤੋਂ ਲੰਘਦਿਆਂ ਹੋਇਆਂ ਅਤੇ ਰੋਗਾਂ ਨੂੰ ਕੱਟਦਿਆਂ ਹੋਇਆਂ ਅਸੀਂ ਸੱਚਖੰਡਿ ਤੱਕ ਪਹੁੰਚ ਸਕੀਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

***

ਮੁਕਾਮੁ ਓਹੀ ਏਕੁ ਹੈ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥
ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ॥
ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥
ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥

(ਪੰਨਾ ੧੩੫੮)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਾਰਾ ਬ੍ਰਹਿਮੰਡ ਯਾਤਰਾ ਵਿਚ ਹੈ, ਜਿਤਨਾ ਅਕਾਰ ਹੈ ਨਿਰੰਕਾਰ ਹੈ ਸਭ ਯਾਤਰਾ ਵਿਚ ਹੈ, ਮਹਾਰਾਜ ਐਸਾ ਕਹਿੰਦੇ ਨੇ-

'ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥'

(ਪੰਨਾ ੬੪)

ਜ਼ਮੀਨ ਅਸਮਾਨ, ਸੂਰਜ ਚੰਦ ਤਾਰੇ, ਜੀਵ ਜੰਤੂ ਸਭ ਯਾਤਰਾ ਵਿਚ ਹੈ। ਯਾਤਰਾ ਕਿਸੇ ਥਾਂ ਆਰੰਭ ਹੁੰਦੀ ਹੈ, ਕਿਸੇ ਥਾਂ ਸਮਾਪਤ ਹੁੰਦੀ ਹੈ, ਪ੍ਰਥਮ ਸਮਾਪਤ ਕਿਥੇ ਹੋਵੇਗੀ? *'ਮੁਕਾਮੁ ਓਹੀ ਏਕੁ ਹੈ'* ਸਾਰਿਆਂ ਦਾ ਟਿਕਾਣਾ ਇਕ ਹੈ, ਸਾਰਿਆਂ ਦਾ ਮੁਕਾਮੁ ਇਕੋ ਹੀ ਹੈ, ਸਾਰਿਆਂ ਨੇ ਉਥੇ ਹੀ ਪਹੁੰਚਣਾ ਹੈ। ਜਿਤਨੇ ਚਿਰ ਤੱਕ ਕੋਈ ਉਸ ਮੁਕਾਮੁ ਤੱਕ ਨਹੀਂ ਪਹੁੰਚਦਾ ਉਹ ਯਾਤਰਾ ਵਿਚ ਹੈ, ਜੰਮਦਾ ਹੈ ਮਰਦਾ ਰਹੇਗਾ, ਬਣਦਾ ਤੇ ਮਿਟਦਾ ਰਹੇਗਾ, *'ਮੁਕਾਮੁ ਓਹੀ ਏਕੁ ਹੈ'*। ਸ੍ਰੀ ਰਾਗ ਮਹਲਾ ੧ ਗੁਰੂ ਨਾਨਕ ਦੇਵ ਜੀ ਦੇ ਬੋਲ-ਮੁਕਾਮੁ ਕਹਿੰਦੇ ਨੇ ਟਿਕਾਣੇ ਨੂੰ, *'ਮੁਕਾਮੁ ਓਹੀ ਏਕੁ ਹੈ'*, ਮੁਕਾਮੁ ਸਾਰਿਆਂ ਦਾ ਇਕ ਹੀ ਹੈ,

'ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥

ਮੈਂ ਸੱਚ ਕਹਿ ਰਿਹਾ ਹਾਂ। ਮਹਾਰਾਜ ਕਹਿੰਦੇ ਨੇ ਮੈਂ ਹਕੀਕਤ ਬਿਆਨ ਕਰ ਰਿਹਾ ਹਾਂ, ਸਾਰਿਆਂ ਦਾ ਟਿਕਾਣਾ ਇਕ ਹੈ। ਹਾਈਵੇ ਦੇ ਉਤੇ ਜਰਨੈਲੀ ਸੜਕ ਦੇ ਰਾਜਪਥ ਉਤੇ

ਟ੍ਰੈਫਿਕ ਚਲ ਰਿਹਾ ਹੁੰਦਾ, ਕੋਈ ਅੱਗੇ ਕੋਈ ਪਿੱਛੇ, ਕੋਈ ਬਹੁਤ ਪਿੱਛੇ, ਕੋਈ ਬਹੁਤ ਪਿੱਛੇ। ਇਸ ਤਰ੍ਹਾਂ ਜੀਵਨ ਦੇ ਵਿਚ ਕੋਈ ਅੱਗੇ ਕੋਈ ਪਿੱਛੇ, ਕੋਈ ਬਹੁਤ ਪਿੱਛੇ, ਕੋਈ ਬਹੁਤ ਪਿੱਛੇ, ਯਾਤਰਾ ਆਰੰਭ ਹੋਈ ਸ਼ਬਦ ਤੋਂ :

'ਕੀਤਾ ਪਸਾਉ ਏਕੋ ਕਵਾਉ॥'

(ਜਪੁਜੀ ਸਾਹਿਬ)

ਇਕ ਕਵਾਉ ਤੇ ਇਕ ਸ਼ਬਦ ਤੋਂ ਇਹ ਯਾਤਰਾ ਆਰੰਭ ਹੋਈ, ਇਕ ਸ਼ਬਦ ਹੋਇਆ। ਪ੍ਰਮਾਤਮਾ ਤੋਂ ਅਰਬਾਂ-ਖਰਬਾਂ ਸੂਰਜ ਬਣ ਗਏ, ਇਕ-ਇਕ ਸੂਰਜ ਦੇ ਕਈ-ਕਈ ਟੁਕੜੇ ਹੋ ਗਏ। ਜੈਸੇ ਜ਼ਮੀਨ ਸੂਰਜ ਦਾ ਟੁਕੜਾ ਹੀ ਹੈ, ਹਜ਼ਾਰਾਂ ਲੱਖਾਂ ਸਾਲ ਦੀ ਲੰਬੀ ਯਾਤਰਾ ਤੋਂ ਬਾਅਦ ਹੀ ਹੈ, ਹਜ਼ਾਰਾਂ ਲੱਖਾਂ ਸਾਲ ਦੀ ਲੰਬੀ ਯਾਤਰਾ ਤੋਂ ਬਾਅਦ ਇਹਨਾਂ ਜਿਹੜਾ-ਜਿਹੜਾ ਭਾਗ ਠੰਢਾ ਹੋਇਆ ਉਹ ਪੱਥਰ ਦੇ ਰੂਪ ਵਿਚ ਪ੍ਰਗਟ ਹੋਇਆ, ਧੁੰਧ ਪਾਣੀ ਬਣ ਗਈ, ਮਹਾਰਾਜ ਐਸਾ ਕਹਿੰਦੇ ਨੇ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥

(ਪੰਨਾ ੧੯)

ਉਸ ਅੱਗ ਦੇ ਗੋਲੇ ਦਾ ਜਿਹੜਾ ਭਾਗ ਠੰਢਾ ਹੋਇਆ ਉਹ ਪੱਥਰ ਦੇ ਰੂਪ ਵਿਚ ਪ੍ਰਗਟ ਹੋਇਆ। ਜੀਵਨ ਦੀ ਯਾਤਰਾ ਸ਼ਬਦ ਤੋਂ ਆਰੰਭ ਹੋਈ। ਸ਼ਬਦ ਦੇ ਅਨੰਤ ਸੂਰਜ ਔਰ ਇਕ ਇਕ ਸੂਰਜ ਦੇ ਕਈ ਟੁਕੜੇ ਉਸ ਟੁਕੜੇ ਦਾ ਜਿਹੜਾ ਪਹਿਲਾ ਰੂਪ ਪ੍ਰਗਟ ਹੋਇਆ ਪੱਥਰ ਜਾਂ ਇੰਝ ਕਹਿ ਲਉ ਯਾਤਰਾ ਪੱਥਰਾਂ ਤੋਂ ਆਰੰਭ ਹੋਈ। ਪੱਥਰ ਟੋਟਲੀ ਸੁੱਤਾ ਹੋਇਆ ਹੈ, ਪ੍ਰਮਾਤਮਾ ਪੂਰਾ ਜਾਗਿਆ ਹੋਇਆ ਹੈ। ਸੁੱਤੇ ਹੋਏ ਦੀ ਯਾਤਰਾ ਜਾਗੇ ਹੋਏ ਦੀ ਤਰਫ ਹੈ, ਸੁਭਾਉ ਕਰਕੇ ਪੱਥਰ ਤੇ ਪ੍ਰਮਾਤਮਾ ਇਕ ਹੀ ਹੈ; ਗੁਸਤਾਖੀ ਮਾਫ ਕਰਨਾ ਬੜੇ ਧਿਆਨ ਨਾਲ ਸੁਣਨਾ, ਪ੍ਰਮਾਤਮਾ ਨੂੰ ਭੁੱਖ ਪਿਆਸ ਨਹੀਂ ਲਗਦੀ, ਪੱਥਰ ਨੂੰ ਵੀ ਨਹੀਂ ਲਗਦੀ, ਪ੍ਰਮਾਤਮਾ ਨੂੰ ਦੁੱਖ ਸੁੱਖ ਨਹੀਂ ਵਿਆਪਦਾ, ਪੱਥਰ ਨੂੰ ਵੀ ਨਹੀਂ ਵਿਆਪਦਾ। ਸਾਰੇ ਮਿਲਕੇ ਪ੍ਰਮਾਤਮਾ ਦੀ ਉਪਮਾ ਕਰ ਲਉ ਕੋਈ ਫੁੱਲ ਨਹੀਂ ਜਾਂਦਾ ਤੇ ਸਾਰੇ ਮਿਲ ਕੇ ਨਿੰਦਾ ਕਰ ਲੈਣ ਕੋਈ ਦੁੱਖੀ ਨਹੀਂ ਹੁੰਦਾ।

ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥ (ਪੰਨਾ ੩੪੯)

ਸਾਰਾ ਪੱਥਰ ਦੇ ਉਤੇ ਫੁੱਲ ਚੜ੍ਹਾਉ ਉਹ ਕੋਈ ਫੁਲ ਨਹੀਂ ਜਾਂਦਾ ਤੇ ਸਾਰਾ ਦਿਨ ਉਹਨੂੰ ਗਾਲੀਆਂ ਕੱਢੋ ਉਹ ਡੇਰੀ ਨਹੀਂ ਲਾਉਂਦਾ, ਸੁਭਾਉ ਪ੍ਰਮਾਤਮਾ ਤੇ ਪੱਥਰ ਦਾ ਇਕੋ ਹੀ ਹੈ। ਇਕ ਫਰਕ ਹੈ ਪ੍ਰਮਾਤਮਾ ਪੂਰਾ ਚੇਤੰਨ ਹੈ, ਪੱਥਰ ਪੂਰਾ ਅਚੇਤ ਹੈ, ਪੱਥਰ ਦੀ ਯਾਤਰਾ

ਹੀ ਪ੍ਰਮਾਤਮਾ ਦੀ ਤਰਫ ਹੈ। ਅਗਰ ਸਾਰੀ ਦੁਨੀਆਂ ਦੇ ਵਿਚ ਵਿਆਪਕ ਰੂਪ ਦੇ ਵਿਚ ਪੱਥਰ ਪੂਜਿਆ ਗਿਆ, ਪਹਿਲੇ-ਪਹਿਲੇ ਸੁਭਾਉ ਕਰਕੇ ਪੂਜਿਆ ਗਿਆ, ਹੁਣ ਤੇ ਆਗਿਆ ਕਰਕੇ ਅਗਰ ਪਹਿਲੇ ਪੱਥਰ ਨੂੰ ਪੂਜਿਆ ਹੈ ਸਨਾਤਨ ਮੱਤ ਨੇ, ਜੈਨ ਮੱਤ ਨੇ, ਬੋਧ ਮੱਤ ਨੇ, ਦੂਰ ਕਿਉਂ ਜਾਉ ਇਹ ਇਸਲਾਮ ਨੇ। ਤੁਸੀਂ ਆਖੋ ਇਸਲਾਮ ਨੇ, ਹਾਂ ਕੋਈ ਪੱਚੀ ਤੀਹ ਲੱਖ ਹਾਜੀ ਹਰ ਸਾਲ ਸਊਦੀ ਅਰਬ ਪਹੁੰਚਦੇ ਨੇ, ਜੱਦਾ ਦੇ ਵਿਚ ਤੇ ਜੱਦਾ ਦੇ ਵਿਚ ਬਹੁਤ ਵੱਡਾ ਖਾਨੇ ਖੁਦਾ ਹੈ, ਉਹਦੇ ਵਿਚ ਪਿਆ ਸੰਗੇ ਅਸਵਰ, ਸੰਗ ਕਹਿੰਦੇ ਨੇ ਪੱਥਰ ਨੂੰ, ਪਈ ਇਹ ਪੱਥਰ ਹਜਰਾ ਈ ਇਬਸਹਿਮ ਨੂੰ ਜੰਨਤ ਤੋਂ ਪ੍ਰਾਪਤ ਹੋਇਆ ਸੀ। ਉਹ ਪਿਆ ਉਥੇ ਗੁੰਬਦ-ਨੁਮਾ ਕਮਰੇ ਦੇ ਵਿਚ, ਜੱਦਾ ਦੇ ਅੰਦਰ ਸ਼ਹਿਰ ਦਾ ਨਾਂ ਜੱਦਾ ਅਤੇ ਉਥੇ ਜੋ ਦਰਗਾਹ ਹੈ ਉਹਨੂੰ ਖਾਨੇ ਖੁਦਾ ਕਰਕੇ ਕਹਿੰਦੇ ਨੇ। ਮੁਹੰਮਦ ਸਾਹਿਬ ਦੀ ਕਬਰ ਹੈ ਉਹ ਮੁਦੀਨ ਦੇ ਵਿਚ ਹੈ, ਉਹ ਮੱਕਾ ਜਿਸਨੂੰ ਮੁਦਾਨਾ ਕਹਿੰਦੇ ਨੇ, ਇਹਨੂੰ ਮੱਕਾ ਜੱਦਾ ਕਹਿੰਦੇ ਨੇ, ਮੱਕੇ ਤੋਂ ਮੁਰਾਦ ਸਿਟੀ, ਸ਼ਹਿਰ ਉਹ ਹਰ ਸ਼ਹਿਰ ਨੂੰ ਮੱਕਾ ਕਹਿੰਦੇ ਨੇ, ਮੱਕਾ ਜੱਦਾ, ਮੱਕਾ ਮੁਦੀਨਾ, ਮੱਕਾ ਮੁਆਜਮਾ ਸ਼ਬਦ ਨਾਲ ਜੋੜਦੇ ਨੇ। ਮੱਕੇ ਤੋਂ ਮੁਰਾਦ ਸ਼ਹਿਰ ਸਿਟੀ, ਜੱਦਾ ਦੇ ਅੰਦਰ ਜੋ ਖਾਨਾ ਖੁਦਾ ਹੈ ਜਿਸਦਾ ਅਹਿਲੇ ਇਸਲਾਮ ਸਾਰੀ ਦੁਨੀਆਂ ਤੋਂ ਜਾਰਿਦ ਕਰਨ ਵਾਸਤੇ ਉਥੇ ਸੰਗੇ ਸਵਦ ਪਿਆ ਹੈ ਪੱਥਰ ਉਹਦੇ ਦੀਦਾਰ ਕਰਦੇ ਨੇ, ਉਹਨੂੰ ਵੀ ਬੋਸਾ ਦੇ ਕੇ ਸਾਰੇ ਆਉਂਦੇ ਨੇ, ਉਹਦੀ ਪ੍ਰਕਰਮਾ ਕਰਦੇ ਨੇ, ਪੱਥਰ ਤੇ ਕਹਿੰਦੇ ਨੇ ਜੰਨਤ ਤੋਂ ਆਇਆ ਹੈ, ਖੁਦਾ ਤੋਂ ਆਇਆ ਹੈ, ਪਰ ਇਕ ਪ੍ਰਸ਼ਨ ਪੈਦਾ ਹੁੰਦਾ ਹੈ ਐਸੀ ਕਿਹੜੀ ਚੀਜ਼ ਹੈ ਖੁਦਾ ਤੋਂ ਨਹੀਂ ਆਈ, ਸਭ ਕੁਝ ਖੁਦਾ ਤੋਂ ਆਇਆ ਹੈ। ਪਰ ਹਜ਼ਰਤ ਈਸਾ ਖੁਦਾ ਦਾ ਨੇਕ ਬੇਟਾ ਹੈ, ਇਹ ਤੇ ਗੱਲ ਕਾਬਲੇ ਕਬੂਲ ਹੈ, ਮੰਨ ਲੈਂਦੇ ਹਾਂ, ਪਰ ਜੇ ਹਜ਼ਰਤ ਈਸਾ ਖੁਦਾ ਦਾ ਇਕਲੌਤਾ ਬੇਟਾ ਹੈ ਤਾਂ ਬਾਕੀ ਕਿਸ ਦੀ ਔਲਾਦ ਨੇ। ਤੇ ਮੈਂ ਅਰਜ਼ ਕਰਾਂ ਪੱਥਰ ਨੂੰ ਵਿਆਪਤ ਤੌਰ ਤੇ ਪੂਜਿਆ ਗਿਆ ਹੈ ਵਿਆਪਕ ਤੌਰ ਤੇ ਸਥਾਉ ਜਾਣ ਕੇ। ਥੋੜਾ ਹੀ ਸਮਾਂ ਤੁਹਾਡਾ ਮੈਂ ਲਵਾਂਗਾ ਜ਼ਿਆਦਾ ਨਹੀਂ। ਅੱਜ ਤੋਂ ਕੋਈ ਤੀਹ ਪੈਂਤੀ ਸਾਲ ਪਹਿਲੇ ਦਿੱਲੀ ਵਿਚ ਮੈਨੂੰ ਇਕ ਸੱਜਣ ਨੇ ਕਿਹਾ ਸਦੀਆਂ ਤੱਕ ਕਰੀਬਨ-ਕਰੀਬਨ ਨੱਬੇ ਕੁ ਸਦੀ ਮਨੁੱਖਤਾ ਸਾਰੀ ਦੁਨੀਆਂ ਹੀ ਪੱਥਰ ਨੂੰ ਪੂਜਦੀ ਰਹੀ ਹੈ, ਹਜ਼ਰਤ ਈਸਾ ਦੀਆਂ ਮੂਰਤੀਆਂ ਨੇ, ਚਰਚ ਦੇ ਵਿਚ ਮੋਮਬੱਤੀਆਂ ਜਗਾਈ ਜਾਂਦੇ ਨੇ, ਜੈਨ ਮੱਤ, ਬੋਧ ਮੱਤ, ਸਨਾਤਨ ਮੱਤ, ਮੂਰਤੀਆਂ ਨੇ, ਪੱਥਰ ਦੀ ਪੂਜਾ ਸਾਰੀ ਦੁਨੀਆਂ ਵਿਚ। ਮੈਨੂੰ ਕਹਿਣ ਲੱਗਾ, ਪੱਥਰ ਦੀ ਪੂਜਾ ਹੈ, ਸਿੱਖਾਂ ਤੋਂ ਬੜੀ ਉਮੀਦ ਸੀ

'ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥'

(ਦਸਮ ਗ੍ਰੰਥ)

ਪਰ ਸਿੱਖ ਵੀ ਕਾਗਜ਼ ਨੂੰ ਪੂਜਣ ਲੱਗ ਪਏ ਨੇ, ਪੱਥਰ ਜੜ੍ਹ ਹੈ, ਕਾਗਜ਼ ਜੜ੍ਹ ਹੈ। ਮੈਨੂੰ

ਕਹਿਣ ਲੱਗੇ ਮਸਕੀਨ ਜੀ ਤੁਸੀਂ ਸਿੱਧ ਕਰ ਸਕਦੇ ਹੋ ਕਿ ਕਾਗਜ਼ ਜੜ੍ਹ ਨਹੀਂ ਹੈ, ਚੇਤੰਨ ਹੈ। ਮੈਂ ਕਿਹਾ ਨਹੀਂ ਕਾਗਜ਼ ਤੇ ਜੜ੍ਹ ਹੈ। ਕਹਿਣ ਲੱਗੇ ਫਿਰ ਸਾਰਾ ਅਹਿਲੇ ਸਿੱਖ ਵੀ ਜੜ੍ਹ ਦਾ ਹੀ ਪੁਜਾਰੀ ਹੈ, ਕੁਝ ਵੀ ਨਹੀਂ ਕੁਝ ਵੀ, ਇਹ ਵੀ ਜੜ੍ਹ ਦੇ ਪੁਜਾਰੀ ਨੇ, ਪੱਥਰ ਜੜ੍ਹ ਹੈ, ਕਾਗਜ਼ ਜੜ੍ਹ ਹੈ-

'ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥''

ਉਹ ਤੇ ਗੱਲ ਨਾ ਹੋਈ ਕਿਤੇ ਜੜ੍ਹ ਦੀ ਪੂਜਾ ਹੋ ਗਈ ਹੈ। ਉਸ ਦੇ ਸਾਹਮਣੇ ਦੋ ਪੰਗਤੀਆਂ ਰੱਖੀਆਂ ਸਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ, ਅੱਜ ਤੁਹਾਡੇ ਸਾਹਮਣੇ ਰੱਖਾਂ :

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥

(ਪੰਨਾ ੧੨੯੩)

ਕਾਗਜ਼ ਦਾ ਵਿਚਾਰ ਕਰੀਏ ਤੇ ਕਾਗਜ਼ ਕੋਈ ਪਵਿੱਤਰ ਚੀਜ਼ ਨਹੀਂ ਹੈ, ਪੁਰਾਣੇ ਜ਼ਮਾਨੇ ਵਿਚ ਬਣਦਾ ਸੀ ਤਾੜੀ ਦੇ ਬੁਗਦੇ ਤੋਂ ਤਾੜੀ ਦੇ ਦਰੱਖਤ ਤੋਂ, ਤਾੜੀ ਦੇ ਦਰੱਖਤ ਨੂੰ ਤਾੜੀ ਦੇ ਸ਼ਾਸਤਰ ਦੇ ਅਪਵਿੱਤਰ ਕਰਕੇ ਮੰਨਿਆ। ਯੂ.ਪੀ., ਬਿਹਾਰ, ਬੰਗਾਲ ਦੇ ਵਿਚ ਇਹ ਤਾੜੀ ਦੇ ਦਰੱਖਤ ਬਹੁਤ ਜ਼ਿਆਦਾ ਨੇ। ਤਾੜੀ ਨੂੰ ਪੱਛ ਲਾ ਕੇ ਉਸ ਦਰੱਖਤ ਨੂੰ ਉਹਦੇ ਵਿਚੋਂ ਇਕ ਰਸ ਕੱਢ ਦੇਣਾ, ਜਿਵੇਂ ਰੱਬੜ ਦੇ ਦਰੱਖਤ ਉਹਦੇ ਤੋਂ ਰੱਬੜ ਕੱਢਦੇ ਨੇ। ਤਾੜੀ ਦੇ ਦਰੱਖਤ ਦੇ ਵਿਚੋਂ ਤਾੜੀ ਕੱਢਦੇ ਨੇ ਤੇ ਤਾੜੀ ਦੇ ਵਿਚ ਨਸ਼ਾ ਸ਼ਰਾਬ ਵਰਗਾ ਹੁੰਦਾ ਹੈ। ਯੂ.ਪੀ. ਦੇ ਵਿਚ ਬਿਹਾਰ, ਬੰਗਾਲ ਤੇ ਉੜੀਸਾ ਵਿਚ ਤਾੜੀ ਠੇਕਿਆਂ ਤੇ ਵਿਕਦੀ ਹੈ। ਜਿਵੇਂ ਸ਼ਰਾਬ ਠੇਕਿਆਂ ਤੇ ਵਿਕਦੀ ਹੈ, ਇਵੇਂ ਤਾੜੀ ਵਿਕਦੀ ਹੈ। ਤਾੜੀ ਦੇ ਵਿਚ ਨਸ਼ਾ ਹੁੰਦਾ ਹੈ, ਇਸ ਵਾਸਤੇ ਸ਼ਾਸਤਰਕਾਰਾਂ ਨੇ ਤਾੜੀ ਦੇ ਦਰੱਖਤ ਨੂੰ ਅਪਵਿੱਤਰ ਕਰਕੇ ਮੰਨਿਆ ਹੈ। ਜਦੋਂ ਨਾਲ ਕਾਗਜ਼ ਬਣਾਇਆ ਜਾਂਦਾ ਸੀ ਉਦੋਂ ਤਾੜੀ ਦੇ ਦਰੱਖਤ ਤੋਂ ਬਣਾਏ ਸੀ ਪਹਿਲੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੀੜ ਜੋ ਰਾਮਸਰ ਦੇ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਤਿਆਰ ਕਰਵਾਈ, ਭਾਈ ਗੁਰਦਾਸ ਨੇ ਲਿਖੀ, ਜੋ ਅੱਜ ਕਲ੍ਹ ਧੀਰਮੱਲੀਆਂ ਦੇ ਕੋਲ ਹੈ ਕਰਤਾਰਪੁਰ ਕੋਲ। ਉਥੇ ਉਹਦਾ ਵਜ਼ਨ ਇੰਨਾ ਹੈ ਇਕੱਲਾ ਬੰਦਾ ਪ੍ਰਕਾਸ਼ ਨਹੀਂ ਕਰ ਸਕਦਾ, ਇਕ ਅੰਦਾਜ਼ੇ ਦੇ ਮੁਤਾਬਿਕ ਘੱਟ ਤੋਂ ਘੱਟ ਸੌ ਕਿਲੋ ਉਸ ਦਾ ਵਜ਼ਨ ਹੋਣਾ ਚਾਹੀਦਾ ਹੈ। ਪੁਰਾਣਾ ਜੋ ਉਥੇ ਹੈ ਨਾਮ ਤੋਂ ਲਿਖਿਆ ਹੈ, ਢਾਈ ਮਣ ਦਾ ਵਜ਼ਨ ਹੈ ਉਸ ਬੀੜ ਦਾ, ਇਕੱਲਾ ਬੰਦਾ ਪ੍ਰਕਾਸ਼ ਨਹੀਂ ਕਰ ਸਕਦਾ। ਬੜੇ ਵੱਡੇ-ਵੱਡੇ ਪੱਤਰੇ ਨੇ, ਹੱਥ ਨਾਲ ਬਣਾਇਆ ਗਿਆ ਕਾਗਜ਼ ਹੈ ਬੜਾ ਮੋਟਾ। ਉਨ੍ਹਾਂ ਦਿਨਾਂ ਵਿਚ ਹੱਥਾਂ ਨਾਲ ਕਾਗਜ਼ ਬਣਾਇਆ ਜਾਂਦਾ ਸੀ। ਉਸ ਤੋਂ ਪਹਿਲੇ ਵੇਦ ਲਿਖੇ ਗਏ ਸਨ ਭੋਜ ਪੱਤਰਾਂ ਤੇ, ਇੱਧਰ ਉਤਰਾਂਚਲ ਦੇ ਵਿਚ ਉਚਾਈਆਂ ਪਹਾੜੀਆਂ ਦੇ ਉਪਰ ਇਕ ਛੋਟਾ ਜਿਹਾ ਦਰੱਖਤ ਹੁੰਦਾ ਹੈ ਉਹਨੂੰ ਵੱਡੇ-ਵੱਡੇ ਪੱਤੇ ਲਗਦੇ ਨੇ ਉਹਨੂੰ ਪੱਤਰ ਕਹਿੰਦੇ ਨੇ। ਕਾਗਜ਼ ਨਾਲੋਂ ਉਸ ਦੀ ਉਮਰ ਬਹੁਤ ਵੱਡੀ ਹੈ, ਢਾਈ

ਤਿੰਨ ਹਜ਼ਾਰ ਸਾਲ ਤੱਕ ਭੋਜ ਪੱਤਰ ਖਰਾਬ ਨਹੀਂ ਹੁੰਦੇ ਸੀ। ਭੋਜ ਪੱਤਰਾਂ ਦੇ ਉਤੇ ਲਿਖੀਆਂ ਹੋਈਆਂ ਲਿਖਤਾਂ ਅੱਜ ਵੀ ਲਖਨਊ, ਦਿੱਲੀ ਦੇ ਮਿਊਜ਼ਮ ਦੇ ਵਿਚ ਮੌਜੂਦ ਸਨ, ਅੱਜ ਵੀ ਮੌਜੂਦ, ਪੁਰਾਣੇ ਗ੍ਰੰਥ ਅੱਜ ਵੀ ਭੋਜ ਪੱਤਰਾਂ ਦੇ ਉਤੇ ਲਿਖੇ ਹੋਏ ਮੌਜੂਦ ਨੇ। ਉਪਰ ਪਹਾੜਾਂ ਵਿਚ ਰਹਿਣ ਵਾਲੇ ਸਾਧੂਆਂ ਨੇ ਜਦੋਂ ਸਰਦੀਆਂ ਬਹੁਤ ਪੈਂਦੀਆਂ ਨੇ ਤੇ ਪੱਤੇ ਸੁੱਕ ਜਾਂਦੇ ਸਨ ਇਨ੍ਹਾਂ ਨੂੰ ਕੱਟ ਕੱਟ ਉਹ ਅੱਗ ਬਾਲਦੇ ਹੁੰਦੇ ਸਨ, ਹੁਣ ਤਾਂ ਕਾਨੂੰਨ ਬਣ ਗਿਆ ਜੋ ਭੋਜ ਪੱਤਰਾਂ ਨੂੰ ਕੱਟੇਗਾ ਜਲਾਏਗਾ ਬਹੁਤ ਬੜਾ ਜੁਰਮਾਨਾ ਹੈ। ਕਿਉਂਕਿ ਉਹਨਾਂ ਦੀ ਨਸਲ ਖਤਮ ਹੋਣ ਲੱਗੀ ਸੀ, ਉਹਨੂੰ ਬਚਾ ਰਹੇ ਨੇ, ਸਹਿਜੇ-ਸਹਿਜੇ ਕਿਉਂਕਿ ਭੋਜ ਪੱਤਰ ਨੂੰ ਪ੍ਰਾਪਤ ਕਰਨ ਲਈ ਕਮ-ਸੇ-ਕਮ ਸੋਲ੍ਹਾਂ ਸਤਾਰਾਂ ਵੀਹ ਹਜ਼ਾਰ ਫੁੱਟ ਦੀ ਬੁਲੰਦੀ ਤੇ ਜਾਣਾ ਪੈਂਦਾ ਸੀ। ਕਾਗਜ਼ ਬਣਾਉਣ ਦੀ ਪ੍ਰਥਾ ਆਰੰਭ ਹੋਈ, ਤਾੜੀ ਦਾ ਬੁਰਾਦਾ ਇਹਦੇ ਨਾਲ ਇਹ ਕਾਗਜ਼ ਬਣਾਇਆ ਜਾਂਦਾ ਸੀ ਕਰਤਾਰਪੁਰ ਸਾਹਿਬ ਦੀ ਬੀੜ ਤਾੜੀ ਦੇ ਬੁਰਾਦੇ ਦੀ ਬਣੀ ਹੋਈ ਹੈ, ਬੜੀ ਭਾਰੀ ਹੈ, ਵਜ਼ਨੀ ਹੈ, ਹੱਥ ਨਾਲ ਬਣਿਆ ਹੋਇਆ ਕਾਗਜ਼ ਹੈ, ਕਾਗਜ਼ ਬਣਦਾ ਸੀ ਤਾੜੀ ਦੇ ਬੁਰਾਦੇ ਤੋਂ-

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥

ਕਾਗਜ਼ ਤੇ ਵਿਚਾਰ ਕਰੀਏ ਕਾਗਜ਼ ਕੋਈ ਪਵਿੱਤਰ ਚੀਜ਼ ਨਹੀਂ ਹੈ, ਕਿਉਂਕਿ ਤਾੜੀ ਦੇ ਦਰੱਖਤ ਤੋਂ ਬਣਦਾ ਸੀ। ਅੱਜ-ਕੱਲ੍ਹ ਬਣਦਾ ਹੈ ਬਾਂਸ ਤੋਂ, ਘਾਸ ਤੋਂ, ਲੱਕੜ ਤੋਂ। ਕੋਈ ਬਾਂਸ ਵੀ ਪੂਜਨੀਕ ਨਹੀਂ ਹੈ, ਲੱਕੜ ਵੀ ਪੂਜਨੀਕ ਨਹੀਂ ਹੈ, ਇਸ ਤੋਂ ਕਾਗਜ਼ ਬਣਦਾ ਏ। ਰਵੀਦਾਸ ਕਹਿੰਦੇ ਨੇ, 'ਜੈਸੇ ਕਾਗਰਾ ਕਰਤ ਬੀਚਾਰੰ॥'

ਕਾਗਜ਼ ਤੇ ਵਿਚਾਰ ਕਰੀਏ ਕੋਈ ਪਵਿੱਤਰ ਚੀਜ਼ ਤੇ ਹੈ ਨਹੀਂ, ਪਰ-

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥ ੨ ॥

(ਪੰਨਾ ੧੨੯੩)

ਜਦ ਭਾਗਵਤ ਦਾ ਨਾਮ ਪ੍ਰਭੂ ਦਾ ਨਾਮ ਉਸ ਕਾਗਜ਼ ਤੇ ਲਿਖ ਦਿੱਤਾ ਜਾਂਦਾ ਹੈ ਉਹ ਕਾਗਜ਼ ਪੂਜਨੀਕ ਹੋ ਜਾਂਦਾ ਹੈ। ਪ੍ਰਭੂ ਦੇ ਨਾਮ ਨੂੰ ਮੱਥਾ ਟੇਕਿਆ ਜਾਂਦਾ ਹੈ, ਪ੍ਰਭੂ ਦੇ ਗਿਆਨ ਨੂੰ ਮੱਥਾ ਟੇਕਿਆ ਜਾਂਦਾ ਹੈ, ਕਾਗਜ਼ ਨੂੰ ਨਹੀਂ, ਕਾਗਜ਼ ਤੇ ਗੁਰੂ ਦਾ ਚੋਲਾ ਹੈ, ਸ਼ਬਦ ਦਾ ਚੋਲਾ ਹੈ, ਜਦ ਕਿਸੇ ਨੂੰ ਪੂਜਾਂਗੇ, ਕਿਸੇ ਨੂੰ ਮੱਥਾ ਟੇਕਾਂਗੇ, ਉਹਦੇ ਕੱਪੜਿਆਂ ਨੂੰ ਆਪੇ ਮੱਥਾ ਟੇਕਿਆ ਜਾਂਦਾ। ਜੇ ਕਿਸੇ ਦੇ ਪੈਰੀਂ ਪਵਾਂਗੇ, ਜੇ ਕਿਸੇ ਨੂੰ ਸੱਜਦਾ ਕਰਾਂਗੇ ਤੇ ਉਹਨੇ ਜਿਹੜੇ ਕਪੜੇ ਪਾਏ ਨੇ ਕਪੜਿਆਂ ਨੂੰ ਵੀ ਤੇ ਸੱਜਦਾ ਹੋ ਗਿਆ ਤੇ ਸ਼ਬਦ ਨੂੰ ਮੱਥਾ ਟੇਕਾਂਗੇ, ਪ੍ਰਮਾਤਮਾ ਦੇ ਨਾਮ ਨੂੰ ਮੱਥਾ ਟੇਕਾਂਗੇ, ਉਹ ਕਾਗਜ਼ ਦੇ ਅੱਗੇ ਵੀ ਸਿਰ ਝੁਕ ਗਿਆ। ਕਾਗਜ਼ ਦੇ ਉੱਪਰ ਪ੍ਰਭੂ ਦਾ ਨਾਮ ਨਾ ਲਿਖਿਆ ਹੋਵੇ ਕੌਣ ਮੱਥਾ ਟੇਕਦਾ ਹੈ ? ਅਖਬਾਰ ਪੜ੍ਹਦੇ ਹਾਂ ਚੁੱਕ ਕੇ ਪਰ੍ਹੇ ਸੁੱਟ ਦਿੰਦੇ ਹਾਂ, ਕਾਗਜ਼ ਪੈਰਾਂ ਥੱਲੇ ਰੁਲਦਾ ਪਿਆ। ਮੈਂ ਉਸ ਮਿੱਤਰ ਨੂੰ ਆਖਿਆ ਤੈਨੂੰ

ਭੁਲੇਖਾ ਹੈ, ਅਸੀਂ ਕਾਗਜ਼ ਦੇ ਪੁਜਾਰੀ ਨਹੀਂ ਭਾਗਵਤ ਦੇ ਨਾਮ ਦੇ ਪੁਜਾਰੀ ਹਾਂ, ਪ੍ਰਮਾਤਮਾ ਦੇ ਗਿਆਨ ਦੇ ਪੁਜਾਰੀ ਹਾਂ। 1430 ਪੰਨੇ ਦੀ ਬੀੜ ਹੋਵੇ, ਪੰਨੇ ਸਾਰੇ ਹੀ ਖਾਲੀ ਹੋਣ ਤੇ ਸੋਨੇ ਦੀ ਪਾਲਕੀ ਦੇ ਵਿਚ ਪ੍ਰਕਾਸ਼ ਹੋਵੇ ਮੈਂ ਕਿਹਾ ਮੈਂ ਮੱਥਾ ਨਹੀਂ ਟੇਕਾਂਗਾ। ਅਸੀਂ ਕੋਈ ਕਾਗਜ਼ ਦੇ ਪੁਜਾਰੀ ਹਾਂ ? ਅਸੀਂ ਕੋਈ ਪਾਲਕੀ ਦੇ ਪੁਜਾਰੀ ਹਾਂ ? ਅਸੀਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਜਾਰੀ ਹਾਂ, ਅਸੀਂ ਸ਼ਬਦ ਦੇ ਪੁਜਾਰੀ ਹਾਂ। ਸ਼ਬਦ ਕਾਗਜ਼ ਤੇ ਲਿਖਿਆ ਗਿਆ ਪਾਲਕੀ ਦੇ ਵਿਚ ਪ੍ਰਕਾਸ਼ਮਾਨ ਹੈ ਤੇ ਕਪੜੇ ਪੂਜਨੀਕ ਹੋ ਜਾਂਦੇ ਨੇ, ਕਪੜੇ ਮੈਲੇ ਵੀ ਹੋ ਜਾਂਦੇ ਨੇ, ਸ਼ਬਦ ਗਿਆਨ ਪ੍ਰਭੂ ਦਾ ਨਾਮ ਨਾ ਪੁਰਾਣਾ ਹੁੰਦਾ ਨਾ ਫੱਟਦਾ ਹੈ। ਕਾਗਜ਼ ਪੁਰਾਣੇ ਹੋ ਸਕਦੇ ਨੇ, ਕਾਗਜ਼ ਮੈਲੇ ਹੋ ਸਕਦੇ ਨੇ, ਕਾਗਜ਼ ਫੱਟ ਸਕਦੇ ਨੇ। 30-35 ਸਾਲ ਪਹਿਲੇ ਮੈਂ ਉਹਦੇ ਸਾਹਮਣੇ ਵਿਚਾਰ ਰੱਖੀ ਸੀ ਉਹਨੇ ਕਬੂਲ ਕਰ ਲਈ। ਕਹਿੰਦੇ ਠੀਕ ਹੈਂ, ਅਸੀਂ ਨਾਮ ਦੇ ਪੁਜਾਰੀ ਹਾਂ, ਸ਼ਬਦ ਦੇ ਪੁਜਾਰੀ ਹਾਂ, ਗਿਆਨ ਦੇ ਪੁਜਾਰੀ ਹਾਂ। ਅਸੀਂ ਕਾਗਜ਼ ਦੇ ਪੁਜਾਰੀ ਨਹੀਂ।

'ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥''

(ਦਸਮ ਗ੍ਰੰਥ)

ਸ਼ਬਦ ਤੋਂ ਸਾਰਾ ਸੰਸਾਰ ਆਇਆ ਹੈ, ਮੁਕਸਰੀ ਮੈਂ ਅਰਜ਼ ਕਰ ਦਿਆਂ, ਕਿਉਂਕਿ ਲੰਬੀ ਕੀਤੀ ਗੱਲ ਬਹੁਤ ਲੰਬੀ ਹੋ ਜਾਂਦੀ ਹੈ, ਵਾਪਸੀ ਵੀ ਸ਼ਬਦ ਦੇ ਰਾਹੀਂ ਹੋਵੇਗੀ।

'ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥'

(ਪੰਨਾ ੧੧੭)

ਸ਼ਬਦ ਤੇ ਅਰਬਾਂ ਖਰਬਾਂ ਸੂਰਜ ਬਣ ਗਏ, ਧੁੰਧ ਸੀ ਪਾਣੀ ਬਣ ਗਈ। ਇਕ-ਇਕ ਸੂਰਜ ਦੇ ਕਈ-ਕਈ ਟੁਕੜੇ ਹੋ ਗਏ। ਇਹ ਧਰਤੀ ਸੂਰਜ ਦਾ ਟੁਕੜਾ ਹੈ, ਇਹਦਾ ਜਿਹੜਾ ਭਾਗ ਠੰਢਾ ਹੋਇਆ ਪੱਥਰ ਬਣਿਆ, ਪੱਥਰ ਲੱਖਾਂ ਸਾਲ ਲੰਬੀ ਯਾਤਰਾ ਤੇ ਬਾਅਦ ਮਿੱਟੀ ਬਣ ਕੇ ਬਨਸਪਤੀ ਬਣਿਆ। ਲੱਖਾਂ ਸਾਲ ਦੀ ਲੰਬੀ ਯਾਤਰਾ ਤੋਂ ਬਾਅਦ ਬਨਸਪਤੀ ਪਸ਼ੂ ਪੰਛੀਆਂ ਦੀ ਸ਼ਕਲ ਦੇ ਵਿਚ ਪ੍ਰਗਟ ਹੋਈ ਤੇ ਲੱਖਾਂ ਸਾਲ ਦੀ ਲੰਬੀ ਯਾਤਰਾ ਤੋਂ ਬਾਅਦ ਪਸ਼ੂ ਪੰਛੀ ਮਨੁੱਖ ਦੀ ਸ਼ਕਲ ਦੇ ਵਿਚ ਪ੍ਰਗਟ ਹੋਏ, ਬੰਦੇ ਦੀ ਸ਼ਕਲ ਦੇ ਵਿਚ ਪ੍ਰਗਟ ਹੋਏ-

'ਕਈ ਜਨਮ ਸੈਲ ਗਿਰਿ ਕਰਿਆ॥' (ਪੰਨਾ ੧੭੬)

ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਨੇ ਐ ਬੰਦੇ ਤੈਨੂੰ ਪਤਾ ਤੂੰ ਕਿਤਨੀ ਮੁਦਤ ਤਕ ਪੱਥਰ ਹੀ ਸੀ, ਪੱਥਰ ਪੱਥਰਾਂ ਤੋਂ ਯਾਤਰਾ ਆਰੰਭ ਹੋਈ, ਬਨਸਪਤੀ ਤੋਂ ਲੰਘਿਆ ਤੇ ਜਿਥੋਂ-ਜਿਥੋਂ ਲੰਘਿਆ ਉਹਨਾਂ ਦੀ ਧੂੜ ਸਾਡੇ ਨਾਲ ਹੈ, ਜਿਸ-ਜਿਸ ਗਲੀ ਵਿਚੋਂ ਲੰਘਿਆ ਉਹਨਾਂ ਗਲੀਆਂ ਦੀ ਮੈਲ ਤੇ ਧੂੜ ਨਾਲ ਚਲੀ ਆਈ ਹੈ, ਪੱਥਰ ਦਾ ਸੁਭਾਅ, ਬਨਸਪਤੀ ਦਾ ਸੁਭਾਅ, ਪਸ਼ੂ ਪੰਛੀਆਂ ਦਾ ਸੁਭਾਅ ਨਾਲ ਲੈ ਕੇ ਆ ਗਏ, ਸਰੂਪ ਮਨੁੱਖ ਦਾ ਬਣ ਗਿਆ,

ਦਿਲ ਦਿਮਾਗ ਪੱਥਰ ਦਿਲ ਦਿਮਾਗ ਪਸ਼ੂ ਵਾਹਿਗੁਰੂ ਮੰਤਰ ਦਾ ਜਾਪ ਇਕ ਅੱਖਰ ਦਾ ਜਾਪ ਹੁੰਦਾ ਹੈ, ਬਹੁਤ ਸਾਰੇ ਅੱਖਰਾਂ ਦਾ ਕੀਰਤਨ ਹੁੰਦਾ ਹੈ, 'ਪ੍ਰਥਮ ਭਗੌਤੀ ਸਿਮਰੀਏ ਗੁਰੂ ਨਾਨਕ ਲਈਂ ਧਿਆਇ' ਇਹ ਅਰਦਾਸ ਹੈ। ਮੈਂ ਦੇਖ ਕੇ ਹੈਰਾਨ ਹਾਂ ਕਈ ਅਰਦਾਸ ਦਾ ਵੀ ਕੀਰਤਨ ਕਰਨ ਲੱਗ ਪਏ ਚੰਗੇ-ਚੰਗੇ ਸੰਤ, ਮੈਂ ਦੇਖ ਕੇ ਹੈਰਾਨ ਹਾਂ ਜੈਕਾਰਾ ਬੁਲਾਇਆ ਜਾਂਦਾ ਹੈ ਦੀਵਾਨ ਦੀ ਸਮਾਪਤੀ ਤੇ ਜੋਸ਼ੋ ਖਰੋਸ਼ ਪੈਦਾ ਕਰਨ ਵਾਸਤੇ, ਜੈਕਾਰੇ ਦਾ ਵੀ ਕੀਰਤਨ ਕਰਨ ਲੱਗ ਪਏ, ਹੈਰਾਨਗੀ ਹੈ ਇਕ ਅੱਖਰ ਦਾ ਜਾਪ ਹੁੰਦਾ, ਵਾਹਿਗੁਰੂ-ਵਾਹਿਗੁਰੂ ਜ਼ਬਾਨ ਜਪੇ, ਮਨ ਸੁਣੇ, ਇਹਦਾ ਵੀ ਕੀਰਤਨ ਹੋਣ ਲੱਗ ਪਿਆ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਇਤਨੀ ਅਥਾਹ ਬਾਣੀ ਹੈ, ਇਹ ਕੀਰਤਨ ਵਾਸਤੇ ਇਹ ਕਥਾ ਵਾਸਤੇ ਹੈ। ਕਥਾ ਵਾਸਤੇ ਇਕ ਅੱਖਰ ਜਾਪ ਵਾਸਤੇ ਹੈ, ਅਰਦਾਸ ਕੇਵਲ ਅਰਦਾਸ ਹੈ ਪ੍ਰਾਰਥਨਾ ਹੈ, ਪਰ ਜਗਤ ਦੀ ਭੇਡਾਚਾਲ ਭੇਡਾਚਾਲ ਚਲ ਪੈਂਦੀ ਹੈ, ਇਕ ਭੇਡ ਕਹਿੰਦੇ ਜਿਸ ਪਾਸੇ ਚਲੀ ਜਾਏ ਜ਼ਰਾ ਵੱਡੀ ਹੋਵੇ ਸਹੀ ਭੇਡ, ਕਹਿੰਦੇ ਨੇ ਇਕ ਭੇਡ ਦੇ ਪਿੱਛੇ ਸਾਰੀਆਂ ਭੇਡਾਂ ਜਾਂਦੀਆਂ ਨੇ, ਪਰ ਉਹ ਇਕ ਭੇਡ ਕਿਸੇ ਦੇ ਪਿੱਛੇ ਨਹੀਂ ਜਾਂਦੀ, ਉਹ ਆਪਣਾ ਰਸਤਾ ਆਪ ਚੁਣਦੀ ਹੈ। ਇਕ ਭੇਡः ਬੜੇ ਧਿਆਨ ਨਾਲ ਸੁਣਨਾ ਕਹਿੰਦੇ ਨੇ ਇਕ ਭੇਡ ਦੇ ਪਿੱਛੇ ਸਾਰੀਆਂ ਭੇਡਾਂ ਚੱਲਦੀਆਂ ਨੇ ਪਰ ਇਕ ਭੇਡ ਕਿਸੇ ਦੇ ਪਿੱਛੇ ਨਹੀਂ ਜਾਂਦੀ, ਉਹ ਆਪਣਾ ਰਸਤਾ ਆਪ ਚੁਣਦੀ ਹੈ। ਇਸ ਤਰ੍ਹਾਂ ਜਿਹੜੀ ਭੇਡ ਆਪਣਾ ਰਸਤਾ ਆਪ ਚੁਣ ਲੈਂਦੀ ਹੈ ਬਾਕੀ ਸਾਰੇ ਉਹਦੇ ਪਿੱਛੇ ਚਲ ਪੈਂਦੇ ਨੇ। ਚਲੋ ਅਰਦਾਸ ਦਾ ਵੀ ਕੀਰਤਨ ਕਰਦੇ ਹਾਂ। ਵਾਹਿਗੁਰੂ ਮੰਤਰ ਦਾ ਵੀ ਕੀਰਤਨ ਕਰਦੇ ਹਾਂ, ਜੈਕਾਰੇ ਦਾ ਵੀ ਕੀਰਤਨ ਕਰਦੇ ਹਾਂ। ਹੱਦ ਹੋ ਗਈ ਹੈ ਇਹ ਮੈਂ ਇਸ ਵਾਸਤੇ ਅਰਜ਼ ਕਰ ਰਿਹਾ ਹਾਂ ਮਨੁੱਖ ਪੂਰਾ ਸੁਚੇਤ ਨਹੀਂ ਹੈ। ਪੱਥਰਾਂ ਤੋਂ ਲੰਘਿਆ ਤੇ ਪੱਥਰ ਅੰਦਰ ਹੈ ਦਿਲ ਦਿਮਾਗ ਪੱਥਰ, ਬਨਸਪਤੀ ਤੋਂ ਲੰਘਿਆ ਅਜੇ ਬਨਸਪਤੀ ਦਾ ਸੁਭਾਅ ਵੀ ਹੈ। ਪਸ਼ੂਆਂ ਤੋਂ ਲੰਘਿਆ ਅਜੇ ਪਸ਼ੂਆਂ ਦਾ ਸੁਭਾਅ ਵੀ ਅੰਦਰ। ਵਾਹਿਗੁਰੂ ਮੰਤਰ ਦੇ ਜਪ ਨਾਲ, ਗੁਰਬਾਣੀ ਦੇ ਪਾਠ ਨਾਲ ਤੇ ਕੀਰਤਨ ਨਾਲ ਜਿਸ ਦਿਨ ਮਨੁੱਖ ਦੇ ਅੰਦਰੋਂ ਪੱਥਰ ਨਿਕਲ ਜਾਂਦਾ ਹੈ, ਬਨਸਪਤੀ ਦੇ ਸੁਭਾਅ ਨਿਕਲ ਜਾਂਦੇ ਨੇ, ਪਸ਼ੂ ਦਾ ਸੁਭਾਅ ਨਿਕਲ ਜਾਂਦਾ, ਜਦ ਨਿਰਮਲ ਤੇ ਪਵਿੱਤਰਤਾ ਮਨੁੱਖ ਵਿਚ ਪ੍ਰਗਟ ਹੁੰਦੀ ਹੈ ਉਸੇ ਵਕਤ ਮਨੁੱਖ ਪ੍ਰਮਾਤਮਾ ਦੇ ਨਿਕਟ ਹੁੰਦਾ ਹੈ, ਵਰਨਾ ਦੂਰ ਹੈ ਦੂਰ ਹੈ। ਅਗਰ ਜਾਪ ਨਾ ਕਰੇ, ਕੀਰਤਨ ਨਾ ਸੁਣੇ ਤੇ ਮੈਂ ਇਹ ਵੀ ਅਰਜ਼ ਕਰਾਂ ਜੀਵੇਗਾ ਤਾਂ ਪੱਥਰ ਦੀ ਤਰ੍ਹਾਂ, ਪਸ਼ੂਆਂ ਦੀ ਤਰ੍ਹਾਂ :

'ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥'

(ਪੰਨਾ ੨੬੭)

ਮਹਾਰਾਜ ਦੀ ਬਾਣੀ ਕਹਿੰਦੀ-

"ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥

ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥"

(ਪੰਨਾ ੨੩੯)

ਸਿਮਰਨ ਤੋਂ ਬਿਨਾਂ ਇੰਝ ਜੀਵੇਗਾ ਪ੍ਰਭੂ ਦੇ ਨਾਮ ਤੋਂ ਬਿਨਾਂ ਇੰਝ ਜੀਵੇਗਾ ਜਿਵੇਂ ਸੱਪ, ਸੱਪ ਦਾ ਕੰਮ ਕੀ ਹੈ ਖਾਂਦਾ ਪੀਂਦਾ ਸਿਰ ਵਿਚ ਜ਼ਹਿਰ ਵੱਧ ਜਾਂਦੀ ਹੈ ਤੇ ਉਹਨੂੰ ਕੱਢਣ ਵਾਸਤੇ ਕਿਸੇ ਨੂੰ ਡੰਗ ਮਾਰਦਾ ਹੈ। ਸਿਰਫ ਸੱਪ ਹੀ ਜ਼ਹਿਰੀਲੇ ਨਹੀਂ ਹੁੰਦੇ, ਬਹੁਤੇ ਮਨੁੱਖ ਜ਼ਹਿਰੀਲੇ ਹੁੰਦੇ ਨੇ, ਈਰਖਾ ਦੀ ਜ਼ਹਿਰ ਭਰੀ ਹੁੰਦੀ ਹੈ। ਹੋ ਸਕਦਾ ਸੱਪ ਦਾ ਡੰਗਿਆ ਹੋਇਆ ਬੱਚ ਵੀ ਜਾਏ, ਕਿਉਂਕਿ ਵਿਦਵਾਨ ਕਹਿੰਦੇ ਸਤਾਨਵੇਂ ਫੀਸਦੀ ਸੱਪਾਂ ਦੇ ਵਿਚ ਜ਼ਹਿਰ ਨਹੀਂ ਹੁੰਦਾ, ਸਿਰਫ ਤਿੰਨ ਫੀਸਦੀ ਸੱਪਾਂ ਵਿਚ ਜ਼ਹਿਰ ਹੁੰਦਾ ਹੈ, ਪਰ ਸਤਾਨਵੇਂ ਫੀਸਦੀ ਸੱਪਾਂ ਵਿਚ ਦੀ ਜ਼ਹਿਰ ਨਹੀਂ ਹੁੰਦਾ, ਬੰਦਾ ਡਰਦਾ ਮਾਰਿਆ ਮਰ ਜਾਂਦਾ, ਜ਼ਹਿਰ ਦਾ ਮਾਰਿਆ ਨਹੀਂ ਮਰਦਾ। ਹੋ ਸਕਦਾ ਸੱਪ ਦਾ ਡੰਗਿਆ ਹੋਇਆ ਬੱਚ ਵੀ ਜਾਏ, ਪਰ ਬੰਦੇ ਦਾ ਡੰਗਿਆ ਹੋਇਆ ਤੇ ਤਬਾਹ ਹੋ ਕੇ ਰਹਿ ਜਾਂਦਾ, ਬਰਬਾਦ ਹੋ ਜਾਂਦਾ, ਬੰਦਾ ਬੜਾ ਜ਼ਹਿਰੀਲਾ ਹੈ, ਬਹੁਤ ਜ਼ਹਿਰੀਲਾ। ਗੁਸਤਾਖੀ ਮਾਫ ਜਿਤਨਾ ਬੰਦਾ ਖਤਰਨਾਕ ਹੈ, ਨਾ ਸੱਪ ਖਤਰਨਾਕ ਹੈ, ਨਾ ਸ਼ੇਰ, ਨਾ ਚੀਤਾ, ਕੋਈ ਵੀ ਖਤਰਨਾਕ ਨਹੀਂ। ਜੇ ਪ੍ਰਸ਼ਨ ਕਰੀਏ ਤੁਸੀਂ ਘਰ ਨੂੰ ਤਾਲਾ ਲਾਉਂਦੇ ਹੋ, ਕਾਰ ਨੂੰ ਤਾਲਾ ਲਾਉਂਦੇ ਹੋ, ਸਕੂਟਰ ਨੂੰ ਲੌਕ ਕਰਦੇ ਹੋ, ਗੁਰੂ ਦੀ ਗੋਲਕ ਨੂੰ ਲੌਕ ਕਰਦੇ ਹੋ, ਚਾਰ-ਚਾਰ ਤਾਲੇ ਲਾਉਂਦੇ ਹੋ, ਸੱਪਾਂ ਦਾ ਡਰ ਹੈ, ਸ਼ੇਰਾਂ ਦਾ ਡਰ ਹੈ, ਸੂਰਾਂ ਦਾ ਡਰ ਹੈ, ਕੁੱਤਿਆਂ ਦਾ ਡਰ ਹੈ, ਹਰ ਇਕ ਦਾ ਕਹਿਣਾ ਕਿਸੇ ਦਾ ਡਰ ਨਹੀਂ। ਬੰਦਿਆਂ ਦਾ ਹੀ ਡਰ ਹੈ ਬੰਦਿਆ ਦਾ। ਇਹਨਾਂ ਤੋਂ ਡਰਦਿਆਂ ਹੋਇਆਂ ਤਾਲੇ ਲਾ ਕੇ ਗੋਲਕ ਨੂੰ, ਇਹਨਾਂ ਤੋਂ ਡਰਦੇ ਹੋਏ ਸਕੂਟਰ ਲਾਕ ਕੀਤਾ, ਕਾਰ ਲਾਕ ਕੀਤੀ, ਘਰ ਨੂੰ ਲਾਕ ਕਰਕੇ ਆਏ ਹਾਂ, ਬੰਦਾ ਖਤਰਨਾਕ ਹੈ। ਕਹਿੰਦੇ ਇਕ ਸੱਪ ਇਕ ਸਮੇਂ ਵਿਚ ਵੱਧ ਤੋਂ ਵੱਧ ਤਿੰਨ ਬੰਦਿਆਂ ਨੂੰ ਡੰਗ ਮਾਰ ਸਕਦਾ, ਉਹਦੀ ਜ਼ਹਿਰ ਖਤਮ ਹੋ ਜਾਂਦੀ, ਫੇਰ ਜ਼ਹਿਰ ਬਣਦਿਆਂ ਪੰਦਰਾਂ ਦਿਨ ਲਗਣਗੇ, ਢਾਈ ਕਰੋੜ ਬੰਦਿਆਂ ਦਾ ਕਾਤਲ ਹੈ ਹਿਟਲਰ, ਢਾਈ ਕਰੋੜ ਬੰਦੇ ਸੱਪ ਮਾਰ ਸਕਦਾ ਹੈ? ਢਾਈ ਕਰੋੜ ਬੰਦਿਆਂ ਨੂੰ ਸ਼ੇਰ ਮਾਰ ਸਕਦਾ ਹੈ? ਔਰ ਅਜੇ ਤੇ ਉਹਦੀ ਮੌਤ ਹੋ ਗਈ, ਨਹੀਂ ਤੇ ਹੋਰ ਕਿਤਨੇ ਕਰੋੜ ਉਸਨੇ ਮਾਰਨੇ ਸਨ। ਮਾਰਨਾ ਹੁੰਦਾ ਸੁਭਾਅ ਜ਼ਹਿਰ ਜ਼ਹਿਰੀਲਾ ਮਨੁੱਖ ਹੀ ਸਭ ਤੋਂ ਜ਼ਿਆਦਾ ਖਤਰਨਾਕ ਹੈ। ਇਕ ਦਿਨ ਮੈਂ ਅਖਬਾਰ ਵਿਚ ਖਬਰ ਪੜ੍ਹ ਰਿਹਾ ਸੀ ਬਈ ਭਾਰਤ ਵਿਚ ਜੰਗਲ ਵਿਚ ਜਾਨਵਰਾਂ ਦੀ ਕਮੀ ਹੋ ਗਈ ਹੈ, ਘਟ ਗਏ ਨੇ ਸ਼ਿਕਾਰ ਖੇਡਿਆਂ ਬਹੁਤੇ ਮਾਰ ਦਿੱਤੇ ਗਏ ਨੇ। ਸੁਭਾਵਕ ਮੇਰੇ ਮੂੰਹੋਂ ਨਿਕਲਿਆ ਹੈ ਸੱਜਣ ਕੋਲ ਬੈਠੇ ਹੋਏ ਸਨ, ਮੈਂ ਕਿਹਾ ਕੋਈ ਨਹੀਂ ਜੰਗਲਾਂ ਵਿਚ ਜਾਨਵਰ ਘਟ ਗਏ, ਸ਼ਹਿਰਾਂ ਵਿਚ ਜਾਨਵਰ ਵੱਧ ਗਏ, ਇਸ ਵਾਸਤੇ ਜੰਗਲਾਂ ਵਿਚ ਖਤਰਾ ਹੁਣ ਘੱਟ ਗਿਆ, ਸ਼ਹਿਰਾਂ ਵਿਚ ਖਤਰਾ ਵੱਧ ਗਿਆ। ਪਸ਼ੂ ਹੁਣ ਸ਼ਹਿਰਾਂ ਵਿਚ-

'ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥'

(ਪੰਨਾ ੨੬੭)

'ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥...
ਬਿਨੁ ਸਿਮਰਨ ਭਏ ਕੂਕਰ ਕਾਮ॥ ਸਾਕਤ ਬੇਸੁਆ ਪੂਤ ਨਿਨਾਮ॥'

(ਪੰਨਾ ੨੩੯)

ਸਿਮਰਨ ਤੋਂ ਬਿਨਾਂ ਮਨੁੱਖ ਇਸ ਤਰ੍ਹਾਂ ਜੀਂਵਦਾ ਜਿਵੇਂ ਕੁੱਤਾ ਇਕ ਕੁੱਤਾ ਲੰਘਿਆ ਜਾ ਰਿਹਾ, ਉਹਦੇ ਤੇ ਖਾਹਮਖਾਹ ਭੌਂਕਦਾ ਪਿਆ, ਨਾ ਤੇਰੇ ਨਾਲ ਲੈਣਾ ਨਾ ਦੇਣਾ ਐਵੇ ਭੌਂਕਦਾ ਪਿਆ। ਕਿਉਂ ਭੌਂਕਦਾ ਪਿਆ, ਨਾ ਕੋਈ ਲੈਣਾ ਦੇਣਾ। ਕਰੀ ਜਾ ਰਿਹਾ ਨਿੰਦਾ ਭੰਡੀ ਜਾ ਰਿਹਾ ਨਾ ਲੈਣਾ ਨਾ ਦੇਣਾ ਐਵੀਂ ਬੋਲੀ ਜਾਣਦਿਆਂ ਇਹ ਕੂਕਰ ਸੁਭਾਉ ਹੈ, ਇਹ ਕੁੱਤੇ ਦਾ ਸੁਭਾਉ ਹੈ, ਐਵੇਂ ਭੌਂਕਦਾ ਪਿਆ ਭੌਂਕੀ ਜਾਵੇ ਕਿਉਂ ਭੌਂਕਦਾ ਪਿਆ। ਕੁੱਤੇ ਦਾ ਸੁਭਾਅ ਕਿਉਂ ਅੰਦਰੋਂ ਨਿਕਲਿਆ ਨਹੀਂ, ਜਿਨ੍ਹਾਂ ਜੂਨੀਆਂ ਤੋਂ ਲੰਘ ਕੇ ਆਇਆ। ਉਹਨਾਂ ਸਾਰਿਆਂ ਦਾ ਸੁਭਾਉ ਅੰਦਰ ਮੌਜੂਦ ਹੈ ਇਹ ਵੀ ਮੈਂ ਅਰਜ਼ ਕਰਾਂ ਉਥੇ ਲੰਘ ਕੇ ਆਏ ਹਾਂ, ਸਰੂਪ ਮਨੁੱਖ ਦਾ ਬਣ ਗਿਆ। ਜਿਤਨੇ ਚਿਰ ਤੱਕ ਸੁਭਾਅ ਮਨੁੱਖ ਨਹੀਂ ਬਦਲੇਗਾ। ਇਹ ਦਿਖਾਈ ਤੇ ਮਨੁੱਖ ਦੇਵੇਗਾ ਹੋਵੇਗਾ ਪਸ਼ੂ-

ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥

ਸੇਖ ਸਾਅਦੀ ਸਾਹਿਬ ਕਹਿੰਦੇ ਨੇ, 'ਇਨਸਾਨ ਰਾਹ ਇਨਸਾਨੀਅਤ ਲਾਜ਼ਮ ਹੱਸਤ। ਉਦ ਕਰ ਭੁਲ ਨਾ ਬਾਸ਼ਰ ਹੱਜਮ ਹਸਤ' ਇਨਸਾਨ ਦੇ ਅੰਦਰ ਇਨਸਾਨੀਅਤ ਲਾਜ਼ਮੀ ਚਾਹੀਦੀ ਹੈ ਅਗਰ ਮਨੁੱਖ ਦੇ ਅੰਦਰ ਮਨੁੱਖਤਾ ਨਹੀਂ ਤੇ ਇਹਨੂੰ ਮਨੁੱਖ ਕਹਿਣ ਦੀ ਲੋੜ ਕੀ ਹੈ? ਤਸ਼ਬੀਹ ਦਿਤੀ ਉਨ੍ਹਾਂ ਨੂੰ ਅਗਰ ਖੁਸ਼ਬੂ ਨਹੀਂ ਹੈ ਇਹਨੂੰ ਚੰਦਨ ਆਖਣ ਦੀ ਲੋੜ ਕੀ ਹੈ ਲੱਕੜ ਹੈ। ਅਗਰ ਮਨੁੱਖਤਾ ਨਹੀਂ ਮਨੁੱਖ ਕਹਿਣ ਦੀ ਲੋੜ ਕੀ ਹੈ ਪਸ਼ੂ ਹੈ। ਫਰਕ ਸਿਰਫ ਇਤਨਾ ਹੈ ਉਹ ਚਾਰ ਪੈਰਾਂ ਵਾਲਾ ਪਸ਼ੂ ਹੈ ਇਹ ਦੋ ਪੈਰਾਂ ਵਾਲਾ ਪਸ਼ੂ ਹੈ :

ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥

....

'ਬਿਨੁ ਸਿਮਰਨ ਭਏ ਕੂਕਰ ਕਾਮ॥ ਸਾਕਤ ਬੇਸੁਆ ਪੂਤ ਨਿਨਾਮ॥

ਦੇਖੋ ਵੇਸਵਾ ਦਾ ਪੁੱਤਰ ਹੈ ਲੜਕਾ ਹੈ, ਉਹ ਵਿਚਾਰਾ ਆਪਣੇ ਪਿਉ ਦਾ ਨਾਂ ਨਹੀਂ ਦੱਸ ਸਕਦਾ ਤੇ ਸਾਰੇ ਉਸ ਨੂੰ ਗਾਲ੍ਹ ਕੱਢ ਕੇ ਬੁਲਾਉਂਦੇ ਨੇ। ਜਿਸ ਨਾਮ ਨਾਲ ਬੁਲਾਉਂਦੇ ਨੇ ਉਹ ਅਸਭਯ ਹੈ, ਗੁਰਬਾਣੀ ਵਿਚ ਸਭਯ ਸ਼ਬਦ ਵਰਤਿਆ ਹੈ-

'ਸਾਕਤ ਬੇਸੁਆ ਪੂਤ ਨਿਨਾਮ॥'

ਪੁੱਤ ਪਿਉ ਦਾ ਨਾਂ ਦੱਸ ਨਹੀਂ ਸਕਦਾ। ਨਾਜਾਇਜ਼ ਔਲਾਦ ਉਹਦੇ ਲਈ

ਸ਼ਬਦ ਹੈ, ਸਾਡੇ ਦੇਸ਼ ਵਿਚ ਬਾਹਰ ਵਿਦੇਸ਼ਾਂ ਵਿਚ ਵੀ ਗਾਲ੍ਹ ਹੈ। ਮਹਾਰਾਜ ਕਹਿੰਦੇ ਨੇ, ਵੇਸਵਾ ਦੇ ਪੁੱਤਰ ਨੂੰ ਵੇਸਵਾ ਦਾ ਪੁੱਤਰ ਨਾ ਆਖੋ, ਇਹ ਆਪਣੇ ਸਰੀਰਕ ਪਿਤਾ ਦਾ ਨਾਮ ਨਹੀਂ ਦੱਸ ਸਕਦਾ, ਇਸ ਵਾਸਤੇ ਇਸ ਨੂੰ ਵੇਸਵਾ ਦਾ ਪੁੱਤਰ ਕਹਿ ਰਹੇ ਹੋ ਜਗਤ ਪਿਤਾ ਦਾ ਨਾਮ ਨਹੀਂ ਦੱਸ ਸਕਦਾ ਅਸਲੀ ਉਹ ਵੇਸਵਾ ਦਾ ਪੁੱਤਰ ਹੈ ਗੁਸਤਾਖੀ ਮਾਫ ਇਸੇ ਹਿਸਾਬ ਨਾਲ ਫੇਰ ਇਹ ਲਕਬ ਕਿਨ੍ਹਾਂ ਨੂੰ ਮਿਲੇਗਾ, ਕਿਤਨਿਆਂ ਨੂੰ ਮਿਲੇਗਾ।

'ਬਿਨੁ ਸਿਮਰਨ ਭਏ ਕੂਕਰ ਕਾਮ॥ ਸਾਕਤ ਬੇਸੁਆ ਪੂਤ ਨਿਨਾਮ॥

(ਪੰਨਾ ੨੩੯)

ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥ ੧॥

(ਪੰਨਾ ੫੨੮)

ਕਈ ਥਾਂ ਤੇ ਵਰਤੇ ਸਾਕਤ ਬੇਸੁਆ ਪੂਤ ਕੇ-

'ਬਿਨੁ ਸਿਮਰਨ ਗਰਧਭ ਕੀ ਨਿਆਈ॥
ਸਾਕਤ ਥਾਨ ਭਰਿਸਟ ਫਿਰਾਹੀ॥'

(ਪੰਨਾ ੨੩੯)

ਸਿਮਰਨ ਤੋਂ ਬਿਨਾਂ ਬੰਦਾ ਜਿਉਂਦਾ ਜਿਵੇਂ ਖੋਤਾ, ਖੋਤਾ ਬੇਵਕੂਫੀ ਦਾ ਚਿੰਨ੍ਹ ਮੰਨਿਆ ਭਾਰ ਲੱਦਦਾ। ਮਹਾਰਾਜ ਕਹਿੰਦੇ ਇਹਨਾਂ ਨੂੰ ਅਸਲੀ ਖੋਤੇ ਆਖੋ, ਇਹ ਜੋ ਘੁਮਾਰਾਂ ਦੀ ਮਿੱਟੀ ਢੋਂਦੇ, ਧੋਬੀਆਂ ਦੇ ਕਪੜੇ, ਇੱਟਾਂ ਢੋ ਕੇ ਇਹ ਨਕਲੀ ਖੋਤੇ ਨੇ, ਤੇ ਮਹਾਰਾਜ ਅਸਲੀ ਖੋਤੇ ਕਿਹੜੇ ਨੇ ?

ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥

'ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥

(ਪੰਨਾ ੧੪੧੧)

ਜੋ ਬਿਨਾਂ ਗੁਣਾਂ ਤੋਂ ਹੰਕਾਰ ਕਰਦੇ ਨੇ, ਹੰਕਾਰ ਦੀ ਪੰਡ ਚੁਕੀ ਫਿਰਦੇ ਨੇ, ਸਾਡੇ ਵਰਗਾ ਕੋਈ ਨਹੀਂ, ਸਾਡੇ ਵਰਗਾ ਕੋਈ ਨਹੀਂ। ਮਹਾਰਾਜ ਕਹਿੰਦੇ ਅਸਲੀ ਖੋਤੇ ਇਹ ਨੇ ਐਵੇਂ ਪੰਡ ਚੁੱਕੀ ਫਿਰਦੇ ਨੇ, ਐਵੇ ਭਾਰ ਚੁੱਕੀ ਫਿਰਦੇ ਨੇ, ਕੀਰਤਨ ਸੁਣਨ ਨਾਲ, ਗੁਰਬਾਣੀ ਦਾ ਪਾਠ ਕਰਨ ਨਾਲ, ਵਾਹਿਗੁਰੂ ਮੰਤਰ ਦਾ ਜਾਪ ਕਰਨ ਨਾਲ, ਅਰਦਾਸ ਪ੍ਰਾਰਥਨਾ ਕਰਨ ਨਾਲ ਅੰਦਰੋਂ ਖੋਤੇ ਨਿਕਲਦੇ ਨੇ, ਕੁੱਤੇ ਨਿਕਲਦੇ ਨੇ, ਸੱਪ ਨਿਕਲਦੇ ਨੇ, ਸ਼ੇਰ ਤੇ ਗਿੱਦੜ ਨਿਕਲਦੇ ਨੇ, ਸਾਰੇ ਅੰਦਰ ਪਏ ਨੇ-

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥

(ਪੰਨਾ ੧੩੫੯)

ਹੁਣ ਗੁਰੂ ਅਰਜਨ ਦੇਵ ਜੀ ਮਹਾਰਾਜ ਤੇਰੇ ਸੰਬੰਧੀ ਕੌਣ ਨੇ, ਮਹਾਰਾਜ ਦੱਸੋ ਤੈਨੂੰ ਕਿਵੇਂ ਪਤਾ ਸਾਡੇ ਸੰਬੰਧੀ ਕੌਣ ਨੇ।

'ਸਲੋਕ ਸਹਸਕ੍ਰਿਤੀ ਮਹਲਾ ੫॥ ਉਦਿਆਨ ਬਸਨੰ ਸੰਸਾਰੰ'

ਬੰਦਾ ਕਹਿੰਦਾ ਮੈਂ ਬਹੁਤ ਵੱਡੇ ਸ਼ਹਿਰ ਵਿਚ ਰਹਿੰਦਾ ਹਾਂ, ਮਹਾਰਾਜ ਨਹੀਂ ਮੰਨਦੇ-

'ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥'

(ਪੰਨਾ ੭੦੭)

ਇਹ ਤੇ ਮਹਾਨ ਉਜਾੜ ਕਹਿੰਦਾ ਬਹੁਤ ਵੱਡੇ ਸ਼ਹਿਰ ਵਿਚ ਰਹਿੰਦਾ। ਖਾਕ ਸ਼ਹਿਰ ਵਿਚ ਰਹਿੰਦਾ ਏ, ਉਜਾੜ ਵਿਚ ਰਹੇ ਨੇ। ਵੇਖੋ ਜਦੋਂ ਕਿਸੇ ਨਾਲ ਮਿਲਣਾ ਨਹੀਂ, ਬੋਲਚਾਲ ਨਹੀਂ, ਕੋਈ ਸੰਬੰਧ ਨਹੀਂ, ਵੀਹ ਲੱਖ ਆਬਾਦੀ ਦਾ ਸ਼ਹਿਰ ਹੈ ਕੋਈ ਭਾਈਚਾਰਾ ਨਹੀਂ ਤੇ ਕਿਹੜੇ ਸ਼ਹਿਰ ਵਿਚ ਰਹਿੰਦਾ ਪਿਆ, ਉਜਾੜ ਵਿਚ ਰਹਿੰਦਾ ਪਿਆ, ਭਾਈਚਾਰਾ ਤੇ ਟੁੱਟਦਾ ਜਾ ਰਿਹਾ, ਨਾਨਕੇ ਦਾਦਕੇ ਸੌਹਰਿਆਂ ਦੇ ਰਿਸ਼ਤਿਆਂ ਵਿਚੋਂ ਕਸ਼ਿਸ਼ ਨਹੀਂ ਰਹੀ, ਮਿੱਤਰਤਾ ਵਿਚ ਨਹੀਂ ਰਹੀ, ਮਨੁੱਖ-ਮਨੁੱਖ ਨਾਲੋਂ ਟੁੱਟਿਆ ਪਿਆ ਕਹਿੰਦਾ ਬਹੁਤ ਵੱਡੇ ਸ਼ਹਿਰ ਵਿਚ ਰਹਿੰਦਾ ਹਾਂ। ਗੁਰੂ ਅਰਜਨ ਦੇਵ ਜੀ ਕਹਿੰਦੇ ਬਹੁਤ ਵੱਡੀ ਉਜਾੜ ਵਿਚ ਰਹਿੰਦਾ ਕੁਝ ਵੀ ਨਹੀਂ ਕਿਸੇ ਨਾਲ ਸੰਬੰਧ ਨਹੀਂ :-

'ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥'

ਕਬੀਰ ਕਹਿੰਦੇ ਹਰ ਇਕ ਨੂੰ ਠੋਕ ਵਜਾ ਕੇ ਦੇਖ ਲੈ ਉਹ ਆਪਣੇ ਲਈ ਜਿਉਂਦੇ ਨੇ, ਕਿਸੇ ਲਈ ਨਹੀਂ, ਜਿਉਂਦੇ ਕੋਈ ਕਿਸੇ ਲਈ ਨਹੀਂ।

*'ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥
ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥'*

(ਪੰਨਾ ੧੩੭੦)

ਸਭ ਨੂੰ ਵਜਾ-ਵਜਾ ਕੇ ਦੇਖ ਲਿਆ, ਠੋਕਿ ਬਜਾਇ ਕੇ ਦੇਖ ਲਿਆ, ਕੋਈ ਕਿਸੇ ਲਈ ਨਹੀਂ ਜਿਉਂਦਾ। ਮੈਨੂੰ ਕਹਿਣ ਦੇਣਾ ਖੁਲਾਸਾ ਕਰਨ ਦਾ ਇਸ ਵਕਤ ਮੌਕਾ ਨਹੀਂ, ਕੋਈ ਮਾਂ ਪੁੱਤ ਲਈ ਨਹੀਂ ਹੁੰਦੀ ਆਪਣੇ ਲਈ ਜਿਉਂਦੀ ਹੈ, ਕੋਈ ਪੁੱਤਰ ਮਾਂ ਲਈ ਨਹੀਂ ਜਿਊਂਦਾ ਆਪਣੇ ਲਈ ਜਿਉਂਦਾ। ਕੋਈ ਪਤੀ ਪਤਨੀ ਲਈ ਨਹੀਂ ਜਿਉਂਦਾ ਆਪਣੇ ਲਈ ਜਿਉਂਦਾ ਹੈ, ਕੋਈ ਪਤਨੀ ਪਤੀ ਲਈ ਨਹੀਂ ਜਿਉਂਦੀ ਆਪਣੇ ਲਈ ਜਿਉਂਦੀ ਹੈ। ਉਹਦੀ ਅਪਰੰਗ ਵਿਚ ਜਲ ਫਰਕ ਆਏਗਾ। ਰਿਸ਼ਤਿਆਂ ਵਿਚ ਦਰਾੜ ਆ ਜਾਏਗੀ, ਮਾਂ ਵੀ ਕਹਿ ਦੇਵੇਗੀ ਇਸ ਪੁੱਤਰ ਤੋਂ ਨਾ ਹੀ ਹੁੰਦਾ ਤੇ ਚੰਗਾ ਸੀ, ਨਿਰਾ ਹੀ ਕਲੇਸ਼ ਨਿਰੀ ਬਿਪਤਾ। ਹਰ ਮਨੁੱਖ ਆਪਣੇ ਲਈ ਜਿਉਂਦਾ, ਕੋਈ ਕਿਸੇ ਲਈ ਨਹੀਂ ਜਿਉਂਦਾ-

'ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥'

ਵੀਹ ਲੱਖ ਦੀ ਅਬਾਦੀ ਦਾ ਸ਼ਹਿਰ ਹੋਵੇਗਾ ਮਹਾਰਾਜ ਕਹਿੰਦੇ ਉਜਾੜ-

'ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ॥
ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥'

(ਪੰਨਾ ੭੦੭)

ਮਨੁੱਖ ਉਜਾੜ ਵਿਚ ਹੈ ਤੇ ਇਹਦੇ ਸੰਬੰਧੀ ਕੌਣ ਨੇ। ਬੜੇ ਧਿਆਨ ਨਾਲ ਸੁਣਨਾ ਗੁਰਬਾਣੀ ਵਿਚ ਤੈਨੂੰ ਸਰਵਨ ਕਰਾ ਰਹੇ ਹਾਂ। ਅਗਰ ਮਨ ਕਿਤੇ ਔਖਾ ਹੋਵੇ ਤਾਂ ਫੇਰ ਇਹ ਔਖਿਆਈ ਗੁਰੂ ਅਰਜਨ ਦੇਵ ਜੀ ਨਾਲ ਕਰ ਲੈਣੀ, ਆਪਾਂ ਖਿਮਾ ਦੀ ਜਾਚਨਾ ਤੁਹਾਡੇ ਕੋਲ ਕਰ ਲੈਂਦੇ ਹਾਂ ਪਹਿਲਾਂ ਮਹਾਰਾਜ ਕਹਿੰਦੇ ਸੰਬੰਧੀ ਕੌਣ ਨੇ, ਮਹਾਰਾਜ ਤੁਸੀਂ ਦੱਸ ਦਿਉ ਸਾਡੇ ਸੰਬੰਧੀ ਕੌਣ, ਤੁਹਾਨੂੰ ਕਿਵੇਂ ਪਤਾ ਚਲ ਗਿਆ ਸਾਡੇ ਸੰਬੰਧੀਆਂ ਦਾ। ਮਹਾਰਾਜ ਜੀ ਕਹਿੰਦੇ ਪਤਾ ਹੈ ਤੁਹਾਡੇ ਸੰਬੰਧੀ ਕੌਣ ਨੇ?

'ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥

(ਪੰਨਾ ੧੩੫੯)

ਤੁਹਾਡੇ ਸਬੰਧੀ ਨੇ ਕੁੱਤੇ, ਗਿੱਦੜ, ਖੋਤੇ, ਇਹਨਾਂ ਸੰਬੰਧੀਆਂ ਨਾਲ ਤੂੰ ਰਹਿੰਦਾ, ਕੁੱਤਿਆਂ ਨਾਲ ਰਹਿੰਦਾ, ਖੋਤਿਆਂ ਨਾਲ ਰਹਿੰਦਾ, ਗਿੱਦੜਾਂ ਨਾਲ ਰਹਿੰਦਾ, ਹਰ ਵਕਤ ਪਰਾਈ ਨਿੰਦਾ, ਉਹਨੂੰ ਭੰਡ, ਉਹਨੂੰ ਭੰਡ, ਇਹ ਭੌਂਕਣਾ ਕੁੱਤੇ ਦਾ ਸੁਭਾਅ ਤੇਰੇ ਕੋਲ ਹੈ, ਹਰ ਵਕਤ ਮੂਰਖਪੁਣਾ ਅਚੇਤਪੁਣਾ ਇਹ ਖੋਤੇ ਦਾ ਸੁਭਾਅ ਹਰ ਵਕਤ ਖੋਤਿਆਂ ਨਾਲ ਰਹਿੰਦਾ। ਫੇਰ ਹਰ ਵਕਤ ਡਰਿਆ ਹੀ ਡਰਿਆ ਰਹਿੰਦਾ, ਇਹ ਗਿੱਦੜ ਦਾ ਸੁਭਾਅ ਗਿੱਦੜਾਂ ਨਾਲ ਤੂੰ ਰਹਿੰਦਾ। ਜਦ ਐਸੀ ਕਥਾ ਕਦੀ ਚਲੇ ਨਾ ਫਿਰ ਸੱਜਣ ਮੈਨੂੰ ਯਾਦ ਆ ਜਾਂਦਾ। ਸੀਸ ਗੰਜ ਸਾਹਿਬ ਦਿੱਲੀ 'ਚ ਮੈਨੂੰ ਸਮਝਾਉਣ ਲੱਗਾ ਗਿਆਨੀ ਜੀ ਏਨਾ ਸਫਰ ਨਾ ਕਰਿਆ ਕਰੋ। ਕਦੀ ਤੁਸੀਂ ਟਰੇਨ ਵਿਚ ਹੁੰਦੇ ਹੋ, ਕਦੀ ਤੁਸੀਂ ਪਲੇਨ ਵਿਚ ਹੁੰਦੇ ਹੋ, ਕਦੀ ਬੱਸ ਵਿਚ ਹੁੰਦੇ ਹੋ, ਕਦੀ ਤੁਸੀਂ ਕਾਰ ਵਿਚ ਹੁੰਦੇ ਹੋ, ਹਰ ਵਕਤ ਸਫਰ ਵਿਚ। ਬਹੁਤ ਪੁਰਾਣੀ ਗੱਲ ਹੈ ਮੈਂ ਕਿਹਾ ਮਿੱਤਰਾ ਗੱਲ ਦੱਸ ਸਤਿਗੁਰਾਂ ਨੇ ਡਿਊਟੀ ਜੋ ਲਾਈ ਹੈ, ਜਿਸ ਢੰਗ ਦੀ ਸਤਿਗੁਰੂ ਨੇ ਜ਼ਿੰਮੇਵਾਰੀ ਬਖਸ਼ੀ ਹੈ ਉਹਦੇ ਢੰਗ ਤੇ ਮੈਨੂੰ ਸਫਰ ਕਰਨਾ ਪੈਂਦਾ ਹੈ, ਪਰ ਤੂੰ ਇਹ ਦੱਸ ਮੈਂ ਸਫਰ ਕਿਉਂ ਨਾ ਕਰਾਂ? ਕਹਿੰਦੇ ਦੇਖਦੇ ਨਹੀਂ ਗੱਡੀਆਂ ਦੇ ਐਕਸੀਡੈਂਟ ਹੋਏ, ਉਹਨਾਂ ਦਿਨਾਂ ਵਿਚ ਤਾਮਿਲਨਾਡੂ ਤੋਂ ਆਉਂਦੀ ਹੋਈ ਗੱਡੀ ਪੂਰੀ ਪੁਲ ਤੋਂ ਥੱਲੇ ਦਰਿਆ ਵਿਚ ਗਿਰ

ਗਈ ਸੀ, ਇਹ ਕਿਤੇ ਬਿਹਾਰ ਵਿਚ ਟਕਰਾ ਗਈ ਸੀ, ਦੋ ਪਲੇਨ ਕਰੈਸ਼ ਹੋਏ ਸਨ। ਇਕ ਅਹਿਮਦਾਬਾਦ ਵਿਚ, ਇਕ ਗੁਹਾਟੀ ਵਿਚ, ਕੁਝ ਬੱਸਾਂ ਵਿਚ ਬੰਬ ਧਮਾਕੇ ਹੋਏ ਸਨ। ਮੈਨੂੰ ਹੱਥ ਜੋੜ ਕੇ ਕਹਿਣ ਲੱਗਾ ਤੁਸੀਂ ਸਫਰ ਨਾ ਕਰਿਆ ਕਰੋ, ਸਫਰ ਨਾ ਕਰਿਆ ਕਰੋ। ਮੈਂ ਕਿਹਾ ਮਿੱਤਰਾ ਗੱਲ ਸੁਣ ਨੜਿੱਨਵੇਂ ਫੀਸਦੀ ਬੰਦੇ ਮੰਜੇ ਤੇ ਪਲੰਘਾਂ ਤੇ ਨਹੀਂ ਸੌਣਾ ਚਾਹੀਦਾ, ਕਿਉਂਕਿ ਸੁੱਤਿਆਂ ਸੁੱਤਿਆਂ ਲੋਕੀਂ ਮਰ ਜਾਂਦੇ ਨੇ, ਨੜਿਨਵੇਂ ਫੀ ਸਦੀ ਬੰਦੇ ਮੇਰੇ ਖਿਆਲ ਘਰ ਵਿਚ ਮਰਦੇ ਨੇ ਤੇ ਫੇਰ ਤੂੰ ਮੈਨੂੰ ਆਖੇਂਗਾ ਆਪਣੇ ਘਰ ਵੀ ਨਾ ਜਾਇਆ ਕਰ, ਕਿਉਂਕਿ ਘਰ ਵਿਚ ਬੰਦੇ ਮਰ ਜਾਂਦੇ ਨੇ। ਅਜੇ ਮੈਂ ਉਸ ਨੂੰ ਹੋਰ ਬਹੁਤ ਕੁਝ ਕਹਿਣਾ ਸੀ, ਕਹਿੰਦੇ ਗੁਣੀ ਗਿਆਨੀਆਂ ਨੂੰ ਕੋਈ ਮੱਤ ਦੇਵੇ ਨਾ ਗੱਲ 'ਚੋਂ ਗੱਲ ਕੱਢਦੇ ਨੇ, ਮੈਂ ਕਿਹਾ ਤੂੰ ਮੱਤ ਆਪਣੇ ਕੋਲ ਰੱਖ। ਇੰਨ੍ਹਾਂ ਡਰਿਆ-ਡਰਿਆ ਗਿੱਦੜ ਤੇਰੇ ਸੰਬੰਧੀ ਤੂੰ ਗਿੱਦੜਾਂ ਨਾਲ ਰਹਿੰਦਾ।

'ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥'

ਉਜਾੜ ਵਿਚ ਤੂੰ ਰਹਿੰਦਾ ਹੈਂ, ਤੇਰੇ ਸੰਬੰਧੀ ਨੇ ਖੋਤੇ ਗਿੱਦੜ ਤੇ ਕੁੱਤੇ। ਇਹ ਸੁਭਾਅ ਮਨੁੱਖ ਦੇ ਅੰਦਰ ਸਾਰੇ ਜਾਨਵਰਾਂ ਦਾ ਸੁਭਾਅ। ਗੁਰੂ ਗ੍ਰੰਥ ਸਾਹਿਬ ਵਿਚ ਇਸ ਵਕਤ ਮੇਰੇ ਕੋਲ ਸਮਾਂ ਨਹੀਂ ਇਹ ਸਾਰੇ ਜਾਨਵਰ ਜੋ ਮਨੁੱਖ ਦੇ ਅੰਦਰ ਨੇ ਕਿਉਂਕਿ ਇਥੋਂ ਲੰਘ ਕੇ ਆਏ ਨੇ। ਯਾਤਰਾ ਬੜੀ ਲੰਬੀ ਹੈ, ਉਹ ਆਇਆ ਦੂਰੋਂ ਚਲ ਕੇ, ਸਰੂਪ ਤੈਨੂੰ ਮਨੁੱਖ ਦਾ ਮਿਲ ਗਿਆ ਹੈ, ਪਰ ਉਹਨਾਂ ਪਸ਼ੂਆਂ ਦਾ ਸੁਭਾਅ ਅੰਦਰ ਮੌਜੂਦ ਹੈ, ਇਹ ਵਾਹਿਗੁਰੂ ਦਾ ਜਪ, ਸਤਿਸੰਗਤ, ਅਰਦਾਸ, ਪ੍ਰਾਰਥਨਾ, ਕੀਰਤਨ, ਕਥਾ, ਇਹ ਆਪਣੇ ਅੰਦਰੋਂ ਪਸ਼ੂਆਂ ਨੂੰ ਕੱਢਣਾ ਹੈ। ਜਿਸ ਦਿਨ ਪਸ਼ੂ ਨਿਕਲਦੇ ਨੇ ਉਸ ਦਿਨ ਇਨਸਾਨੀਅਤ ਪ੍ਰਗਟ ਹੁੰਦੀ ਹੈ, ਮਨੁੱਖਤਾ ਪ੍ਰਗਟ ਹੁੰਦੀ ਹੈ, 'ਇਨਸਾਨ ਰਹਾ ਇਨਸਾਨੀਅਤ ਲਾਜ਼ਮ ਹੱਸ, ਖ਼ੁਦ ਗਰਬੂ ਨਿਸਾਵਰ ਅਹਿਜਮ ਹੱਸ।' ਫਿਰ ਜਪ ਕਰਦਾ ਰਹੇ ਮਨੁੱਖ, ਇਨਸਾਨੀਅਤ ਵੀ ਨਿਕਲ ਜਾਂਦੀ ਹੈ, ਮਨੁੱਖਤਾ ਵੀ ਨਿਕਲ ਜਾਂਦੀ ਹੈ, ਦੇਵਤਾ ਪ੍ਰਗਟ ਹੋ ਜਾਂਦਾ ਹੈ। ਲੋਕੀਂ ਕਹਿੰਦੇ ਨੇ ਇਹ ਮਨੁੱਖ ਨਹੀਂ ਹੈ, ਇਹ ਦੇਵਤਾ ਹੈ, ਦੇਵਤਾ ਹੈ ਅਤੇ ਅੰਦਰ ਪਸ਼ੂ ਨੇ, ਅਜੇ ਉਹ ਹੀ ਨਹੀਂ ਨਿਕਲੇ, ਲੋਕੀ ਕਹਿ ਦੇਂਦੇ ਨੇ ਮਨੁੱਖ ਨਹੀਂ ਨਿਰਾ ਪਸ਼ੂ ਹੈ ਪਸ਼ੂ ਹੈ, ਖੋਤਾ ਹੈ, ਕੁੱਤਾ ਹੈ, ਇਹ ਤੇ ਨਿਰਾ ਹੀ ਪਸ਼ੂ ਹੈ। ਜਪ ਕਰਦਿਆਂ ਕਰਦਿਆਂ ਇਕ ਦਿਨ ਦੇਵਤਾ ਵੀ ਨਿਕਲ ਜਾਂਦਾ ਹੈ। ਦੇਵਤੇ ਦਾ ਨਿਕਲਣਾ ਇੰਜ ਹੁੰਦਾ ਜਿਵੇਂ ਬੂੰਦ ਸਾਗਰ ਵਿਚ ਲੀਨ ਹੋ ਗਈ, ਸੂਖਮ ਸਰੀਰ ਪ੍ਰਮਾਤਮਾ ਵਿਚ ਲੀਨ ਹੋ ਗਿਆ, ਭਗਵਾਨ ਪ੍ਰਗਟ ਹੋ ਗਿਆ। ਲੋਕੀਂ ਕਹਿੰਦੇ ਨੇ ਇਹ ਤੇ ਰੱਬ ਦੀ ਮੂਰਤੀ ਹੈ, ਇਹ ਤੇ ਰੱਬ ਵਰਗਾ ਹੀ ਹੈ, ਇਹ ਤੇ ਪ੍ਰਮਾਤਮਾ ਵਰਗਾ ਹੀ ਹੈ। ਹੁਣ ਮੈਂ ਅਰਜ਼ ਕਰਾਂ ਇਹ ਤੇ ਗੁਰਬਾਣੀ ਕਹਿੰਦੀ ਹੈ- *'ਹਰਿ ਜਨ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥'* ਜਿਤਨਾ ਚਿਰ ਮਨੁੱਖ ਹਰੀ ਨਹੀਂ ਹੁੰਦਾ, ਜੰਮਦਾ ਰਹੇਗਾ ਮਰਦਾ ਰਹੇਗਾ। ਦੁਖੀ ਰਹੇਗਾ। ਸੰਤਾਪ ਗ੍ਰਸਤ ਰਹੇਗਾ। ਇਕ ਦੁੱਖ ਦੀ ਨਿਵਿਰਤੀ ਹੋਵੇਗੀ, ਦੂਜਾ ਆ

ਜਾਏਗਾ। ਜਿੰਨਾ ਚਿਰ ਮਨੁੱਖ ਪ੍ਰਮਾਤਮਾ ਨਹੀਂ ਹੋ ਜਾਂਦਾ ਸਮਝ ਲਉ ਬੇੜੀ ਸਾਗਰ ਵਿਚ ਹੈ, ਲਹਿਰਾਂ ਟਕਰਾਉਣਗੀਆਂ, ਕਦੀ ਛੋਟੀ ਲਹਿਰ, ਕਦੇ ਵੱਡੀ ਲਹਿਰ, ਕੋਈ ਨਾ ਕੋਈ ਸਮੱਸਿਆ ਬਣੀ ਰਹੇਗੀ :

'ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥'

(ਪੰਨਾ ੧੩੬੬)

ਜਿੰਨਾ ਚਿਰ ਤੱਕ ਪਾਰ ਨਹੀਂ ਹੋ ਜਾਂਦੀ। ਪਾਰ ਹੋਣਾ ਕੀ ਹੈ, ਪ੍ਰਮਾਤਮਾ ਜੈਸਾ ਹੋ ਜਾਣਾ। ਕਬੀਰ ਕਹਿ ਰਹੇ ਨੇ –

ਬਿਗਰਿਓ ਕਬੀਰਾ ਰਾਮ ਦੁਹਾਈ॥ ਸਾਚੁ ਭਇਓ ਅਨ ਕਤਹਿ ਨ ਜਾਈ॥

(ਪੰਨਾ ੧੧੫੮)

ਉਸ ਸੱਚ ਤੋਂ ਅਸੀਂ ਸ਼ਬਦ ਦੁਆਰਾ ਆਏ ਹਾਂ। ਮੈਂ ਅਰਜ਼ ਕਰ ਦਿਆਂ ਉਹ ਜੋ ਅਨਾਹਦ ਨਾਦ ਪ੍ਰਮਾਤਮਾ ਦਾ ਜਿਨ੍ਹਾਂ ਨੇ ਸੁਣਿਆ ਤੇ ਸੁਣ ਕੇ ਜੋ ਫੇਰ ਅਨਾਹਦ ਬਾਣੀ ਨਾਲ ਬਾਹਰ ਪ੍ਰਗਟ ਕੀਤਾ, ਆਪੇ ਇਸ ਨੂੰ ਜਪੋ ਅਨਾਹਦ ਸੁਣਨ ਲੱਗ ਪਉਗੇ, ਜਦ ਅਨਾਹਦ ਨੂੰ ਸੁਣਨ ਲੱਗ ਪਏ ਤੇ ਤੁਸੀਂ ਪ੍ਰਮਾਤਮਾ ਨੂੰ ਸੁਣਨ ਲੱਗ ਪਏ :

ਅਨਹਦ ਬਾਣੀ ਨਾਦੁ ਵਜਾਇਆ॥ ੩॥ (ਪੰਨਾ ੩੭੫)
ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ॥ (ਪੰਨਾ ੮੫੬)
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥ (ਪੰਨਾ ੯੨੨)

ਸੁਣਨ ਲੱਗ ਪਿਆ ਜੇ ਜਪ ਜਾਰੀ ਰਿਹਾ ਤੇ ਨਿਰਾ ਅਨਾਹਦ ਨਾਦ ਨੂੰ ਸੁਣੇਗਾ ਨਹੀਂ, ਪਰਮ ਝਲਕ ਨੂੰ ਵੇਖਣ ਵਾਲਾ ਬਣ ਜਾਏਗਾ, ਝਲਕ ਵਿਚ ਸਮਾ ਜਾਏਗਾ। ਇਸ ਤਰ੍ਹਾਂ ਜਿਵੇਂ ਜੋਤਿ ਵਿਚ ਜੋਤਿ ਸਮਾ ਗਈ, ਬੂੰਦ ਵਿਚ ਬੂੰਦ ਸਮਾ ਗਈ :

'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥'

(ਪੰਨਾ ੮੪੬)

ਜਿੰਨਾ ਚਿਰ ਮਨੁੱਖ ਪ੍ਰਮਾਤਮਾ ਨਹੀਂ ਹੋ ਜਾਂਦਾ ਜੰਮਦਾ ਰਹੇਗਾ ਮਰਦਾ ਰਹੇਗਾ। ਇਕ ਮਿੰਟ ਹੋਰ ਲੈ ਕੇ ਮੈਂ ਸਮਾਪਤੀ ਕਰਾਂ, ਐਹ ਫਰਵਰੀ ਦੇ ਮਹੀਨੇ ਵਿਚ ਮੈਂ ਕਾਨ੍ਹਪੁਰ ਸੀ, ਹਰ ਸਾਲ ਉਥੇ ਹੁੰਦਾ, ਪਹਿਲੇ ਹਫਤੇ ਇਕ ਸੱਜਣ ਨੇ ਮੈਨੂੰ ਦਿੱਲੀ ਤੋਂ ਫੋਨ ਕੀਤੀ ਅਤੇ ਕੀਤੀ ਅੰਮ੍ਰਿਤ ਵੇਲੇ ਖਿੰਡ ਗਏ ਮਸਕੀਨ ਜੀ, ਸੁਣਿਆ ਤੁਸੀਂ ਭਵਿੱਸ਼ ਵਕਤਾ ਹਰ ਇਕ ਦਾ ਭਵਿੱਸ਼ ਵੀ ਜਾਣਦੇ ਹੋ। ਮੈਂ ਉਹਨੂੰ ਕਿਹਾ ਹਾਂ ਜਾਣਦਾ ਭਵਿੱਸ਼ ਵੀ ਜਾਣਦੇ। ਅੱਛਾ ਐਤਕੀ ਹੁਣ ਤੁਸੀਂ ਦਿੱਲੀ ਆਉਗੇ ਉਦੋਂ ਮੈਂ ਵੀ ਦਿੱਲੀ ਆਉਣਾ ਸੀ, ਪ੍ਰੋਮਸੀ ਅਸੀਂ ਤੁਹਾਡੇ ਕੋਲ

ਆਵਾਂਗੇ ਆਪਣਾ ਭਵਿੱਸ਼ ਪੁੱਛਣ ਲਈ। ਮੈਂ ਕਿਹਾ ਉਹਦੇ ਤੇ ਬੜੇ ਦਿਨ ਪਏ ਨੇ, ਮੈਂ ਤੈਨੂੰ ਹੁਣੇ ਭਵਿੱਸ਼ ਦੱਸ ਦੇਂਦਾਂ। ਟੈਲੀਫੋਨ ਤੇ ਦੱਸ ਦਿਉਗੇ; ਮੈਂ ਕਿਹਾ ਹਾਂ ਟੈਲੀਫੂਨ ਤੇ ਦੱਸ ਦਿਆਂਗੇ। ਤੇ ਮੇਰਾ ਭਵਿੱਸ਼ ਕੀ ਹੈ, ਮੈਂ ਕਿਹਾ ਨਿਰਾ ਤੇਰਾ ਹੀ ਨਹੀਂ ਸਾਰੀ ਦੁਨੀਆਂ ਦੇ ਮਨੁੱਖਾਂ ਦਾ ਭਵਿੱਸ਼ ਹੈ ਪ੍ਰਮਾਤਮਾ ਹੋਣਾ, ਸਾਰੀ ਦੁਨੀਆਂ ਦੇ ਪਸ਼ੂਆਂ ਦਾ ਭਵਿੱਸ਼ ਹੈ ਪ੍ਰਮਾਤਮਾ ਹੋਣਾ, ਸਾਰੀ ਦੁਨੀਆਂ ਦੀ ਬਨਸਪਤੀ ਦਾ ਭਵਿੱਸ਼ ਹੈ ਪ੍ਰਮਾਤਮਾ ਹੋਣਾ, ਸਾਰੇ ਪੱਥਰਾਂ ਦਾ ਭਵਿੱਸ਼ ਹੈ ਪ੍ਰਮਾਤਮਾ ਹੋਣਾ, ਜਿਤਨੇ ਚਿਰ ਤੱਕ ਨਹੀਂ ਹੋ ਜਾਂਦੇ ਇਹ ਬਣਦੇ ਰਹਿਣਗੇ, ਮਿਟਦੇ ਰਹਿਣਗੇ, ਜੰਮਦੇ ਰਹਿਣਗੇ, ਮਰਦੇ ਰਹਿਣਗੇ। ਸਾਰੀ ਕਾਇਨਾਤ ਦਾ ਭਵਿੱਸ਼ ਹੈ ਪ੍ਰਮਾਤਮਾ ਹੋਣਾ, ਗੁਰੂ ਨਾਨਕ ਦਾ ਬੋਲ ਫੇਰ ਸੁਣ ਲਉ *'ਮੁਕਾਮੁ ਓਹੀ ਏਕੁ ਹੈ'* ਸਾਰਿਆਂ ਦਾ ਮੁਕਾਮੁ ਇਕ ਹੁੰਦਾ ਹੈ। ਪੱਥਰ ਸੇ ਚਾਹੇ ਬਨਸਪਤੀ ਹੈ, ਚਾਹੇ ਪਸ਼ੂ ਪੰਛੀ ਨੇ, ਚਾਹੇ ਮਨੁੱਖ ਹੈ, ਮਨੁੱਖ ਜ਼ਰਾ ਅੱਗੇ ਇਸ ਦੇ ਪਿੱਛੇ ਪਸ਼ੂ ਨੇ, ਪਿੱਛੇ ਬਨਸਪਤੀ ਹੈ, ਪੱਥਰ ਸਭ ਤੋਂ ਪਿਛੇ ਜਿਵੇਂ ਹਾਈਵੇ ਤੇ ਟਰੈਫਿਕ ਚਲ ਰਿਹਾ ਹੋਵੇ, ਕੋਈ ਤੇ ਅੱਗੇ ਮੰਜ਼ਿਲ ਤੇ ਪਹੁੰਚਣ ਵਾਲਾ ਕੋਈ ਵਿਚਕਾਰ ਹੈ, ਕੋਈ ਪਿੱਛੇ, ਕੋਈ ਬਹੁਤ ਪਿੱਛੇ, ਪੱਥਰ ਸਭ ਤੋਂ ਪਿਛੇ ਯਾਤਰਾ ਵਿਚ ਹੈ, ਉਸ ਤੋਂ ਅੱਗੇ ਹੈ ਬਨਸਪਤੀ, ਉਸ ਤੋਂ ਅੱਗੇ ਨੇ ਪਸ਼ੂ ਪੰਛੀ, ਉਸ ਤੋਂ ਅੱਗੇ ਨੇ ਮਨੁੱਖ, ਫੇਰ ਮਨੁੱਖਾਂ ਤੋਂ ਅੱਗੇ ਹਨ ਦੇਵਤੇ ਤੇ ਦੇਵਤਿਆਂ ਤੋਂ ਅੱਗੇ ਹੈ ਪ੍ਰਮਾਤਮਾ। ਪ੍ਰਮਾਤਮਾ ਹੀ ਸਾਰਿਆਂ ਦੀ ਮੰਜ਼ਿਲ, ਪ੍ਰਮਾਤਮਾ ਹੀ ਸਾਰਿਆਂ ਦਾ ਘਰ ਹੈ, ਇਹ ਤਨ ਤੇ ਪ੍ਰਮਾਤਮਾ ਤੱਕ ਨਹੀਂ ਜਾ ਸਕੇਗਾ, ਕਿਉਂਕਿ ਪ੍ਰਮਾਤਮਾ ਨਿਰਾਕਾਰ ਹੈ, ਇਹ ਇਥੇ ਰਹਿ ਜਾਏਗਾ, ਮਨ ਜਾ ਸਕਦਾ ਨਿਰਾਕਾਰ ਵਿਚ ਨਿਰਾਕਾਰ ਵਿਚ ਲੀਨ ਹੋ ਸਕਦਾ ਹੈ। ਫੇਰ ਅਰਜ਼ ਕਰਾਂ ਜਦ ਜੋਤਿ ਵੀ ਜੋਤਿ ਹੋ ਗਏ, ਆਪਣੇ ਘਰ ਵਿਚ ਪਹੁੰਚ ਗਏ, ਗੁਰਬਾਣੀ ਕਹਿੰਦੀ

'ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥'

(ਪੰਨਾ ੪੫੧)

ਤੇ ਸਤਿਗੁਰੂ ਰਹਿਮਤ ਕਰਨ, ਬਖਸ਼ਿਸ਼ ਕਰਨ, ਘਰ ਦੀ ਸਾਨੂੰ ਪ੍ਰਾਪਤੀ ਹੋਵੇ, ਜਿਹਦੇ ਨਾਲ ਸਾਰੀ ਭਟਕਣਾ ਮਿਟ ਜਾਂਦੀ ਔਰ ਘਰ ਦੀ ਪ੍ਰਾਪਤੀ ਕਦੋਂ ਹੋਵੇਗੀ ਜਦ ਸੰਸਾਰ ਦੀ ਵਾਸ਼ਨਾ ਸਮਾਪਤ ਹੋ ਜਾਏਗੀ। ਵਾਸ਼ਨਾ ਦਾ ਬੱਧਾ ਹੋਇਆ ਜੰਮਦਾ ਹੈ ਮਰਦਾ ਹੈ, ਜੰਮਦਾ ਹੈ ਮਰਦਾ ਹੈ, ਫੇਰ ਮੈਂ ਅਰਜ਼ ਕਰਾਂ ਇਸ ਤਨ ਦੇ ਮਰਦਿਆਂ ਵਾਸ਼ਨਾ ਨਹੀਂ ਮਰ ਜਾਂਦੀ। ਜਦੋਂ ਵਾਸ਼ਨਾ ਮਰ ਜਾਂਦੀ ਹੈ ਤੇ ਮਨ ਆਪਣੇ ਘਰ ਚਲਾ ਜਾਂਦਾ ਹੈ, ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਗੁਰਬਾਣੀ ਆਵਾਜ਼ ਪਈ ਮਾਰਦੀ ਹੈ :

'ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥'

ਤੇਰਾ ਘਰ ਪ੍ਰਮਾਤਮਾ ਦਾ ਘਰ ਹੈ। ਬਹੁਤ ਅੱਛਾ ਪਰਿਵਾਰ ਮਿਲ ਗਿਆ, ਰਸਤੇ ਦਾ ਪੜਾਉ ਹੈ, ਬਹੁਤ ਅੱਛੀਆਂ ਮਹਿਲ ਮਾੜੀਆਂ ਰਹਿਣ ਨੂੰ ਮਿਲ ਗਈਆਂ, ਰਸਤੇ ਦਾ ਪੜਾਉ ਹੈ ਬਹੁਤ ਅੱਛਾ ਕਾਰੋਬਾਰ ਮਿਲ ਗਿਆ, ਰਸਤੇ ਦਾ ਪੜਾਉ ਹੈ ਬਹੁਤ ਸਾਰੀ ਧਨ ਸੰਪ੍ਰਦਾ

ਮਿਲ ਗਈ, ਰਸਤੇ ਦਾ ਪੜਾਉ ਹੈ ਅਜੇ ਯਾਤਰਾ ਵਿਚ ਹੈ, ਰਸਤੇ ਵਿਚ ਹੈ, ਪ੍ਰਮਾਤਮਾ ਮਿਲ ਗਿਆ ਘਰ ਤੱਕ ਪਹੁੰਚ ਗਿਆ, ਇਹ ਘਰ ਤੱਕ ਪਹੁੰਚ ਗਿਆ। ਜਿੰਨੇ ਚਿਰ ਤੱਕ ਘਰ ਨਹੀਂ ਪਹੁੰਚਿਆ ਇਸ ਪੜਾਉ ਵਿਚ ਸੁਖ ਨਹੀਂ ਮਿਲਣ ਲੱਗਾ, ਨਾ ਪਰਿਵਾਰ ਵਿਚ ਸੁਖ ਮਿਲੇਗਾ। ਵਿਆਕੁਲਤਾ ਚਿੰਤਾ ਉਤਨੀ ਵੱਧ ਜਾਏਗੀ –

'ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥' (ਪੰਨਾ ੧੮੮)

ਬੜੀ ਚਿੰਤਾ ਪਹਿਲੇ ਬਹੁਤ ਵੱਡੀ ਭਰਮਨਾ ਮਿਲ ਜਾਏ, ਮਿਲ ਜਾਏ ਤੇ ਹੁਣ ਚਿੰਤਾ ਕਿਧਰੇ ਚਲੀ ਨਾ ਜਾਏ। ਮੈਂ ਅਕਸਰ ਅਰਜ਼ ਕਰਦਾ ਹੁੰਦਾਂ ਪਤਾ ਚਿੰਤਾ ਕਿਸ ਗੱਲ ਦੀ ਹੁੰਦੀ ਹੈ ? ਚਿੰਤਾ ਦੇ ਦੋ ਕਾਰਨ ਨੇ, ਮੂਲ ਚਲੋ ਕਹਿ ਦੇਈਏ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕ ਦੀ ਮੈਂ ਵਿਆਖਿਆ ਕਰ ਦੇਵਾਂ–

'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥'

(ਪੰਨਾ ੧੪੨੯)

ਚਿੰਤਾ ਦੇ ਦੋ ਕਾਰਨ ਨੇ, ਕਿ ਪਹਿਲਾ ਕਮ–ਸੇ–ਕਮ ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ, ਅੰਦਰ ਚਿੰਤਾ ਬਣੀ ਰਹੀ, ਕਿਧਰੇ ਹੋ ਨਾ ਜਾਏ, ਇਹ ਪਹਿਲਾ ਹੋ ਨਾ ਜਾਏ, ਐਸਾ ਨਹੀਂ ਹੋਣਾ ਚਾਹੀਦਾ, ਕਿਧਰੇ ਹੋ ਨਾ ਜਾਏ, ਇਹ ਪਹਿਲਾ ਔਰ ਦੂਸਰਾ ਐਸਾ ਹੋਣਾ ਚਾਹੀਦਾ ਮੈਂ ਚਾਹੁੰਦਾ ਹਾਂ ਐਸਾ ਹੋਵੇ, ਮੇਰਾ ਉੱਦਮ ਹੈ ਮੇਰਾ ਪਰਸਾਰਤ ਹੈ ਐਸਾ ਹੋਵੇ ਐਸਾ ਹੋਣਾ ਚਾਹੀਦਾ ਹੈ ਪਰ ਅੰਦਰ ਚਿੰਤਾ ਬਣੀ ਹੋਈ ਮਤਾਂ ਨਾ ਹੋਵੇ ਨਾ ਹੋਵੇ ਇਹ ਚਿੰਤਾ ਦੇ ਦੋ ਕਾਰਨ। ਉਮੀਦ ਹੈ ਗੱਲ ਪਕੜ ਵਿਚ ਆਈ, ਚਲ ਇਕ ਦਫਾ ਮੈਂ ਫਿਰ ਦੁਹਰਾ ਦਿਆਂ ਕਮ– ਸੇ–ਕਮ ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ, ਪਰ ਅੰਦਰ ਚਿੰਤਾ ਬਣੀ ਰਹੀ ਕਿਧਰੇ ਹੋ ਨਾ ਜਾਏ, ਹੋ ਨਾ ਜਾਏ, ਕਬੀਰ ਕਹਿੰਦੇ ਨੇ–

'ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥' (ਪੰਨਾ ੧੩੭੩)

ਕਿਹੜੇ ਚੱਕਰਾਂ ਵਿਚ ਪਿਆ, ਜੋ ਪੜੋਸੀ ਨਾਲ ਹੋਇਆ ਤੇਰੇ ਨਾਲ ਵੀ ਹੋਣਾ ਹੈ। ਕਿਹੜੇ ਚੱਕਰਾਂ ਵਿਚ ਪਿਆ ਹੈਂ, ਦਿੱਲੀ ਵਿਚ ਲੰਗਰ ਛੱਕ ਰਹੇ ਸੀ ਭਾਈ ਸਾਹਿਬ ਭਾਈ ਕਲਿਆਣ ਸਿੰਘ ਉਹ ਨਾਲ ਸਨ ਬਜ਼ੁਰਗਵਾਰ ਬਹੁਤ ਬਜ਼ੁਰਗ ਹੋ ਗਏ। ਲੰਗਰ ਛਕਦਿਆਂ ਉਹਨਾਂ ਦੀ ਦਾੜ੍ਹ ਹੱਥ ਵਿਚ ਆ ਗਈ, ਗਿਰ ਗਏ। ਮੈਨੂੰ ਕਹਿਣ ਲੱਗੇ ਮੇਰੇ ਨਾਲ ਤੇ ਅਣਹੋਣੀ ਹੋ ਗਈ ਹੈ। ਮੈਂ ਕਿਹਾ ਅਣਹੋਣੀ ਨਹੀਂ ਹੋਈ ਇਹ ਸਾਰੇ ਦੰਦ ਗਿਰਣਗੇ, ਅਜੇ ਤੇ ਇਕੋ ਹੀ ਦਾੜ੍ਹ ਗਿਰੀ ਹੈ। ਕਿਹੜੇ ਚੱਕਰ ਵਿਚ ਪਏ ਹੋਏ ਹੋ, ਅਣਹੋਣੀ ਨਹੀਂ ਹੋਈ, ਹੋਣੀ ਹੋਈ ਹੈ ਜੋ ਹੁੰਦਾ ਹੈ ਉਹ ਹੁੰਦਾ ਹੈ, ਜੋ ਨਹੀਂ ਹੁੰਦਾ ਉਹ ਨਹੀਂ ਹੁੰਦਾ, ਇਹ ਤੇ ਹੋਣੀ ਹੋਈ ਹੈ। ਬੰਦਾ ਬੁੱਢਾ ਹੋ ਜਾਏ ਕਹਿੰਦਾ ਅਣਹੋਣੀ ਹੋਈ ਹੈ, ਚਲ ਨਹੀਂ ਸਕਦਾ, ਕੌਣ ਦੱਸੇ ਕਿ

ਹੋਣੀ ਹੋਈ ਹੈ, ਸਾਰੇ ਹੀ ਬੁੱਢੇ ਹੁੰਦੇ ਨੇ।

'ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥'

ਜੇ ਪੜੋਸੀ ਬੁੱਢਾ ਹੋਇਆ ਤਾਂ ਤੂੰ ਵੀ ਹੋਵੇਂਗਾ। ਜੇ ਪੜੋਸੀ ਦੀ ਅਰਥੀ ਨਿਕਲੀ ਹੈ ਤੇਰੀ ਵੀ ਨਿਕਲਣੀ ਹੈ। ਗੁਸਤਾਖੀ ਮਾਫ਼ *'ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥'* ਕਮ-ਸੇ-ਕਮ ਮੇਰੇ ਨਾਲ ਐਸ਼ਾ ਨਹੀਂ ਹੋਣਾ ਚਾਹੀਦਾ ਪਰ ਅੰਦਰ ਚਿੰਤਾ ਬਣੀ ਹੋਈ ਹੈ। ਕਿਧਰੇ ਹੋ ਨਾ ਜਾਵੇ ਹੋ ਨਾ ਜਾਵੇ। ਦੂਸਰਾ ਐਸਾ ਹੋਣਾ ਚਾਹੀਦਾ ਹੈ, ਮੈਂ ਚਾਹੁੰਦਾ ਹਾਂ ਐਸਾ ਹੋਣਾ ਚਾਹੀਦਾ ਹੈ। ਮੇਰੀ ਮਿਹਨਤ, ਮੇਰਾ ਉੱਦਮ, ਮੇਰਾ ਪੁਰਸ਼ਾਰਤ ਐਸਾ ਹੋਣਾ ਚਾਹੀਦਾ ਹੈ, ਪਰ ਅੰਦਰ ਚਿੰਤਾ ਬਣੀ ਹੋਈ, ਮਤਾਂ ਨਾ ਹੋਵੇ। ਗੁਰੂ ਤੇਗ ਬਹਾਦਰ ਸਾਹਿਬ ਸਲੋਕ ਵਿਚ ਜੋ ਕਹਿ ਰਹੇ ਨੇ ਅਣਹੋਣੀ ਕਿਸੇ ਨਾਲ ਨਹੀਂ ਹੁੰਦੀ, ਹੋਣੀ ਹੁੰਦੀ ਹੈ ਇਸ ਵਾਸਤੇ ਚਿੰਤਾ ਨਾ ਕਰ, ਜੋ ਹੁੰਦਾ ਉਹ ਹੁੰਦਾ ਹੈ, ਜੋ ਨਹੀਂ ਹੁੰਦਾ ਉਹ ਨਹੀਂ ਹੁੰਦਾ, 'ਚਿੰਤਾ ਤਾ ਕੀ ਕੀਜੀਏ' ਚਿੰਤਾ ਤਾਂ ਉਸ ਦੀ ਕਰਨੀ ਚਾਹੀਦੀ ਹੈ ਕਿਸ ਦੀ ਜੋ ਅਣਹੋਣੀ ਹੋਵੇ ਜੇਕਰ ਅਣਹੋਣੀ ਹੁੰਦੀ ਹੋਵੇ। ਸਤਿਗੁਰੂ ਇਸ ਸ਼ਬਦ ਵਿਚ ਇਹ ਕਹਿ ਰਹੇ ਨੇ ਅਣਹੋਣੀ ਕਿਸੇ ਨਾਲ ਨਹੀਂ ਹੁੰਦੀ, *'ਮਾਈ ਹੋਨਹਾਰ ਸੋ ਹੋਈਐ॥'* ਜੋ ਹੁੰਦਾ ਉਹ ਹੁੰਦਾ ਏ, ਜੋ ਨਹੀਂ ਹੁੰਦਾ ਉਹ ਨਹੀਂ ਹੁੰਦਾ ਤੇ ਮੈ ਅਰਜ਼ ਕਰਾਂ ਰਸਤੇ ਵਿਚ ਚੰਗਾ ਪਰਿਵਾਰ ਮਿਲ ਗਿਆ ਹੈ ਪੜਾਉ ਹੈ, ਕਾਰੋਬਾਰ ਮਿਲ ਗਿਆ ਪੜਾਉ ਹੈ, ਰਹਿਣ ਨੂੰ ਚੰਗੀਆਂ ਮਹਿਲ ਮਾੜੀਆਂ ਮਿਲ ਗਈਆਂ ਪੜਾਉ ਹੈ, ਮਾਣ ਮਰਿਆਦਾ ਮਿਲ ਗਈ ਹੈ ਇੱਜ਼ਤ ਮਿਲ ਗਈ ਹੈ, ਰਸਤੇ ਦਾ ਪੜਾਉ ਹੈ, ਬਹੁਤ ਧਨ ਸੰਪਦਾ ਮਿਲ ਗਈ ਹੈ ਪੜਾਉ ਹੈ, ਪ੍ਰਮਾਤਮਾ ਮਿਲ ਗਿਆ, ਘਰ ਮਿਲ ਗਿਆ। ਟਿਕਾਣੇ ਤੇ ਪਹੁੰਚ ਗਏ :

'ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥' (ਪੰਨਾ ੪੫੧)

ਤੇ ਸਾਰਿਆਂ ਦਾ ਘਰ ਇਕ ਪ੍ਰਮਾਤਮਾ ਹੈ - *ਮੁਕਾਮੁ ਓਹੀ ਸਾਰਿਆਂ ਦਾ, 'ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬਗੋਇ॥'* ਜਿਹੜੇ ਮੁਕਾਮੁ ਵਿਚ ਪਹੁੰਚ ਜਾਂਦੇ ਨੇ ਫਿਰ ਅਸੀਂ ਉਹਨਾਂ ਨੂੰ ਯਾਦ ਕਰਦੇ ਹਾਂ, ਉਹਨਾਂ ਦਾ ਸਿਮਰਨ ਕਰਦੇ ਹਾਂ, ਉਹਨਾਂ ਦੇ ਬੋਲਾਂ ਨੂੰ ਯਾਦ ਕਰਦੇ ਹਾਂ, ਉਹਨਾਂ ਦੀਆਂ ਕਥਾਵਾਂ ਕਹਾਣੀਆਂ ਸੁਣਦੇ ਹਾਂ, ਸੁਣਾਉਂਦੇ ਹਾਂ। ਕਬੀਰ ਮੁਕਾਮੁ ਤੇ ਪਹੁੰਚ ਗਏ, ਰਵਿਦਾਸ ਵੀ ਪਹੁੰਚ ਗਏ, ਸਦਨਾ ਸੈਣ ਵੀ ਪਹੁੰਚ ਗਏ, ਬਾਬਾ ਫਰੀਦ ਵੀ ਪਹੁੰਚ ਗਏ, ਇਸ ਕਰਕੇ ਇਹਨਾਂ ਦੇ ਬੋਲਾਂ ਨੂੰ ਅਸੀਂ ਮੱਥਾ ਟੇਕਦੇ ਹਾਂ, ਸ਼ਰਧਾ ਨਾਲ ਯਾਦ ਕਰਦੇ ਹਾਂ ਕਿ ਇਹ ਤੇ ਪਹੁੰਚ ਗਏ, ਅਸੀਂ ਰਸਤੇ ਵਿਚ ਹੀ ਰਹਿ ਗਏ, ਅੱਗੇ ਵਾਲਿਆਂ ਨੂੰ ਦੇਖਾਂਗੇ ਤੇ ਕੁਝ ਤੜਪ ਪੈਦਾ ਹੋਵੇਗੀ। ਇਕ ਹੋਰ ਕੀਮਤੀ ਨੁਕਤਾ ਵੀ ਚੇਤੇ ਰੱਖ ਲੈਣਾ, ਜਦ ਵੀ ਧਰਮ ਵੇਖਣਾ ਹੋਵੇ ਧਰਮ ਆਪਣੇ ਤੋਂ ਅੱਗੇ ਦਾ ਦੇਖੋ, ਧਨ ਵੇਖਣਾ ਹੋਵੇ ਆਪਣੇ ਤੋਂ ਪਿਛੇ ਦਾ ਦੇਖੋ, ਜਦ ਵੀ ਧਨ ਵੇਖਣਾ ਹੋਵੇ ਤਾਂ ਜੋ ਸਾਡੇ ਤੋਂ ਪਿੱਛੋਂ ਹੈ ਅਸੀਂ

ਕਰੋੜਪਤੀ ਹਾਂ, ਉਸ ਦੇ ਕੋਲ ਹਜ਼ਾਰਾਂ ਵੀ ਕੋਈ ਨਹੀਂ, ਸਾਡੇ ਕੋਲ ਦੋ ਮਕਾਨ ਨੇ, ਉਸ ਦੇ ਕੋਲ ਇਕ ਕਮਰੇ ਦਾ ਮਕਾਨ ਵੀ ਕੋਈ ਨਹੀਂ, ਕਿਰਾਏ ਤੇ ਰਹਿੰਦਾ ਹੈ ਵਿਚਾਰਾ, ਧਨ ਵੇਖਣਾ ਤਾਂ ਸਦਾ ਉਸਦਾ ਵੇਖੋ ਜੋ ਆਪਣੇ ਤੋਂ ਪਿੱਛੇ ਹੈ, ਸਬਰ ਸੰਤੋਖ ਪੈਦਾ ਹੋਵੇ। ਧਰਮ ਵੇਖਣਾ ਤੇ ਆਪਣੇ ਤੋਂ ਅੱਗੇ ਦਾ ਵੇਖੋ। ਮੈਂ ਕਦੀ-ਕਦੀ ਗੁਰਦੁਆਰੇ ਜਾਂਦਾ ਹਾਂ। ਉਹ ਰੋਜ਼ ਜਾਂਦਾ ਹੈ ਮੈਂ ਕਦੀ-ਕਦੀ ਨਿਤਨੇਮ ਕਰਦਾਂ ਉਹ ਰੋਜ਼ ਕਰਦਾ ਹੈ, ਮੈਂ ਕਦੀ-ਕਦੀ ਅੰਮ੍ਰਿਤ ਵੇਲੇ ਉੱਠਦਾਂ, ਉਹ ਰੋਜ਼ ਉੱਠਦਾ ਹੈ, ਮੈਂ ਕਦੀ-ਕਦੀ ਜਪ ਕਰਦਾਂ, ਉਹ ਰੋਜ਼ ਕਰਦਾ ਹੈ, ਧਰਮ ਵੇਖਣਾ ਏ ਉਹਨਾਂ ਦਾ ਵੇਖੋ ਜੋ ਆਪਣੇ ਤੋਂ ਅੱਗੇ ਨੇ। ਧਨ ਵੇਖਣਾ ਉਹਨਾਂ ਦਾ ਵੇਖੋ ਜੋ ਆਪਣੇ ਤੋਂ ਪਿਛੇ ਨੇ। ਪਰ ਬੰਦੇ ਕਰਦੇ ਕੀ ਨੇ ? ਧਰਮ ਜਦ ਵੇਖਣਾ ਤਾਂ ਉਹਨਾਂ ਦਾ ਦੇਖਦੇ ਨੇ ਜੋ ਆਪਣੇ ਤੋਂ ਪਿੱਛੇ ਨੇ, ਉਹਨੇ ਕਿਹੜਾ ਅੰਮ੍ਰਿਤ ਛਕਿਆ ਹੈ ਜੋ ਮੈਂ ਛੱਕ ਲਵਾਂ, ਉਹਨੇ ਕਿਹੜੀ ਰਹਿਤ-ਬਹਿਤ ਰੱਖੀ ਹੋਈ ਹੈ ਜੋ ਮੈਂ ਰੱਖ ਲਵਾਂ, ਉਹ ਕਿਹੜਾ ਗੁਰਦੁਆਰੇ ਰੋਜ਼ ਜਾਂਦਾ ਜੋ ਮੈਂ ਜਾਵਾਂ, ਉਹ ਕਿਹੜਾ ਨਿਤਨੇਮ ਰੋਜ਼ ਕਰਦਾ ਹੈ ਜੋ ਮੈਂ ਕਰਾਂ, ਧਰਮ ਲੋਕੀਂ ਵੇਖਦੇ ਨੇ ਉਹਨਾਂ ਦਾ, ਜੋ ਆਪਣੇ ਤੋਂ ਪਿੱਛੇ ਨੇ ਤੇ ਧਨ ਦੇਖਦੇ ਨੇ ਉਹਨਾਂ ਦਾ ਜੋ ਆਪਣੇ ਤੋਂ ਅੱਗੇ ਨੇ। ਤੇ ਹੁੰਦਾ ਕੀ ਅੰਦਰ ਤ੍ਰਿਸ਼ਨਾ ਪੈਦਾ ਹੋ ਜਾਂਦੀ ਹੈ, ਧਰਮ ਵੇਖਦੇ ਉਹਨਾਂ ਦਾ ਜੋ ਆਪਣੇ ਤੋਂ ਪਿੱਛੇ ਨੇ ਤੇ ਪਿੱਛੇ ਵੇਖਣ ਕਰਕੇ ਧਰਮ ਤੋਂ ਪੱਛੜ ਜਾਂਦੇ ਨੇ, ਧਨ ਵੀ ਅੱਗੇ ਨੂੰ ਵੇਖਣ ਕਰਕੇ ਤ੍ਰਿਸ਼ਨਾ ਵੱਧ ਜਾਂਦੀ ਹੈ, ਅਸੰਤੁਸ਼ਟੀ ਵੱਧ ਜਾਂਦੀ ਹੈ, ਜ਼ਿੰਦਗੀ ਡਗਮਗਾ ਜਾਂਦੀ ਹੈ, ਦੁੱਖ ਨਾਲ ਜੋ ਹੈ ਭਰ ਜਾਂਦੀ ਹੈ। ਸਤਿਗੁਰੂ ਰਹਿਮਤ ਕਰੇ, ਬਖਸ਼ਿਸ਼ ਕਰਨ ਕਬੀਰ ਨੂੰ ਵੇਖੀਏ, ਸਦਨੇ ਸੈਣ ਨੂੰ ਵੇਖੀਏ, ਸਾਥੋਂ ਅੱਗੇ ਨੇ, ਉਹਨਾਂ ਗੁਰਮੁਖਾਂ ਨੂੰ ਵੇਖੀਏ ਜੋ ਰੰਗ ਰਤੜੇ ਨੇ, ਅਸੀਂ ਅਰਦਾਸ ਵਿਚ ਇਹ ਸ਼ਬਦ ਐਡ ਕੀਤੇ ਹੋਏ ਨੇ 'ਸੇਈ ਸੰਤ ਗੁਰਮੁਖ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੈ' ਤੂੰ ਚੇਤੇ ਆਵੇਂ, ਤੇ ਸਤਿਗੁਰ ਸਾਰਿਆਂ ਦੇ ਚਿੱਤ ਵਿਚ ਆਪਣਾ ਨਾਮ ਵਸਾਣ, ਸਾਰਿਆਂ ਦੀ ਜੀਵਨ ਯਾਤਰਾ ਸਫਲ ਹੋਵੇ। ਇਤਨੀ ਸੇਵਾ ਇਸ ਵਕਤ ਪ੍ਰਵਾਨ ਕਰਨੀ, ਵਾਰ-ਵਾਰ ਸਾਰਿਆਂ ਦਾ ਧੰਨਵਾਦ, ਭੁੱਲ ਚੁੱਕ ਦੀ ਛਿਮਾਂ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਭਾਗ ੧

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥

(ਪੰਨਾ ੧੨੫੪)

ਸਿਰੀਰਾਗੁ ਮਹਲਾ ੧॥

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥ ੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

(ਪੰਨਾ ੧੬)

ਜ਼ਿੰਦਗੀ ਦਾ ਲਕਸ਼ ਅਸੀਂ ਅਗਰ ਲੱਭੀਏ, ਆਮ ਦੁਨੀਆਂ ਵੀ ਮਨੁੱਖ ਦਾ ਆਮ ਸੰਸਾਰੀ ਇਨਸਾਨ ਦਾ ਲਕਸ਼ ਕੀ ਹੈ ? ਮਨੁੱਖ ਕਿਉਂ ਜੀਅ ਰਿਹਾ ਹੈ ? ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਦੁਨਿਆਵੀ ਮਨੁੱਖ ਦੇ ਲਕਸ਼ ਦਾ ਇਸ ਪਾਵਨ ਪਵਿੱਤਰ ਵਾਕ ਦੇ ਵਿਚ ਬੜਾ ਸੁੰਦਰ ਚਿਤਰਨ ਕੀਤਾ ਹੈ। ਤਸਵੀ ਲਕਸੀ ਕੀਤੀ ਹੈ। ਆਪ ਫੁਰਮਾਣ ਕਰਦੇ ਨੇ ਦੁਨਿਆਵੀ ਮਨੁੱਖ ਸੰਸਾਰੀ ਮਨੁੱਖ ਆਮ ਇਨਸਾਨ ਆਦਿ ਆਦਮੀ ਖਾਣ ਲਈ ਜੀਅ ਰਿਹਾ ਹੈ, ਪੀਣ ਲਈ ਜੀਅ ਰਿਹਾ ਹੈ, ਪਹਿਨਣ ਲਈ ਜੀਅ ਰਿਹਾ ਹੈ, ਮਨੋਰੰਜਨ ਲਈ ਜੀਅ ਰਿਹਾ ਹੈਂ, ਪਰਿਵਾਰ ਲਈ ਜੀਅ ਰਿਹਾ ਹੈ, ਪਰਿਵਾਰਿਕ ਖ਼ੁਸ਼ੀਆਂ ਲਈ ਜੀਅ ਰਿਹਾ ਹੈ ਔਰ ਫੇਰ ਜੀਅ ਰਿਹਾ ਸੌਣ ਲਈ ਨੀਂਦ। ਜੀਵਨ ਦਾ ਆਖਰ ਲਕਸ਼ ਕੀ ਹੈ ! ਇਸ ਤੋਂ ਬਿਨਾਂ ਹੋਰ ਕੁਝ ਲੱਭਣਾ ਵੀ ਨਹੀਂ, ਖਾਣਾ, ਪੀਣਾ, ਪਹਿਨਣਾ ਜ਼ਿੰਦਗੀ ਦੇ ਵਿਚੋਂ ਕੱਢ ਦੇਈਏ, ਮਨੋਰੰਜਨ ਦਾ ਸਾਰਾ ਸਾਮਾਨ ਇਕ ਪਾਸੇ ਕਰ ਦੇਈਏ, ਪਰਵਾਰਿਕ ਖ਼ੁਸ਼ੀਆਂ ਨੂੰ ਬੁਲਾਏ ਤਾਕ ਤੇ ਰੱਖ ਦੇਈਏ ਤੇ ਨੀਂਦ ਨੂੰ ਵੀ ਇਕ ਪਾਸੇ ਰੱਖ ਦੇਈਏ ਸ਼ਾਇਦ ਮਨੁੱਖ ਅੱਜ ਹੀ ਖ਼ੁਦਕਸ਼ੀ ਕਰ ਲਏ, ਆਤਮ-ਹੱਤਿਆ ਵੀ ਸੋਚੇ, ਫੇਰ ਮੈਂ ਜੀਵਾਂ ਹੀ ਕਿਉਂ, ਕਿਸ ਲਈ ਜੀਵਾਂ ? ਜਿਉਣਾ ਆਮ ਦੁਨਿਆਵੀ ਮਨੁੱਖ ਦਾ ਵਾਸ ਇਸੇ ਲਈ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਜ਼ਿੰਦਗੀ ਦੇ ਵਿਚ ਇਹਨਾਂ ਤਮਾਮ ਵਸਤੂਆਂ ਦੀ ਪ੍ਰਧਾਨਤਾ ਨਹੀਂ ਸੀ। ਨਾ ਖਾਣ ਦੀ, ਨਾ ਪੀਣ ਦੀ, ਨਾ ਪਹਿਨਣ ਦੀ,

ਪਰਿਵਾਰਿਕ ਕਸ਼ਿਸ਼ ਵੀ ਨਹੀਂ ਸੀ, ਘਰੋਂ ਨਿਕਲੇ ਬਾਰਾਂ-ਬਾਰਾਂ ਸਾਲ ਦੀ ਉਦਾਸੀ ਜੰਗਲ ਦੇ ਰੁੱਖਾਂ ਦੇ ਥੱਲੇ ਹੋਰ ਮਨੋਰੰਜਨ ਵੀ ਕੀ ਹੋ ਸਕਦਾ ਸੀ ? ਇੰਝ ਕਹਿ ਲਉ ਸਾਰੇ ਮਨੋਰੰਜਨ ਨੂੰ ਬਲਾਏ ਤਾਕ ਤੇ ਰੱਖਿਆ, ਕਿਤੇ ਮਾਰੂਥਲ ਦਾ ਪੈਂਡਾ, ਕਿਤੇ ਪਹਾੜਾਂ ਤੇ ਜੋਗੀਆਂ ਦੇ ਕੋਲ, ਕਿਤੇ ਤਨਹਾ ਬੀਆਬਾਨ ਜੰਗਲਾਂ ਦੇ ਵਿਚ ਰੁੱਖਾਂ ਦੇ ਥੱਲੇ ਵਾਸਾ, ਜਿਸ ਨੂੰ ਆਮ ਦੁਨਿਆਵੀ ਮਨੁੱਖ ਮਨੋਰੰਜਨ ਕਹਿੰਦਾ ਹੈ, ਇਹ ਤੇ ਗੁਰੂ ਨਾਨਕ ਜੀ ਦੇ ਨੇੜੇ ਹੀ ਨਹੀਂ ਗਏ। ਪਰਿਵਾਰਿਕ ਖੁਸ਼ੀਆਂ ਤੇ ਨੀਂਦ ਇਸ ਸਭ ਕੁਝ ਨੂੰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਲਾਏ ਤਾਕ ਤੇ ਰੱਖ ਕੇ ਦੱਸ ਦਿੱਤਾ ਜੀਵਨ ਦਾ ਲਕਸ਼ ਇਹ ਨਹੀਂ ਹੈ, ਜ਼ਿੰਦਗੀ ਦਾ ਮਨੋਰਥ ਸਿਰਫ ਇਹ ਨਹੀਂ ਹੈ, ਕੁਝ ਹੋਰ ਵੀ ਹੈ। ਇਹ ਠੀਕ ਹੈ ਕਿ ਸਭ ਕੁਝ ਤੋਂ ਬਿਨਾਂ ਜੀਵਣਾ ਵੀ ਬੜਾ ਔਖਾ ਹੈ, ਪਰ ਇਸ ਸਭ ਕੁਝ ਵਾਸਤੇ ਵੀ ਜਿਉਣਾ ਵੀ ਜੀਵਣਾ ਨਹੀਂ, ਇਹ ਜ਼ਿੰਦਗੀ ਵੀ ਕੋਈ ਜ਼ਿੰਦਗੀ ਨਹੀਂ। ਪਾਵਨ ਪਵਿੱਤਰ ਸ੍ਰੀ ਰਾਗ ਦਾ ਇਹ ਵਾਕ ਇਸ ਵਿਚ ਚਾਰ ਪਹਿਰੇ ਨੇ, ਇੰਝ ਕਹਿ ਲਉ ਚਾਰ ਪੱਖਾਂ ਨੇ, ਜੀਵਨ ਇਹਨਾਂ ਚਾਰਾਂ ਲਈ ਹੀ ਬਤੀਤ ਹੋ ਰਿਹਾ। ਪ੍ਰਥਮ ਖਾਣਾ ਹੈ ਔਰ ਖਾਣਾ ਦੁਨਿਆਵੀ ਮਨੁੱਖ ਦੀ ਸਿਰਫ ਸਰੀਰਕ ਲੋੜ ਨਹੀਂ, ਮਨ ਦੀ ਸੋਚਣੀ ਹੈ, ਮਨ ਦਾ ਚਿਤਰਨ ਹੈ, ਵਿਚਾਰਾਂ ਵਿਚ ਖਾਣਾ ਸੋਚਣੀ ਵਿਚ ਭੋਜਨ ਹੈ, ਉਠਦਾ ਬੈਠਦਾ ਪਿਆ ਯਾਦ ਭੋਜਨ ਦੀ ਚੱਲ ਰਹੀ ਹੈ, ਖਾਣ ਦੀ ਚੱਲ ਰਹੀ ਹੈ। ਲੋੜ ਹੈ ਜਾਂ ਨਹੀਂ ਸਵੇਰ ਤੋਂ ਸ਼ਾਮ ਤੱਕ ਚਿੰਤਨ ਇਸੇ ਦਾ ਹੀ ਚੱਲਦਾ ਹੈ ਔਰ ਚਿੰਤਨ ਕਰ ਕਰਕੇ ਜਦ ਮਨੁੱਖ ਥੱਕ ਗਏ, ਫਿਰ ਪਹਿਨਣ ਦੀ ਸੋਚਣੀ ਹੈ ਤੇ ਪਹਿਨਣ ਦੀ ਵਿਅਕਤੀ ਪੂਰਤੀ ਤੋਂ ਬਾਅਦ ਮਨੋਰੰਜਨ ਚਾਹੀਦਾ, ਕੋਈ ਨਾ ਕੋਈ ਦੁਨਿਆਵੀ ਮਨੋਰੰਜਨ ਜਿਸ ਨਾਲ ਮਨ ਪਰਚੇ ਔਰ ਫੇਰ ਪਰਿਵਾਰਿਕ ਖੁਸ਼ੀਆਂ ਚਾਹੀਦੀਆਂ ਨੇ, ਪਰਿਵਾਰਿਕ ਸਹਿਮਤੀ ਚਾਹੀਦੀ ਹੈ ਔਰ ਪਰਿਵਾਰ ਵਿਚ ਆਪਣਾ ਹੋਣਾ ਇੰਝ ਸਮਝੇ ਜੈਸੇ ਪਰਿਵਾਰ ਦੀ ਲੋੜ ਹੈ ਔਰ ਪਰਿਵਾਰ ਦੀਆਂ ਖੁਸ਼ੀਆਂ ਮੇਰੇ ਨਾਲ ਸੰਬੰਧਿਤ ਨੇ ਔਰ ਫਿਰ ਇਹ ਸਭ ਕੁਝ ਨੂੰ ਹੰਢਾਉਂਦਾ ਭੋਗਦਾ ਹੋਇਆ ਮਨੁੱਖ ਚਾਹੁੰਦਾ ਹੈ ਮੈਂ ਹੁਣ ਸੌਂ ਜਾਵਾਂ, ਹੁਣ ਮੈਨੂੰ ਚੰਗੀ ਨੀਂਦ ਆਵੇ, ਹੁਣ ਮੈਨੂੰ ਗੂੜ੍ਹੀ ਨੀਂਦ ਆਵੇ, ਵਾਕੇ ਸਭ ਕੁਝ ਮਨੁੱਖ ਦੀ ਜ਼ਿੰਦਗੀ ਵਿਚੋਂ ਕੱਢ ਦੇਈਏ ਤਾਂ ਆਮ ਦੁਨੀਆਂਦਾਰ ਮਨੁੱਖ ਦੀ ਜ਼ਿੰਦਗੀ ਵਿਚ ਕੁਝ ਰਹਿ ਵੀ ਨਹੀਂ ਜਾਂਦਾ, ਕੁਝ ਬਚਦਾ ਵੀ ਨਹੀਂ। ਇਸ ਸਭ ਕੁਝ ਦੀ ਕਸ਼ਿਸ਼ ਨਾ ਦੇਖ ਕੇ ਮਾਤਾ ਤ੍ਰਿਪਤਾ ਜੀ ਨੇ ਇਕ ਦਿਨ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਸਾਫ ਕਹਿ ਦਿੱਤਾ ਐ ਮੇਰੇ ਪੁੱਤਰ ਨਾਨਕ ! ਜੇ ਤੁਸੀਂ ਕਿਧਰੇ ਘਰ ਰਹੋ ਤਾਂ ਮੈਂ ਸੋਹਣੇ ਸੋਹਣੇ ਪਕਵਾਨ ਬਣਾ ਕੇ ਤੁਹਾਨੂੰ ਖਵਾਵਾਂ ਔਰ ਤੁਹਾਨੂੰ ਖਾਂਦਿਆਂ ਹੋਇਆਂ ਦੇਖ ਕੇ ਮੈਨੂੰ ਖੁਸ਼ੀ ਹੋਵੇ, ਮੈਨੂੰ ਪ੍ਰਸੰਨਤਾ ਹੋਵੇ, ਸਿਰਫ ਖਾਣ ਦੀ ਗੱਲ ਹੀ ਕਿਉਂ ਮੈਂ ਕੀਮਤੀ ਤੋਂ ਕੀਮਤੀ ਕਪੜੇ ਲਿਆਵਾਂ ਔਰ ਖੁਦ ਸਿਲਾ ਕੇ ਤੁਹਾਨੂੰ ਪਹਿਨਾਵਾਂ, ਸਿਰਫ ਇਤਨਾ ਹੀ ਕਿਉਂ ਸੁੰਦਰ ਘੋੜੀ ਉਹਦੇ ਉਤੇ ਮੈਂ ਚਾਂਦੀ ਦੀ ਕਾਠੀ ਚੜ੍ਹਾਵਾਂ, ਅਸਵਾਰੀ ਲਈ ਹੋਰ ਤਰ੍ਹਾਂ ਦੇ ਮਨੋਰੰਜਨ ਦੇ ਸਾਧਨ ਤਰ੍ਹਾਂ-ਤਰ੍ਹਾਂ ਦੇ ਤੁਹਾਡੇ ਲਈ ਮੁਹੱਈਆ ਕਰਾਂ, ਫਿਰ ਇਹ ਤੁਹਾਡਾ ਪਰਿਵਾਰ ਪਰਿਵਾਰਿਕ ਖੁਸ਼ੀਆਂ

ਮਾਣੋਂ, ਫੇਰ ਸੁਖ ਦੀ ਨੀਂਦ ਸੌਵਾਂ।

ਇਹ ਉਸ ਨੂੰ ਆਖਿਆ ਜਾ ਰਿਹਾ ਹੈ ਜੋ ਹਰ ਵਕਤ ਸੁਖ ਦੀ ਨੀਂਦ ਵਿਚ ਹੈ, ਹਰ ਵਕਤ ਅਨੰਦ ਦੀ ਸੇਜਾ ਤੇ ਹੈ। ਹਰ ਵਕਤ ਖੇੜੇ ਤੇ ਖੁਸ਼ੀਆਂ ਦੇ ਮਾਹੌਲ ਵਿਚ ਜੀਅ ਰਿਹਾ ਹੈ ਔਰ ਜਿਸ ਨੂੰ ਕਹਿੰਦੇ ਬ੍ਰਹਮਾਨੰਦ। ਜੋ ਹਰ ਵਕਤ ਬ੍ਰਹਮਾ ਦੇ ਨੰਦ ਦੇ ਮਾਹੌਲ ਵਿਚ ਜੀਅ ਰਿਹਾ ਹੈ। ਇਹ ਸਾਰਾ ਸਲਾਹ ਮਸ਼ਵਰਾ ਉਸ ਨੂੰ ਦਿੱਤਾ ਜਾ ਰਿਹਾ ਹੈ। ਅਕਸਰ ਐਸਾ ਹੋਇਆ ਕਿ ਜਦ ਕਿਸੇ ਮਨੁੱਖ ਦੀ ਸਿਖਰ ਤੇ ਪਹੁੰਚੀ ਹੈ ਸੁਰਤ, ਤੇ ਸਿਖਰ ਤੇ ਪਹੁੰਚ ਕੇ ਜੋ ਕੁਝ ਉਹ ਬੋਲਿਆ ਹੈ ਉਹ ਦੁਨੀਆਂਦਾਰ ਦੇ ਕੰਨਾਂ ਤੱਕ ਨਹੀਂ ਪਹੁੰਚਿਆ। ਥੱਲੇ ਖੱਡ ਵਿਚ ਖੜੇ ਹੋਏ ਮਨੁੱਖ ਨੇ ਜੋ ਕੁਝ ਆਖਿਆ ਉਹਨੂੰ ਅਣਸੁਣਿਆ ਕੀਤਾ ਹੈ, ਉਸਨੇ ਜੋ ਸਿਖਰ ਤੇ ਖੜਾ ਹੈ, ਜੋ ਬੁਲੰਦੀਆਂ ਤੇ ਖੜਾ ਹੈ, ਜੋ ਤਾਲਮੇਲ ਨਹੀਂ ਬੈਠੇ ਬਹੁਤ ਸਾਰੇ ਅਵਤਾਰੀ ਪੁਰਸ਼ਾਂ ਦਾ ਸੰਸਾਰ ਵਿਚ ਆਗਮਨ ਅਜਾਈਂ ਚਲਾ ਗਿਆ, ਅਕਾਰਥ ਚਲਾ ਗਿਆ। ਉਹ ਇਤਨੀ ਸਿਖਰ ਤੋਂ ਬੋਲੇ, ਇਤਨੀ ਬੁਲੰਦੀ ਤੋਂ ਬੋਲੇ ਜੋ ਥੱਲੇ ਖੱਡ ਵਿਚ ਖੜਾ ਸੀ ਉਸ ਨੇ ਸੁਣਿਆ ਹੀ ਨਹੀਂ, ਉਹਦੇ ਸਿਰ ਦੇ ਉਪਰੋਂ ਲੰਘਿਆ ਉਸ ਦਾ ਤਾਲਮੇਲ ਹੀ ਨਾ ਬੈਠਾ। ਉਹਨੇ ਸ਼ਾਇਦ ਐਵੀਂ ਕੋਈ ਗੂੰਜਦੀ ਹੋਈ ਆਵਾਜ਼ ਮਹਿਸੂਸ ਕਰ ਲਈ, ਖਾਸ ਨਹੀਂ ਹੈ ਔਰ ਜੋ ਖੱਡ ਵਿਚ ਬੈਠ ਕੇ ਖੱਡ ਭਰੇ ਬੋਲ ਬੋਲਦਾ ਰਿਹਾ, ਉਹਦੇ ਬੋਲ ਵਿਚ ਵੀ ਖੱਡ ਸੀ, ਜਿਥੇ ਉਸ ਦਾ ਤਨ ਖੱਡ ਵਿਚ ਖੜਾ ਹੈ ਉਸ ਦੀ ਬੋਲਨੀ ਵੀ ਖੱਡ-ਨੁਮਾ ਸੀ, ਬੋਲ ਵੀ ਬੜੇ ਨੀਵੇਂ, ਬੋਲ ਵੀ ਬਿਲਕੁਲ ਖੱਡ ਔਰ ਉਹਨਾਂ ਬੋਲਾਂ ਨੂੰ ਕੋਈ ਮੰਨ ਲਵੇ ਤੇ ਇੰਝ ਹੈ ਜ਼ਿੰਦਗੀ ਨੂੰ ਕਿਸੇ ਖੱਡ ਵਿਚ ਗਿਰਾਣਾ ਹੋਵੇ, ਕਿਸੇ ਖੱਡੇ ਤੋਂ ਸੁੱਟਣਾ ਹੋਵੇ ਤੇ ਇਸ ਤਰ੍ਹਾਂ ਦੇ ਬੋਲਾਂ ਨੂੰ ਪਰਮ ਪੁਰਖਾਂ ਨੇ ਅਣਸੁਣਾ ਕਰ ਦਿੱਤਾ। ਇਹ ਵਾਂਝੀ ਰਹਿ ਗਈ ਇਹ ਦੁਨੀਆਂ ਉਸ ਮਹਾਨ ਬੋਲਾਂ ਤੋਂ ਔਰ ਇਸ ਤਰ੍ਹਾਂ ਜਗਤ ਦਾ ਪੂਰਨ ਤੌਰ ਤੇ ਕਲਿਆਣ ਅੱਜ ਤੱਕ ਨਹੀਂ ਹੋ ਸਕਿਆ। ਨਹੀਂ ਤਾਂ ਇਤਨੇ ਮਹਾਂਪੁਰਸ਼ ਆਏ, ਇਤਨੇ ਅਵਤਾਰ ਆਏ, ਲਕਸ਼ ਤੇ ਉਨ੍ਹਾਂ ਦਾ ਇਹ ਸੀ ਕਲਿਆਣ ਕਰਨਾ ਹੈ, ਕਲਿਆਣ ਕਰਨਾ ਹੈ। ਖੱਡ ਵਿਚ ਜ਼ਿੰਦਗੀ ਬਿਤਾਉਣ ਵਾਲਾ ਮਨੁੱਖ ਖੱਡ ਨਾਲ ਹੀ ਮੋਹ ਪਾ ਬੈਠਾ ਸੀ, ਗਹਿਰੇ ਟੋਇਆਂ ਵਿਚ ਹੀ ਜੀਵਨ ਦਾ ਆਦੀ ਹੋ ਚੁਕਿਆ ਸੀ। ਉਹਦੇ ਸਿਖਰਾਂ ਨੂੰ ਛੂਹਣਾ ਹੀ ਔਰ ਸਿਖਰਾਂ ਤੱਕ ਪਹੁੰਚਣਾ ਹੀ ਇਹ ਸੁਪਨਾ ਹੀ ਮੰਨ ਲਿਆ, ਹਕੀਕਤ ਨਹੀਂ ਹੋ ਸਕਦਾ, ਇਹ ਵਾਸਤਵਿਕ ਨਹੀਂ ਹੋ ਸਕਦਾ, ਵੈਸੇ ਸੋਚਣਾ ਹੀ ਬੰਦ ਕਰ ਦਿੱਤਾ।

ਮਾਤਾ ਤ੍ਰਿਪਤਾ ਜੀ ਨੇ ਜਦ ਆਖਿਆ ਲਾਲ ਜੀ ਕਿਤਨੇ ਤਰ੍ਹਾਂ-ਤਰ੍ਹਾਂ ਦੇ ਪਦਾਰਥ ਹਨ, ਮੈਂ ਬਣਾਵਾਂ ਤੁਸੀਂ ਖਾਉ, ਮੈਨੂੰ ਖੁਸ਼ੀ ਹੋਵੇ, ਤੁਸੀਂ ਅਨੰਦ ਮਾਣੋਂ, ਤੇ ਸਤਿਗੁਰੂ ਕਹਿੰਦੇ ਮਾਤਾ ਜੀ ਫੇਰ ਤੁਹਾਨੂੰ ਅਨੰਦ ਹੀ ਮਾਣਨਾ ਚਾਹੀਦਾ ਹੈ, ਐਸਾ ਕਿਹੜਾ ਪਦਾਰਥ ਹੈ ਜੋ ਮੈਂ ਨਹੀਂ ਛਕਦਾ। ਤ੍ਰਿਪਤਾ ਜੀ ਕਹਿਣ ਲੱਗੇ ਮੈਂ ਤੇ ਮਰਦਾਨੇ ਕੋਲੋਂ ਸੁਣਿਆ ਕਈ ਕਈ ਦਿਨ ਬਾਹਰ ਭੋਜਨ ਨਸੀਬ ਨਹੀਂ ਹੁੰਦਾ, ਕਈ ਕਈ ਦਿਨ ਬਿਨਾਂ ਖਾਣਿਆਂ ਤੋਂ ਲੰਘ ਜਾਂਦੇ ਨੇ,

ਔਰ ਖਾਣਾ ਪਹਿਲੇ ਖਾਣਾ ਅੱਵਲ ਹੈ। ਇਤਨੀ ਗੱਲ ਸਪੱਸ਼ਟ ਹੈ ਕਿ ਚਾਰ ਦਿਨਾਂ ਦਾ ਜੋ ਭੁੱਖਾ ਮਨੁੱਖ ਹੈ ਉਸ ਦਾ ਮਨੋਰੰਜਨ ਨਾਲ ਸੰਬੰਧ ਟੁੱਟ ਜਾਏਗਾ, ਪਰਿਵਾਰਿਕ ਖੁਸ਼ੀਆਂ ਨਾਲੋਂ ਸੰਬੰਧ ਟੁੱਟ ਜਾਏਗਾ। ਕੀ ਪਹਿਨਣਾ ਹੈ, ਕਿਸ ਢੰਗ ਨਾਲ ਪਹਿਨਣਾ ਹੈ, ਇਸ ਦੀ ਚਾਹਤ ਵੀ ਮਿੱਟ ਜਾਏਗੀ, ਹਰ ਤਰ੍ਹਾਂ ਦੀ ਚਾਹਤ ਨੂੰ ਭੁੱਖ ਖਤਮ ਕਰ ਦੇਂਦੀ ਹੈ, ਭੁੱਖ ਇਕੋ ਚਾਹਤ ਰੱਖਦੀ ਹੈ ਕਿ ਸਿਰਫ ਭੁੱਖ ਮਿਟੇ, ਮੇਰੀ ਪੂਰਤੀ ਹੋਵੇ ਤੇ ਇਹ ਸਭ ਤੋਂ ਪ੍ਰਥਮ ਹੈ ਭੁੱਖ ਮਨੁੱਖ ਲਈ, ਮਨੋਰੰਜਨ ਬੇਮਾਇਨੀ ਹੈ, ਪਰਿਵਾਰਿਕ ਖੁਸ਼ੀਆਂ ਬੇਮਾਇਨੀ ਨੇ, ਤਰ੍ਹਾਂ-ਤਰ੍ਹਾਂ ਦੇ ਬਸਤਰਾਂ ਦਾ ਪਹਿਨਣਾ ਬਿਲਕੁਲ ਬੇਮਾਇਨੀ ਹੈ ਤੇ ਖਾਣਾ ਪਹਿਲੇ ਹੈ ਔਰ ਇਹ ਗੱਲ ਸਪੱਸ਼ਟ ਹੈ ਕਿ ਬਹੁਤ ਸਾਰੀ ਦੁਨੀਆਂ ਖਾਣ ਲਈ ਜੀਅ ਰਹੀ ਹੈ। ਸਾਰੇ ਦਾ ਸਾਰਾ ਪਸ਼ੂ ਉਹਨਾਂ ਦੀ ਜ਼ਿੰਦਗੀ ਵਿਚ ਪਹਿਨਣਾ ਤੇ ਹੈ ਹੀ ਨਹੀਂ, ਉਹਨਾਂ ਦੀ ਜ਼ਿੰਦਗੀ ਵਿਚ ਪਰਿਵਾਰਿਕ ਖੁਸ਼ੀਆਂ ਤੇ ਹੈ ਹੀ ਨਹੀਂ, ਸਾਰੇ ਪਸ਼ੂ ਖਾਣ ਲਈ ਹੀ ਜੀਅ ਰਹੇ ਨੇ। ਹੋਰ ਕੀ ਪਸ਼ੂ ਜਗਤ ਸਿਰਫ ਖਾਣ ਲਈ ਹੀ ਜੀਅ ਰਿਹਾ। ਪੰਛੀਆਂ ਦਾ ਜਗਤ ਸਿਰਫ ਖਾਣ ਲਈ ਹੀ ਜੀਅ ਰਿਹਾ ਹੈ। ਅਗਰ ਉਹਨਾਂ ਦੀ ਕੋਈ ਸੋਚਣੀ ਹੈ ਤੇ ਕੰਮ ਕਰਦੀ ਹੈ ਤੇ ਸਿਰਫ ਖਾਣ ਲਈ ਹੀ ਕਰਦੀ ਹੈ ਔਰ ਸਾਰੀ ਭੱਜ-ਦੌੜ ਖਾਣੇ ਲਈ ਤਲਾਸ਼ ਹੈ, ਰਿਜ਼ਕ ਦੀ ਤਲਾਸ਼ ਹੈ, ਖੁਰਾਕ ਦੀ ਤਲਾਸ਼ ਹੈ ਔਰ ਕੁਝ ਨਹੀਂ ਔਰ ਗ਼ਜ਼ਬ ਦੀ ਗੱਲ ਇਹ ਹੈ ਕਿ ਪਸ਼ੂ ਖਾਂਦਿਆਂ-ਖਾਂਦਿਆਂ ਰੱਜਦਾ ਵੀ ਨਹੀਂ, ਖਾਈ ਜਾਂਦਾ ਹੈ, ਖਾਈ ਜਾਂਦਾ ਹੈ, ਕਿਉਂਕਿ ਹੋਰ ਕੋਈ ਲਕਸ਼ ਨਹੀਂ ਕਿ ਥੋੜਾ ਜਿਹਾ ਲਕਸ਼ ਨੂੰ ਬਦਲੇ, ਮਨੁੱਖ ਦੇ ਖਾਣ ਨਾਲ ਪਹਿਨਣਾ ਵੀ ਹੈ, ਪਹਿਨਣ ਦੇ ਨਾਲ-ਨਾਲ ਕੁਝ ਮਨੋਰੰਜਨ ਵੀ ਹੈ। ਮਨੋਰੰਜਨ ਦੇ ਨਾਲ-ਨਾਲ ਕੁਝ ਪਰਿਵਾਰਿਕ ਖੁਸ਼ੀਆਂ ਵੀ ਨੇ, ਤੇ ਇਸ ਤਰੀਕੇ ਨਾਲ ਮਨੁੱਖ ਦੀ ਜ਼ਿੰਦਗੀ ਥੋੜੀ ਵੰਡੀ ਜਾਂਦੀ ਹੈ, ਬਿਖਰ ਜਾਂਦੀ ਹੈ। ਪਸ਼ੂ ਕੋਲ ਸਵਾਏ ਖਾਣੇ ਤੋਂ ਕੁਝ ਵੀ ਨਹੀਂ ਹੈ, ਖਾਣਾ ਹੀ ਕੁਝ ਲਕਸ਼ ਹੈ ਤੇ ਖਾਣ ਤੋਂ ਇਲਾਵਾ ਕੁਝ ਹੈ ਹੀ ਨਹੀਂ। ਇਸ ਕਰਕੇ ਪਸ਼ੂ ਅਕਸਰ ਅਧਿਕ ਖਾ ਜਾਂਦੇ ਨੇ, ਜ਼ਿਆਦਾ ਖਾ ਜਾਂਦੇ ਨੇ, ਬਹੁਤ ਖਾ ਜਾਂਦੇ ਨੇ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਮਾਤਾ ਤ੍ਰਿਪਤਾ ਜੀ ਨੂੰ ਸਮਝਾਂਦੇ ਨੇ ਮਾਂ ਜੀ ਮੈਂ ਤਰ੍ਹਾਂ-ਤਰ੍ਹਾਂ ਦੇ ਪਕਵਾਨ ਰੋਜ਼ ਖਾਂਦਾ ਹਾਂ, ਕਿਹੜੇ ? ਤੇ ਆਪ ਕਹਿੰਦੇ ਨੇ *'ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲਣੇ॥'* ਮਾਂ ਜੋ ਮੈਂ ਪ੍ਰਮਾਤਮਾ ਦਾ ਨਾਮ ਮੰਨ ਲਿਆ ਔਰ ਮੇਰਾ ਭਰੋਸਾ ਜੋ ਈਸ਼ਵਰ ਦੇ ਨਾਮ ਨਾਲ ਜੰਮ ਗਿਆ, ਬੈਠ ਗਿਆ, ਇਹ ਮਾਨੋਂ ਮੈਂ ਸਾਰੀ ਮਿਠਾਸ ਦਾ ਅਨੰਦ ਮਾਣ ਲਿਆ ਹੈ। ਐਸਾ ਕਿਹੜਾ ਮਿੱਠਾ ਪਦਾਰਥ ਹੈ ਜਿਸ ਦਾ ਰਸ ਮੈਂ ਨਹੀਂ ਮਾਣਿਆ ? ਹਕੀਕਤ ਹੈ, ਇਕ ਸਚਾਈ ਹੈ, ਜਦੋਂ ਵੀ ਮਨੁੱਖ ਇਸ ਮਿਠਾਸ ਦਾ ਅਨੰਦ ਜ਼ਿੰਦਗੀ ਵਿਚ ਪਹਿਲੀ ਵਾਰ ਮਾਣਦਾ ਹੈ, ਸਭ ਕੁਝ ਫਿੱਕਾ ਹੋ ਜਾਂਦਾ ਹੈ।

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਉ॥

(ਪੰਨਾ ੮੦੨)

ਇਸ ਵਾਸਤੇ ਪ੍ਰਮਾਤਮਾ ਦੇ ਨਾਮ ਨੂੰ ਰਸ ਨਹੀਂ ਆਖਿਆ, ਮਹਾਂਰਸ। ਸਾਰੀ ਮਿਠਾਸ ਇਸ ਦੇ ਵਿਚ ਹੈ ਔਰ ਐਸੀ ਮਿਠਾਸ ਜਿਸ ਨੂੰ ਕਿਸੇ ਬੈਰੂਨੀ ਮਿਠਾਸ ਨਾਲ ਤਸ਼ਬੀਹ ਦੇ ਕੇ ਸਮਝਾਇਆ ਵੀ ਨਹੀਂ ਜਾ ਸਕਦਾ, ਪ੍ਰਗਟ ਵੀ ਨਹੀਂ ਕੀਤਾ ਜਾ ਸਕਦਾ। ਮਹਾਰਾਜ ਜੀ ਕਹਿੰਦੇ ਜੋ ਮੈਂ ਮੰਨ ਲਿਆ, ਮੰਨਦਿਆਂ ਹੀ ਸਾਰੀ ਮਿਠਾਸ ਅੰਦਰ ਪ੍ਰਵੇਸ਼ ਕਰ ਗਈ ਹੈ। ਕਦੀ ਮੁਤਾਲਾ ਕਰੀਏ ਕਥਾ ਦਾ ਸੁਣਨਾ, ਕੀਰਤਨ ਦਾ ਸੁਣਨਾ, ਧਰਮ ਮੰਦਰਾਂ ਦਾ ਜਾਣਾ, ਧਿਆਨ ਸਾਧਨਾ ਕਰਨੀ ਸਾਰਾ ਧਰਮ ਕਾਂਡ ਅਪਨਾਉਣਾ, ਮੈਹਿਜ ਇਸੇ ਵਾਸਤੇ ਹੀ ਹੈ ਕਿਸੇ ਤਰੀਕੇ ਨਾਲ ਮਨ ਪ੍ਰਮਾਤਮਾ ਨੂੰ ਪ੍ਰਮਾਤਮਾ ਕਰਕੇ ਮੰਨ ਲਵੇ। ਹੋਰ ਤੇ ਕੋਈ ਮਤਲਬ ਨਹੀਂ ਹੈ ਔਰ ਜਿਸ ਦਾ ਮਨ ਜਿਤਨਾ ਮੰਨਦਾ ਜਾਏਗਾ। ਅਧਿਆਤਮਕ ਤਲ ਤੇ ਉਤਨਾ ਹੀ ਉੱਨਤ ਹੁੰਦਾ ਜਾਏਗਾ, ਉਤਨਾ ਹੀ ਮਹਾਨ ਹੁੰਦਾ ਜਾਏਗਾ। ਉਤਨਾ ਹੀ ਅਗਰਸਰ ਹੁੰਦਾ ਜਾਏਗਾ ਤੇ ਸਾਹਿਬ ਕਹਿੰਦੇ :

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

ਨਮਕੀਨ, ਇਹ ਵੀ ਰਸਾਂ ਵਿਚੋਂ ਹੀ ਇਕ ਮਹਾਨ ਰਸ ਹੈ। ਗੁਰ ਘਰ ਦੇ ਨਿਯਮ ਸੰਗ ਇਸ ਨੂੰ ਸਰਬ ਰਸ ਕਹਿੰਦੇ ਨੇ, ਦਾਲ ਦੇ ਵਿਚ ਪਾਈਏ, ਹੋਰ ਸਬਜ਼ੀਆਂ ਦੇ ਵਿਚ ਪਾਈਏ, ਹੋਰ ਰਸ ਵੱਖ-ਵੱਖ ਸਬਜ਼ੀਆਂ ਵਿਚ ਜਿਸ ਢੰਗ ਨਾਲ ਪਾਉਂਦੇ ਜਾ ਰਹੇ ਹਾਂ ਲੂਣ ਆਪਣਾ ਰਸ ਬਣਾਈ ਜਾਂਦਾ ਹੈ ਔਰ ਇਸੇ ਲੂਣ ਨੂੰ ਇਕ ਪਾਸੇ ਕਰ ਦਿਉ ਹਰ ਸਬਜ਼ੀ ਬੇਸਵਾਦ, ਹਰ ਦਾਲ ਬੇਸਵਾਦ, ਹਰ ਪਕਵਾਣ ਬੇਸਵਾਦ। ਠੀਕ ਹੀ ਨਾਮ ਦਿੱਤਾ ਹੈ ਸਰਵ ਰਸ ਬਹੁਤ ਸਾਰੇ ਰਸਾਂ ਦੀ ਖਾਣ ਹੈ ਇਹ ਨਮਕ। ਮਹਾਰਾਜ ਕਹਿੰਦੇ ਜੋ ਉਸ ਦੀ ਉਸਤਤ ਮੈਂ ਸੁਣਦਾ ਹਾਂ ਔਰ ਸੁਣ ਸੁਣ ਕੇ ਅਨੰਦਿਤ ਹੁੰਦਾ ਹਾਂ ਔਰ ਜਿਹੜਾ ਰਸ ਅੰਦਰ ਪੈਂਦਾ ਹੈ, ਮਾਨੋਂ ਜਗਤ ਦੇ ਜਿਤਨੇ ਸਲੂਣੇ ਪਦਾਰਥਾਂ ਦਾ ਅਨੰਦ ਮਾਣ ਲਿਆ।

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

(ਪੰਨਾ ੧੬)

ਜ਼ਬਾਨ ਦੇ ਅਨੇਕਾਂ ਮੁਖਤਲਿਫ ਰਸ ਮੰਨੇ ਗਏ ਨੇ, ਉਹਨਾਂ ਵਿਚ ਖੱਟਾ ਹੈ ਤੁਰਸੀ ਖੱਟ-ਮਿੱਠੜਾ ਹੈ, ਕਹਕੜਾ ਹੈ, ਸਤਿਗੁਰੂ ਉਸ ਦਾ ਵੀ ਜ਼ਿਕਰ ਕਰਦੇ ਨੇ- *'ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥'* ਖੱਟੇ ਤੁਰਸੀ ਖੱਟ-ਮਿੱਠੜੇ ਇਹ ਸਾਰੇ ਦੇ ਸਾਰੇ ਉਹ ਰਸ ਨੇ ਜੋ ਮੈਂ ਆਪਣੇ ਮੂੰਹ ਦੇ ਨਾਲ ਪਰੀਪੂਰਨ ਪ੍ਰਮਾਤਮਾ ਦੇ ਨਾਮ ਦਾ ਉਚਾਰਨ ਕਰਦਾ ਹਾਂ। ਜਿਤਨੇ ਖੱਟ-ਮਿੱਠੜੇ ਰਸ ਨੇ, ਜਿਤਨੇ ਤੁਰਸੀ ਰਸ ਨੇ, ਸਾਰੇ ਦੇ ਸਾਰੇ ਰਸਾਂ ਦਾ ਅਨੰਦ ਮੈਂ ਉਦੋਂ ਮਾਣ ਲੈਂਦਾ ਹਾਂ ਜਦ ਰਸਨਾ ਉਸ ਦੇ ਬੋਲ ਬੋਲਦੀ ਹੈ, ਜਦ ਰਸਨਾ ਉਸ ਦਾ ਜਪ ਜਪਦੀ ਐ। ਔਰ ਇਹਨਾਂ ਸਾਰੇ ਪਦਾਰਥਾਂ ਵਿਚੋਂ ਮੈਂ ਮਸਾਲੇ ਕਿਹੜੇ ਪਾਏ ਨੇ, ਨਾਲ ਸੰਗੀਤ ਦਾ ਮੈਂ ਮਸਾਲਾ ਪਾਇਆ, ਸੁਣਦਾ ਸੰਗੀਤ ਦੇ ਵਿਚ, ਬੋਲਦਾ ਸੰਗੀਤ ਦੇ ਵਿਚ, ਜਦ ਬੋਲਦਾ ਤੇ ਸੁਣਦਾ ਮੈਂ ਸੰਗੀਤ ਵਿਚ ਹਾਂ ਸੁਣਨਾ ਹੋਰ ਰਸਦਾਇਕ ਹੋ ਜਾਂਦਾ ਹੈ, ਬੋਲਦਾ

ਹੋਰ ਇਕ ਰਸਦਾਇਕ ਹੋ ਜਾਂਦਾ ਹੈ।

ਗੁਰੂ ਦੀ ਇਹ ਗੱਲ ਅੱਜ ਦੇ ਯੁੱਗ ਵਿਚ ਬੜੀ ਸਾਰਥਿਕ ਹੁੰਦੀ ਜਾ ਰਹੀ ਹੈ ਕਿ *'ਕਲਜੁਗ ਮਹਿ ਕੀਰਤਨੁ ਪਰਧਾਨਾ॥'* ਹਰੀ ਦੀ ਕੀਰਤੀ ਰਾਗਾਂ ਨਾਲ ਗਾਇਣ ਕਰਨੀ ਸੁਣਨੀ। ਜਿਥੇ ਸਤਿਗੁਰਾਂ ਨੇ ਕਹਿ ਦਿੱਤਾ ਸੀ ਕਲਯੁਗ ਦੇ ਵਿਚ ਈਸ਼ਵਰ ਪ੍ਰਾਪਤੀ ਦਾ ਇਹ ਪ੍ਰਧਾਨ ਸਾਧਨ ਹੈ। ਅੱਜ ਅਸੀਂ ਦੇਖਦੇ ਪਏ ਹਾਂ ਥੱਕਿਆ ਹੋਇਆ ਮਨੁੱਖ ਜ਼ਹਿਨੀ ਤੌਰ ਤੇ, ਸਰੀਰਕ ਤੌਰ ਤੇ ਔਰ ਬਹੁਤ ਸਾਰੇ ਫਲਸਫੇ ਫਿਲਾਸਫਰ ਇਹ ਪੜ੍ਹਿਆ ਹੋਇਆ ਔਰ ਅਜੋਕੇ ਗਿਆਨ ਵਿਗਿਆਨ ਨੂੰ ਇਹ ਸਮਝਾਉਂਦਾ ਹੋਇਆ ਕਾਲਜਾਂ ਦੇ, ਬੜੀਆਂ ਬੜੀਆਂ ਯੂਨੀਵਰਸਿਟੀਆਂ ਵਿਚੋਂ ਨਿਕਲਿਆ ਹੋਇਆ। ਵਿਸ਼ਵ ਵਿਦਿਆਲਿਆਂ ਤੋਂ ਨਿਕਲਿਆ ਹੋਇਆ ਇਹ ਮਨੁੱਖ, ਅੱਜ ਇਸ ਨੂੰ ਕੀਰਤਨ ਦੀ ਖੁਰਾਕ ਨਾ ਮਿਲੀ, ਨਾ ਦਿੱਤੀ ਗਈ ਤੇ ਇਸਦੇ ਪਾਗਲ ਹੋਣ ਵਿਚ ਕੁਝ ਦੇਰ ਨਹੀਂ ਹੈ। ਇਹ ਪ੍ਰਧਾਨ ਸਾਦ ਦੇ ਸੰਸਾਰ ਨੇ, ਇਸ ਨੂੰ ਬਹੁਤ ਕੁਝ ਜਾਣ ਲਿਆ ਹੈ, ਇਹਨੂੰ ਕਥਾ ਰਾਹੀਂ ਜਾਨਣ ਦੀ ਲੋੜ ਨਹੀਂ ਹੈ ਕਿ ਸੰਸਾਰ ਕੀ ਹੈ, ਇਹ ਤੇ ਵਿਦਿਆਲਿਆਂ 'ਚੋਂ ਸਿੱਖ ਕੇ ਆ ਗਿਆ ਪਦਾਰਥ ਕੀ ਨੇ, ਸੰਸਾਰ ਕੀ ਹੈ, ਇਹਦੇ ਵਿਚ ਹੁਣ ਵਕਤ ਜ਼ਾਇਆ ਕਰਨਾ ਬੇਮਾਇਨੀ ਹੈ, ਹੁਣ ਤੇ ਇਹ ਦੱਸਣਾ ਚਾਹੀਦਾ ਹੈ ਉਸ ਪਰੀਪੂਰਨ ਪ੍ਰਮਾਤਮਾ ਦੇ ਗੁਣ ਕੀ ਨੇ, ਉਹਨਾਂ ਗੁਣਾਂ ਨੂੰ ਪ੍ਰਾਪਤ ਕਿਵੇਂ ਕਰੀਏ ਤੇ ਕਿਧਰੇ ਉਹਦੇ ਗੁਣਾਂ ਨੂੰ ਰਾਗਾਂ ਵਿਚ ਮਿਸ਼ਰਤ ਕਰਕੇ ਗਾ ਕੇ ਪ੍ਰਗਟ ਕੀਤਾ ਜਾਏ ਤੇ ਉਹਦੇ ਗੁਣ ਰਸਦਾਇਕ ਨੇ, ਰਾਗ ਹੋਰ ਰਸਦਾਇਕ ਕਰ ਦੇਂਦੇ ਨੇ। ਸੰਗੀਤ ਐਸਾ ਕੰਮ ਕਰਦੇ ਨੇ ਜੈਸੇ ਕੁਝ ਮਸਾਲੇ ਪਾ ਦਿੱਤੇ ਗਏ ਨੇ ਭੋਜਨ ਹੋਰ ਸਵਾਦੀ ਹੋ ਗਿਆ। ਅੱਜ ਦੇ ਇਸ ਕਲਯੁਗ ਦੇ ਦੌਰ ਵਿਚ ਗੁਰੂ ਨਾਨਕ ਜੀ ਦੀ ਇਹ ਗੱਲ ਵਿਸ਼ਵ ਵਿਆਪੀ ਸਾਰਥੀ ਹੁੰਦੀ ਜਾ ਰਹੀ ਹੈ ਕਿ–

ਕਲਜੁਗ ਮਹਿ ਕੀਰਤਨੁ ਪਰਧਾਨਾ॥

(ਪੰਨਾ ੧੦੭੫)

ਯੋਗੀ ਵੀ ਕੀਰਤਨ ਕਰਨ ਲੱਗ ਪਏ ਨੇ, ਸਾਜ਼ਾਂ ਦੀਆਂ ਧੁਨਾਂ ਚਰਚ ਵਿਚ ਵੀ ਵੱਜਣ ਲੱਗ ਪਈਆਂ ਨੇ, ਕਵਾਲੀ ਸੰਗੀਤ ਮਸਜਿਦਾਂ ਵਿਚ ਵੀ ਆ ਗਏ, ਦਰਗਾਹਾਂ ਦੇ ਵਿਚ ਵੀ ਆ ਗਿਆ, ਕਾਵਿਆਂ ਵਿਚ ਵੀ ਆ ਗਿਆ। ਤੇ ਇਕ ਗੱਲ ਤੇ ਸਪੱਸ਼ਟ ਹੋ ਗਈ ਗਾਉਣ ਨਾਲ ਪਰੀਪੂਰਨ ਪ੍ਰਮਾਤਮਾ ਖ਼ੁਦਾ ਉਕਤਾਲਾਂ ਦੇ ਜਿਹੜੇ ਗੀਤ ਨੇ ਇਹਨੂੰ ਸੰਗੀਤ ਵਿਚ ਢਾਲ ਕੇ ਗਾਇਣ ਕਰਨ ਨਾਲ ਮਨ ਤੇ ਛੇਤੀ ਅਸਰ ਪੈਂਦਾ ਹੈ ਔਰ ਜਲਦੀ ਸਕੂਨ ਮਿਲਦਾ ਤੇ ਜਿਥੋਂ ਇਹ ਗੁਰੂ ਨਾਨਕ ਕੋਲੋਂ ਇਹ ਰਬਾਬ ਦੀ ਧੁਨ ਛਿੜੀ ਸੀ, ਗੁਰਦੁਆਰਿਆਂ ਤੋਂ ਉਠ ਕੇ ਅੱਜ ਮੰਦਰ, ਮਸਜਿਦ, ਚਰਚ ਤੱਕ ਵੀ ਪਹੁੰਚੀ ਹੈ ਔਰ ਸੰਗੀਤ ਦੇ ਆਸਰੇ ਤੇ ਪਰੀਪੂਰਨ ਪ੍ਰਮਾਤਮਾ ਦੇ ਗੀਤ ਗੁਣ ਗਾਇਣ ਕਰਕੇ ਪ੍ਰਮਾਤਮਾ ਨਾਲ ਜੁੜਨ ਦੇ ਵਸੀਲੇ ਲੱਭਣੇ ਨੇ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਇਹ ਤੇ ਮਸਾਲਾ ਹੈ, ਸੰਗੀਤ ਭੋਜਨ ਨੂੰ ਹੋਰ ਸਵਾਦੀ ਬਣਾਉਂਦਾ ਹੈ, ਹੋਰ ਰਸਦਾਇਕ ਇਹ ਬਣਾ ਦੇਂਦਾ ਹੈ।

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥

(ਪੰਨਾ ੧੬)

ਉਸ ਇਕ ਦਾ ਭਾਉ, ਉਸ ਇਕ ਦੀ ਭਾਵਨਾ, ਉਸ ਇਕ ਦੀ ਸ਼ਰਧਾ ਜੇ ਅੰਦਰ ਪੈਦਾ ਹੋਈ ਹੈ ਮਨ ਵਿਚ ਛੱਤੀ ਪ੍ਰਕਾਰ ਦੇ ਭੋਜਨ ਛੱਕ ਲਏ ਨੇ, ਭੋਜਨ ਛੱਤੀ ਪ੍ਰਕਾਰ ਦਾ ਅਕਸਰ ਮੰਨਿਆ ਜਾਂਦਾ, ਸ਼ਿੰਗਾਰ 16 ਪ੍ਰਕਾਰ ਦਾ ਗਿਣਨ ਵਿਚ ਜੋ ਹੈ ਆਇਆ। ਮਨ ਦੀਆਂ ਹਾਲਤਾਂ ਵਿਦਵਾਨ ਮੰਨਦੇ ਨੇ ਜਿਨ੍ਹਾਂ ਨੂੰ ਰਸ ਵੀ ਕਹਿ ਦੇਂਦੇ ਨੇ ਮੰਨਦੇ ਵੱਖ-ਵੱਖ ਇਸ ਢੰਗ ਦੀਆਂ ਗਿਣਤੀਆਂ ਨੇ। ਸਾਹਿਬ ਕਹਿੰਦੇ ਜੋ ਛੱਤੀ ਪ੍ਰਕਾਰ ਦਾ ਜੋ ਖਾਣਾ ਹੈ ਮਾਨੋ ਮੈਂ ਛੱਕ ਲਿਆ, ਮਾਨੋਂ ਮੈਂ ਰਸ ਮਾਣ ਲਿਆ, ਜਿਹੜੀ ਉਸ ਦੀ ਭਾਵਨਾ ਅੰਦਰ ਉਜਾਗਰ ਹੋ ਗਈ, ਅੰਦਰ ਜੋ ਹੈ ਪੈਦਾ ਹੋ ਗਈ ਹੈ ਇਸ ਵਾਸਤੇ-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਪੰਨਾ ੧੬)

ਮਨੁੱਖ ਜ਼ਿੰਦਾ ਰਹਿੰਦਾ ਅਗਰ ਖ਼ੂਨ ਚਲਦਾ ਰਹੇ ਔਰ ਖ਼ੂਨ ਤਾਂ ਚਲਦਾ ਰਹਿ ਸਕਦਾ ਹੈ ਅਗਰ ਮੂੰਹ ਵਿਚ ਭੋਜਨ ਚਲਦਾ ਰਹੇ ਖ਼ੁਰਾਕ ਚਲਦੀ ਰਹੇ, ਖ਼ੁਰਾਕ ਹੋਣ ਤੋਂ ਹੋਰ ਜ਼ਿੰਦਗੀ ਹੈ ਔਰ ਹੋਠ ਚਲਦੇ ਨੇ ਤੋ ਮਨ ਚਲਦਾ ਹੈ, ਵਿਚਾਰ ਚਲਦੇ ਨੇ ਤੋ ਮੁਖ ਗੱਲ ਆ ਗਈ ਭੋਜਨ ਤੇ, ਤੋ ਸਾਹਿਬ ਇਸ ਨੂੰ ਇੰਝ ਤਸਲੀਮ ਕਰਦੇ ਨੇ ਕਿ ਹੈ ਕੁਝ ਐਸਾ ਭੋਜਨ ਜੋ ਖ਼ੂਨ ਦੇ ਵਿਚ ਵਿਕਾਰ ਪੈਦਾ ਕਰਦਾ ਹੈ, ਕੁਝ ਐਸਾ ਭੋਜਨ ਸਰੀਰ ਵਿਚ ਰੋਗ ਪੈਦਾ ਕਰਦਾ :

ਬਾਬਾ ਹੋਰੁ ਖਾਣਾ ਖੁਸੀ ਖੁਵਾਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਵੈਸੇ ਤੇ ਇਕ ਦਿਨ ਦਾ ਖਾਣਾ ਵੀ ਦੱਸ ਸਕਦਾ ਹੈ ਕਿ ਜੋ ਕੁਝ ਮੈਂ ਖਾਧਾ ਹੈ ਸਰੀਰ ਦੇ ਅਨੁਕੂਲ ਹੈ ਕਿ ਨਹੀਂ, ਮਨ ਦੇ ਅਨੁਕੂਲ ਹੈ ਕਿ ਨਹੀਂ। ਅਗਰ ਕੋਈ ਸਰੀਰ ਸ਼ਾਸ਼ਤਰੀ ਹੋਵੇ, ਅਗਰ ਕੋਈ ਆਪਣੇ ਮਨ ਨੂੰ ਪੜ੍ਹਨ ਵਾਲਾ ਹੋਵੇ ਕਿ ਉਹਨਾਂ ਨੂੰ ਦੇਖਣਾ ਚਾਹੀਦਾ ਹੈ ਅੱਜ ਮੈਂ ਖਾਧਾ ਕੀ ਹੈ, ਕਿਉਂਕਿ ਖ਼ੂਨ ਦੀ ਗਰਦਿਸ਼ ਖਾਣ ਦੇ ਨਾਲ ਹੈ, ਵਿਚਾਰਾਂ ਦੀ ਦੌੜ ਤੇ ਖਾਣ ਨਾਲ ਹੈ। ਮਨ ਵਿਚ ਵਿਕਾਰ ਆ ਗਏ, ਤਨ ਦੇ ਵਿਚ ਪੀੜਾ ਆ ਗਈ ਹੈ, ਇਹ ਤੇ ਖਾਣਾ ਦੋਸ਼ੀ ਹੈ ਔਰ ਜੇ ਖਾਣਾ ਦੋਸ਼ੀ ਹੈ, ਮਨੁੱਖ ਦੋਸ਼ੀ ਹੋ ਜਾਂਦਾ ਹੈ, ਵਿਚਾਰ ਦੋਸ਼ੀ ਹੋ ਜਾਂਦੇ ਹਨ, ਸਰੀਰ ਰੋਗੀ ਹੋ ਜਾਂਦਾ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਇਹ ਮਨੌਤ ਹੈ ਕਿ ਦੇਸ਼ ਭਰ ਸਰੀਰਕ ਰੋਗ ਔਰ ਮਾਨਸਿਕ ਵਿਕਾਰ ਇਹਨਾਂ ਦਾ ਮੂਲ ਕਾਰਨ ਹੈ। ਅਗਰ ਕੋਈ ਮਨੁੱਖ ਆਪਣੇ ਅਹਾਰ ਦੇ ਪ੍ਰਤੀ ਸੁਚੇਤ ਨਹੀਂ ਹੈ ਇਸ ਵਾਸਤੇ ਫੈਸਲਾ ਕਰ ਦਿੱਤਾ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਇਹ ਠੀਕ ਹੈ ਕਿ ਜੀਵਨ ਵਿਆਪਕ ਹੈ, ਬਨਸਪਤੀ ਦੇ ਵਿਚ ਹੈ, ਪਸ਼ੂ ਪੰਛੀਆਂ ਦੇ ਵਿਚ ਹੈ। ਆਦੀ ਮਨੁੱਖ ਪ੍ਰਕਿਰਤੀ ਦੇ ਹਵਾਲੇ ਸੀ, ਪਹਾੜਾਂ ਦੀਆਂ ਕੰਦਰਾਂ ਵਿਚ ਰਹਿੰਦਾ ਸੀ, ਰੁੱਖਾਂ ਥੱਲੇ ਰਹਿੰਦਾ ਸੀ ਔਰ ਪ੍ਰਕਿਰਤੀ ਹੀ ਜੋ ਉਸ ਨੂੰ ਖਾਣ ਨੂੰ ਦੇਵੇ ਉਹੀ ਖਾਂਦਾ ਸੀ, ਇਸ ਦਾ ਸ੍ਰੰਮ ਦਾ ਕੋਈ ਚੁਨਾਉ ਨਹੀਂ ਸੀ, ਕਿਉਂਕਿ ਮਨੁੱਖ ਅਜੇ ਸਭੇ ਨਹੀਂ ਹੋਇਆ ਸੀ ਪ੍ਰਕਿਰਤੀ ਨੇ ਜੋ ਫੁੱਲ ਦੇ ਦਿੱਤੇ, ਫਲ ਦੇ ਦਿੱਤੇ, ਉਹ ਖਾ ਲਏ, ਪਰ ਜਦ ਫੁੱਲ ਨਾ ਮਿਲੇ, ਫਲ ਨਾ ਮਿਲੇ ਤੋ ਫਿਰ ਪਸ਼ੂਆਂ ਦਾ ਸ਼ਿਕਾਰ ਇਸ ਤੇ ਜੀਵਨ ਬਤੀਤ ਹੁੰਦਾ ਰਿਹਾ, ਜ਼ਿੰਦਗੀ ਇਸੇ ਤਰ੍ਹਾਂ ਚਲਦੀ ਗਈ। ਆਖਰ ਸਹਿਜੇ-ਸਹਿਜੇ ਮਨੁੱਖ ਹੋਇਆ ਸਭੇ ਹੋਇਆ, ਸਭੇ ਤੋਂ ਮੁਰਾਦ ਸਭਾ ਵਿਚ ਬੈਠਣ ਦੀ ਜਾਚ ਆਈ, ਸਭਾ ਨੂੰ ਸਮਝਣ ਦੀ ਜਾਚ ਆਈ, ਸਭਾ ਵਿਚ ਆਪਣੇ ਆਪ ਨੂੰ ਪੇਸ਼ ਕਰਨ ਦਾ ਢੰਗ ਇਸ ਨੂੰ ਆਇਆ ਔਰ ਜੋ ਵਿਚਾਰ ਮੈਨੂੰ ਨਹੀਂ ਚੰਗੇ ਲੱਗਦੇ ਉਹ ਸਭਾ ਨੂੰ ਵੀ ਚੰਗੇ ਨਹੀਂ ਲੱਗਦੇ। ਸਭਾ ਮੈਨੂੰ ਕੈਸੀ ਚੰਗੀ ਲੱਗਦੀ ਹੈ ਔਰ ਸਭਾ ਨੂੰ ਮੈਂ ਕਿਸ ਢੰਗ ਨਾਲ ਚੰਗਾ ਲਗ ਸਕਦਾ ਹਾਂ। ਇਹ ਸੋਚਣੀ ਦਾ ਜਦੋਂ ਜਨਮ ਹੋਇਆ ਔਰ ਸੋਚਣੀ ਦੇ ਅਨੁਕੂਲ ਜਦੋਂ ਮਨੁੱਖ ਨੇ ਆਪਣੇ ਆਪ ਨੂੰ ਢਾਹ ਲਿਆ ਤੋ ਉਸ ਨੂੰ ਆਖਿਆ ਗਿਆ ਸਭੇ ਤੋ ਇਸ ਦੀ ਸੋਚ ਵਿਚ ਇਹ ਵੀ ਗੱਲ ਆਈ ਕਿ ਮੈਥੋਂ ਘੱਟ ਤੋਂ ਘੱਟ ਕਿਸੇ ਨੂੰ ਦੁੱਖ ਪਹੁੰਚੇ, ਚੋਟ ਪਹੁੰਚੇ ਤੋ ਮੇਰੇ ਅਹਾਰ ਵਿਚ ਵੀ ਕਿਸੇ ਨੂੰ ਚੋਟ ਨਾ ਪਹੁੰਚੇ, ਮੇਰੀ ਖੁਰਾਕ ਦੇ ਵਿਚ ਵੀ ਕਿਸੇ ਨੂੰ ਚੋਟ ਨਾ ਪਹੁੰਚੇ। ਵੈਸੇ ਤੇ ਬਨਸਪਤੀ ਦੇ ਵਿਚ ਵੀ ਜੀਵ, ਦਾਣਿਆਂ ਦੇ ਵਿਚ ਵੀ ਜੀਵ ਔਰ ਪਹਿਲਾ ਸਮੱਗਰ ਵਿਆਪਕ ਜੀਵਨ ਪਾਣੀ *'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥'* ਅਹਿੰਸਕ ਤੇ ਮਨੁੱਖ ਹੋ ਨਹੀ ਸਕਦਾ, ਨਹੀਂ ਤੇ ਪਾਣੀ ਦਾ ਤਿਆਗ ਕਰਨਾ ਪਏਗਾ, ਬਨਸਪਤੀ ਦਾ ਵੀ ਤਿਆਗ ਕਰਨਾ ਪਏਗਾ, ਦਾਣਿਆਂ ਦਾ ਵੀ ਤਿਆਗ ਕਰਨਾ ਪਏਗਾ, ਕਿਉਂਕਿ-

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥

(ਪੰਨਾ ੪੭੨)

ਬੱਸ ਇਤਨੀ ਸੋਚਣੀ ਅੰਦਰ ਜਨਮ ਲਏ ਕਿ ਮੇਰੇ ਅਹਾਰ ਤੋਂ ਦੂਸਰੇ ਨੂੰ ਚੋਟ ਘੱਟ ਪਹੁੰਚੇ। ਪਸ਼ੂਆਂ ਦਾ ਕੁਝ ਐਸਾ ਜਗਤ ਵੀ ਹੈ ਜਿਥੇ ਮਨ ਵਿਕਸਿਤ ਹੋ ਗਿਆ ਔਰ ਮਾਨਸਿਕ ਪੀੜਾ ਮਹਿਸੂਸ ਹੁੰਦੀ ਹੈ ਔਰ ਜਿਥੇ ਮਾਨਸਿਕ ਪੀੜ੍ਹਾ ਜ਼ਿਆਦਾ ਹੋਵੇ, ਉਸ ਪਸ਼ੂ ਨੂੰ ਵੀ

ਮਨੁੱਖ ਜੈਸਾ ਸਮਝਣਾ ਚਾਹੀਦਾ ਹੈ, ਪਰ ਜਿਥੇ ਮਾਨਸਿਕ ਸੋਚਨੀ ਨਹੀਂ, ਮਾਨਸਿਕ ਪੀੜਾ ਨਹੀਂ, ਸਿਰਫ ਸਰੀਰਕ ਹੀ ਪੀੜਾ ਹੈ ਤੋ ਉਹ ਬਨਸਪਤੀ ਜੈਸੇ ਨੇ, ਉਹ ਦਾਣਿਆਂ ਜੈਸੇ ਨੇ, ਕਿਉਂਕਿ ਦਾਣਿਆਂ ਨੂੰ ਵੀ ਜਦ ਭੁੰਨਦੇ ਹਾਂ ਤੜਪਦੇ ਉਹ ਵੀ ਨੇ, ਦਾਣਿਆਂ ਨੂੰ ਵੀ ਜਦੋਂ ਭੁੰਨਦੇ ਹਾਂ ਉਛਲਦੇ ਨੇ, ਤੜਪਦੇ ਨੇ, ਆਵਾਜ਼ ਵੀ ਕਰਦੇ ਨੇ, ਤਿੜ-ਤਿੜ ਕਰਦੇ ਨੇ। ਇਹ ਉਨ੍ਹਾਂ ਦੇ ਚੀਖਣ ਦੀ ਆਵਾਜ਼ ਹੈ। ਤੜਪਦੇ ਰਹੇ ਕਿਸੇ ਪਸ਼ੂ ਨੂੰ ਵੇਖ ਕੇ ਅਗਰ ਮਾਨਸਿਕ ਪੀੜਾ ਤੋਂ ਉਸਨੂੰ ਤੜਪਦੇ ਹੋਏ ਦਾਣਿਆਂ ਨੂੰ ਵੇਖ ਕੇ ਪੀੜਾ ਮਹਿਸੂਸ ਹੋਣੀ ਚਾਹੀਦੀ ਹੈ, ਦਰਦ ਮਹਿਸੂਸ ਹੋਣਾ ਚਾਹੀਦਾ ਹੈ। ਫਿਰ ਵੀ ਖੁਰਾਕ ਖਾਣ ਲੱਗਿਆਂ ਉਹਦੀ ਇਹ ਸੋਚਨੀ ਹੋਵੇ ਕਿ ਮੇਰੇ ਅਹਾਰ ਤੋਂ ਦੂਸਰੇ ਨੂੰ ਘੱਟ ਤੋਂ ਘੱਟ ਹੀ ਚੋਟ ਪਹੁੰਚੇ, ਤਾਂਕਿ ਐਸਾ ਅਹਾਰ ਮੈਨੂੰ ਚੋਟ ਨਾ ਪੁਚਾਵੇ। ਜਿਸ ਅਹਾਰ ਨੇ ਦੂਜਿਆਂ ਨੂੰ ਚੋਟ ਪਹੁੰਚਾਈ ਹੈ, ਇਹ ਅਹਾਰ ਇਸ ਨੂੰ ਵੀ ਚੋਟ ਪਹੁੰਚਾਏਗਾ। ਇਹਦੇ ਤਨ ਨੂੰ ਰੋਗੀ ਕਰੇਗਾ, ਇਹਦੇ ਮਨ ਨੂੰ ਪੀੜਤ ਕਰੇਗਾ, ਕਰੀਬਨ-ਕਰੀਬਨ ਨਾ ਵੇਖ ਸਕੀ। ਮਨੁੱਖ ਦੀ ਅੱਜ ਖੁਰਾਕ ਐਸੀ ਹੈ, ਦੂਜਿਆਂ ਨੂੰ ਚੋਟ ਪਹੁੰਚਾ ਕੇ ਹਾਸਲ ਕੀਤੀ ਜਾ ਰਹੀ ਹੈ ਕਿ ਚੋਟ ਪਹੁੰਚਾ ਕੇ ਹਾਸਲ ਕੀਤੀ ਗਈ ਖੁਰਾਕ ਵੀ ਚੋਟ ਪਹੁੰਚਾਏਗੀ, ਖੁਰਾਕ ਵੀ ਜਰਬ ਕਰੇਗੀ। ਇਸ ਵਾਸਤੇ ਗੁਰੂ ਨਾਨਕ ਦਾ ਇਹ ਫੈਸਲਾ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਪੰਨਾ ੧੬)

ਹੇ ਬਾਬਾ ! ਹੇ ਮੇਰੇ ਮਿੱਤਰ ! ਹੇ ਸਿਆਣੇ ! ਸੁਚੇਤ ਰਹਿ, ਤੇਰੇ ਸਰੀਰਕ ਰੋਗਾਂ ਲਈ, ਤੇਰੀ ਮਾਨਸਿਕ ਪੀੜਾ ਲਈ ਨਵੀਂ ਸਦੀ ਦੇ ਜ਼ੁੰਮੇਵਾਰ ਹੈ ਤੇਰਾ ਅਹਾਰ। ਜੋ ਅਹਾਰ ਦੇ ਪ੍ਰਤੀ ਸੁਚੇਤ ਨਹੀਂ ਉਹ ਵਿਚਾਰ ਦੇ ਪ੍ਰਤੀ ਵੀ ਸੁਚੇਤ ਨਹੀਂ ਹੋ ਸਕਦਾ। ਜੋ ਅਹਾਰ ਦੇ ਪ੍ਰਤੀ ਸੁਚੇਤ ਨਹੀਂ ਉਹ ਆਪਣੇ ਸਰੀਰ ਦੇ ਪ੍ਰਤੀ ਵੀ ਸੁਚੇਤ ਨਹੀਂ ਹੋ ਸਕਦਾ ਔਰ ਜੋ ਸਰੀਰ ਤੇ ਮਨ ਦੇ ਪ੍ਰਤੀ ਸੁਚੇਤ ਨਹੀਂ ਉਹਨੂੰ ਸਭਯ ਨਹੀਂ ਕਹਿਆ ਜਾ ਸਕਦਾ ਅਸਭਯ ਮਨੁੱਖ ਹੈ। ਅਜੇ ਉਸ ਨੂੰ ਸਭਾ ਵਿਚ ਬੈਠਣ ਦੀ ਜਾਚ ਨਹੀਂ ਆਈ, ਅਜੇ ਉਸ ਦੇ ਅੰਦਰ ਪੂਰਨ ਤੌਰ ਤੇ ਮਨੁੱਖਤਾ ਪ੍ਰਗਟ ਨਹੀਂ ਹੋਈ ਤੋ ਪ੍ਰਥਮ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣਾ ਉਪਦੇਸ਼, ਆਪਣਾ ਸੰਦੇਸ਼ ਖਾਣੇ ਤੋਂ ਆਰੰਭ ਕਰਦੇ ਨੇ, ਫੇਰ ਦੂਸਰਾ ਆਪ ਪਹਿਨਣ ਦਾ ਉਪਦੇਸ਼ ਦੇਂਦੇ ਨੇ :

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥ ੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥

ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

(ਪੰਨਾ ੧੬)

ਖਾਣ ਪੀਣ ਤੋਂ ਬਾਅਦ ਪਹਿਨਣ ਦੀ ਮਨੁੱਖ ਸੋਚਦਾ ਹੈ ਔਰ ਇਹ ਸਿਰਫ ਮਨੁੱਖ ਹੀ ਸੋਚਦਾ ਹੈ ਜਾਂ ਇੰਝ ਕਹਿ ਲਉ ਪਹਿਨਣ ਤੋਂ ਹੀ ਮਨੁੱਖਤਾ ਅਰੰਭ ਹੁੰਦੀ ਹੈ। ਪਹਿਨਣ ਬਾਰੇ ਪਸ਼ੂਆਂ ਨੇ ਨਹੀਂ ਸੋਚਿਆ, ਪੰਛੀਆਂ ਨੇ ਨਹੀਂ ਸੋਚਿਆ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ :

ਵਿਸਮਾਦੁ ਨਾਗੇ ਫਿਰਹਿ ਜੰਤ॥

(ਪੰਨਾ ੪੬੩)

ਇਹਨਾਂ ਨੰਗਿਆਂ ਪਸ਼ੂਆਂ ਨੂੰ ਦੇਖ ਕੇ ਚਿਤ ਵਿਸਮਾਦਮਈ ਹੋ ਜਾਂਦੇ ਨੇ, ਵਿਸਮੇ ਹੋ ਜਾਂਦੇ ਨੇ। ਇਹਨਾਂ ਦੇ ਅੰਦਰ ਪਹਿਨਣ ਦਾ ਖਿਆਲ ਨਹੀਂ ਪੈਦਾ ਹੋਇਆ। ਇਹ ਇਸ ਤਰ੍ਹਾਂ ਦੇ ਨਾਲ ਨਗਨਤਾ ਦੀ ਪ੍ਰਦਰਸ਼ਨੀ ਕਰ ਰਹੇ ਨੇ। ਇਕ ਮਾਸੂਮ ਬੱਚਾ ਨਵਜਾਤ ਬੱਚਾ ਉਸ ਦੇ ਅੰਦਰ ਵੀ ਅਜੇ ਪਹਿਨਣ ਦਾ ਭਾਵ ਪੈਦਾ ਨਹੀਂ ਹੋਇਆ। ਇਹ ਗੱਲ ਵੱਖਰੀ ਕਿ ਚੀਥੜਿਆਂ ਵਿਚ, ਕਪੜਿਆਂ ਵਿਚ ਮਾਂ ਬਾਪ ਉਸ ਨੂੰ ਲਪੇਟ ਕੇ ਰੱਖਦੇ ਨੇ ਔਰ ਪਹਿਨਣ ਦਾ ਭਾਵ ਅਜੇ ਉਸ ਦੇ ਅੰਦਰ ਪੈਦਾ ਨਹੀਂ ਹੋਇਆ, ਇਸ ਵਾਸਤੇ ਕਹਿ ਦੇਂਦੇ ਨੇ ਇਹ ਮਾਸੂਮ ਬੱਚਾ ਅਜੇ ਅਸਭਯ ਹੈ। ਸਭਿਅਤਾ ਤੇ ਬੁਧੀ ਦੇ ਵਿਕਾਸ ਦੇ ਨਾਲ-ਨਾਲ ਹੀ ਹੁੰਦੀ ਹੈ, ਅਜੇ ਬੌਧਿਕ ਵਿਕਾਸ ਨਹੀਂ ਹੋਇਆ। ਇਹ ਬੱਚਾ ਮਾਸੂਮ ਇਸ ਤਰ੍ਹਾਂ ਲਗਨ ਨਿਰਦੋਸ਼ ਨੇ, ਜਿਸ ਤਰ੍ਹਾਂ ਪਸ਼ੂ ਨਗਨ ਨਿਰਦੋਸ਼ ਨੇ ਮਨੁੱਖਤਾ ਨਹੀਂ ਅਰੰਭ ਹੋ ਸਕੀ। ਮਨੁੱਖਤਾ ਸੋਚਣ ਨਾਲ ਅਰੰਭ ਹੁੰਦੀ ਏ ਔਰ ਪਸ਼ੂ ਸੋਚਦੇ ਤੇ ਲਾਜ਼ਮੀ ਉਹ ਪਹਿਨਣ ਲਈ ਵੀ ਸੋਚਦੇ ਔਰ ਨਗਨਤਾ ਉਹਨਾਂ ਨੂੰ ਮਹਿਸੂਸ ਹੁੰਦੀ ਜਾਂ ਇੰਝ ਕਹਿ ਲਉ ਮਨੁੱਖਤਾ ਉਥੇ ਹੀ ਆਰੰਭ ਹੁੰਦੀ ਹੈ, ਜਦ ਨਗਨਤਾ ਮਹਿਸੂਸ ਹੋਣ ਲੱਗ ਪਏ ਇਹੀ ਕਾਰਨ ਹੈ ਕਿ ਜਿਸ ਦੇ ਅੰਦਰ ਮਨੁੱਖਤਾ ਨਾ ਹੋਵੇ, ਸਾਡੀ ਭਾਰਤੀ ਪਰੰਪਰਾ ਦੇ ਮੁਤਾਬਿਕ ਕਹਿ ਦੇਂਦੇ ਨੇ ਇਹ ਮਨੁੱਖ ਬਹੁਤ ਨੰਗਾ ਹੈ ਬਿਲਕੁਲ ਨੰਗਾ ਹੈ। ਨੰਗੇ ਤੋਂ ਮੁਰਾਦ ਅੱਜ ਇਸ ਦੇ ਅੰਦਰ ਪਹਿਨਣ ਦਾ ਖਿਆਲ ਵੀ ਨਹੀਂ। ਇਸ ਖਿਆਲ ਦੇ ਨਾਲ ਹੀ ਮਨੁੱਖਤਾ ਦਾ ਜਨਮ ਹੈ, ਵਰਨਾ ਖਾਣ ਪੀਣ ਦਾ ਖਿਆਲ ਤੇ ਪਸ਼ੂ ਦੇ ਅੰਦਰ ਵੀ ਹੈ, ਇਹ ਕੋਈ ਬਹੁਤ ਵੱਡੀ ਗੱਲ ਨਹੀਂ। ਮਨੁੱਖ ਦੇ ਅੰਦਰ ਹੈ ਮਨੁੱਖਤਾ ਅਰੰਭ ਹੋਈ, ਪਹਿਨਣਾ ਢੱਕਣਾ ਕੁਝ ਆਜਾਹ ਢੱਕਣੇ, ਮਹਿਜ਼ ਇਸ ਲਈ ਢੱਕਣੇ ਨੇ ਕਿ ਮਨੁੱਖ ਦਾ ਸੀਲ ਸੰਜਮ ਵਿਚ ਰਹੇ, ਮਨੁੱਖ ਦੀਆਂ ਵਾਸ਼ਨਾਵਾਂ ਸੀਲ ਸੰਜਮ ਵਿਚ ਰਹਿਣ। ਮਨੁੱਖ ਦੇ ਮਾਨਸਿਕ ਵੇਗ ਮਰਿਆਦਾ ਵਿਚ ਜੋ ਹੈ ਨਗਨਤਾ ਉਤੇਜਨਾ ਪੈਦਾ ਕਰ ਸਕਦੀ ਹੈ, ਨਗਨਤਾ ਭੜਕਾਊ ਹੋ ਸਕਦੀ ਹੈ, ਇਹੀ ਕਾਰਨ ਹੈ ਭੜਕੇ ਹੋਏ ਮਨੁੱਖ ਨੂੰ ਔਰ ਜਿਸ ਨੇ ਆਪਣੀ ਵਾਸ਼ਨਾ ਉਜਾਗਰ ਕਰ ਰੱਖੀ ਹੋਵੇ, ਆਲੇ-ਦੁਆਲੇ ਕਹਿ ਦਿੱਤਾ ਜਾਂਦਾ ਹੈ ਨਗਨਤਾ ਹੈ, ਨਗਨਤਾ ਹੈ, ਪਹਿਨਣਾ ਤੇ ਇਸ ਵਾਸਤੇ ਸੀ ਕਿ ਨਗਨਤਾ ਨੂੰ ਢੱਕਣਾ,

ਨਗਨਤਾ ਨੂੰ ਇਸ ਵਾਸਤੇ ਢੱਕਣਾ ਕਿ ਭੜਕੀਆਂ ਹੋਈਆਂ ਵਾਸ਼ਨਾਵਾਂ ਨੂੰ ਜੋ ਢੱਕਣਾ ਮਨੋਬਿਰਤੀਆਂ ਨੂੰ ਢੱਕਣਾ, ਲੇਕਿਨ ਕਪੜਿਆਂ ਦੇ ਰਾਹੀਂ ਵਾਸ਼ਨਾ ਨੂੰ ਉਜਾਗਰ ਕਰਨ ਦਾ ਖਿਆਲ ਪੈਦਾ ਹੋ ਜਾਏ, ਕੱਪੜੇ ਹੀ ਵਾਸ਼ਨਾ ਦੀ ਪ੍ਰਦਰਸ਼ਨੀ ਕਰਨ ਲੱਗ ਪਏ ਨੇ, ਇਹ ਕਪੜਿਆਂ ਦਾ ਗਲਤ ਇਸਤੇਮਾਲ ਹੈ। ਜੈਸੇ ਤੇ ਖਾਣਾ ਪੀਣਾ ਇਸ ਵਾਸਤੇ ਸੀ ਕਿ ਸਰੀਰ ਦੀ ਭੁੱਖ ਮਿਟੇ ਤੇ ਤੰਦਰੁਸਤੀ ਮਿਲੇ ਪਰ ਖਾਣਾ ਪੀਣਾ ਹੀ ਰੋਗੀ ਕਰ ਦੇਵੇ, ਵਿਕਾਰੀ ਕਰ ਦੇਵੇ। ਇਹ ਮਕਸਦ ਦਾ ਹੱਲ ਨਾ ਹੋਇਆ। ਇਹ ਖਾਣੇ ਤੋਂ ਜੋ ਲਕਸ਼ ਦੀ ਪੂਰਤੀ ਹੋਣੀ ਸੀ ਭੁੱਖ ਮਿਟੇ ਸਰੀਰਕ ਤਵਾਨਾਈ ਦੀ ਪ੍ਰਾਪਤੀ ਹੋਵੇ, ਭੁੱਖ ਜ਼ਰੂਰ ਮਿਟੀ ਹੈ ਲੇਕਿਨ ਤੰਦਰੁਸਤੀ ਨਹੀਂ ਮਿਲੀ, ਬੀਮਾਰੀ ਮਿਲੀ ਹੈ, ਮਾਨਸਕਿ ਵਿਕਾਰ ਮਿਲੇ ਹਨ, ਖਾਣੇ ਦਾ ਲਕਸ਼ ਪੂਰਾ ਨਹੀਂ ਹੋਇਆ। ਪਹਿਨਣ ਦਾ ਤੇ ਲਕਸ਼ ਇਹ ਸੀ ਵਾਸ਼ਨਾ ਨਾ ਭੜਕੇ ਔਰ ਦੂਜਿਆਂ ਦੀਆਂ ਵਾਸ਼ਨਾਵਾਂ ਵੀ ਸੀਮਾ ਵਿਚ ਰਹਿਣ, ਨਗਨਤਾ ਪ੍ਰਗਟ ਨਾ ਹੋਵੇ, ਖਾਸ ਕਰਕੇ ਵਿਪਰੀਤ ਨਗਨਤਾ ਤਾਂ ਬਿਲਕੁਲ ਪ੍ਰਗਟ ਨਹੀਂ ਹੋਣੀ ਚਾਹੀਦੀ, ਮੌਜਰਾਮ ਤੇ ਨਹੀਂ ਹੋਣੀ ਚਾਹੀਦੀ, ਪਰ ਕਪੜਿਆਂ ਵਿਚੋਂ ਨਗਨਤਾ ਪ੍ਰਗਟ ਹੋਵੇ, ਕਪੜੇ ਹੀ ਵਾਸ਼ਨਾ ਦੀ ਪ੍ਰਦਰਸ਼ਨੀ ਕਰਨ, ਐਸਾ ਹੋ ਸਕਦਾ ਅਗਰ ਕੁਝ ਖਾਣਾ ਪੀਣਾ ਰੋਗ ਪੈਦਾ ਕਰ ਸਕਦਾ, ਜਦ ਕਿ ਖਾਣਾ ਪੀਣਾ ਰੋਗ ਲਈ ਨਹੀਂ ਕੁਝ ਪਹਿਨਣਾ ਵੀ ਵਿਕਾਰ ਪੈਦਾ ਕਰ ਸਕਦਾ, ਜਦ ਕਿ ਪਹਿਨਣਾ ਵੀ ਵਿਕਾਰਾਂ ਲਈ ਨਹੀਂ ਹੈ, ਇਸ ਵਾਸਤੇ ਇਸ ਪਹਿਰੇ ਦੀ ਵੀ ਮੁਖ ਪੰਗਤੀ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਨੇ :

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਪੰਨਾ ੧੬)

ਹੇ ਸਿਆਣੇ ਉਹ ਪਹਿਨਣਾ ਜੋ ਤਨ ਦੇ ਵਿਚ ਖੁਆਰੀ ਪੈਦਾ ਕਰੇ, ਮਨ ਦੇ ਵਿਚ ਵਿਕਾਰ ਪੈਦਾ ਕਰੇ, ਇਸ ਸਬੰਧ ਵਿਚ ਇੰਝ ਕਹਿ ਲਉ ਜਦ ਦੇ ਇਹ ਪਹਿਲੇ ਵਿਚਾਰ ਨੇ, ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਨੇ ਸੋਚਿਆ ਕਿ ਕੁਝ ਪਹਿਨਣਾ ਹੀ ਵਿਕਾਰਾਂ ਨੂੰ ਜਨਮ ਦੇਂਦਾ, ਕੁਝ ਪਹਿਨਣਾ ਵੀ ਖੁਆਰੀ ਨੂੰ ਜਨਮ ਦੇਂਦਾ, ਪੈਗੰਬਰੀ ਪੁਰਸ਼ਾਂ ਦੇ ਵਿਚੋਂ ਅਵਤਾਰੀ ਪੁਰਸ਼ਾਂ ਦੇ ਵਿਚੋਂ ਚੋਟੀ ਦੇ ਸਿਰਮੌਰ ਸੰਤਾਂ ਦੇ ਵਿਚੋਂ ਇਹ ਪਹਿਲਾ ਉਪਦੇਸ਼ ਹੈ ਜੋ ਪਹਿਨਣ ਵਾਲੇ ਵੀ ਕਹਿੰਦੇ ਸੰਜਮ ਚਾਹੀਦਾ, ਜਿਥੇ ਖਾਣ ਪੀਣ ਬਾਰੇ ਸੰਜਮ ਚਾਹੀਦਾ ਸੋਚ ਚਾਹੀਦੀ, ਮਰਿਆਦਾ ਚਾਹੀਦੀ ਹੈ ਉਥੇ ਪਹਿਨਣ ਬਾਰੇ ਵੀ ਆਪ ਨੇ ਸ਼ਿਖਸ਼ਾ ਦਿੱਤੀ ਹੈ ਕੁਝ ਐਸਾ ਪਹਿਨਣਾ ਜੋ ਸਰੀਰਕ ਰੋਗਾਂ ਨੂੰ ਜਨਮ ਦੇ ਸਕੇ। ਐਸਾ ਪਹਿਨਣਾ, ਜੋ ਮਨ ਦੇ ਵਿਚ ਵਿਕਾਰਾਂ ਨੂੰ ਜੋ ਹੈ ਜਨਮ ਦੇ ਸਕਦਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਅਗਰ ਇਸ ਤਰ੍ਹਾਂ ਦੀਆਂ ਮਨੋਬਿਰਤੀਆਂ ਹੋਣ ਤਾਂ ਮਨੁੱਖ ਐਸੇ ਸਾਦੇ ਕਪੜੇ ਪਹਿਣੇਗਾ, ਉਹ ਲਿਬਾਸ ਨਹੀਂ ਜੋ ਦੂਜਿਆਂ ਦੀਆਂ ਵਾਸ਼ਨਾਵਾਂ ਵਿਚ ਉਤੇਜਨਾ ਪੈਦਾ ਕਰਨ ਤੇ ਆਪਣੇ

ਮਨ ਨੂੰ ਭੜਕਾਣ, ਪਹਿਨਣਾ ਤੇ ਇਸ ਵਾਸਤੇ ਕਿ ਮੈਂ ਢੱਕਿਆ ਜਾਵਾਂ ਤੇ ਜੇ ਪਹਿਨਣਾ ਇਸ ਵਾਸਤੇ ਹੋਵੇ ਕਿ ਮੈਂ ਪ੍ਰਦਰਸ਼ਨੀ ਹੋਵਾਂ, ਮੈਂ ਪ੍ਰਗਟ ਹੋਵਾਂ, ਮੈਂ ਦਿਸਾਂ। ਇਹ ਤੇ ਇਸ ਤਰ੍ਹਾਂ ਕਿਸੇ ਔਸ਼ਧੀ ਤੋਂ ਬਿਮਾਰੀ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ, ਕਿਸੇ ਦਵਾਈ ਤੋਂ ਰੋਗ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ। ਪਹਿਨਣਾ ਸੀ ਆਪਣੇ ਆਪ ਨੂੰ ਢੱਕਣ ਲਈ ਲੇਕਿਨ ਅਜੋਕੇ ਯੁਗ ਵਿਚ ਪਹਿਨਣਾ ਹੋ ਗਿਆ ਆਪਣੇ ਆਪ ਨੂੰ ਪ੍ਰਗਟ ਕਰਨ ਲਈ। ਬਹੁਤੇ ਮਨੁੱਖ ਅੱਜ ਕਪੜਿਆਂ ਦੇ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦੇ ਨੇ ਬਾਕੀ ਤੇ ਉਨ੍ਹਾਂ ਕੋਲ ਕੁਝ ਹੈ ਨਹੀਂ ਪਹਿਨਣਾ ਹੀ ਪਹਿਨਣਾ, ਪਹਿਰਾਵਾ ਦੱਸਦਾ ਹੈ ਕੱਪੜਾ ਢੱਕਣ ਲਈ ਸੀ। ਇਸਲਾਮ ਨੇ ਐਸਾ ਪਰਦਾ ਦੇ ਦਿੱਤਾ, ਐਸਾ ਢੱਕਿਆ ਮਨੁੱਖ ਗਾਇਬ ਹੋ ਗਿਆ, ਪਰਦਾ ਹੀ ਪਰਦਾ ਰਹਿ ਗਿਆ, ਕਪੜਾ ਹੀ ਕਪੜਾ ਰਹਿ ਗਿਆ। ਮਨੁੱਖ ਨਾ ਦਿੱਸਿਆ ਇਸਾਈਅਤ ਨੇ ਇਤਨੀ ਨਗਨਤਾ ਦੇ ਦਿੱਤੀ, ਇਤਨੀ ਨਗਨਤਾ ਦੇ ਦਿੱਤੀ ਤੇ ਨਗਨਤਾ ਹੀ ਨਗਨਤਾ ਰਹਿ ਗਈ ਕਪੜਾ ਓਹਲੇ ਹੋ ਗਿਆ। ਦਰਮਿਆਨਾ ਢੰਗ, ਦਰਮਿਆਨੀ ਅਵਸਥਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚੁਣੀ ਉਹ ਕਪੜਾ ਹੀ ਨਹੀਂ ਕਿ ਮਨੁੱਖ ਨੂੰ ਬਿਲਕੁਲ ਢੱਕ ਦੇਵੇ, ਕੱਪੜਾ ਹੀ ਦਿਖਾਈ ਦੇਵੇ, ਮਨੁੱਖ ਨਾ ਦਿਖਾਈ ਦੇਵੇ, ਪਰ ਉਹ ਨਗਨਤਾ ਵੀ ਨਹੀਂ ਕਿ ਨਗਨਤਾ ਦਿਖਾਈ ਦੇਵੇ, ਕਪੜਾ ਹੋਵੇ ਨਾ ਦੇਖਦਿਆਂ। ਅਸੀਂ ਕਿਧਰੇ ਮਨੁੱਖ ਨੂੰ ਦੇਖੀਏ ਤੇ ਕਪੜੇ ਦੇ ਦਰਸ਼ਨ ਹੁੰਦੇ ਨੇ ਪਰਦੇ ਨੇ, ਤੇ ਕਪੜਾ ਦਿਖਾਈ ਦੇਂਦਾ ਮਨੁੱਖ ਨਹੀਂ ਪਰ ਹੈ ਕਿਧਰੇ ਐਸੀ ਨਗਨਤਾ, ਉਸ ਨਗਨਤਾ ਦੇ ਵਿਚ ਭੜਕਾਊ ਵਾਸ਼ਨਾਵਾਂ ਹੀ ਦਿਖਾਈ ਦੇਂਦੀਆਂ ਨੇ, ਭੜਕਿਆ ਹੋਇਆ ਮਨ ਹੀ ਦਿਖਾਈ ਦਿੰਦਾ ਹੈ, ਭੜਕਿਆ ਹੋਇਆ ਤਨ ਹੀ ਦਿਖਾਈ ਦਿੰਦਾ ਹੈ, ਲਿਬਾਸ ਨਹੀਂ, ਕਪੜੇ ਨਹੀਂ।

ਇਕ ਬੜੀ ਸੁੰਦਰ ਗਾਥਾ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਸੁਪਤਨੀ, ਸਾਡੀ ਜਗਤ ਮਾਤਾ ਗੰਗਾ ਨੂੰ ਕਿਹਾ ਕਿ ਜੇ ਤੁਹਾਨੂੰ ਸੰਤਾਨ ਚਾਹੀਦੀ ਹੈ ਤਾਂ ਇਸ ਦਾ ਅਸ਼ੀਰਵਾਦ ਤੁਸੀਂ ਬਾਬੇ ਬੁੱਢੇ ਤੋਂ ਪ੍ਰਾਪਤ ਕਰੋ। ਸਿੱਖ ਨੂੰ ਮਾਣ ਦੇਂਦੇ ਨੇ ਗੁਰਦੇਵ, ਅਸੀਸ ਲਉ ਅਸ਼ੀਰਵਾਦ ਲਉ। ਬਾਬਾ ਬੁੱਢਾ ਸਾਹਿਬ ਨੂੰ ਮਿਲਣ ਲਈ ਤਿਆਰ ਹੋਈ ਮਾਤਾ ਗੰਗਾ ਜੀ ਤਨ ਸਜਾਇਆ ਬਸਤਰਾਂ ਨਾਲ, ਗਹਿਣਿਆਂ ਨਾਲ, ਫਿਰ ਆਪਣੇ ਰੱਥ ਨੂੰ ਸਜਾਇਆ, ਫਿਰ ਸੱਜੀਆਂ ਧੱਜੀਆਂ ਨਾਲ ਸਹੇਲੀਆਂ ਲਈਆਂ, ਸਖੀਆਂ ਲਈਆਂ, ਦਾਸੀਆਂ, ਨੌਕਰਾਣੀਆਂ ਲਈਆਂ, ਚੱਲ ਪਏ ਬਾਬਾ ਬੁੱਢਾ ਜੀ ਦੇ ਦਰਸ਼ਨ ਕਰਨ ਲਈ। ਅਕਸਰ ਐਸਾ ਹੁੰਦਾ ਹੈ ਕਿ ਬਹੁਤ ਇਸ ਤਰ੍ਹਾਂ ਦਾ ਸ਼ਿੰਗਾਰ ਮਨੁੱਖ ਕਰ ਲਵੇ, ਲਿਬਾਸ ਪਹਿਨ ਲਵੇ ਤੇ ਅੰਦਰ ਭਾਵ ਪੈਦਾ ਹੋ ਜਾਂਦਾ ਹੈ। ਜਿਸ ਸਮੇਂ ਦਰਸ਼ਨ ਕਰਨ ਲਈ ਨਹੀਂ ਜਾ ਰਿਹਾ, ਦਰਸ਼ਨ ਦੇਣ ਲਈ ਜਾ ਰਿਹਾ ਲਿਬਾਸ ਇਹ ਭਾਉ ਪੈਦਾ ਕਰ ਸਕਦਾ, ਲਿਬਾਸ ਇਹ ਖਿਆਲ ਪੈਦਾ ਕਰ ਸਕਦਾ ਮੈਂ ਦਰਸ਼ਨ ਦੇਣੇ ਨੇ ਔਰ ਜਿਨ੍ਹਾਂ ਜਿਨ੍ਹਾਂ ਦੇ ਅੰਦਰ ਇਹ ਭੁੱਖ ਜਿਤਨੀ ਜ਼ਿਆਦਾ ਹੋਵੇਗੀ ਉਤਨਾ ਭੜਕਾਊ ਲਿਬਾਸ ਪੈਦਾ ਹੁੰਦਾ ਜਾਏਗਾ, ਉਤਨਾ

ਹੀ ਭੜਕੀਲੇ ਲਿਬਾਸ ਦਾ ਜਨਮ ਹੋਵੇਗਾ ਕਿ ਮੈਂ ਦਰਸ਼ਨ ਦੇਣੇ ਨੇ, ਮੈਂ ਦਿਖਾਣਾ ਹੈ ਜਗਤ ਨੂੰ ਦੱਸਣਾ ਹੈ। ਭਾਵੇਂ ਮਾਤਾ ਜੀ ਦੀ ਇਹ ਭਾਵਨਾ ਨਹੀਂ ਸੀ ਪਰ ਸੰਸਾਰ ਦੀ ਰਹੁ-ਰੀਤੀ ਦੇ ਮੁਤਾਬਿਕ ਆਪ ਨੇ ਬੜੇ ਸੁੰਦਰ ਬਸਤਰ ਪਹਿਣੇ, ਸੁੰਦਰ ਗਹਿਣਿਆਂ ਨਾਲ ਆਪਣਾ ਤਨ ਸਜਾਇਆ, ਰੱਥ ਸਜਾਇਆ, ਸਜੀਆਂ ਧਜੀਆਂ ਦਾਸੀਆਂ ਤੇ ਸਹੇਲੀਆਂ, ਨਾਲ ਥਾਲ ਦੇ ਵਿਚ ਛੱਤੀ ਪ੍ਰਕਾਰ ਦਾ ਪਕਵਾਨ ਲੈ ਕੇ ਆਪ ਚੱਲੀਆਂ ਨੇ। ਦੂਰੋਂ ਰੱਥ ਜਦ ਬਾਬਾ ਜੀ ਨੇ ਵੇਖਿਆ, ਧੂੜ ਉਡਦੀ ਹੋਈ ਪੁਛ ਲਿਆ ਕਾਮੇ ਤੋਂ, ਸੇਵਕ ਤੋਂ ਇਹ ਕੌਣ ਆ ਰਹੇ ਨੇ ਤੇ ਸੇਵਕ ਨੇ ਦੱਸ ਦਿੱਤਾ, ਗੁਰੂ ਕੇ ਮਹਿਲ ਜਾਪਦੇ ਨੇ। ਰਸਨਾ ਤੋਂ ਸੁਭਾਵਿਕ ਨਿਕਲਿਆ, ਇਹ ਗੁਰੂ ਕੇ ਮਹਿਲਾਂ ਨੂੰ ਕੀ ਭਾਜੜ ਪੈ ਗਈ? ਇਹ ਬੋਲ ਮਾਤਾ ਗੰਗਾ ਜੀ ਦੇ ਵੀ ਕੰਨੀਂ ਪਏ। ਵਾਪਿਸ ਹੋ ਗਈਆਂ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੂੰ ਸ਼ਿਕਾਇਤ ਕੀਤੀ ਜਿਨ੍ਹਾਂ ਨੂੰ ਆਪ ਮਾਣ ਦੇਂਦੇ ਹੋ, ਪ੍ਰਤਿਸ਼ਠਾ ਦੇਂਦੇ ਹੋ, ਉਹ ਇਸ ਤਰ੍ਹਾਂ ਸਾਡਾ ਅਪਮਾਨ ਕਰਦੇ ਨੇ ਔਰ ਬਾਬਾ ਜੀ ਦੀ ਰਸਨਾ ਤੋਂ ਨਿਕਲਿਆ ਗੁਰੂ ਕੇ ਮਹਿਲਾਂ ਨੂੰ ਕੀ ਭਾਜੜ ਪੈ ਗਈ? ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਨੇ ਕਿ ਕਿਸੇ ਸਾਧੂ ਕੋਲ ਜਾਈਦਾ ਦਰਸ਼ਨ ਕਰਨ ਲਈ, ਦਰਸ਼ਨ ਦੇਣ ਲਈ ਨਹੀਂ। ਤੁਹਾਡਾ ਜਾਣ ਦਾ ਢੰਗ, ਤੁਹਾਡੇ ਕੱਪੜੇ ਤੁਹਾਡੇ ਗਹਿਣੇ, ਇਹ ਭਾਉ ਵੀ ਨਹੀਂ ਪੈਦਾ ਕਰ ਸਕਦੇ ਕਿ ਮੈਂ ਦਰਸ਼ਨ ਕਰਨ ਲਈ ਜਾਣਾ। ਇਸ ਵਾਸਤੇ ਜੋਹਰ ਦੀ ਜਾਣ ਲਈ ਆਪਣਾ ਲਿਬਾਸ ਹੈ, ਆਪਣੀ ਇਕ ਪੁਸ਼ਾਕ ਹੈ ਕਿ ਸਤਸੰਗ ਵਿਚ ਜਾਣ ਦਾ ਵੀ ਆਪਣਾ ਇਕ ਲਿਬਾਸ ਹੈ ਆਪਣੀ ਇਕ ਪੁਸ਼ਾਕ ਹੈ, ਉਹ ਪੁਸ਼ਾਕ ਇਹ ਬਾਰ-ਬਾਰ ਭਾਵਨਾ ਪੈਦਾ ਕਰੇ ਕਿ ਮੈਂ ਦਰਸ਼ਨ ਕਰਨ ਲਈ ਆਇਆ ਹਾਂ, ਸੰਗਤ ਦੇ ਦਰਸ਼ਨ ਕਰਨ ਲਈ ਆਇਆ, ਸੰਗਤਾਂ ਦੇ ਦਰਸ਼ਨ ਕਰਨ ਲਈ ਆਇਆ, ਗੁਰੂ ਦੇ ਮੈਂ ਦਰਸ਼ਨ ਕਰਨ ਲਈ ਆਇਆ। ਇਕ ਪਾਵਨ ਪਵਿੱਤਰ ਮਹੌਲ ਦੇ ਪਰਚੇ ਕਪੜੇ ਐਸੇ ਹੋਣ ਕਿ ਸਾਰਿਆਂ ਦੀ ਨਿਗਾਹ ਉਸ ਕਪੜਿਆਂ ਤੇ ਪਵੇ। ਇਕ ਤਾਂ ਸਾਰਿਆਂ ਦਾ ਧਿਆਨ ਉਖੜਿਆ, ਦੂਜਾ ਆਪਣੇ ਮਨ ਦੇ ਵਿਚ ਭਾਉ ਪੈਦਾ ਹੋਇਆ। ਦਰਸ਼ਨ ਦੇਣ ਦਾ ਦਿਖਾਣ ਦਾ ਇਹੀ ਕਾਰਨ ਹੈ ਕਿ ਬਹੁਤ ਸਾਰੀ ਮਨੁੱਖਤਾ ਧਾਰਮਿਕ ਲਾਭ ਤੋਂ ਵਾਂਝੀ ਰਹਿ ਜਾਂਦੀ ਹੈ, ਕਿਉਂਕਿ ਆਪਣੇ ਬਸਤਰਾਂ ਦੀ ਤਰਫ ਖਿਆਲ ਨਹੀਂ ਰੱਖਦੇ, ਖਾਸ ਕਰਕੇ ਇਸ ਦੇ ਵਿਚ ਇਸਤਰੀ ਜਾਤ ਕਿਸੇ ਹੱਦ ਤਕ ਬਹੁਤ ਜ਼ਿੰਮੇਵਾਰ ਹੈ, ਕਿਉਂਕਿ ਉਸ ਦਾ ਲਿਬਾਸ ਕਈ ਵਾਰ ਦੇਖਣ ਵਿਚ ਆਇਆ ਸਤਿਸੰਗ ਵਿਚ ਐਸਾ ਹੁੰਦਾ ਜੋ ਸਤਿਸੰਗ ਦੇ ਮਿਆਰ ਤੇ ਪੂਰਾ ਨਹੀਂ ਉਤਰਦਾ। ਕਹਿੰਦੇ ਦੂਸਰੇ ਦਿਨ ਜਦ ਸਾਦਾ ਲਿਬਾਸ ਪਹਿਣ ਕੇ ਦੋ ਮਿੱਸੇ ਪਰਸ਼ਾਦੇ ਔਰ ਪਿਆਜ਼ ਦਾ ਗੰਡਾ ਥਾਲ ਦੇ ਵਿਚ ਰੱਖ ਕੇ ਬਿਨਾਂ ਦਾਸੀਆਂ ਤੋਂ, ਬਿਨਾਂ ਰੱਥ ਤੋਂ ਪੈਦਲ ਜਗਤ ਮਾਤਾ ਜੀ ਪਹੁੰਚੀ ਅਜੇ ਵੀਹ ਕਦਮਾਂ ਦੀ ਦੂਰੀ ਹੈ ਬਾਬਾ ਬੁੱਢਾ ਜੀ ਦੀ ਰਸਨਾ ਤੋਂ ਨਿਕਲਿਆ ਮਾਂ ਨੂੰ ਵਾਕਈ ਹੀ ਫਿਕਰ ਹੁੰਦੀ ਹੈ ਬੱਚੇ ਨੂੰ ਭੁੱਖ ਲੱਗੀ ਹੈ। ਕੱਲ੍ਹ ਕੁਝ ਹੋਰ ਆਖਿਆ ਸੀ ਅੱਜ ਕੁਝ ਹੋਰ ਆਖ ਰਹੇ ਨੇ। ਇਕ ਦਮ ਭੱਜੇ

ਹੋਏ ਗਏ ਮਿੱਸਾ ਪਰਸ਼ਾਦਾ ਤੋੜਿਆ, ਬੁਰਕੀ ਮੂੰਹ ਵਿਚ ਪਾਈ ਹੈ, ਪਿਆਜ਼ (ਗੰਡਾ) ਮੰਜੇ ਦੇ ਪਾਵੇ ਉਤੇ ਰੱਖਕੇ ਜੋ ਮੁੱਠ ਨਾਲ ਤੋੜਿਆ ਹੈ, ਉਹ ਲਾਲ ਮਾਂ ਤੇਰੀ ਕੁੱਖ ਵਿਚੋਂ ਜਨਮ ਲਏਗਾ ਆਖਿਆ ਹੈ ਦੁਸ਼ਟਾਂ ਦੇ ਸਿਰ ਇੰਝ ਭੰਨੇਗਾ। ਜਿਵੇਂ ਮੈਂ ਇਸ ਪਿਆਜ ਨੂੰ ਤੋੜਿਆ ਹੈ। ਇਹ ਵਾਕ ਪ੍ਰਗਟ ਹੋਇਆ।

ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

(ਭਾਈ ਗੁਰਦਾਸ ਜੀ, ਵਾਰ ੧/੪੮)

ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦਾ ਜਨਮ ਆਪ ਜੀ ਦੇ ਕੁਖੋਂ ਹੋਇਆ। ਮੀਰੀ ਪੀਰੀ ਦੇ ਮਾਲਕ ਤਲਵਾਰ ਦੇ ਧਨੀ ਔਰ ਸ਼ਸਤਰਾਂ ਦੇ ਧਨੀ ਸੂਰਬੀਰਤਾ ਜਿਨ੍ਹਾਂ ਦੇ ਰੋਮ ਰੋਮ ਦੇ ਵਿਚੋਂ ਪ੍ਰਗਟ ਹੁੰਦੀ ਸੀ ਔਰ ਜਿਨ੍ਹਾਂ ਦੇ ਚਿਹਰੇ ਤੋਂ ਭਗਤੀ ਭਾਉ ਹਰ ਵਕਤ ਪ੍ਰਗਟ ਹੁੰਦਾ ਸੀ, ਐਸੇ ਮੀਰੀ ਪੀਰੀ ਦੇ ਮਾਲਿਕ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਵਕਤ ਦੇ ਇਕ ਮਹਾਨ ਫਕੀਰ ਗੁਰੂ ਘਰ ਦੇ ਇਕ ਮਹਾਨ ਆਸ਼ਿਕ ਬਾਬਾ ਬੁੱਢਾ ਜੀ ਦੇ ਅਸ਼ੀਰਵਾਦ ਨਾਲ ਹੋਇਆ। ਪਰ ਇਸ ਅਸ਼ੀਰਵਾਦ ਦੇ ਪਿਛੇ ਇਕ ਬਹੁਤ ਵੱਡੀ ਕਹਾਣੀ ਛੁਪੀ ਹੋਈ ਹੈ ਕਿ ਕਿਸੇ ਵੀ ਸੰਤ ਕੋਲ ਜਾਣਾ ਹੈ ਦਰਸ਼ਨ ਦੇਣ ਲਈ ਨਹੀਂ ਦਰਸ਼ਨ ਕਰਨ ਲਈ। ਇਹਦੇ ਵਿਚ ਕਪੜਿਆਂ ਦਾ ਬਹੁਤ ਵੱਡਾ ਯੋਗਦਾਨ ਹੈ। ਕਪੜੇ ਕੁਝ ਐਸੇ ਹੁੰਦੇ ਨੇ ਮਨ ਦੇ ਅੰਦਰ ਖਿਆਲ ਪੈਦਾ ਕਰਦੇ ਨੇ। ਮੈਂ ਦਰਸ਼ਨ ਦੇਣ ਨੂੰ ਔਰ ਕੁਝ ਕਪੜੇ ਐਸੇ ਨੇ ਜੋ ਪੈਦਾ ਕਰਦੇ ਨੇ ਖਿਆਲ ਮੈਂ ਕੁਝ ਵੀ ਨਹੀਂ, ਮੈਂ ਤੇ ਦਰਸ਼ਨ ਕਰਨੇ ਨੇ, ਮੈਂ ਤੇ ਦੂਜੇ ਦੇ ਦਰਸ਼ਨ ਕਰਨੇ ਨੇ।

ਇਕ ਹੋਰ ਵੀ ਬੜੀ ਸੁੰਦਰ ਗਾਥਾ ਭਗਤ ਕਬੀਰ ਜੀ ਦੇ ਡੇਰੇ ਇਕ ਐਸੀ ਪੰਨਹਾਰੀ ਸੀ ਜੋ ਗੰਗਾ ਵਿਚੋਂ ਰੋਜ਼ ਪਾਣੀ ਭਰ ਕੇ ਲਿਆਂਦੀ ਹੈ ਮਟਕਿਆਂ ਦੇ ਵਿਚ ਔਰ ਸਾਰਾ ਦਿਨ ਪਿਆਸਿਆਂ ਦੀ ਪਿਆਸ ਬੁਝਾਂਦੀ ਹੈ ਠੰਢੇ ਜਲ ਨਾਲ, ਰਸਨਾ ਨਾਲ ਪ੍ਰਮਾਤਮਾ ਦਾ ਨਾਮ ਜਪਦੀ ਹੈ, ਆਪਣੇ ਮਨ ਨੂੰ ਸੀਤਲ ਕਰਦੀ ਹੈ ਤੇ ਦੂਜਿਆਂ ਨੂੰ ਸੀਤਲ ਪਾਣੀ ਪਿਲਾ ਪਿਲਾ ਕੇ ਪਿਆਸ ਬੁਝਾਂਦੀ ਹੈ, ਅਗਲਿਆਂ ਦੇ ਮਨ ਸੀਤਲ ਕਰਦੀ ਹੈ। ਇਸ ਤਰ੍ਹਾਂ ਮਨ ਦੇ ਤਲ ਤੇ ਉਸਦਾ ਸਿਮਰਨ ਚਲਦਾ ਰਹਿੰਦਾ। ਤਨ ਦੇ ਤਲ ਤੇ ਉਸ ਦੀ ਸੇਵਾ ਚਲਦੀ ਰਹਿੰਦੀ ਹੈ। ਸੇਵਾ ਸਿਮਰਨ ਦੀ ਇਹ ਮੂਰਤੀ ਆਪਣਾ ਜੀਵਨ ਕਬੀਰ ਜੀ ਦੇ ਡੇਰੇ ਇਸ ਢੰਗ ਨਾਲ ਬਤੀਤ ਕਰਦੀ ਹੈ, ਲੇਕਿਨ ਇਕ ਐਸੀ ਘਟਨਾ ਘਟ ਗਈ, ਕਬੀਰ ਜੀ ਦੇ ਕੁਝ ਚੇਲੇ ਸ਼ਿਵਰਾਤਰੀ ਵਾਲੇ ਦਿਨ ਬੇਗਮ ਸਿਕੰਦਰ ਲੋਧੀ ਦੀ ਬੇਗਮ ਹਿੰਦੂ ਯਾਤਰੀਆਂ ਨੂੰ ਦੇਖਣ ਲਈ ਆਈ ਹੈ ਜੋ ਇਥੇ ਆ ਕੇ ਕੀ ਕਰਦੇ ਨੇ। ਕਿਸੇ ਤਰ੍ਹਾਂ ਦੇ ਧਾਰਮਿਕ ਰਸਮੋਂ-ਰਿਵਾਜ ਨੂੰ ਇਹ ਪਰਚੱਲਨ ਕਰਦੇ ਨੇ। ਇਹ ਦੇਖ ਰਹੀ ਸੀ ਜਿਥੇ ਉਹ ਧਾਰਮਿਕ ਰਸਮੋਂ-ਰਿਵਾਜ ਲੋਕੀ ਨਿਭਾ ਰਹੇ ਨੇ, ਕਰ ਰਹੇ ਨੇ। ਲੋਧੀ ਦੀ ਬੇਗਮ ਨੂੰ ਦੇਖਦੇ ਨੇ ਇਤਨੇ ਕੀਮਤੀ ਕਪੜੇ ਨੇ ਔਰ ਜੌਹਰੀ ਦਾ ਕੰਮ ਹੈ, ਮੋਤੀ ਜੜਤ ਨੇ, ਕਿਧਰੇ ਕਿਧਰੇ ਨੀਲਮ ਵੀ ਚਮਕਦੇ ਨੇ ਬਸਤਰਾਂ ਦੇ ਵਿਚੋਂ, ਕਪੜਿਆਂ ਦੇ ਵਿਚੋਂ, ਇਕ ਦਮ ਖਿਆਲ ਆਇਆ ਉਸ ਪੰਨਹਾਰੀ ਦਾ ਜੋ ਸਾਰਾ ਦਿਨ ਡੇਰਿਆਂ ਵਿਚ

ਪਿਆਸਿਆਂ ਦੀ ਪਿਆਸ ਬੁਝਾਉਂਦੀ ਹੈ, ਠੰਢੇ ਜਲ ਦੇ ਨਾਲ ਗੰਗਾ ਤੋਂ ਭਰ ਕੇ ਲੈ ਜਾਂਦੀ ਹੈ, ਸਾਰਾ ਦਿਨ ਰਸਨਾ ਤੇ ਸਤਿਨਾਮ ਦੀ ਧੁਨੀ ਚਲਦੀ ਹੈ। ਕਬੀਰ ਪੰਥੀਆਂ ਨੂੰ ਸਤਿਨਾਮੀ ਕਹਿੰਦੇ ਨੇ ਪਰ ਉਸ ਦੇ ਬਸਤਰ ਲੀਰਾਂ-ਲੀਰਾਂ ਨੇ, ਉਸ ਦੇ ਕਪੜੇ ਬਿਲਕੁਲ ਫਟੇ ਹੋਏ ਨੇ, ਮਨ ਦੇ ਉਤੇ ਇਕ ਸ਼ੱਕ ਦਾ ਬੋਝ ਪੈ ਗਿਆ ਕਿ ਸ਼ੱਕ ਕੀ ਸਭ ਤੋਂ ਵੱਡੀ ਮੈਲ ਹੈ ਸੰਸੇ ਜੋ ਮਲੀਨ ਹੈ ਕਿਤੇ ਸੰਜਮ ਧੋਤਾ ਜਾਏ ਮੈਲਾ ਹਿਰਦਾ ਕੌਣ ਜੋ ਪ੍ਰਮਾਤਮਾ ਦੇ ਪ੍ਰਤੀ ਸ਼ੱਕ ਨਾਲ ਭਰਿਆ ਹੋਇਆ ਹੈ, ਜਿਤਨਾ ਕਿਸੇ ਦਾ ਵਿਸ਼ਵਾਸ ਨਾਲ ਭਰਿਆ ਹੋਇਆ ਹੈ, ਜਿਤਨਾ ਕਿਸੇ ਦਾ ਵਿਸ਼ਵਾਸ ਵਧਦਾ ਜਾ ਰਿਹਾ ਉਤਨੀ ਨਿਮਰਤਾ ਵਧਦੀ ਜਾ ਰਹੀ ਹੈ, ਜਿਤਨਾ ਕਿਸੇ ਦਾ ਸੰਦੇਹ ਵਧਦਾ ਜਾ ਰਿਹਾ ਉਤਨੀ ਮੈਲ ਵਧਦੀ ਜਾ ਰਹੀ ਹੈ ਔਰ ਸੰਦੇਹ ਹੀ ਸੰਦੇਹ ਰਹਿ ਜਾਏ, ਵਿਸ਼ਵਾਸ ਰਹੇ ਹੀ ਨਾ, ਐਸਾ ਮਨੁੱਖ ਦੁਸ਼ਟ ਹੋ ਜਾਂਦਾ ਹੈ, ਐਸਾ ਹੀ ਮਨੁੱਖ ਜ਼ਾਲਮ ਹੋ ਜਾਂਦਾ ਹੈ, ਐਸਾ ਹੀ ਮਨੁੱਖ ਚੋਰ ਹੋ ਜਾਂਦਾ ਹੈ, ਐਸਾ ਹੀ ਮਨੁੱਖ ਦਰੋਣਾਚਾਰੀ ਹੋ ਜਾਂਦਾ ਹੈ, ਐਸਾ ਮਨੁੱਖ ਮਹਾਨ ਜ਼ਾਲਮ ਹੋ ਜਾਂਦਾ ਹੈ, ਕਿਉਂਕਿ ਪ੍ਰਮਾਤਮਾ ਦੇ ਪ੍ਰਤੀ ਸੰਦੇਹ ਹੀ ਸੰਦੇਹ ਹੈ ਔਰ ਐਸਾ ਮਨੁੱਖ ਪੁਨੀਤ ਹੋ ਜਾਂਦਾ ਹੈ, ਭਗਵੰਤ ਦਾ ਰੂਪ ਹੋ ਜਾਂਦਾ ਹੈ, ਭਰੋਸਾ ਹੀ ਭਰੋਸਾ ਹੈ। ਸੰਦੇਹ ਤੇ ਹੈ ਹੀ ਨਹੀਂ ਕੇਵਲ ਭਰੋਸਾ ਹੈ। ਐਸਾ ਮਨੁੱਖ ਅੱਠੇ ਪਹਿਰ ਪ੍ਰਭੂ ਨਾਲ ਜੁੜਿਆ ਹੁੰਦਾ ਹੈ, ਨਿਰਮਲਤਾ ਦੀ ਖਾਣ ਹੁੰਦਾ ਹੈ, ਉਹ ਨਿਰਮਲਤਾ ਦੀ ਮੂਰਤੀ ਕਬੀਰ ਦੇ ਚੇਲੇ ਕਬੀਰ ਦੇ ਅੱਗੇ ਫਰਿਆਦ ਕਰਦੇ ਨੇ, ਸਾਡੇ ਅੰਦਰ ਸੰਦੇਹ ਪੈਦਾ ਹੋ ਗਿਆ ਹੈ, ਕੀ ਕਰੀਏ। ਇਸ ਪੰਨਹਾਰੀ ਨੂੰ ਵੇਖ ਕੇ ਸਿਕੰਦਰ ਲੋਧੀ ਦੀ ਬੇਗਮ ਨੂੰ ਵੇਖਕੇ ਇਤਨੇ ਕੀਮਤੀ ਕਪੜੇ, ਇਤਨਾ ਕੀਮਤੀ ਲਿਬਾਸ ਪਤਾ ਨਹੀਂ ਉਸ ਦੀ ਜ਼ਬਾਨ ਵਿਚੋਂ ਪ੍ਰਮਾਤਮਾ ਦਾ ਨਾਮ ਨਿਕਲਿਆ ਹੈ ਕਿ ਨਹੀਂ, ਤੇ ਕਬੀਰ ਦੇ ਬੜੇ ਦੋ ਕੀਮਤੀ ਸਲੋਕ ਨੇ ਇਸ ਸਬੰਧ ਵਿਚ, ਕਬੀਰ ਦੇ ਸਲੋਕਾਂ ਦੀ ਇਹ ਬਾਣੀ ਆਪ ਕਹਿੰਦੇ ਨੇ :

ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥
ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ॥ ੧੫੯॥

(ਪੰਨਾ ੧੩੭੨)

ਜੋ ਹਰੀ ਜਨ ਦੀ ਪੰਨਹਾਰੀ ਹੈ ਸਾਰਾ ਦਿਨ ਹਰੀ ਦੇ ਜਨਾਂ ਨੂੰ ਪਾਣੀ ਪਿਲਾਂਦੀ ਹੈ, ਸੇਵਾ ਕਰਦੀ ਹੈ, ਇਸ ਦੇ ਕਪੜੇ ਇਤਨੇ ਮਹਾਨ ਨੇ ਤੇ ਉਸ ਬਾਦਸ਼ਾਹ ਦੀ ਬੇਗਮ ਦੇ ਕਪੜੇ ਇਸ ਸਾਹਮਣੇ ਤੁੱਛ ਨੇ :

ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ॥

ਤਰਕ ਖੜੀ ਹੋ ਗਈ, ਉਹ ਕਪੜੇ ਮਲਮਲੀ ਦੇ ਨੀਲਮ ਜੜਤ ਨੇ, ਜਰੀ ਦਾ ਕੰਮ ਹੋਇਆ। ਉਹਨਾਂ ਦੇ ਉਤੇ ਇਹ ਕਪੜੇ ਖੱਦਰ ਦੇ ਨੇ, ਲੀਰਾਂ-ਲੀਰਾਂ ਨੇ ਟਾਕੀਆਂ ਨੇ, ਥਾਂ ਥਾਂ ਤੋਂ ਪਾਟੇ ਹੋਏ ਨੇ, ਸੀਤੇ ਹੋਏ ਨੇ, ਇਹ ਤੇ ਚਿਥੜੇ ਨੇ, ਇਹਨਾਂ ਨੂੰ ਆਪ ਕਹਿੰਦੇ ਇਤਨੇ

ਮਹਾਨ। ਉਸ ਬਾਦਸ਼ਾਹ ਦੀ ਬੇਗਮ ਦੇ ਜਿਹੜੇ ਕਪੜੇ ਨੇ ਬਿਲਕੁਲ ਤੁੱਛ, ਬਿਲਕੁਲ ਮਾਮੂਲੀ, ਕਬੀਰ ਇਸ ਦਾ ਜੋ ਬੜਾ ਸੁੰਦਰ ਹੈ ਜਵਾਬ ਦੇਂਦੇ ਨੇ :

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥

(ਪੰਨਾ ੧੩੭੩)

ਮੈਂ ਹਰੀ ਦੀ ਚੇਰੀ ਨੂੰ ਮਾਨ ਕਿਉਂ ਦੇ ਦਿੱਤਾ। ਮੈਂ ਇਹਨਾਂ ਚੀਥੜਿਆਂ ਦਾ ਇਤਨਾ ਮਾਨ ਕਿਉਂ ਕਰਾਂ, ਮੈਂ ਇਸ ਤਰ੍ਹਾਂ ਸਾਦੇ ਲਿਬਾਸ ਦੀ ਇਤਨੀ ਮਹਿਮਾ ਗਾਇਣ ਕਿਉਂ ਕਰ ਦਿੱਤੀ ਔਰ ਇਤਨਾ ਕੀਮਤੀ ਲਿਬਾਸ ਜਰੀ ਨੀਲਮ ਦਾ ਕੰਮ ਜਿਸ ਵਿਚ ਮੈਂ ਉਸ ਨੂੰ ਭੰਡਿਆ ਕਿਉਂ, ਮੈਂ ਉਸ ਦੀ ਨਿੰਦਾ ਕਿਉਂ ਕੀਤੀ, ਦੂਜਿਆਂ ਦੇ ਤਰਕ ਅਜੇ ਜ਼ਬਾਨ ਤੇ ਨਹੀਂ ਆਇਆ। ਫੇਰ ਵੀ ਕਬੀਰ ਜੀ ਜਵਾਬ ਦੇ ਰਹੇ ਨੇ, ਸਮਝਾ ਰਹੇ ਨੇ :

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥੧੬੦॥

(ਪੰਨਾ ੧੩੭੩)

ਇਹਦੇ ਸਾਦੇ ਕਪੜਿਆਂ ਵਿਚ ਹਰੀ ਦਾ ਨਾਮ ਹੈ, ਉਹਦੇ ਭੜਕੀਲੇ ਲਿਬਾਸ ਵਿਚ ਪ੍ਰਦਰਸ਼ਨੀ ਹੈ, ਵਾਸ਼ਨਾ ਦੀ ਨੁਮਾਇਸ਼ ਹੈ, ਉਹਦੇ ਕਪੜਿਆਂ ਨੂੰ ਵੇਖ ਕੇ ਦੂਜਿਆਂ ਦੀਆਂ ਵਾਸ਼ਨਾਵਾਂ ਭਟਕਦੀਆਂ ਨੇ, ਪ੍ਰਗਟ ਹੁੰਦੀਆਂ ਨੇ। ਇਹਦੇ ਸਾਦੇ ਲਿਬਾਸ ਨੂੰ ਦੇਖ ਕੇ ਲੋਕਾਂ ਦੀ ਜ਼ਬਾਨ ਤੇ ਸਤਿਨਾਮ ਸਤਿਨਾਮ ਦਾ ਜਾਪ ਚਲਦਾ ਹੈ। ਜਿਨ੍ਹਾਂ ਕਪੜਿਆਂ ਨੂੰ ਦੇਖ ਕੇ ਭਗਵਾਨ ਚੇਤੇ ਆਵੇ ਮੈਂ ਉਸ ਦੀ ਉਪਮਾ ਕਰਾਂ ਜਾਂ ਜਿਨ੍ਹਾਂ ਕਪੜਿਆਂ ਨੂੰ ਦੇਖ ਕੇ ਸ਼ੈਤਾਨ ਦਾ ਚੇਤਾ ਚੱਲੇ, ਮੈਂ ਉਹਦੀ ਮਹਿਮਾ ਗਾਇਣ ਕਰਾਂ। ਵਾਕੇ ਹੀ ਐਸਾ ਹੈ ਲਿਬਾਸ ਜਿਹਨੂੰ ਵੇਖਦਿਆਂ ਹੀ ਸ਼ੈਤਾਨੀ ਪ੍ਰਗਟ ਹੁੰਦੀ ਹੈ, ਸ਼ੈਤਾਨ ਦੇ ਦਰਸ਼ਨ ਹੁੰਦੇ ਨੇ ਔਰ ਹੈ ਐਸਾ ਲਿਬਾਸ ਜਿਹਨੂੰ ਵੇਖਦਿਆਂ ਹੀ ਭਗਵਾਨ ਦੇ ਦਰਸ਼ਨ ਹੁੰਦੇ ਨੇ, ਪ੍ਰਭੂ ਦੇ ਦਰਸ਼ਨ ਹੁੰਦੇ ਨੇ। ਖਾਣ ਪੀਣ ਦੀ ਸਾਵਧਾਨੀ ਤੋਂ ਬਾਅਦ ਜੋ ਮਨੁੱਖ ਆਪਣੇ ਬਸਤਰਾਂ ਦੇ ਪ੍ਰਤੀ ਸਾਵਧਾਨ ਨਹੀਂ, ਧਰਮ ਦੀ ਚਰਮ ਸੀਮਾ ਨੂੰ ਨਹੀਂ ਛੂਹ ਸਕੇਗਾ, ਬੁਲੰਦੀਆਂ ਨੂੰ ਛੂਹ ਨਹੀਂ ਸਕੇਗਾ। ਜਾਂ ਇੰਝ ਕਹਿ ਲਉ ਜਦ ਵੀ ਕਿਸੇ ਦੇ ਪੈਰ ਬੁਲੰਦੀਆਂ ਦੀ ਤਰਫ ਗਾਦਬ ਹੁੰਦੇ ਨੇ, ਉਹਦੇ ਪਹਿਰਾਵੇ ਦੀ ਸਾਦਗੀ ਆਉਣੀ ਆਰੰਭ ਹੋ ਜਾਂਦੀ ਹੈ, ਉਸ ਪਹਿਰਾਵੇ ਵਿਚ ਕੋਮਲਤਾ ਜਿਹੜੀ ਉਹ ਆਉਣੀ ਸ਼ੁਰੂ ਹੋ ਜਾਂਦੀ ਹੈ, ਮਨੁੱਖ ਦੀ ਖਾਣ ਪੀਣ ਦੀ ਕਮਜੋਰੀ ਤੋਂ ਬਾਅਦ ਇਹ ਦੂਸਰੀ ਕਮਜ਼ੋਰੀ ਹੈ ਖਾਣਾ ਪੀਣਾ। ਜ਼ਬਾਨ ਦੇ ਰਸ ਕਰਕੇ ਬੇਮੁਰਾਦ ਚਲਿਆ ਜਾਂਦਾ ਹੈ, ਪਹਿਨਣਾ ਵਾਸ਼ਨਾ ਕਰਕੇ ਔਰ ਹੰਕਾਰ ਕਰਕੇ ਆਪਣੇ ਆਪ ਨੂੰ ਪ੍ਰਗਟ ਕਰਨਾ ਔਰ ਜੈਸੇ ਹੀ ਕੋਈ ਆਪਣੇ ਆਪ ਨੂੰ ਕਪੜਿਆਂ ਦੇ ਰਾਹੀਂ ਪ੍ਰਗਟ ਕਰਦਾ ਉਸੇ ਤਰੀਕੇ ਨਾਲ ਦੂਸਰਿਆਂ ਦੀਆਂ ਵਾਸ਼ਨਾਵਾਂ ਪ੍ਰਗਟ ਹੁੰਦੀਆਂ ਨੇ। ਔਰ ਇਹ ਪਹਿਨਣਾ ਧਰਮ ਦੀ ਦੁਨੀਆਂ ਵਿਚ ਜੁਰਮ ਹੋ

ਜਾਂਦਾ ਹੈ। ਜਗਤ ਦਾ ਤਮਾਮ ਫਕੀਰੀ ਸਮਾਜ, ਸਾਧੂ ਸਮਾਜ, ਸੰਤ ਸਮਾਜ ਜੇ ਸਾਦੇ ਕਪੜਿਆਂ ਵਿਚ ਲਿਪਟਿਆ ਹੋਇਆ ਤੇ ਇਸ ਦੇ ਪਿਛੇ ਕੋਈ ਫੋਕਾ ਕਰਮ-ਕਾਂਡ ਨਹੀਂ, ਇਸਦੇ ਪਿਛੇ ਬਹੁਤ ਗਹਿਰੀ ਸੋਚਣੀ ਹੈ, ਇਹ ਲੰਬੀ ਵਿਚਾਰਧਾਰਾ ਹੈ ਕਿ ਮੈਂ ਐਸਾ ਪਹਿਨਾਂ ਕਿ ਛੁਪ ਜਾਵੇ ਔਰ ਮੈਂ ਐਸਾ ਪਹਿਨਾਂ ਕਿ ਪ੍ਰਦਰਸ਼ਨ ਨਾ ਹੋਵੇ। ਮੈਂ ਐਸਾ ਪਹਿਨਾਂ ਕਿ ਦੂਸਰਿਆਂ ਦੀਆਂ ਵਾਸ਼ਨਾਵਾਂ ਵੀ ਪ੍ਰਦਰਸ਼ਿਤ ਨਾ ਹੋਣ। ਅਗਰ ਕਿਸੇ ਦੇ ਕਪੜਿਆਂ ਰਾਹੀਂ ਕਿਸੇ ਦੀ ਵਾਸ਼ਨਾ ਪ੍ਰਗਟ ਹੋ ਰਹੀ ਹੈ ਕਿ ਉਹਦਾ ਪਹਿਨਣਾ ਬਿਲਕੁਲ ਧਰਮ ਦੀ ਦੁਨੀਆਂ ਵਿਚ ਜੁਰਮ ਹੈ, ਪਾਪ ਹੈ, ਭਾਵੇਂ ਕਾਨੂੰਨ ਦੀ ਦੁਨੀਆਂ ਵਿਚ ਇਹ ਪਾਪ ਹੈ, ਇਹ ਤਾਂ ਗੁਨਾਹ ਹੈ, ਇਹ ਤੇ ਪਹਿਨਣਾ ਹੀ ਦੂਸਰਿਆਂ ਦੀਆਂ ਵਾਸ਼ਨਾਵਾਂ ਕਿਸੇ ਵਕਤ ਵੀ ਕਿਸੇ ਦੀ ਇੱਜ਼ਤ, ਕਿਸੇ ਦੀ ਅਸਮਤ ਲੁੱਟ ਸਕਦੀਆਂ ਨੇ। ਮੌਜੂਦਾ ਦੌਰ ਦਾ ਮਾਹੌਲ ਐਸਾ ਹੈ ਕਿ ਚਾਰੋਂ ਪਾਸੇ ਨਗਨਤਾ ਗੰਦਾ ਔਰ ਅਰਧਨੰਗਤਾ ਦੇ ਰਾਹੀਂ ਵੀ ਵਾਸ਼ਨਾਵਾਂ ਨੂੰ ਪ੍ਰਦਰਸ਼ਿਤ ਕਰਨ ਦਾ ਇਕ ਮਹਾਨ ਪ੍ਰਗਟਾਵਾ ਜੋ ਚਲ ਰਿਹਾ ਹੈ, ਇਸੇ ਨੂੰ ਦੇਖ ਕੇ ਗੁਰੂ ਨਾਨਕ ਦੀ ਰਸਨਾ ਤੋਂ ਨਿਕਲ ਗਿਆ ਸੀ, ਇਹ ਤੇ ਕਲਯੁਗ ਦਾ ਭਾਵ ਹੈ-

ਨਾਰਦੁ ਨਾਚੈ ਕਲਿ ਕਾ ਭਾਉ॥
ਜਤੀ ਸਤੀ ਕਹ ਰਾਖਹਿ ਪਾਉ॥ ੧॥

(ਪੰਨਾ ੩੪੯)

ਮਨ ਨਾਰਦ ਹੋਵੇ ਤੇ ਚਾਰੇ ਪਾਸੇ ਨਗਨਤਾ ਦੀ ਪ੍ਰਦਰਸ਼ਨੀ ਹੋਵੇ ਤੇ ਫਿਰ ਜਤੀ ਤੇ ਸਤੀ ਲਈ ਥਾਂ ਬਣਾਉਣੀ ਬਹੁਤ ਔਖੀ ਏ, ਆਪਣੇ ਪੈਰ ਟਿਕਾਉਣੇ ਬੜੇ ਔਖੇ ਨੇ।

ਪਹਿਨਣ ਦੇ ਸਬੰਧ ਵਿਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਮਹਾਨ ਉਪਦੇਸ਼ ਇਸ ਪ੍ਰਕਾਰ ਹੈ -

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥

ਇਹ ਜੋ ਮਨ ਪ੍ਰਮਾਤਮਾ ਦੇ ਨਾਮ ਵਿਚ ਲੀਨ ਹੋ ਗਿਆ, ਰੱਤਾ ਗਿਆ ਹੈ, ਮਨ ਨੂੰ ਮੈਂ ਇਹੀ ਲਾਲ ਰੰਗ ਦੀ ਪੁਸ਼ਾਕ ਪਹਿਨੀ ਹੈ ਔਰ ਲਾਲ ਰੰਗ ਦੇ ਗੂੜ੍ਹੇ ਕਪੜੇ ਪਹਿਨਣ ਦਾ ਹੁਣ ਚਾਉ ਨਹੀਂ ਰਿਹਾ। '*ਸੁਪੇਦੀ ਸਤੁ ਦਾਨੁ*' ਔਰ ਇਹੀ ਸਫੈਦ ਰੰਗ ਦੇ ਕਪੜੇ ਪਾ ਲਏ ਨੇ ਜੋ ਦਾਨੀ ਬਿਰਤੀਆਂ ਪੈਦਾ ਹੋ ਗਈਆਂ ਨੇ, ਪਰਉਪਕਾਰ ਦਾ ਮਾਦਾ ਪੈਦਾ ਹੋ ਗਿਆ।

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥ (ਪੰਨਾ ੧੬)

ਜੋ ਮਨ ਦੇ ਵਿਚ ਆਪਣੇ ਵਿਕਾਰਾਂ ਦੇ ਪ੍ਰਤੀ ਰੋਸ ਪੈਦਾ ਹੋ ਗਿਆ ਹੈ ਇਹੀ ਮੈਂ ਕਾਲੇ ਰੰਗ ਦੇ ਕਪੜੇ ਪਹਿਨੇ ਨੇ। ਪੂਰੀ ਦੁਨੀਆਂ ਵਿਚ ਅੱਜ ਵੀ ਰੋਸ ਦਾ ਰੰਗ ਕਾਲਾ ਮੰਨਿਆ ਜਾਂਦਾ ਹੈ ਔਰ ਵਾਕੇ ਹੀ ਇਸ ਨੂੰ ਆਪਣੇ ਗੁਨਾਹਾਂ ਵਿਕਾਰਾਂ ਤੇ ਰੋਸ ਪੈਦਾ ਹੁੰਦਾ ਹੈ, ਅੰਦਰ ਕਾਲੇ ਰੰਗ ਦੀ ਧਾਰੀ ਜੋ ਬਣਦੀ ਹੈ, ਮਹਾਰਾਜ ਕਹਿੰਦੇ ਇਹ ਹੀ ਮੈਂ ਕਾਲੇ ਰੰਗ ਦੇ ਕਪੜੇ

ਪਹਿਨੇ ਨੇ ਔਰ ਜਦ ਇਹਨਾਂ ਵਿਕਾਰਾਂ ਨੂੰ ਕੱਟਣ ਦਾ ਖਿਆਲ ਪੈਦਾ ਹੋ ਜਾਏ। ਸਾਹਿਬ ਕਹਿੰਦੇ ਇਹ ਹੀ ਮੈਂ ਨੀਲੇ ਰੰਗ ਦੇ ਕਪੜੇ ਪਹਿਨੇ ਨੇ :

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥

ਪੈਰਾਂ ਵਿਚ ਸੋਹਣੀ ਜੁੱਤੀ ਮੈਂ ਕਿਹੀ ਪਾਈ ਤਿਲੇਦਾਰ ਜੋ ਧਿਆਨ ਨੂੰ ਹੇ ਪ੍ਰਭੂ ਤੇਰੇ ਮਾਰਗ ਤੇ ਤੋਰਿਆ। ਸੋਹਣੀ ਜੁੱਤੀ ਪਾਈ ਹੋਈ ਹੈ ਪੈਰ ਭਟਕੇ ਹੋਏ ਨੇ ਪੈਰ ਗਲਤ ਮਾਰਗ ਤੇ ਚਲੇ ਹੋਏ ਨੇ, ਕਹੇ ਜਾ ਸਕਦੇ ਪੈਰ ਨੰਗਾ ਹੈ, ਜੁੱਤੀ ਉਸ ਦੇ ਪੈਰ ਵਿਚ ਹੈ, ਜਿਸ ਦੀ ਸੁਰਤ ਧਿਆਨ ਪ੍ਰਭੂ ਦੇ ਮਾਰਗ ਤੇ ਚੱਲ ਰਹੀ ਹੈ। ਮਹਾਰਾਜ ਕਹਿੰਦੇ *'ਪਹਿਰਣੁ ਪੈਰ ਧਿਆਨੁ॥'*

ਉਹਦਾ ਧਿਆਨ ਤੇਰੇ ਵਿਚ ਜੁੜਿਆ ਹੋਇਆ ਹੈ ਤੇ ਜੋ ਮੈਂ ਚੱਲ ਰਿਹਾ ਇਹ ਹੀ ਮੈਂ ਸੋਹਣੇ ਤਿਲੇਦਾਰ ਪੈਰਾਂ ਵਿਚ ਮੈਂ ਜੁੱਤੀ ਪਹਿਨੀ ਹੋਈ ਹੈ :

ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥੨॥

ਕਮਰਕੱਸਾ ਮੈਂ ਸੰਤੋਖ ਦਾ ਕੀਤਾ ਹੋਇਆ ਤੇ ਹੁਣ ਸਭ ਤੋਂ ਵੱਡੀ ਪ੍ਰਦਰਸ਼ਨੀ ਦੀ ਜਿਹੜੀ ਵਸਤੂ ਹੈ ਉਹ ਹੈ ਧਨ, ਉਹ ਹੈ ਜੋਬਨ। ਮਹਾਰਾਜ ਕਹਿੰਦੇ ਹੁਣ ਤੇਰੇ ਨਾਮ ਤੋਂ ਬਿਨਾਂ ਕੁਝ ਨਹੀਂ, ਤੇਰਾ ਨਾਮ ਹੀ ਮੇਰਾ ਜੋਬਨ ਹੈ ਔਰ ਤੇਰਾ ਨਾਮ ਹੀ ਮੇਰਾ ਧਨ ਹੈ। ਵਾਕੇ ਨਾਮ ਦੇ ਮਿਲਦਿਆਂ ਜੋ ਇਕ ਬਾਦਸ਼ਾਹਤ ਪੈਦਾ ਹੁੰਦੀ ਹੈ ਉਸੇ ਦਿਨ ਹੀ ਪਤਾ ਚੱਲਦਾ ਹੈ, ਧਨ ਕਿਸ ਨੂੰ ਕਹਿੰਦੇ ਨੇ, ਜੋਬਨ ਕਿਸ ਨੂੰ ਕਹਿੰਦੇ। ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ ਸਾਰਾ ਜੋਬਨ, ਸਾਰੀ ਸੰਪਰਦਾ ਫਿਕੀ ਪੈ ਜਾਂਦੀ ਹੈ, ਜਿਸ ਨੂੰ ਇਹ ਅਸਲੀ ਧਨ ਜੋ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ *'ਧਨੁ ਜੋਬਨੁ ਤੇਰਾ ਨਾਮੁ॥'*

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਪੰਨਾ ੧੬)

ਹੇ ਸਿਆਣੇ ਮਨੁੱਖ ਉਹ ਪਹਿਨਣਾ ਜੋ ਖੁਆਰੀਆਂ ਨੂੰ, ਮਨ ਵਿਚ ਵਿਕਾਰਾਂ ਨੂੰ ਜਨਮ ਦੇਵੇ, ਵੈਸੇ ਪਹਿਨਣੇ ਨੂੰ ਇਕ ਪਾਸੇ ਕਰ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਇਹ ਮੂਲ ਸੰਦੇਸ਼ ਉਪਦੇਸ਼ ਖਾਣ ਪੀਣ ਪਹਿਨਣ ਦੇ ਬਾਰੇ ਜਿਸ ਦੇ ਵਿਚ ਇਕ ਬਹੁਤ ਵੱਡੀ ਸੱਚਾਈ ਹੈ, ਦੇ ਰਤੇ ਹਨ ਤੇ ਕਹਿ ਰਹੇ ਹਨ, ਜੋ ਇਸ ਪਲ ਤੇ ਸੰਜਮੀ ਨਹੀਂ, ਉਹ ਪ੍ਰਮਾਤਮਾ ਦੇ ਮਾਰਗ ਦਾ ਪਾਂਧੀ ਵੀ ਹੈ।

☆☆☆

ਭਾਗ-੨

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥

(ਪੰਨਾ ੧੨੫੪)

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥ ੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥

(ਪੰਨਾ ੧੬)

ਇਹ ਇਕ ਐਸਾ ਪਾਵਨ ਪਵਿੱਤਰ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਹਾਂਵਾਕ ਹੈ ਜਿਸ ਵਿਚ ਜੀਵਨ ਨੂੰ ਬੁਲੰਦੀਆਂ ਤੇ ਕਿਵੇਂ ਲੈ ਜਾਈਏ ਔਰ ਜੀਵਨ ਦੇ ਵਿਚਕਾਰ ਰੁਕਾਵਟਾਂ ਕਿਹੜੀਆਂ-ਕਿਹੜੀਆਂ ਨੇ, ਇਹਦੀ ਪੂਰਨ ਤੌਰ ਤੇ ਸੂਝ ਸਮਝ ਵਕਤ ਤੇ ਅਵਤਾਰੀ ਪੁਰਸ਼ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਰਾਈ ਹੈ। ਇਤਨੀ ਗੱਲ ਤੇ ਸਪੱਸ਼ਟ ਹੈ ਪ੍ਰਥਮ ਸਰੀਰ, ਫੇਰ ਮਨ ਹੈ, ਫੇਰ ਆਤਮਾ ਹੈ। ਸਾਰੇ ਦਾ ਸਾਰਾ ਪਸ਼ੂ ਜਗਤ ਸਰੀਰਕ ਤਲ ਤੇ ਜੀਅ ਰਿਹਾ ਹੈ। ਲੋੜਾਂ ਦੇ ਤਲ ਤੇ ਜੀਅ ਰਿਹਾ ਹੈ, ਪਰ ਮਨੁੱਖ ਲੋੜਾਂ ਦੇ ਨਾਲ-ਨਾਲ ਸਰੀਰ ਦੇ ਨਾਲ-ਨਾਲ ਮਾਨਸਿਕ ਤਲ ਤੇ ਜੀਅ ਰਿਹਾ ਹੈ ਤੇ ਮਨ ਦੀਆਂ ਕੁਝ ਆਪਣੀਆਂ ਕਾਮਨਾਵਾਂ ਨੇ ਮਨ ਦੀਆਂ ਕੁਝ ਆਪਣੀਆਂ ਇਛਾਵਾਂ ਨੇ ਔਰ ਇਹਨਾਂ ਕਾਮਨਾਵਾਂ ਤੇ ਬਹੁਤ ਵੱਡੇ ਪਸਾਰੇ ਨੂੰ ਜਨਮ ਦਿੱਤਾ ਹੈ। ਇੰਨਾ ਜੀਵਨ ਵੱਡਾ ਨਹੀਂ ਜਿਤਨਾ ਪਸਾਰਾ ਵੱਡਾ ਹੋ ਜਾਂਦਾ ਹੈ ਔਰ ਇਸ ਨਾਲ ਮਾਨਸਿਕ ਤਨਾਉ ਵੱਧ ਜਾਂਦਾ ਹੈ। ਇਸ ਵਾਸਤੇ ਮਨੁੱਖ ਸਰੀਰਕ ਤਲ ਤੇ ਹੀ ਰੋਗੀ ਨਹੀਂ ਮਾਨਸਿਕ ਤਲ ਤੇ ਰੋਗੀ ਹੈ। ਸਰੀਰਕ ਤਲ ਤੇ ਸਤਿਗੁਰੂ ਕਹਿੰਦੇ :

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥

(ਪੰਨਾ ੧੧੪੦)

ਤੋ ਪ੍ਰਥਮ ਸਰੀਰ ਦੇ ਤਲ ਤੇ ਮਨੁੱਖ ਸਾਵਧਾਨ ਹੋਵੇ। ਸਤਿਗੁਰੂ ਨਾਨਕ ਦੇਵ ਜੀ

ਮਹਾਰਾਜ ਖਾਣ ਪੀਣ ਦਾ ਸੰਜਮ ਦੱਸਦੇ ਨੇ ਔਰ ਸਾਫ ਕਹਿੰਦੇ ਨੇ

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਉਹ ਖਾਣਾ ਜੋ ਵਕਤੀ ਤੌਰ ਤੇ ਖੁਸ਼ੀ ਦੇਵੇ ਤੇ ਬਾਅਦ ਵਿਚ ਵਿਕਾਰ ਪੈਦਾ ਕਰੇ, ਉਹ ਖਾਣਾ ਜੋ ਵਕਤੀ ਤੌਰ ਤੇ ਰਸ ਦੇਵੇ, ਪਰ ਬਾਅਦ ਵਿਚ ਬੇਰਸੀ ਨੂੰ ਪੈਦਾ ਕਰ ਦੇਵੇ ਔਰ ਸਰੀਰ ਨੂੰ ਰੋਗੀ ਕਰ ਦੇਵੇ, ਸਤਿਗੁਰੂ ਉਸ ਤੋਂ ਜੋ ਹੈ ਵਰਜਦੇ ਨੇ। ਇਹ ਗੱਲ ਵੱਖਰੀ ਹੈ ਕਿ ਸਰੀਰ ਅਲੱਗ-ਅਲੱਗ ਨੇ, ਕੋਈ ਵਾਈ ਪ੍ਰਧਾਨ ਸਰੀਰ ਤੇ ਕੋਈ ਕਫ ਪ੍ਰਧਾਨ ਸਰੀਰ ਹੈ ਔਰ ਕੋਈ ਪਿੱਤ ਪ੍ਰਧਾਨ ਆਪਣੇ ਸਰੀਰ ਸੁਭਾਅ ਨੂੰ ਵੇਖ ਕੇ ਖਾਣਿਆਂ ਪ੍ਰਤੀ ਜੋ ਸੁਚੇਤ ਹੋ ਜਾਂਦਾ ਹੈ ਉਹ ਸਰੀਰਕ ਪੀੜਾ ਤੋਂ ਬਚ ਜਾਂਦਾ ਹੈ। ਮਾਨਸਿਕ ਵਿਕਾਰਾਂ ਤੋਂ ਬਚ ਜਾਂਦਾ ਹੈ ਔਰ ਜੈਸੇ ਹੀ ਸਰੀਰ ਦੇ ਖਾਣ-ਪੀਣ ਦਾ ਮਸਲਾ ਹੱਲ ਹੋਵੇ ਇਕ ਦਮ ਪਹਿਨਣ ਦੀ ਦੁਨੀਆਂ ਆਰੰਭ ਹੋ ਜਾਂਦੀ ਹੈ, ਪਰ ਪਹਿਨਣਾ ਸਿਰਫ ਪ੍ਰਦਰਸ਼ਨੀ ਵਾਸਤੇ ਹੈ, ਪਹਿਨਣਾ ਸਿਰਫ ਨੁਮਾਇਸ਼ ਹੋਵੇ, ਪਹਿਨਣਾ ਆਪਣੀ ਬਿਰਤੀ ਨੂੰ ਵੀ ਬਾਹਰਮੁਖੀ ਕਰੇ ਤੇ ਦੂਜਿਆਂ ਦੀ ਬਿਰਤੀ ਨੂੰ ਵੀ ਆਪਣੀ ਤਰਫ ਖਿੱਚੇ। ਐਸਾ ਪਹਿਨਣਾ ਵੀ ਮਾਨਸਿਕ ਵਿਕਾਰਾਂ ਨੂੰ ਜਨਮ ਦੇਂਦਾ ਹੈ ਤੇ ਸਤਿਗੁਰੂ ਉਸ ਤੋਂ ਵੀ ਸਾਨੂੰ ਵਰਜਦੇ ਨੇ।

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧ ॥ ਰਹਾਉ॥

(ਪੰਨਾ ੧੬)

ਅਗਾਂਹ ਚਲ ਕੇ ਮੇਰੇ ਪਾਤਸ਼ਾਹ ਮਨ ਦੀ ਉਸ ਅਵੱਸਥਾ ਦਾ ਜ਼ਿਕਰ ਕਰਦੇ ਨੇ, ਧਨ ਤੋਂ ਮਨੁੱਖ ਨਿਸ਼ਚਿੰਤ ਹੋ ਜਾਵੇ ਤੇ ਮਨ ਬੜੇ ਪੁਰਜ਼ੋਰ ਢੰਗ ਨਾਲ ਮੰਗ ਕਰਨ ਲੱਗ ਪੈਂਦਾ ਔਰ ਇਹ ਹੀ ਐਸਾ ਸ਼ਬਦ ਹੈ ਜਿਸ ਵਿਚ ਚਾਰ ਰਹਾਉ ਨੇ, ਚਾਰ ਠਹਿਰਾਉ ਨੇ, ਇਹ ਆਪਣੀ ਤਰ੍ਹਾਂ ਇੰਝ ਕਹਿ ਲਉ ਇਕ ਮਹਾਨ ਸ਼ਬਦ ਹੈ ਜਿਸ ਦੇ ਵਿਚ ਇਕ ਨਹੀਂ ਦੋ ਤਿੰਨ ਨਹੀਂ ਚਾਰ ਰਹਾਉ ਨੇ, ਚਾਰ ਰਹਾਉ ਦੇ ਵਿਚ ਰਹਾਉ ਚਾਰ ਭਾਉ ਸਤਿਗੁਰਾਂ ਨੇ ਸਾਡੇ ਸਾਹਮਣੇ ਰੱਖੇ ਨੇ-ਪ੍ਰਥਮ ਸਰੀਰ ਔਰ ਸਰੀਰ ਦੇ ਖਾਣ ਪੀਣ ਦਾ ਮਸਲਾ ਹੱਲ ਹੋਵੇ ਤੇ ਫਿਰ ਪਹਿਨਣਾ ਔਰ ਪਹਿਨਣਾ ਵੀ ਐਸਾ ਹੋ ਜਾਏ ਕਿ ਆਪਣੇ ਆਪ ਨੂੰ ਨੁਮਾਇਸ਼ ਕਰਨ ਦਾ ਚਾਉ ਪੈਦਾ ਹੋਵੇ ਤੇ ਦੂਜਿਆਂ ਦੀ ਬਿਰਤੀ ਨੂੰ ਭੜਕਾਉਣ ਦਾ ਮਸਲਾ ਖੜਾ ਹੋਵੇ। ਸਾਹਿਬ ਕਹਿੰਦੇ ਨਹੀਂ ਇਹ ਵੀ ਖੁਆਰੀਆਂ ਨੂੰ ਜਨਮ ਦੇਂਦਾ ਹੈ। ਖਾਣ ਪੀਣ ਪਹਿਨਣ ਦੇ ਮਸਲੇ ਤੋਂ ਜੈਸੇ ਮਨੁੱਖ ਨਿਸ਼ਚਿੰਤ ਹੁੰਦਾ ਹੈ ਤੇ ਫਿਰ ਮਨ ਦੀ ਦੁਨੀਆਂ ਸਾਹਮਣੇ ਆਉਂਦੀ ਹੈ। ਕਹਿੰਦੇ ਪਸ਼ੂ ਸੁਖੀ ਨੇ, ਕਿਉਂਕਿ ਅਕਸਰ ਪ੍ਰਕਿਰਤੀ ਉਹਨਾਂ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਕਰ ਦੇਂਦੀ ਹੈ ਕਿ ਸਰੀਰਕ ਲੋੜਾਂ ਦੀ ਪੂਰਤੀ ਹੋ ਜਾਏ ਔਰ ਜਿਤਨੀ ਜ਼ਿਆਦਾ ਹੋ ਜਾਏ ਇਹ ਉਤਨਾ ਹੀ

ਭਿਅੰਕਰ ਰੂਪ ਵਿਚ ਮੰਗ ਕਰਨ ਲੱਗ ਪੈਂਦਾ ਹੈ। ਇਥੇ ਹੀ ਮਨੁੱਖੀ ਮਨ ਦੇ ਬੜੇ ਭੁਲੇਖੇ ਖਾਂਦੇ ਨੇ ਔਰ ਮਨੁੱਖ ਨੇ ਬੜੇ ਸੰਪੰਨ ਤੇਗ ਦੇ ਮੰਨੋਰੰਜਨ ਦੇ ਸਾਧਨਾਂ ਨੂੰ ਜਨਮ ਦਿੱਤਾ ਹੈ, ਜਿਹੜੇ-ਜਿਹੜੇ ਦੇਸ਼ ਜਿਤਨੇ ਅਮੀਰ ਨੇ, ਜਿਹੜੇ-ਜਿਹੜੇ ਘਰਾਣੇ ਜਿਤਨੇ ਜ਼ਿਆਦਾ ਸੰਪੰਨ ਨੇ, ਦੇਖਿਆ ਉਥੇ ਮਾਨਸਿਕ ਬੇਚੈਨੀ ਉਤਨੀ ਜ਼ਿਆਦਾ ਹੈ। ਸਤਿਗੁਰੂ ਆਪ ਵੀ ਕਹਿੰਦੇ ਨੇ:

ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥੧॥

(ਪੰਨਾ ੧੮੮)

ਮਹਾਰਾਜ ਕਹਿੰਦੇ ਨੇ ਦੁਨੀਆਂ ਦੇ ਤਮਾਮ ਵੱਡੇ ਮਨੁੱਖਾਂ ਤੇ ਨਿਗਾਹ ਮਾਰਨੀ, ਵੱਡੇ ਮਨੁੱਖ ਕੌਣ ਜਿਨ੍ਹਾਂ ਕੋਲ ਧਨ ਸੰਪਰਦਾ ਜ਼ਿਆਦਾ ਹੈ ਓਨਾ ਵੱਡਾ ਮਾਇਆ ਵਡਿਆਈ। ਗੁਰਬਾਣੀ ਦੀ ਵਿਆਖਿਆ ਗੁਰਬਾਣੀ ਕਰਦੀ ਹੈ ਕਿ ਇਹ ਮਨੁੱਖ ਵੱਡਾ ਨਹੀਂ, ਵੱਡਪੁਣਾ ਧਨ ਤੇ ਖੜਾ ਹੈ। ਇਹ ਵੱਡਪੁਣਾ ਸੰਪਰਦਾ ਤੇ ਹੈ, ਉਤਨੀ ਜ਼ਿਆਦਾ ਪ੍ਰਭੁਤਾ ਹੈ। ਜਿਤਨੀ ਜ਼ਿਆਦਾ ਸਤਾ ਹੈ ਉਤਨੀ ਜ਼ਿਆਦਾ ਪ੍ਰਭੁਤਾ ਹੈ ਔਰ ਜਿਤਨੀ ਜ਼ਿਆਦਾ ਪ੍ਰਭੁਤਾ ਹੈ ਮਹਾਰਾਜ ਕਹਿੰਦੇ ਉਤਨਾ ਜ਼ਿਆਦਾ ਵੱਡਾ ਹੈ। ਜਿਤਨਾ ਜ਼ਿਆਦਾ ਵੱਡਾ ਹੈ ਉਤਨੀ ਹੀ ਜ਼ਿਆਦਾ ਚਿੰਤਾ ਹੈ।

ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥੧॥

ਇਸ ਵਾਸਤੇ ਇਕ ਹੋਰ ਢੰਗ ਵੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਖੋਲ੍ਹਿਆ ਹੈ-

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥

(ਪੰਨਾ ੧੦੧੯)

ਜਿਸ ਕੋਲ ਇਹ ਧਨ ਸੰਪਰਦਾ ਜ਼ਿਆਦਾ ਹੈ ਉਥੇ ਅਧਿਕ ਚਿੰਤਾ ਹੈ, ਪਰ ਜਿਥੇ ਲੋੜ ਜੋਗਾ ਵੀ ਨਹੀਂ ਉਥੇ ਭਟਕਣਾ, ਉਥੇ ਮਨ ਵਿਚ ਭਰਮ ਨੇ, ਔਰ ਉਥੇ ਬਹੁਤ ਭਾਵਨਾ ਹੈ, ਉਥੇ ਬਹੁਤ ਭਟਕਣਾ ਹੈ, ਇਕ ਥਾਂ ਤੇ ਭਟਕਣਾ ਹੈ, ਉਸ ਭਟਕਣ ਦੇ ਵਿਚ ਭੁੱਲਾਂ ਨੇ, ਜਿਸ ਵਾਸਤੇ ਆਮ ਕਹਿ ਦਿੱਤਾ ਹੈ ਕਿ ਗੁਨਾਹ ਗਰੀਬੀ ਤੋਂ ਜਨਮ ਲੈਂਦੇ ਨੇ, ਗਰੀਬੀ ਮੁਫਲਸੀ ਗੁਨਾਹਾਂ ਦੀ ਜਨਣੀ ਹੈ, ਗੁਨਾਹਾਂ ਦੀ ਮਾਂ ਹੈ। ਮਜਬੂਰੀਆਂ ਮਨੁੱਖ ਨੂੰ ਰਸਾਤਲ ਵਿਚ ਲੈ ਜਾਂਦੀਆਂ ਨੇ, ਧਰਾਤਲ ਵਿਚ ਲੈ ਜਾਂਦੀਆਂ ਨੇ। ਇਸ ਵਾਸਤੇ ਸਾਹਿਬ ਕਹਿੰਦੇ ਨੇ ਜਿਥੇ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ ਉਥੇ ਭਟਕਣਾ ਹੈ ਔਰ ਜਿਥੇ ਲੋੜਾਂ ਦੀ ਪੂਰਤੀ ਤੋਂ ਵੀ ਅਧਿਕ ਹੈ ਉਥੇ ਚਿੰਤਾ ਹੈ। ਬੜੀ ਭਿਅੰਕਰ ਜੋ ਹੈ ਚਿੰਤਾ ਹੈ, ਜਿਥੇ ਸੰਪੰਨ ਦੇਸ਼ ਨੇ ਉਤਨੇ ਜ਼ਿਆਦਾ ਚਿੰਤਾਤੁਰ ਨੇ ਔਰ ਜਿਤਨੇ ਸੰਪੰਨ ਘਰਾਣੇ ਨੇ ਉਤਨੇ ਜ਼ਿਆਦਾ ਚਿੰਤਾਤੁਰ ਨੇ ਔਰ ਜਿਤਨੇ ਜ਼ਿਆਦਾ ਚਿੰਤਾਤੁਰ ਨੇ ਉਥੇ ਉਤਨੇ ਹੀ ਜ਼ਿਆਦਾ ਮੰਨੋਰੰਜਨ ਦੇ ਸਾਧਨ ਮੁਹੱਈਆ ਕੀਤੇ

ਜਾਂਦੇ ਨੇ, ਉਪਲਬਧ ਕੀਤੇ ਜਾਂਦੇ ਨੇ ਮਨੋਰੰਜਨ ਗਰੀਬ ਅਜੇ ਜਿਸ ਦੀਆਂ ਤਨ ਦੀਆਂ ਹੀ ਲੋੜਾਂ ਦੀ ਪੂਰਤੀ ਨਹੀਂ ਹੋਈ, ਅਜੇ ਤਨ ਦਾ ਹੀ ਮਸਲਾ ਹੱਲ ਨਹੀਂ ਹੋਇਆ, ਅਜੇ ਤਨ ਤੇ ਚਿਥੜਾ ਨਹੀਂ ਹੈ, ਅਜੇ ਪੇਟ ਦੇ ਵਿਚ ਰੋਟੀ ਨਹੀਂ ਹੈ, ਇਹਨੂੰ ਮਨੋਰੰਜਨ ਨਹੀਂ ਚਾਹੀਦਾ। ਸਰੀਰ ਸਭ ਤੋਂ ਅੱਗੇ ਹੈ, ਅਜੇ ਸਰੀਰ ਦਾ ਮਸਲਾ ਹੱਲ ਨਹੀਂ ਹੋਇਆ ਤੇ ਮਨ ਪਿੱਛੇ ਖੜਾ ਹੈ, ਮਨ ਨੰਬਰ ਦੋ ਤੇ ਖੜਾ ਹੈ। ਜਿਸ ਵਕਤ ਭਾਰਤ ਸੰਪੰਨ ਸੀ ਔਰ ਇਰਾਨੀਆਂ, ਅਫਗਾਨੀਆਂ ਨੇ, ਤੁਰਕੀ ਲੋਕਾਂ ਨੇ ਇਹਨੂੰ ਸੋਨੇ ਦੀ ਚਿੜੀਆ ਆਖਿਆ। ਉਸ ਜ਼ਮਾਨੇ ਵਿਚ ਇਸ ਦੇਸ਼ ਦੇ ਵਿਚ ਘਰ-ਘਰ ਦੇ ਵਿਚ ਸੰਤ ਪੈਦਾ ਹੋ ਰਹੇ ਸਨ, ਦੇਵਤੇ ਪੈਦਾ ਹੋ ਰਹੇ ਸਨ, ਪ੍ਰਭੂ ਚਿੰਤਨ ਨਾਲ ਹੱਲ ਕਰ ਰਹੇ ਸਨ, ਚਾਹੇ ਇਥੇ ਰਾਜਕੁਮਾਰ ਸਿਧਾਰਥ ਹੋਵੇ, ਚਾਹੇ ਮਹਾਵੀਰ ਹੋਣ, ਆਖਰ ਰਾਜ ਘਰਾਣਿਆਂ ਦੇ ਸਨ। ਇਹਨਾਂ ਨੇ ਵੀ ਆਪਣੇ ਮਾਨਸਿਕ ਮਸਲੇ ਪ੍ਰਭੂ ਚਿੰਤਨ ਨਾਲ ਹੱਲ ਕੀਤੇ, ਆਤਮ ਅਭਿਆਸ ਨਾਲ ਜੋ ਹੱਲ ਕੀਤੇ, ਕਰੀਬਨ-ਕਰੀਬਨ ਇਸ ਦੇਸ਼ ਦੇ ਰਾਜ ਘਰਾਣਿਆਂ ਵਿਚੋਂ ਧਰਮ ਦੀ ਸੁਗੰਧ ਫੈਲੀ, ਦਹਾਨਟ ਮਨੁੱਖ ਪ੍ਰਭੂ ਦੇ ਮਾਰਗ ਤੇ ਚੱਲੇ ਔਰ ਦਹਾਨਟ ਚਲ ਪੈਣ, ਸਤਾਧਾਰੀ ਚਲ ਪੈਣ ਤੇ ਦੂਸਰਾ ਵਰਗ ਉਹਨਾਂ ਦੇ ਪਿਛੇ ਚਲ ਪੈਣਾ ਸੁਭਾਵਕ ਹੈ। ਅਕਸਰ ਛੋਟਾ ਵੱਡੇ ਦੀ ਨਕਲ ਕਰਦਾ ਹੈ, ਨਿਰਧਨ ਧਨਵਾਨ ਦੀ ਰੀਸ ਕਰਦਾ ਹੈ। ਜੋ ਥੋੜੇ ਜਿਹੇ ਤਲ ਤੋਂ ਪਛੜੇ ਹੋਏ ਸਨ, ਦਰਮਿਆਨੇ ਸਨ, ਉਹਨਾਂ ਦੇ ਰਾਜ ਘਰਾਣਿਆਂ ਦੇ ਇਹ ਜੋ ਰਾਜਕੁਮਾਰ ਸਨ ਇਹਨਾਂ ਦੀ ਨਕਲ ਕੀਤੀ, ਰਾਜਿਆਂ ਦੀ ਨਕਲ ਕੀਤੀ। ਰਾਜੇ ਜੋਗੀ ਬਣ ਰਹੇ ਸਨ। ਰਾਜਕੁਮਾਰ ਸੰਤ ਬਣ ਰਹੇ ਨੇ। ਇਸ ਦੇਸ਼ ਵਿਚ ਐਸੀ ਹਵਾ ਚੱਲੀ ਘਰ-ਘਰ ਵਿਚ ਦੇਵੀ, ਘਰ-ਘਰ ਵਿਚ ਦੇਵਤਾ, ਗਲੀ-ਗਲੀ ਵਿਚ ਸੰਤ, ਅੱਜ ਤੱਕ ਉਹ ਪੁਰਾਣੀ ਹਵਾ ਦੇ ਕੁਝ ਝੋਕੇ ਮੌਜੂਦ ਨੇ ਕਿ ਅੱਜ ਦੀ ਦੁਨੀਆਂ ਅੱਜ ਵੀ ਕਹਿੰਦੇ ਨੇ ਹਿੰਦੁਸਤਾਨ ਧਾਰਮਿਕ ਦੇਸ਼ ਹੈ, ਹਿੰਦੁਸਤਾਨ ਦੇਵੀ ਦੇਵਤਿਆਂ ਦਾ ਦੇਸ਼, ਹਿੰਦੁਸਤਾਨ ਗੁਰ ਪੀਰ ਪੈਗੰਬਰਾਂ ਦਾ ਦੇਸ਼ ਹੈ, ਜੋਗੀਆਂ ਦਾ ਦੇਸ਼ ਹੈ, ਆਤਮ-ਗਿਆਨੀਆਂ ਦਾ ਦੇਸ਼ ਹੈ, ਪਰ ਆਤਮ-ਗਿਆਨੀਆਂ ਦਾ ਦੇਸ਼ ਸੀ ਅੱਜ ਨਹੀਂ। ਇਹ ਰਿਸ਼ੀ ਮੁਨੀਆਂ ਦਾ ਘਰਾਣਾ ਸੀ ਅੱਜ ਨਹੀਂ। ਸੰਪੰਨ ਲੋਕਾਂ ਨੇ ਆਪਣਾ ਪੂਰਾ ਸਮਾਂ ਆਪਣੀ ਪੂਰੀ ਸ਼ਖਸੀ ਆਤਮ ਅਭਿਆਸ ਤੇ ਖਰਚ ਕੀਤੀ ਜੋ ਸਹਿਜੇ-ਸਹਿਜੇ ਕੀ ਹੋਇਆ ਧਨ ਦੀ ਫਿਕਰ ਨਾ ਕੀਤੀ, ਸੰਪਰਦਾ ਦੀ ਫਿਕਰ ਨਾ ਕੀਤੀ। ਸੰਤ ਪੈਦਾ ਹੁੰਦੇ ਗਏ, ਰਿਸ਼ੀ ਮੁਨੀ ਪੈਦਾ ਹੁੰਦੇ ਗਏ, ਅਵਤਾਰ ਪੀਰ ਪੈਗੰਬਰ ਪੈਦਾ ਹੁੰਦੇ ਗਏ, ਧਨ ਸੰਪਰਦਾ ਦੀ ਫਿਕਰ ਨਾ ਕੀਤੀ, ਮੁਫਲਸੀ ਵੀ ਪੈਦਾ ਹੁੰਦੀ ਗਈ ਔਰ ਮੁਫਲਸੀ ਚਰਮ ਸੀਮਾ 'ਤੇ ਪਹੁੰਚ ਗਈ ਔਰ ਅੱਜ ਅਸੀਂ ਦੇਖਦੇ ਹਾਂ, ਹਿੰਦੁਸਤਾਨ ਅੱਜ ਉਹਨਾਂ ਦੇਸ਼ਾਂ ਦੀ ਤਰਫ ਨਿਗਾਹ ਕਰਦਾ ਹੈ ਜਿਥੇ ਸੰਪੰਨਤਾ ਹੈ ਔਰ ਜਿਥੇ ਸੰਪੰਨਤਾ ਆ ਗਈ ਹੈ। ਉਹ ਆਤਮ ਅਭਿਆਸ ਲਈ ਹਿੰਦੁਸਤਾਨ ਦੇ ਦਰਵਾਜ਼ੇ ਖਟਖਟਾ ਰਹੇ ਨੇ, ਉਹ ਜੋਗੀਆਂ ਦੇ ਆਸ਼ਰਮ ਲੱਭ ਰਹੇ ਨੇ, ਉਹ ਆਤਮ ਅਭਿਆਸ ਦੇ ਕੇਂਦਰ ਲੱਭ ਰਹੇ ਨੇ, ਸੰਪੰਨ ਹੋ ਗਿਆ ਅਮਰੀਕਾ, ਜੋਗੀ ਸ਼ਬਦ ਦੀ ਉਥੇ ਮਹਿਮਾ ਵੱਧ ਗਈ ਹੈ, ਜੋਗ ਦੀ ਮਹਾਨਤਾ ਵੱਧ ਗਈ

ਹੈ, ਆਤਮ ਅਭਿਆਸ ਦੀ ਉਮੰਗ ਤੇ ਤਰੰਗ ਵੱਧ ਗਈ ਹੈ, ਲੇਕਿਨ ਧਨ ਸੰਪਰਦਾ ਦੀ ਮੰਗ ਤੇ ਤਰੰਗ ਹਿੰਦੁਸਤਾਨ ਵਿਚ ਵੱਧ ਗਈ ਹੈ। ਅੱਜ ਧਨ ਦੀ ਖਾਤਰ ਇਸ ਦੇਸ਼ ਵਿਚ ਧਰਮ ਨੂੰ ਛੋੜਿਆ ਜਾ ਸਕਦਾ ਹੈ ਪਰ ਉਸ ਦੇਸ਼ ਵਿਚ ਐਸਾ ਹੈ, ਧਰਮ ਦੀ ਖਾਤਰ ਧਨ ਛੋੜਿਆ ਜਾ ਸਕਦਾ ਹੈ। ਸੰਪੰਨ ਘਰਾਣਿਆਂ ਦੇ ਬੱਚੇ ਹਿਪੀ ਬਣ ਗਏ ਛੋਡ ਗਏ ਸਭ ਐਸ਼ੋ-ਆਰਾਮ ਨੂੰ, ਹਰ ਤਰ੍ਹਾਂ ਦੇ ਸੁਖ ਨੂੰ ਔਰ ਉਹਨਾਂ ਨੇ ਬੁਲੰਦ ਬਾਨ ਕਹਿ ਦਿੱਤਾ ਆਤਮਿਕ ਚੈਨ ਚਾਹੀਦਾ ਹੈ, ਸਕੂਨ ਚਾਹੀਦਾ ਹੈ, ਸ਼ਾਂਤੀ ਚਾਹੀਦੀ ਹੈ, ਪ੍ਰਭੂ ਚਾਹੀਦਾ, ਆਤਮਕ ਪ੍ਰਕਾਸ਼ ਚਾਹੀਦਾ ਹੈ ਤੇ ਖੈਰ ਜੈਸੇ-ਜੈਸੇ ਸਰੀਰ ਦਾ ਮਸਲਾ ਹੱਲ ਹੋਵੇ ਮਨ ਬੜੇ ਭਿਅੰਕਰ ਰੂਪ ਵਿਚ ਸਾਹਮਣੇ ਆਉਂਦਾ ਹੈ ਔਰ ਸਰੀਰ ਪਹਿਲੇ ਹੈ, ਇਹਦਾ ਮਸਲਾ ਪਹਿਲੇ ਹੱਲ ਕਰਨਾ ਪੈਂਦਾ ਹੈ ਔਰ ਇਹਦਾ ਮਸਲਾ ਹੈ ਖਾਣਾ, ਪੀਣਾ, ਪਹਿਨਣਾ, ਤੇ ਇਹ ਸੰਜਮ ਨਾ ਹੋਵੇ ਤੇ ਖਾਣਾ ਪੀਣਾ ਵੀ ਤਨ ਨੂੰ ਰੋਗੀ ਕਰ ਦੇਵੇਗਾ, ਮਨ ਨੂੰ ਵੇਕਾਰੀ ਕਰ ਦੇਵੇਗਾ।

ਇਹ ਪਹਿਨਣਾ ਅਗਰ ਸੰਜਮ ਵਿਚ ਨਾ ਹੋਵੇ, ਮਰਿਆਦਾ ਵਿਚ ਨਾ ਹੋਵੇ ਤੇ ਇਹ ਵੀ ਤਨ ਨੂੰ ਰੋਗੀ ਕਰ ਦੇਵੇਗਾ, ਮਨ ਨੂੰ ਵੇਕਾਰੀ ਕਰ ਦੇਵੇਗਾ। ਔਰ ਤਨ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਣ ਤੇ ਮਨ ਜਦ ਬੜੇ ਭਿਅੰਕਰ ਰੂਪ ਵਿਚ ਸਾਹਮਣੇ ਆਵੇ ਤੇ ਹੁਣ ਇਸ ਮਨ ਦੀ ਵਾਸਤਵਿਕ ਲੋੜ ਕੀ ਹੈ, ਕਰੀਬਨ-ਕਰੀਬਨ ਦੁਨੀਆਂ ਦੇ ਅਜੋਕੇ ਸਿਆਣੇ ਮਨੁੱਖਾਂ ਨੇ ਐਸਾ ਸਮਝ ਲਿਆ ਹੈ। ਮਨੋਰੰਜਨ ਮਨ ਦੀ ਲੋੜ ਹੈ, ਨਾਟਕ ਚੇਟਕ ਤਰ੍ਹਾਂ-ਤਰ੍ਹਾਂ ਦੇ ਰੰਗ ਤਮਾਸ਼ੇ ਰੰਗੀਨੀਆਂ ਇਸ ਤਰ੍ਹਾਂ ਦੇ, ਮਨੋਰੰਜਨ ਦੇ ਸਾਧਨ ਸੰਪੰਨ ਘਰਾਣਿਆਂ ਵਿਚ ਨਵੇਂ ਤੋਂ ਨਵੇਂ ਪੈਦਾ ਹੋ ਰਹੇ ਨੇ, ਲੇਕਿਨ ਮਨ ਦੀ ਇਕ ਆਪਣੀ ਅਵੱਸਥਾ ਹੈ। ਜਿਸ ਚੀਜ਼ ਨੂੰ ਇਕ ਵਰ੍ਹਾ ਦੇਖ ਲਏ ਉਹਨੂੰ ਪੁਰਾਣਾ ਕਰ ਦੇਂਦਾ ਹੈ ਤੇ ਪੁਰਾਣੇ ਲਈ ਮਨ ਪ੍ਰਕਰਮਾ ਨਹੀਂ ਕਰਦਾ। ਮਨ ਅੱਗੇ ਜਾਂਦਾ ਹੈ, ਮਨ ਗਤੀਮਾਨ ਹੈ, ਇਹਦੀ ਗਤੀ ਬੜੀ ਤਿਕਸਮ ਹੈ ਔਰ ਲੰਘ ਕੇ ਹਰ ਚੀਜ਼ ਨੂੰ ਪੁਰਾਣਾ ਕਰ ਦੇਂਦਾ ਹੈ, ਹਰ ਵਸਤੂ ਨੂੰ ਪੁਰਾਣਾ ਕਰ ਦੇਂਦਾ ਹੈ, ਰੰਗ ਪੁਰਾਣੇ ਹੋ ਜਾਂਦੇ, ਰੂਪ ਪੁਰਾਣੇ ਹੋ ਜਾਂਦੇ, ਮਹਿਫਲਾਂ ਪੁਰਾਣੀਆਂ ਹੋ ਜਾਂਦੀਆਂ ਨੇ, ਤਸਵੀਰਾਂ ਪੁਰਾਣੀਆਂ ਹੋ ਜਾਂਦੀਆ ਨੇ, ਕਹਾਣੀਆਂ ਪੁਰਾਣੀਆਂ ਹੋ ਜਾਂਦੀਆਂ ਨੇ, ਸੰਗੀਤ ਦੀਆਂ ਧੁੰਨਾਂ ਪੁਰਾਣੀਆਂ ਹੋ ਜਾਂਦੀਆਂ ਨੇ, ਮਾਹੌਲ ਪੁਰਾਣਾ ਹੋ ਜਾਂਦਾ ਹੈ। ਅੱਜ ਵੇਖਦੇ ਹਾਂ ਸੰਪੰਨ ਘਰਾਣੇ ਦੇ ਦੇਸ਼ਾਂ ਵਿਚ ਕੋਈ ਵੱਧ ਤੋਂ ਵੱਧ ਦੋ ਸਾਲੀਂ ਮਕਾਨ ਵਿਚ ਰਹਿੰਦਾ, ਤੀਜੇ ਸਾਲ ਮਕਾਨ ਬਦਲ ਦੇਂਦਾ ਹੈ, ਨੌਬਤ ਇਥੋਂ ਤਕ ਆ ਗਈ, ਪਰਿਵਾਰ ਬਦਲਦੇ ਨੇ, ਪਤੀ ਬਦਲਣਾ, ਪਤਨੀ ਬਦਲਣੀ ਹੈ, ਹੁਣ ਕੌਣ ਦੱਸੇ ਇਹ ਜੋ ਮਨੋਰੰਜਨ ਹੈ ਕਿ ਇਹ ਮਨ ਦੀ ਮੰਗ ਨਹੀਂ, ਇਹ ਤੇ ਇਸ ਤਰ੍ਹਾਂ ਹੈ ਜੈਸੇ ਰੋਂਦੇ ਹੋਏ ਬੱਚੇ ਨੂੰ ਛਣਕਨਾ ਦੇ ਕੇ ਵਕਤੀ ਤੌਰ ਤੇ ਪਰਚਾਇਆ ਜਾ ਸਕਦਾ ਹੈ। ਉਹ ਤੇ ਦੁੱਧ ਲਈ ਰੋ ਰਿਹਾ ਹੈ, ਉਹ ਤੇ ਮਾਂ ਲਈ ਰੋ ਰਿਹਾ, ਵਕਤੀ ਤੌਰ ਤੇ ਇਹ ਛਣਕਨਾ ਦੇ ਕੇ ਬੁਲਾਇਆ ਜਾ ਸਕਦਾ ਹੈ, ਪਰਚਾਇਆ ਜਾ

ਸਕਦਾ ਹੈ, ਲੇਕਿਨ ਫਿਰ ਵੀ ਉਸ ਨੇ ਛਣਕਨਾ ਸੁੱਟ ਦੇਣਾ ਹੈ। ਹੱਥ ਮਾਂ ਦੀ ਤਰਫ ਪਸਾਰਨੇ ਨੇ, ਦੁੱਧ ਦੀ ਮੰਗ ਕਰਨੀ ਹੈ, ਹੂਬਹੂ ਦੇਖਦੇ ਹਾਂ ਸੰਪੰਨ ਘਰਾਣਿਆਂ ਦੇ ਲੋਕ ਇਹਨਾਂ ਛਣਕਨਿਆਂ ਨੂੰ ਸੁੱਟ ਰਹੇ ਨੇ ਔਰ ਕਹਿੰਦੇ ਨਹੀਂ ਅਸਥਾਈ ਸਕੂਨ ਚਾਹੀਦਾ, ਮਸਨੂਈ ਨਹੀਂ ਦਾਇਮੀ ਅਨੰਦ ਚਾਹੀਦਾ ਹੈ, ਅਸਥਾਈ ਅਨੰਦ ਚਾਹੀਦਾ, ਅਸਥਾਈ ਖੇੜਾ ਚਾਹੀਦਾ ਹੈ। ਉਹੋ ਜਿਹਾ ਅਸਥਾਈ ਖੇੜਾ ਉਹ ਤੇ ਜੋ ਅਸਥਾਈ ਹੈ, ਜੋ ਟਿਕਿਆ ਹੋਇਆ ਹੈ, ਜੋ ਦਾਇਮੀ ਹੈ, ਜੋ ਹਮੇਸ਼ਾ ਹੈ, ਉਸ ਤੋਂ ਹੀ ਪ੍ਰਾਪਤ ਹੋ ਸਕਦਾ ਹੈ, ਉਹ ਤੇ ਕੇਵਲ ਪ੍ਰਮਾਤਮਾ ਹੈ, ਉਹ ਤੇ ਈਸ਼ਵਰ ਹੈ, ਉਸ ਤੋਂ ਹੀ ਲੱਭ ਸਕਦਾ ਹੈ ਮਨੋਰੰਜਨ ਦੇ ਜਿਹੜੇ-ਜਿਹੜੇ ਸਾਧਨ ਉਸ ਦੌਰ ਵਿਚ ਵਿਕਸਿਤ ਹੋਏ ਸਨ, ਸਤਿਗੁਰੂ ਦੇਵ ਜੀ ਮਹਾਰਾਜ ਉਸ ਦਾ ਜ਼ਿਕਰ ਕਰਦੇ ਨੇ, ਸੁੰਦਰ ਘੋੜਾ ਹੋਵੇ, ਸੋਨੇ ਦੀ ਕਾਠੀ ਹੋਵੇ, ਲਗਾਮ ਵੀ ਜ਼ਰੀਦਾਰ ਹੋਵੇ ਔਰ ਕਿਰਪਾਨ ਤਲਵਾਰ ਗਾਤਰੇ ਵਾਲੀ ਪਹਿਨੀ ਹੋਵੇ, ਤੀਰ ਕੋਲ ਹੋਣ, ਭੱਥਾ ਹੋਵੇ ਔਰ ਤਰ੍ਹਾਂ-ਤਰ੍ਹਾਂ ਦੀਆਂ ਖੁਸ਼ਬੋਆਂ ਹੋਣ, ਇਹ ਸਭ ਕੁਝ ਲੈ ਕੇ ਘੋੜੇ ਤੇ ਸਵਾਰ ਹੋ ਕੇ ਨਿਕਲਣਾ ਇਕ ਮਨੋਰੰਜਨ ਸੀ, ਇਕ ਮਨ ਦੀ ਲੋੜ ਸੀ। ਨੇਜ਼ੇਬਾਜ਼ੀ ਇਹ ਖੇਡਾਂ ਇਸ ਤਰ੍ਹਾਂ ਦੇ ਮਨੋਰੰਜਨ ਵਕਤੀ ਤੌਰ ਤੇ ਮਨ ਦਾ ਬਹਿਲਾਵਾ ਸੀ, ਉਸ ਦੌਰ ਦੇ ਵਿਚ ਵਿਕਸਿਤ ਹੋਏ ਸਨ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਨਹੀਂ ਮਨ ਦੀ ਇਹ ਲੋੜ ਨਹੀਂ ਔਰ ਇਸ ਲੋੜ ਨੂੰ ਕਿਵੇਂ ਪੂਰਾ ਕਰਨਾ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੱਸਦੇ ਨੇ :

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥

(ਪੰਨਾ ੧੬)

ਐ ਪ੍ਰਮਾਤਮਾ ਮੈਂ ਤੇਰਾ ਰਸਤਾ ਜਾਣ ਲਿਆ ਜੋ ਮੈਂ ਤੇਰੇ ਰਸਤੇ ਨੂੰ ਸਮਝ ਲਿਆ। ਮਾਨੋ ਇਹ ਮੈਨੂੰ ਘੋੜੇ ਦੀ ਪ੍ਰਾਪਤੀ ਹੋ ਗਈ ਹੈ, ਪਰ ਐਸਾ ਘੋੜਾ ਜਿਹਦੇ ਤੇ ਜਪ ਤਪ ਦੀ ਕਾਠੀ ਪਈ ਹੋਵੇ। ਸੋਨੇ ਦੀ ਕਾਠੀ ਪਈ ਹੋਈ ਹੈ। ਕਹਿੰਦੇ ਨੇ ਇਹ ਕੋਈ ਲਾਜ਼ਮੀ ਨਹੀਂ ਮਨੁੱਖ ਨੂੰ ਆਪਣੇ ਘਰ ਦੇ ਰਸਤੇ ਦਾ ਕੀ ਪਤਾ ਹੋਵੇ ਜੋ ਇੱਟਾਂ ਤੇ ਪੱਥਰਾਂ ਦਾ ਬਣਿਆ ਹੋਇਆ ਮਕਾਨ ਹੈ ਔਰ ਉਸ ਦੇ ਵਿਚ ਆ ਗਿਆ ਹੈ। ਅਗਰ ਇਹ ਹੀ ਉਸ ਦਾ ਘਰ ਹੈ ਤੇ ਇਕ ਦਿਨ ਇਸੇ ਹੀ ਘਰ ਚੋਂ ਚਾਰ ਮਨੁੱਖ ਚੁੱਕ ਕੇ ਲੈ ਜਾਣਗੇ ਔਰ 'ਕਾਢੋ-ਕਾਢੋ ਹੋਈ' ਸਤਿਗੁਰੂ ਦੀ ਬਾਣੀ ਕਹਿੰਦੀ ਹੈ, ਕੱਢੋ ਤੇ ਗੱਲ ਸਪੱਸ਼ਟ ਹੋ ਗਈ ਇਹ ਘਰ-ਘਰ ਨਹੀਂ ਸੀ ਸਰਾਂ ਸੀ, ਇਥੇ ਤੇ ਅਸੀਂ ਪ੍ਰਾਹੁਣੇ ਸੀ, ਮਹਿਮਾਨ, ਘਰ ਤੇ ਕੋਈ ਹੋਰ ਹੈ।

ਬਾਬਾ ਫਰੀਦ ਉਸ ਦਾ ਜ਼ਿਕਰ ਕਰਦੇ ਨੇ-

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥

ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥ (ਪੰਨਾ ੧੩੮੨)

ਤਨ ਦਾ ਘਰ ਸ਼ਮਸ਼ਾਨ ਹੈ, ਮਨ ਦਾ ਘਰ ਭਗਵਾਨ ਹੈ, ਤਨ ਦਾ ਘਰ ਕਬਰ ਹੈ, ਮਨ ਦਾ ਘਰ ਖੁਦਾ ਹੈ, ਤੋ ਬਾਬਾ ਫਰੀਦ ਜੀ ਕਹਿੰਦੇ, ਘਰ ਤੇ ਅਵਾਜ਼ਾਂ ਮਾਰਦਾ ਪਿਆ ਹੈ, ਹੇ ਧਨ ਕਬਰ ਤੇ ਅਵਾਜ਼ ਪਿਆ ਮਾਰਦਾ ਹੈ, ਕਬਰ ਤੈਨੂੰ ਬੁਲਾ ਰਹੀ ਹੈ : *ਗੋਰ ਨਿਮਾਣੀ ਸਡੁ ਕਰੇ''* ਗੋਰ ਕਬਰ ਨੂੰ ਕਹਿੰਦੇ।

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥

(ਪੰਨਾ ੧੩੮੨)

ਮੌਤ ਦਾ ਭੈ ਦੂਰ ਕਰ, ਐ ਤਨ ਤੇਰਾ ਘਰ ਸ਼ਮਸ਼ਾਨ ਨਹੀਂ ਹੈ, ਤਨ ਤੇਰਾ ਘਰ ਕਬਰ ਹੀ ਹੈ ਪਰ ਮਨ ਤੇਰਾ ਘਰ ਖੁਦਾ ਹੀ ਹੈ। ਤੇਰਾ ਘਰ ਸ਼ਮਸ਼ਾਨ ਨਹੀਂ ਹੈ, ਤੇਰਾ ਘਰ ਭਗਵਾਨ ਹੈ, ਆਪਣੇ ਘਰ ਦੀ ਚਿੰਤਾ ਕਰ, ਪਰ ਉਸ ਘਰ ਦੇ ਰਸਤੇ ਦਾ ਨਹੀਂ ਪਤਾ ਔਰ ਅਸੀਂ ਦੇਖਦੇ ਹਾਂ ਸਾਰੀ ਜ਼ਿੰਦਗੀ ਲੋਕ ਕਈ ਦਫਾ ਧਰਮ ਦੇ ਮਾਰਗ ਵੀ ਬਦਲਦੇ ਨੇ, ਰਸਤੇ ਬਦਲਦੇ ਰਹਿੰਦੇ ਨੇ, ਇਸ ਨੂੰ ਇਕ ਉਰਦੂ ਦੇ ਮਹਾਨ ਸ਼ਾਇਰ ਨੇ ਆਪਣੇ ਆਲਮਾਨਾ ਢੰਗ ਨਾਲ ਬਿਆਨ ਕੀਤਾ ਹੈ, ਉਹ ਕਹਿੰਦਾ ਹੈ :

'ਕੁਛ ਸੋਤੇ ਮੇਂ ਕੱਟ ਗਈ, ਕੁਛ ਗੁਨਾਹੋਂ ਮੇਂ ਕੱਟ ਗਈ।
ਕੁਛ ਰੋਤੇ ਮੇਂ ਕੱਟ ਗਈ, ਕੁਛ ਆਹੋਂ ਮੇਂ ਕੱਟ ਗਈ।
ਮੰਜ਼ਿਲ ਮੇਂ ਚਲਨੇ ਵਾਲੇ ਮੰਜ਼ਿਲ ਪੇ ਜਾ ਲਗੇ,
ਰਾਹੇਂ ਬਦਲਨੇ ਵਾਲੋਂ ਕੀ ਰਾਹੋਂ ਮੇਂ ਕੱਟ ਗਈ।

ਜ਼ਿੰਦਗੀ ਬੜੀ ਥੋੜੀ ਹੈ, ਮਨੁੱਖ ਰਸਤੇ ਹੀ ਬਦਲਦਾ ਹੈ ਤੇ ਜ਼ਿੰਦਗੀ ਰਸਤਿਆਂ ਦੇ ਵਿਚ ਹੀ ਖਤਮ ਹੋ ਜਾਂਦੀ ਹੈ। ਮੰਜ਼ਿਲ ਤੱਕ ਪਹੁੰਚਣਾ ਔਖਾ ਹੋ ਜਾਂਦਾ ਹੈ, ਇਹ ਛੋਟੀ ਜਿਹੀ ਜ਼ਿੰਦਗੀ ਨੂੰ ਇਕ ਰਸਤਾ ਚੁਣ ਲੈਣਾ ਚਾਹੀਦਾ ਹੈ ਅਤੇ ਬੜੇ ਪਰਮਾਨਿਤ ਰਸਤੇ ਜਗਤ ਵਿਚ ਬਣੇ, ਸ਼ਾਹਰਾਂ ਸਾਡੇ ਦੇਸ਼ ਵਿਚ ਚਾਰ ਵੱਡੀਆਂ ਸ਼ਾਹਰਾਂ ਬਣੀਆਂ। ਬੋਧ ਧਰਮ, ਜੈਨ ਧਰਮ, ਸਨਾਤਨ ਮੱਤ, ਗੁਰਮਤ ਸਿੱਖ ਮੱਤ। ਇਸ ਤਰ੍ਹਾਂ ਇਸ ਦੇਸ਼ ਤੋਂ ਬਾਹਰ ਵੀ ਚਾਰ ਵੱਡੇ ਸ਼ਾਹਰਾ ਬਣੇ, ਸ਼ਾਹੀ ਰਸਤੇ, ਸਰਕਾਰੀ ਰਸਤੇ, ਬਹੁਤ ਵੱਡੇ ਮਹਾਨ ਅਤੇ ਖੂਬਸੂਰਤ ਰਸਤੇ ਇਸਲਾਮ, ਇਸਾਈਅਤ, ਯਹੂਦੀ, ਫਾਰਸੀ। ਕਈ ਦਫਾ ਮਨੁੱਖ ਦੀ ਆਪਣੀ ਆਦਤ ਹੁੰਦੀ ਹੈ ਵਿੰਗੇ ਟੇਢੇ ਰਸਤੇ ਤੇ ਚੱਲਣਾ, ਕਦੀ-ਕਦੀ ਸ਼ਾਹਰਾ ਤੇ ਚੱਲਣ ਵਾਲੇ ਉਕਤਾ ਜਾਂਦੇ ਨੇ, ਮੰਜ਼ਿਲ ਨੂੰ ਦੂਰ ਸਮਝ ਕੇ ਵਿੰਗਾ ਟੇਢਾ ਚੱਲਣ ਲੱਗ ਪੈਂਦੇ ਨੇ ਅਤੇ ਵਿੰਗਾ ਟੇਢਾ ਚਲ ਕੇ ਭੱਟਕ ਜਾਂਦੇ ਨੇ, ਪਰ ਕਦਮਾਂ ਦੇ ਨਿਸ਼ਾਨ ਤੇ ਬਣ ਜਾਂਦੇ ਨੇ ਉਹਨਾਂ ਦੇ। ਉਹਦੇ ਕਦਮਾਂ ਦੇ ਨਿਸ਼ਾਨਾਂ ਤੇ ਦੁਨੀਆਂ ਹੋਰ ਚੱਲਣ ਲੱਗ ਪੈਂਦੀ ਹੈ, ਇਸ ਤਰ੍ਹਾਂ ਵਿੰਗੇ ਟੇਢੇ ਰਸਤੇ ਬਣ ਜਾਂਦੇ ਨੇ। ਉਹ ਪਹੁੰਚਦੇ ਕਿਧਰੇ ਵੀ ਨਹੀਂ ਸਰਾਂ ਦੇ ਵਿਚ ਹੀ ਭਟਕਾ ਕੇ ਰੱਖਦੇ ਨੇ। ਇਸ ਤਰ੍ਹਾਂ ਦੇ ਮਾਰਗ,

ਯਹੂਦੀਆਂ ਤੇ ਇਸਾਈਆਂ ਦੇ ਵਿਚ ਬਣੇ, ਇਸ ਤਰ੍ਹਾਂ ਦੇ ਮਾਰਗ ਹਿੰਦੂ ਮੱਤ, ਸਨਾਤਨ ਮੱਤ, ਜੈਨ ਮੱਤ, ਬੋਧ ਮੱਤ ਤੇ ਸਿੱਖ ਮੱਤ ਦੇ ਵਿਚ ਬਣੇ, ਨਿਕਲੇ ਛੋਟੇ-ਛੋਟੇ ਰਸਤੇ, ਪਰ ਇਹ ਕਿਸੇ ਦੀ ਬੇਢੰਗੀ ਚਾਲ ਦੇ ਸ਼ਾਹਰਾਂ ਨੂੰ ਛੱਡਿਆ ਅਤੇ ਇਕ ਪਾਸੇ ਭੱਟਕ ਗਿਆ। ਉਹਦੇ ਭਟਕਣ ਦੇ ਨਿਸ਼ਾਨ ਜ਼ਮੀਨ ਤੇ ਰਹਿ ਗਏ, ਉਹਨਾਂ ਨਿਸ਼ਾਨਾਂ ਨੂੰ ਕਈਆਂ ਨੇ ਮਾਰਗ ਸਮਝ ਕੇ ਚੱਲਣਾ ਸ਼ੁਰੂ ਕੀਤਾ ਅਤੇ ਭਟਕੇ ਹੋਏ ਰਸਤਿਆਂ ਦੇ ਉਤੇ ਚੱਲਣ ਵਾਲੇ ਭਟਕ ਗਏ। ਸ਼ਾਹਰਾਂ ਅੱਜ ਵੀ ਅਸੀਂ ਦੇਖਦੇ ਹਾਂ, ਉਹਨਾਂ ਦੀ ਕੋਈ ਬਹੁਤ ਭੀੜ ਨਹੀਂ।

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫॥

(ਪੰਨਾ ੧੩੭੩)

ਜਿਸ ਰਸਤੇ ਵਿਚ ਚਤਰ ਚਲਾਕ ਮਨੁੱਖ ਚਲ ਪਏ, ਬੜੀ ਭੀੜ ਚਲ ਪਈ, ਤਾਰਿਕ ਬੰਦਾ ਤਰਕ ਕਰਨ ਵਾਲਾ ਜੈਸੇ ਰਸਤੇ ਵਿਚ ਔਖੀ ਘਾਟੀ ਆਈ, ਪਹਾੜ ਆਇਆ, ਉਹਨੇ ਕਿਨਾਰਾਕਸ਼ੀ ਕੀਤੀ ਅਤੇ ਕਿਨਾਰਾਕਸ਼ੀ ਕਰਦਿਆਂ ਹੀ ਭਟਕ ਗਿਆ ਅਤੇ ਇਹ ਪਹਾੜ ਜਿਨ੍ਹਾਂ ਨੇ ਅਬੂਰ ਨਹੀਂ ਕਰਨਾ ਸੀ ਉਹਨਾਂ ਨੂੰ ਇਹ ਭਟਕਣ ਚੰਗੀ ਲੱਗੀ ਤੇ ਉਸ ਦੇ ਪਿੱਛੇ ਚੱਲਣ ਵਾਲੇ ਵੀ ਭਟਕ ਗਏ ਅਤੇ ਇਸ ਤਰ੍ਹਾਂ ਦੇ ਭਟਕਣ ਵਾਲਿਆਂ ਦੇ ਕਰਕੇ ਚੱਲਣ ਵਾਲਿਆਂ ਦੇ ਕਰਕੇ ਰਸਤੇ ਬਣੇ। ਇਹ ਭਟਕੇ ਹੋਏ ਰਸਤੇ ਤਕਰੀਬਨ-ਤਕਰੀਬਨ ਸਾਰੀ ਦੁਨੀਆਂ ਜੋ ਹੈ ਮੌਜੂਦ ਨੇ, ਜਿਨ੍ਹਾਂ ਦੇ ਉਤੇ ਚੱਲ ਕੇ ਮਨੁੱਖ ਪ੍ਰਭੂ ਤੱਕ ਤੇ ਨਹੀਂ ਪਹੁੰਚਦਾ, ਭਗਵਾਨ ਤੱਕ ਤੇ ਨਹੀਂ ਪਹੁੰਚਦਾ, ਪਰ ਹਾਂ ਰਸਤਿਆਂ ਦੇ ਵਿਚ ਭਟਕ ਕੇ ਰਹਿ ਜਾਂਦਾ ਹੈ ਅਤੇ ਇਹ ਸਾਫ ਦਿਖਾਈ ਦੇਂਦਾ। ਇਸ ਵਾਸਤੇ ਇਕ ਆਲਮ ਨੂੰ ਕਹਿਣਾ ਪਇਆ, 'ਮੰਜ਼ਿਲ ਪੇ ਚਲਨੇ ਵਾਲੇ ਮੰਜ਼ਿਲ ਪੇ ਜਾ ਲਗੇ, ਰਾਹੇਂ ਬਦਲਣੇ ਵਾਲੋਂ ਕੀ ਰਾਹੋਂ ਮੇਂ ਕੱਟ ਗਈ।' ਜਿਥੇ ਰਸਤਾ ਕਠਿਨ ਦਿਖਾਈ ਦੇਵੇ, ਮਨੁੱਖ ਉਥੇ ਰਸਤਾ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤੇ ਪ੍ਰਭੂ ਦਾ ਮਾਰਗ ਮੈਦਾਨੀ ਰਸਤਾ ਨਹੀਂ, ਪਹਾੜੀ ਰਸਤਾ ਹੈ।

ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥

(ਪੰਨਾ ੧੩੭੩)

ਇਸ ਵਿਚ ਰਵੀਦਾਸ ਕਹਿੰਦੇ ਨੇ

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ॥ ੧॥

(ਪੰਨਾ ੩੪੫)

ਘਾਤ ਉਸ ਨੂੰ ਕਹਿੰਦੇ ਨੇ ਜਿਸ ਦੇ ਉੱਪਰ ਚੜ੍ਹਨਾ ਬਹੁਤ ਕਠਿਨ ਹੋਵੇ, ਜਿਸ ਤੋਂ ਲੰਘਣਾ ਬਹੁਤ ਕਠਿਨ ਹੋਵੇ ਅਤੇ ਚੜ੍ਹਾਈਆਂ ਤੇ ਦਮ ਫੁਲ ਜਾਏ। ਇਸ ਤਰ੍ਹਾਂ ਦਾ ਹੀ ਪਰੀਪੂਰਨ

ਪ੍ਰਮਾਤਮਾ ਦਾ ਮਾਰਗ ਹੈ, ਕਿਉਂਕਿ ਸੁਰਤ ਨੂੰ ਬੁਲੰਦੀਆਂ ਤੱਕ ਲੈ ਜਾਣਾ, ਉਚਾਈਆਂ ਤੇ ਲੈ ਜਾਣਾ ਇਹਨਾਂ ਉਚਾਈਆਂ ਤੋਂ ਜੋ ਵੀ ਘਬਰਾਉਂਦੇ ਨੇ, ਰਸਤਾ ਬਦਲਦੇ ਨੇ ਔਰ ਜੋ ਪਹਿਲੇ ਦਫਾ ਰਸਤਾ ਬਦਲਦਾ ਹੈ ਉਹ ਭਟਕਿਆ ਹੋਇਆ ਇਨਸਾਨ ਉਹ ਕਦਮਾਂ ਦੇ ਨਿਸ਼ਾਨ ਪੱਕੇ ਰਸਤੇ ਬਣਾ ਦੇਂਦੇ ਨੇ ਅਤੇ ਉਸ ਇਕ ਦੇ ਭਟਕਣ ਕਰਕੇ ਬੜੀ ਦੁਨੀਆਂ ਭਟਕਦੀ ਹੈ ਅਤੇ ਇਸ ਤਰ੍ਹਾਂ ਦੀ ਭਟਕਣ ਕਰੀਬਨ-ਕਰੀਬਨ ਸਾਰੇ ਜਗਤ ਵਿਚ ਹੈ, ਮੌਜੂਦ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਇਹ ਹੀ ਮੇਰੇ ਘੋੜੇ ਦੀ ਅਸਵਾਰੀ ਹੈ, ਇਹੀ ਸੋਨੇ ਦੀ ਕਾਠੀ ਹੈ। ਹੇ ਪ੍ਰਭੂ ! ਜਿਹੜਾ ਮੈਂ ਤੇਰੇ ਰਸਤੇ ਨੂੰ ਜਾਣ ਲਿਆ ਹੈ, ਤੇਰੇ ਮਾਰਗ ਨੂੰ ਜਾਣ ਲਿਆ।

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥ (ਪੰਨਾ ੧੬)

ਜੋ ਜਾਣ ਲਿਆ ਤੇਰੇ ਰਸਤੇ ਕੀ ਹੈ, ਉਸ ਦਾ ਰਸਤਾ ਕੀ ਹੈ ?

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ (ਪੰਨਾ ੭੨੮)

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਤੇਰਾ ਨਾਮ ਜਪਣਾ ਹੀ ਤੇਰੇ ਰਾਹ ਤੇ ਚੱਲਣਾ ਹੈ, ਤੇਰੇ ਮਾਰਗ ਤੇ ਚੱਲਣਾ ਹੈ, ਬਾਕੀ ਸਭ ਭਟਕਣਾ ਹੈ।

ਨਾਮ ਬਿਨਾ ਜੇਤਾ ਬਿਉਹਾਰੁ॥
ਜਿਉ ਮਿਰਤਕ ਮਿਥਿਆ ਸੀਗਾਰੁ॥ ੨॥
ਨਾਮੁ ਬਿਸਾਰਿ ਕਰੇ ਰਸ ਭੋਗ॥

(ਪੰਨਾ ੨੪੦)

ਸਤਿਗੁਰ ਦੇਵ ਜੀ ਮਹਾਰਾਜ ਕਹਿੰਦੇ ਨੇ ਸਾਡੇ ਤੇ ਘਰ ਵਿਚ ਕੇਵਲ ਨਾਮ ਦਾ ਹੀ ਜਾਪ ਹੈ ਔਰ ਕੁਝ ਵੀ ਨਹੀਂ ਅਤੇ ਇਹ ਹੀ ਇਕ ਮਾਰਗ ਹੈ, ਇਹੀ ਇਕ ਸਹੀ ਮਾਰਗ ਹੈ, ਬਾਕੀ ਜੋ ਸਾਰੀ ਦੀ ਸਾਰੀ ਭਟਕਣਾ ਹੈ, ਉਹ ਤੇ ਰਸਤੇ ਨੂੰ ਪੂਜਣਾ ਕੀ ਹੈ, ਉਹਦੇ ਨਾਮ ਨੂੰ ਜਪਣਾ ਹੈ ਅਤੇ ਨਾਮ ਜਪਣ ਦੇ ਵਿਚ ਭਰੋਸਾ ਹੋਣਾ ਕਿ ਪ੍ਰਮਾਤਮਾ ਤੱਕ ਪਹੁੰਚਣ ਦਾ ਇਹ ਹੀ ਮਾਰਗ ਹੈ, ਇਹ ਹੀ ਰਸਤਾ ਹੈ। ਤੇ ਸਾਹਿਬ ਕਹਿੰਦੇ ਨੇ ਜੋ ਤੇਰੇ ਰਸਤੇ ਨੂੰ ਜਾਣ ਲਿਆ, ਤੇਰੇ ਰਸਤੇ ਨੂੰ ਸਮਝ ਲਿਆ ਹੈ, ਬੱਸ ਇਹ ਹੀ ਸਾਡੇ ਵਾਸਤੇ ਘੋੜਿਆਂ ਦੀ ਸਵਾਰੀ ਹੈ :

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥

(ਪੰਨਾ ੧੬)

ਹੇ ਪਰੀਪੂਰਨ ਪ੍ਰਮਾਤਮਾ ਤੇਰੇ ਅਨੰਤ ਗੁਣਾਂ ਨੂੰ ਧਾਰਨ ਕਰ ਲਿਆ। ਇਹ ਹੀ ਸਾਡੇ ਕੋਲ ਭੱਥਾ ਹੈ, ਉਸ ਦੇ ਵਿਚ ਤੀਰ ਨੇ। ਇਹ ਹੀ ਸਾਡੇ ਕੋਲ ਕਮਾਨ ਹੈ ਅਤੇ ਇਹ ਹੀ ਤੇਗਬੰਦ ਹੈ, ਜਿਸ ਵਿਚ ਤਲਵਾਰ ਰੱਖੀਦੀ ਹੈ ਉਹਨੂੰ ਕਹਿੰਦੇ ਤੇਗਬੰਦ, ਗਾਤਰਾ। ਸਾਡੇ ਕੋਲ ਇਹ ਗਾਤਰਾ ਹੈ ਅਤੇ ਇਹ ਹੀ ਸਾਡੇ ਕੋਲ ਤਲਵਾਰ ਹੈ, ਕਿਹੜਾ ਜੋ ਤੇਰੇ ਗੁਣ ਸਾਡੇ ਕੋਲ ਨੇ ਇਹ ਜੋ ਗਿਆਨ ਆ ਗਿਆ, ਇਹ ਜੋ ਸੀਲ ਆ ਗਿਆ, ਇਹ ਜੋ ਸੰਜਮ ਆ ਗਿਆ, ਇਹ ਜੋ ਪ੍ਰੇਮ ਆ ਗਿਆ, ਇਹ ਜੋ ਸਮਦ੍ਰਿਸ਼ਟੀ ਆ ਗਈ, ਇਹ ਜੋ ਹਿਰਦਾ ਨਿਰਵੈਰ ਹੋ ਗਿਆ, ਨਿਰਭੈ ਹੋ ਗਿਆ। ਇਹ ਹੀ ਤੇ ਸਾਡੇ ਸ਼ਸਤਰ ਨੇ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਦਾ ਬੜੇ ਸੁੰਦਰ ਢੰਗ ਨਾਲ ਜ਼ਿਕਰ ਕਰਦੇ ਨੇ। ਆਮ ਕਿਹਾ ਜਾਂਦਾ ਅਵਤਾਰੀ ਪੁਰਸ਼ਾਂ ਕੋਲ ਕੋਈ ਨਾ ਕੋਈ ਸ਼ਸਤਰ ਰਹੇ ਨੇ। ਮੁਹੰਮਦ ਸਾਹਿਬ ਦੇ ਹੱਥ ਵਿਚ ਤਲਵਾਰ ਸੀ। ਆਪਣੇ ਦੇਸ਼ ਨੂੰ ਵੇਖੀਏ ਸ੍ਰੀ ਰਾਮ ਚੰਦਰ ਦੇ ਕੋਲ ਧਨਸ਼ਬਾਨ ਸੀ, ਦੁਆਪਰ ਜੁਗ ਦੇ ਅਵਤਾਰੀ ਪੁਰਸ਼ ਸ੍ਰੀ ਕ੍ਰਿਸ਼ਨ ਜੀ ਕੋਲ ਸੁਦਰਸ਼ਨ ਚੱਕਰ ਸੀ।

ਕਿਸੇ ਤਾਰਕਿਤ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਕਹਿ ਦਿੱਤਾ ਤੁਸੀਂ ਪੰਜਵੇਂ ਗੁਰੂ ਨਾਨਕ, ਗੁਰੂ ਨਾਨਕ ਦੀ ਗੱਦੀ ਦੇ ਵਾਰਸ, ਕਲਯੁਗ ਦੇ ਅਵਤਾਰੀ ਪੁਰਸ਼, ਤੁਹਾਡੇ ਕੋਲ ਸ਼ਸਤਰ ਨਹੀਂ, ਤੋ ਮਹਾਰਾਜ ਕਹਿਣ ਲੱਗੇ :

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥ ੧॥

(ਪੰਨਾ ੬੨੮)

ਸਾਡੇ ਕੋਲ ਗਦਾ ਹੈ ਗਰੀਬੀ ਦੀ, ਨਿਮਰਤਾ ਦੀ, ਨਿਰਮਾਣਤਾ ਦੀ, ਸਾਡੇ ਕੋਲ ਖੰਡਾ ਵੀ ਹੈ ਦੋਧਾਰੀ ਕਹਿਣਾ ਜੋ ਸਾਰਿਆਂ ਦੇ ਚਰਨਾਂ ਦੀ ਖਾਕ ਬਣ ਗਏ ਹਾਂ, ਸਾਨੂੰ ਕਿਸੇ ਦੇ ਸਿਰ ਦੇ ਉੱਪਰ ਬੈਠਣ ਦਾ ਸ਼ੌਕ ਨਹੀਂ, ਸਾਨੂੰ ਤੇ ਕਦਮਾਂ ਵਿਚ ਬੈਠਣ ਦਾ, ਸਾਨੂੰ ਤੇ ਚਰਨਾਂ ਵਿਚ ਬੈਠਣ ਦਾ ਸ਼ੌਕ ਹੈ। ਚੋਟੀ ਦੇ ਧਾਰਮਿਕ ਮਨੁੱਖ ਦੀ ਚਾਹਤ ਹੁੰਦੀ ਹੈ ਸਾਰਿਆਂ ਦੇ ਕਦਮਾਂ ਦੇ ਥੱਲੇ ਬੈਠਣਾ ਹੈ। ਚੋਟੀ ਦੇ ਨੇਚਰ ਦੀ ਇਹ ਚਾਹਤ ਹੁੰਦੀ ਹੈ ਕਿ ਸਾਰਿਆਂ ਦੇ ਸਿਰ ਤੇ ਬੈਠਣਾ ਹੈ ਰਾਜਨੀਤੀ ਸਿਰ ਤੇ ਬੈਠਣਾ ਹੈ। ਧਰਮ ਨੀਤੀ, ਕਦਮਾਂ ਦੇ ਵਿਚ ਬੈਠਣਾ ਹੈ ਜੋ ਮਹਾਰਾਜ ਕਹਿੰਦੇ ਨੇ ਇਹ ਸਾਰੇ ਗੁਣ ਤੇਰੇ ਪ੍ਰਾਪਤ ਹੋ ਗਏ। ਇਹ ਸਾਡੇ ਕੋਲ ਸ਼ਸਤਰ ਨੇ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ ਨਿਮਰਤਾ ਸਾਡੇ ਕੋਲ ਗਦਾ ਹੈ, ਸਾਰਿਆਂ ਦੇ ਚਰਨਾਂ ਦੀ ਖਾਕ ਜੋ ਬਣ ਗਏ ਹਾਂ, ਇਹ ਸਾਡੇ ਕੋਲ ਖੰਡਾ ਹੈ

ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥ ੩॥

(ਪੰਨਾ ੧੬)

ਸਾਡੀ ਇੱਜ਼ਤ ਸਾਡੀ ਮਾਨ ਮਰਿਆਦਾ, ਸਾਡੀ ਜੀਤ, ਸਾਡੀ ਪਾਤ, ਇਹ ਕੀ ਹੈ ਤੇਰੀ ਬਖਸ਼ਿਸ਼। ਇਹ ਜੋ ਤੇਰੀ ਰਹਿਮਤ ਹੋ ਗਈ ਹੈ, ਇਹ ਜੋ ਤੇਰੀ ਬਖਸ਼ਿਸ਼ ਹੈ, ਤੇਰੀ ਬਖਸ਼ਿਸ਼ ਹੀ ਸਾਡੀ ਜਾਤ, ਤੇਰੀ ਬਖਸ਼ਿਸ਼ ਹੀ ਸਾਡੀ ਇੱਜ਼ਤ ਹੈ, ਤੇਰੀ ਬਖਸ਼ਿਸ਼ ਹੀ ਸਾਡੀ ਮਾਣ ਮਰਿਆਦਾ ਹੈ।

ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

(ਪੰਨਾ ੧੬)

ਹੋਰ ਅਵਸਾਰੀਆਂ, ਹੋਰ ਮੰਨੋਰੰਜਨ ਦੇ ਸਾਧਨ, ਸਾਹਿਬ ਕਹਿੰਦੇ ਨੇ ਇਹ ਸਿਆਣੇ ਮਨੁੱਖ ਸਭ ਖੁਆਰੀ ਸੰਤਾਪ ਨੂੰ ਜਨਮ ਦੇਂਦੇ ਨੇ, ਮਨ ਵੇਕਾਰੀ ਹੋ ਜਾਂਦਾ ਹੈ, ਤਨ ਰੋਗੀ ਹੋ ਜਾਂਦਾ ਹੈ, ਐਸੇ ਮਨੋਰੰਜਨਾਂ ਨੂੰ ਇਕ ਪਾਸੇ ਕਰਨਾ ਹੈ, ਐਸੀਆਂ ਅਸਵਾਰੀਆਂ ਨੂੰ ਇਕ ਪਾਸੇ ਕਰਨਾ ਹੈ।

ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥ ੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

(ਪੰਨਾ ੧੬)

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਰੀ ਰਾਗ ਦੇ ਇਸ ਪਾਵਨ ਪਵਿੱਤਰ ਵਾਕ ਤੇ ਚੌਥੇ ਰਹਾਉ ਦੇ ਵਿਚ ਜੋ ਮੁੱਖ ਗੱਲ ਸਾਡੇ ਸਾਹਮਣੇ ਰੱਖਦੇ ਨੇ ਉਹ ਇਹ ਹੈ ਖਾਣ ਪੀਣ ਦਾ ਮਸਲਾ ਵੀ ਹੱਲ ਹੋ ਜਾਏ, ਪਹਿਨਣ ਦਾ ਮਸਲਾ ਵੀ ਹੱਲ ਹੋ ਜਾਏ, ਸਾਰੇ ਮਨੋਰੰਜਨ ਦੇ ਸਾਧਨ ਵੀ ਪ੍ਰਾਪਤ ਹੋਣ, ਲੇਕਿਨ ਪ੍ਰਾਣਾਂ ਦੇ ਵਿਚ ਇਕ ਪਿਆਸ ਰਹਿ ਜਾਂਦੀ ਹੈ, ਇਕ ਪਰਿਵਾਰ ਦੀ। ਮੇਰਾ ਪਰਿਵਾਰ ਵੀ ਹੋਵੇ। ਮਨੁੱਖ ਸਮਾਜਿਕ ਪ੍ਰਾਣੀ ਹੈ ਤਨਹਾ ਨਹੀਂ ਰਹਿ ਸਕਦਾ, ਇਕੱਲਾ ਨਹੀਂ ਰਹਿ ਸਕਦਾ। ਪਸ਼ੂਆਂ ਦੀ ਕੋਈ ਸਮਾਜਿਕ ਜ਼ਿੰਦਗੀ ਨਹੀਂ ਅਤੇ ਪਸ਼ੂ ਇਕੱਲੇ ਤਨਹਾ ਜ਼ਿੰਦਾ ਰਹਿ ਸਕਦੇ ਨੇ। ਫਰਕ ਸਿਰਫ ਦੇਖਿਆ ਜਾਏ ਵਿਕਸਿਤ ਪਸ਼ੂ ਤਨਹਾਈ ਵਿਚ ਰਹਿ ਜਾਂਦੇ ਨੇ ਅਤੇ ਤਨਹਾਈ ਉਹਨਾਂ ਲਈ ਕੋਈ ਤਨਹਾਈ ਨਹੀਂ, ਮਨ ਦੀ ਦੁਨੀਆਂ ਹੀ ਨਹੀਂ ਹੈ, ਸਿਰਫ ਤਨ ਦੀ ਦੁਨੀਆਂ ਹੈ। ਲੋੜਾਂ ਦੀ ਪੂਰਤੀ ਹੋ ਗਈ, ਮਸਤ ਹੋ ਕੇ ਸੌਂ ਜਾਂਦੇ ਨੇ। ਮਨੁੱਖ ਮਾਨਸਿਕ ਤਲ ਤੇ ਜੀਣ ਵਾਲਾ ਅਤੇ ਸਮਾਜਿਕ ਪ੍ਰਾਣੀ ਇਸ

ਨੂੰ ਪਰਿਵਾਰ ਵੀ ਚਾਹੀਦਾ ਹੈ ਅਤੇ ਪਰਿਵਾਰ ਦੇ ਵਿਚ ਮਾਂ ਬਾਪ, ਪਤਨੀ, ਧੀਆਂ, ਪੁੱਤਰ, ਭਰਾ, ਮਿੱਤਰ ਅਤੇ ਇਸ ਤਰੀਕੇ ਨਾਲ ਤਿੰਨ ਪ੍ਰਣਾਲੀਆਂ ਸਮਾਜਿਕ ਰਿਸ਼ਤਿਆਂ ਦੀਆਂ ਗਿਣੀਆਂ ਗਈਆਂ ਨੇ ਦਾਦਕਿਆਂ ਦੇ ਰਿਸ਼ਤੇ, ਨਾਨਕਿਆਂ ਦੇ ਰਿਸ਼ਤੇ, ਸੌਹਰਿਆਂ ਦੇ ਰਿਸ਼ਤੇ, ਤਿੰਨ ਰਿਸ਼ਤੇ ਚਲਦੇ ਨੇ। ਇਕ ਪਿਤਾ ਤੋਂ, ਇਕ ਮਾਂ ਤੋਂ, ਇਕ ਪਤਨੀ ਤੋਂ। ਪਤਨੀ ਨੂੰ ਇਕ ਪਾਸੇ ਕਰ ਦੇਈਏ ਤਾਂ ਸੌਹਰਿਆਂ ਦਾ ਕੋਈ ਰਿਸ਼ਤਾ ਨਹੀਂ, ਮਾਂ ਨੂੰ ਇਕ ਪਾਸੇ ਕਰ ਦੇਈਏ ਤਾਂ ਨਾਨੇਹਾਲ ਬਚਦਾ ਈ ਨਹੀਂ, ਪਿਤਾ ਨੂੰ ਇਕ ਪਾਸੇ ਕਰ ਦੇਈਏ ਤੇ ਦਾਦਕਿਆਂ ਦੀ ਪ੍ਰਣਾਲੀ ਚਲਦੀ ਹੀ ਨਹੀਂ। ਸਮਾਜਿਕ ਰਿਸ਼ਤਿਆਂ ਦੀਆਂ ਤਿੰਨ ਸਾਥਨਾਂ ਹਨ, ਦਾਦਕੇ, ਨਾਨਕੇ, ਸੌਹਰੇ। ਕਿਉਂਕਿ ਮਨੁੱਖ ਸਮਾਜਿਕ ਪ੍ਰਣਾਲੀ ਹੈ, ਇਸ ਨੂੰ ਦਾਦਕਿਆਂ ਦੇ ਰਿਸ਼ਤੇ ਚਾਹੀਦੇ ਨੇ, ਇਸ ਨੂੰ ਨਾਨਕਿਆਂ ਦੇ ਰਿਸ਼ਤੇ ਚਾਹੀਦੇ ਨੇ, ਇਸ ਨੂੰ ਸੌਹਰਿਆਂ ਦੇ ਰਿਸ਼ਤੇ ਚਾਹੀਦੇ ਨੇ। ਮਨੁੱਖ ਦੇ ਕੋਲ ਬਹੁਤ ਸਾਰੇ ਸਾਜ਼ੋ-ਸਮਾਨ ਤੇ ਮਾਨ ਦੇ ਨਾਲ-ਨਾਲ ਰਿਸ਼ਤਿਆਂ ਦਾ ਵੀ ਮਾਨ ਹੁੰਦਾ ਹੈ। ਰਿਸ਼ਤੇਦਾਰ ਦਾ ਵੀ ਮਾਨ ਹੁੰਦਾ ਹੈ, ਸੰਬੰਧੀਆਂ ਦਾ ਵੀ ਮਾਨ ਹੁੰਦਾ ਹੈ। ਇਹ ਗੱਲ ਵੱਖਰੀ ਹੈ ਇਹਨਾਂ ਰਿਸ਼ਤਿਆਂ ਦੇ ਵਿਚੋਂ ਕਿਹੜਾ ਵਿਅਕਤੀ ਉਸ ਨੂੰ ਅਧਿਕ ਪਿਆਰਾ ਹੈ, ਜ਼ਿਆਦਾ ਪਿਆਰਾ ਹੈ, ਪਰ ਫਿਰ ਵੀ ਇਨ੍ਹਾਂ ਤਿੰਨਾਂ ਰਿਸ਼ਤਿਆਂ ਦੀਆਂ ਪ੍ਰਣਾਲੀਆਂ ਦੀ ਆਪਣੀ ਪ੍ਰਧਾਨਤਾ ਮਨੁੱਖੀ ਜਗਤ ਦੇ ਵਿਚ ਬਣੀ ਆਈ ਹੈ ਅਤੇ ਹੈ ਨਾਨਕੇ ਦਾਦਕੇ ਸੌਹਰੇ। ਸਿੱਖ ਜਗਤ ਦੇ ਮਹਾਨ ਦਾਰਸ਼ਨਿਕ ਸੰਤ ਭਾਈ ਸਾਹਿਬ ਭਾਈ ਗੁਰਦਾਸ ਜੀ ਉਹ ਕਹਿੰਦੇ ਨੇ ਪਰੀਪੂਰਨ ਪ੍ਰਮਾਤਮਾ! ਮੈਂ ਤੇਰੇ ਰਿਸ਼ਤੇ ਤੋਂ ਸਾਰੇ ਰਿਸ਼ਤੇ ਕੁਰਬਾਨ ਕਰਦਾ ਹਾਂ, ਸਦਕੇ ਕਰਦਾ ਹਾਂ। ਬੜੇ ਸੋਹਣੇ ਢੰਗ ਨਾਲ ਉਨ੍ਹਾਂ ਦੇ ਇਕ ਕਵਿਤਾ ਦੇ ਵਿਚ ਇਨ੍ਹਾਂ ਰਿਸ਼ਤਿਆਂ ਦੀ ਗਿਣਤੀ ਕੀਤੀ ਹੈ ਅਤੇ ਆਪਣੇ ਮਨੋਵੇਗ, ਆਪਣਾ ਮਨੋਭਾਵ ਪ੍ਰਦਰਸ਼ਿਤ ਕੀਤਾ ਹੈ:

ਨਹੀ ਦਦਸਾਰ ਪਿਤਾ ਪਿਤਾਮਾ ਪਰ-ਪਿਤਾਮਾ,
ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।'

ਪਿਤਾ ਦਾ ਦਾਦਾ, ਫਿਰ ਉਸ ਦਾ ਪਿਤਾ ਪੜਦਾਦਾ, ਫਿਰ ਉਸ ਦਾ ਪਿਤਾ ਲਕੜਦਾਗ, ਇਸਤਰੀ ਦੇ ਨਾਲ ਇਹ ਦਾਦਤਿਕ ਘਰਾਣਿਆਂ ਦੇ ਰਿਸ਼ਤੇ ਭਰਾ ਨੇ, ਪੁੱਤਰ ਨੇ, ਇਹ ਸਾਰੇ ਦਾ ਸਾਰਾ ਦਾਦਤਿਕਾ ਕਹਿਲਾਂਦਾ ਹੈ। ਆਪ ਕਹਿੰਦੇ:

ਨਹੀ ਦਦਸਾਰ ਪਿਤਾ ਪਿਤਾਮਾ ਪਰ-ਪਿਤਾਮਾ,
ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।
ਨਹੀ ਨਨਸਾਰ ਮਾਤਾ ਪਰ-ਮਾਤਾ, ਬ੍ਰਿਧ ਪਰ-ਮਾਤਾ,
ਮਾਮੂ ਮਾਮੀ, ਮਾਸੀ ਔ ਮੌਸਾ ਬਿਬਿਧ ਬਿਖਜਾਤਾ ਹੈ।

ਨਾਨਕਿਆਂ ਦੇ ਸਾਰੇ ਰਿਸ਼ਤੇ ਚਲਦੇ ਨੇ, ਮਾਂ ਤੋਂ, ਮਾਂ ਦੀ ਮਾਂ ਨਾਨੀ, ਫਿਰ ਉਸ ਦੀ

ਮਾਂ ਪੜਨਾਨੀ, ਮਾਮੇ ਮਾਮੀਆਂ। ਮਾਸੀ, ਮਾਸੜ ਇਤਿਆਦਿਕ। ਇਹ ਸਾਰੇ ਰਿਸ਼ਤੇ ਮਾਂ ਕਰਕੇ ਨੇ। ਭਾਈ ਜੀ ਕਹਿੰਦੇ ਨੇ :

ਨਹੀ ਨਨਸਾਰ ਮਾਤਾ ਪਰ-ਮਾਤਾ ਬ੍ਰਿਧ ਪਰ-ਮਾਤਾ,
ਮਾਮੂ ਮਾਮੀ ਮਾਸੀ ਔ ਮੌਸਾ ਬਿਬਿਧ ਬਿਖਜਾਤਾ ਹੈ।
ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ,
ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ।

ਪਤਨੀ ਤੋਂ ਜਿਹੜੇ ਰਿਸ਼ਤੇ ਚਲਦੇ ਨੇ, ਸਾਲਾ ਹੈ ਸਾਲੀ ਹੈ, ਸੱਸ ਹੈ, ਸੌਹਰਾ ਹੈ, ਇਹ ਸਾਰੇ ਪਤਨੀ ਤੋਂ ਚਲਦੇ ਨੇ। ਫੇਰ ਅਰਜ਼ ਕਰਾਂ ਪਿਤਾ ਨੂੰ ਇਕ ਪਾਸੇ ਕਰੀਏ, ਦਾਦਕਿਆਂ ਦੀ ਪ੍ਰਣਾਲੀ ਖਤਮ, ਮਾਂ ਨਹੀਂ ਤੇ ਦਾਦਕਿਆਂ ਦਾ ਪਸਾਰਾ ਖਤਮ, ਪਤਨੀ ਇਕ ਪਾਸੇ ਕੌਣ ਸਾਲਾ, ਕੌਣ ਸਾਲੀ, ਕੌਣ ਸੱਸ, ਕੌਣ ਸੌਹਰਾ, ਇਹ ਰਿਸ਼ਤਿਆਂ ਦੀ ਪ੍ਰਣਾਲੀ ਟੁੱਟ ਜਾਂਦੀ ਹੈ। ਖੜੀ ਹੈ ਸੌਹਰਿਆਂ ਦੀ ਪ੍ਰਣਾਲੀ, ਸੌਹਰਿਆਂ ਤੇ ਖੜਿਆ ਹੈ ਦਾਦਕਿਆਂ ਦਾ ਪਰਿਵਾਰ। ਪਿਤਾ ਤੇ ਨਾਨਕਿਆਂ ਦੀ ਦੁਨੀਆਂ ਮਾਂ ਤੇ। ਭਾਈ ਸਾਹਿਬ ਭਾਈ ਗੁਰਦਾਸ ਜੀ ਚੌਥੀ ਪੰਗਤੀ ਦੇ ਵਿਚ ਆਪਣਾ ਮਨੋਭਾਵ ਇੰਝ ਪ੍ਰਦਰਸ਼ਿਤ ਕਰਦੇ ਨੇ-

ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ,
ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ।
ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ,
ਜੈਸਾ ਗੁਰਸਿਖ ਸਾਧ ਸੰਗਤਿ ਕੋ ਨਾਤਾ ਹੈ॥ ੧੦੦॥

(ਕਬਿੱਤ ਭਾਈ ਗੁਰਦਾਸ ਜੀ)

ਗੁਰੂ ਕੀ ਸੰਗਤ ਵਿਚ ਬੈਠ ਕੇ ਸੁਰਤ ਨੂੰ ਜਿਹੜਾ ਪ੍ਰਭੂ ਨਾਲ ਜੋੜਨਾ ਹੈ, ਇਹ ਜੋ ਰਿਸ਼ਤਾ ਹੈ, ਇਹ ਜੋ ਨਾਤਾ ਹੈ, ਭਾਈ ਸਾਹਿਬ ਕਹਿੰਦੇ ਦੁਨੀਆਂ ਵਿਚ ਕੋਈ ਐਸਾ ਨਾਤਾ ਨਹੀਂ, ਪਰ ਇਸ ਦੀ ਤਹਿ ਤੇ ਥੋੜਾ ਜਿਹਾ ਜਾਣਾ ਪਏਗਾ। ਆਖਰ ਇਹ ਸੰਬੰਧ ਪਰੀਪੂਰਨ ਪ੍ਰਮਾਤਮਾ ਬਣਾਏ ਹੋਏ ਨੇ।

ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ॥
ਸਭਨਾ ਕਉ ਸਨਬੰਧੁ ਹਰਿ ਕਰਿ ਦੀਏ॥ ੧॥

(ਪੰਨਾ ੪੯੪)

ਫਿਰ- *ਮਾਤ ਪਿਤਾ ਸੁਤ ਬੰਧਪ ਭਾਈ॥*
ਨਾਨਕ ਹੋਆ ਪਾਰਬ੍ਰਹਮੁ ਸਹਾਈ॥ ੧॥

(ਪੰਨਾ ੮੦੫)

ਯਤੀਮ ਕਹਿ ਦਿੰਦੇ ਹਾਂ ਉਸ ਨੂੰ ਜਿਸ ਦੀ ਮਾਂ ਨਹੀਂ, ਜਿਸ ਦਾ ਪਿਤਾ ਨਹੀਂ, ਯਤੀਮ ਹੈ, ਯਤੀਮ ਪਤੀ ਨਹੀਂ ਉਸ ਪਤੀ ਨੂੰ ਦੇਵਾ ਕਹਿ ਦਿੱਤਾ ਜਾਂਦਾ ਹੈ ਅਤੇ ਪਤਨੀ ਨਹੀਂ ਉਸ ਦਾ ਪਤੀ ਹੋਣਾ ਖਤਮ ਹੋ ਜਾਂਦਾ ਹੈ, ਉਹ ਇਕ ਇਨਸਾਨ ਰਹਿ ਜਾਂਦਾ ਹੈ, ਮਨੁੱਖ ਰਹਿ ਜਾਂਦਾ ਹੈ। ਹੁਣ ਇਹ ਪਤੀ ਨਹੀਂ ਪਤਨੀ ਕਰਕੇ ਹੀ ਪਤੀ ਸੀ, ਇਹ ਰਿਸ਼ਤੇ ਖਾਸ ਵਜੂਦ ਇਕ ਖਾਸ ਵਿਵਸਥਾ ਨੂੰ, ਇਕ ਖਾਸ ਮਨੋਵੇਗ ਨੂੰ ਜਨਮ ਦਿੰਦੇ ਨੇ ਅਤੇ ਬੱਚਾ ਨਹੀਂ ਤੇ ਮਾਂ ਕਿਥੇ, ਕਦੀ ਬਹੁਤ ਮੁਤਾਲਿਆ ਕਰੀਏ ਸਿਰਫ ਬੱਚੇ ਦਾ ਹੀ ਜਨਮ ਨਹੀਂ ਹੋਇਆ ਮਾਂ ਦਾ ਵੀ ਜਨਮ ਹੋਇਆ, ਸਿਰਫ ਬੱਚੇ ਦਾ ਜਨਮ ਨਹੀਂ ਹੋਇਆ ਪਿਉ ਦਾ ਜਨਮ ਹੋਇਆ ਹੈ। ਕਹਿੰਦੇ ਨੇ ਬੱਚਾ ਪੈਦਾ ਹੋਇਆ, ਬੱਚਾ ਪੈਦਾ ਹੋਇਆ ਹੈ, ਪਰ ਅਧੂਰੀ ਗੱਲ ਕਰਦੇ ਹਾਂ, ਨਹੀਂ ਕਹਿਣਾ ਚਾਹੀਦਾ ਮਾਂ ਦਾ ਜਨਮ ਹੋਇਆ, ਮਾਂ ਦਾ ਜਨਮ ਹੋਇਆ, ਅਧੂਰੀ ਗੱਲ ਕਰਦੇ ਹਾਂ। ਲੜਕਾ ਪੈਦਾ ਹੋਇਆ, ਲੜਕਾ ਪੈਦਾ ਹੋਇਆ, ਕਹਿ ਦੇਣਾ ਚਾਹੀਦਾ। ਪਿਤਾ ਪੈਦਾ ਹੋਇਆ ਪਿਤਾ ਪੈਦਾ ਹੋਇਆ ਇਹ ਤੇ ਇਕ ਦੂਸਰੇ ਦੇ ਉਤੇ ਸਾਰੇ ਰਿਸ਼ਤੇ ਖੜੇ ਨੇ, ਸਾਰੇ ਜੋ ਹਨ ਸੰਬੰਧ ਖੜੇ ਨੇ। ਅਧਿਆਤਮਕ ਸੰਬੰਧਾਂ ਦੀ ਖਾਣ ਹੈ। ਗੁਰੂ ਨੂੰ ਹਟਾ ਦੇਈਏ, ਨਾ ਕੋਈ ਸੰਤ, ਨਾ ਕੋਈ ਰਿਸ਼ੀ, ਨਾ ਕੋਈ ਮੁਨੀ, ਨਾ ਕੋਈ ਜੋਗੀ, ਨਾ ਕੋਈ ਪੀਰ, ਨਾ ਕੋਈ ਪੈਗੰਬਰ, ਨਾ ਹੀ ਕੋਈ ਅਵਤਾਰ, ਨਾ ਹੀ ਕੋਈ ਭਗਤ। ਇਹ ਸਾਰੇ ਰੁਤਬੇ ਗੁਰੂ ਤੋਂ ਜਨਮ ਲੈਂਦੇ ਨੇ। ਇਕ ਪਤਨੀ ਨੂੰ ਹਟਾ ਦੇਈਏ ਸ਼ਾਖਾਵਾਂ ਸਾਰੀਆਂ ਹੀ ਖਤਮ ਹੋ ਜਾਣਗੀਆਂ। ਇਹ ਹੀ ਇਕ ਰਿਸ਼ਤਾ ਹੈ ਪਤੀ ਪਤਨੀ ਦਾ ਜੋ ਦਾਦਕੇ ਅਗਾਂਹ ਚੱਲ ਕੇ ਦਾਦਕੇ ਨਾਨਕੇ ਤੇ ਸੌਹਰਿਆਂ ਨੂੰ ਜਨਮ ਦੇਂਦਾ ਹੈ। ਇਹ ਇਕ ਰਿਸ਼ਤਾ ਨਹੀਂ ਤੇ ਮਨੁੱਖੀ ਵਹਿਣ ਖਤਮ ਹੋ ਜਾਂਦਾ ਹੈ ਤੇ ਮਨੁੱਖੀ ਵਹਿਣ ਖਤਮ ਹੋ ਗਿਆ, ਕਿਥੇ ਦਾਦਕੇ, ਕਿਥੇ ਸੌਹਰੇ ਅਤੇ ਕਿਥੇ ਨਾਨਕੇ। ਜਿਥੇ ਅਧਿਆਤਮਕ ਰਿਸ਼ਤਿਆਂ ਦਾ ਕੇਂਦਰ ਗੁਰੂ ਹੈ ਸਮਾਜਿਕ ਰਿਸ਼ਤਿਆਂ ਦਾ ਕੇਂਦਰ ਪਤੀ ਪਤਨੀ ਹੈ। ਇਸ ਇਕ ਰਿਸ਼ਤੇ ਤੋਂ ਤਮਾਮ ਸਮਾਜਿਕ ਰਿਸ਼ਤਿਆਂ ਦਾ ਜਨਮ ਹੁੰਦਾ ਹੈ। ਖਲਾਅ ਪੈਦਾ ਹੋ ਜਾਂਦਾ ਹੈ, ਉਸ ਮਨੁੱਖ ਦੀ ਜ਼ਿੰਦਗੀ 'ਚੋਂ, ਚਾਹੇ ਇਸਤਰੀ ਹੈ ਚਾਹੇ ਪੁਰਸ਼ ਹੈ, ਅਗਰ ਉਹ ਸਿਰਫ ਇਸਤਰੀ ਰਹਿ ਗਈ ਹੈ, ਪਤਨੀ ਨਹੀਂ ਬੇਵਾ ਹੋ ਗਈ ਹੈ। ਅਗਰ ਉਹ ਸਿਰਫ ਪੁਰਸ਼ ਰਹਿ ਗਿਆ ਹੈ, ਪਤੀ ਨਹੀਂ ਫੇਰ ਉਸ ਦੀ ਦੁਨੀਆਂ ਵਿਚ ਉਸ ਦੇ ਅਨੁਭਵ ਵਿਚ ਫੌਰਨ ਇਹ ਗੱਲ ਆ ਜਾਂਦੀ ਹੈ। ਕਿਥੇ ਦਾਦਕੇ ਹੈ, ਕਿਥੇ ਸੌਹਰੇ ਹੈ, ਕਿਥੇ ਨਾਨਕੇ, ਸਭ ਰਿਸ਼ਤਿਆਂ ਵਿਚ ਦਰਾੜ ਪੈ ਜਾਂਦੀ ਹੈ ਔਰ ਇਹ ਦਰਾੜ ਕਈ ਦਫਾ ਉਹਦੀਆਂ ਅੱਖਾਂ ਦੇ ਸਾਹਮਣੇ ਇਤਨੀਆਂ ਵੱਧਦੀਆ ਨੇ ਢਹਿ-ਢੇਰੀ ਹੋ ਜਾਂਦੀਆਂ ਨੇ ਅਤੇ ਉਸ ਦਿਨ ਪਤਾ ਚੱਲਦਾ ਹੈ, ਇਹ ਤੇ ਇਕ ਕਰਕੇ ਹੀ ਸਾਰੇ ਰਿਸ਼ਤਿਆਂ ਦੀਆਂ ਦੀਵਾਰਾ ਖੜੀਆਂ ਸਨ, ਸਾਰੇ ਰਿਸ਼ਤਿਆਂ ਦੇ ਮਹਿਲ ਖੜੇ ਸਨ, ਇਹ ਤੇ ਇਕ ਦੇ ਟੁੱਟਣ ਨਾਲ ਸਾਰੇ 'ਚੋਂ ਦਰਾੜਾਂ ਪੈ ਗਈਆਂ। ਜੈਸੇ ਬੁਨਿਆਦ ਵਿਚ ਦਰਾੜਾਂ ਪੈ ਜਾਣ, ਬੁਨਿਆਦ ਇਕ ਪਾਸੇ ਹੋ ਜਾਏ ਤੇ ਧਰਾਤਲ ਹੋ ਜਾਂਦਾ ਹੈ ਮਹਿਲ। ਹੂ-ਬ-ਹੂ ਪਤੀ ਇਕ ਪਾਸੇ ਹੋ ਜਾਏ, ਪਤਨੀ ਇਕ ਪਾਸੇ ਹੋ ਗਈ, ਦਾਦਕੇ ਸੌਹਰੇ ਨਾਨਕਿਆਂ

ਦਾ ਮਹਿਲ ਧਰਾਤਲ ਹੋ ਜਾਂਦਾ ਹੈ ਅਤੇ ਇਹ ਦੋ ਰਿਸ਼ਤੇ ਨੇ ਜਿਨ੍ਹਾਂ ਨੂੰ ਮੇਰੀ ਜ਼ਮੀਨ ਨੇ ਕਦੀ ਖ਼ੂਨ ਦਾ ਰਿਸ਼ਤਾ ਨਹੀਂ ਮੰਨਿਆ। ਸਿੱਖ ਤੇ ਗੁਰੂ ਦਾ ਰਿਸ਼ਤਾ ਪਤੀ ਤੇ ਪਤਨੀ ਦਾ ਰਿਸ਼ਤਾ ਹੈ ਅਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਾਣੀ ਵੀ ਪਤੀ ਤੇ ਪਤਨੀ ਦੇ ਰਿਸ਼ਤੇ ਨੂੰ ਖ਼ੂਨ ਦਾ ਰਿਸ਼ਤਾ ਨਹੀਂ ਮੰਨਦੇ। ਆਪ ਕਹਿੰਦੇ ਨੇ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ ੩॥

(ਪੰਨਾ ੭੮੮)

ਪਤੀ ਤੇ ਪਤਨੀ ਉਸ ਨੂੰ ਕਹਿੰਦੇ ਨੇ ਜੋ ਜੋਤ ਇਕ ਹੋ ਗਈ ਹੈ, ਮਨ ਇਕ ਹੋ ਗਿਆ ਹੈ। ਭਾਵੇਂ ਸਰੀਰ ਦੋ ਨੇ ਉਹ ਤੇ ਰਹਿਣਗੇ, ਉਹ ਤੇ ਅਲੱਗ ਰਹਿਣਗੇ, ਪਰ ਜੋਤ ਇਕ ਹੋ ਗਈ।

ਭਾਵੇਂ ਉਪਰ ਦੋ ਕਮਰੇ ਖੜੇ ਨੇ, ਪਰ ਥੱਲੇ ਬੁਨਿਆਦ ਇਕ ਹੈ, ਭਾਵੇਂ ਇਹਨਾਂ ਦੋ ਕਮਰਿਆਂ ਵਿਚ ਅਲੱਗ-ਅਲੱਗ ਰੰਗ ਹੈ, ਅਲੱਗ-ਅਲੱਗ ਰੰਗ ਦਾ ਫਰਨੀਚਰ ਹੈ, ਅਲੱਗ-ਅਲੱਗ ਰੰਗ ਦੀ ਸਜਾਵਟ ਹੈ, ਪਰ ਬੁਨਿਆਦ ਇਕ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਪਤੀ ਤੇ ਪਤਨੀ ਦੇ ਰਿਸ਼ਤੇ ਨੂੰ ਖ਼ੂਨ ਦਾ ਰਿਸ਼ਤਾ ਨਹੀਂ ਅਤੇ ਰੂਹੇ-ਜ਼ਮੀਨ ਤੇ ਇਹੀ ਅਵਤਾਰੀ ਪੁਰਸ਼ ਹੈ ਜਿਸ ਨੇ ਬੁਲੰਦ ਅਵਾਜ਼ ਵਿਚ ਕਹਿ ਦਿੱਤਾ ਇਹ ਕੋਈ ਖ਼ੂਨ ਦਾ ਰਿਸ਼ਤਾ ਹੈ, ਇਹ ਤੇ :

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ ੩॥

ਇਹ ਜੋਤ ਇਕ ਹੈ। ਮਨ ਇਕ ਹੈ, ਵਿਚਾਰ ਇਕ ਨੇ, ਸਿਰਫ ਸਰੀਰ ਦੋ ਨੇ। ਪੂਰਨ ਪ੍ਰਮਾਤਮਾ ਨੇ ਸਰੀਰ ਦੋ ਬਣਾਏ ਨੇ ਪਰ ਮਨ ਇਕ ਨੇ। ਮਹਾਰਾਜ ਨੇ ਭੁੱਲ ਕੇ ਉਨ੍ਹਾਂ ਨੂੰ ਪਤੀ ਪਤਨੀ ਦਾ ਆਖਣਾ, ਜੋ ਸਾਰੀ ਜ਼ਿੰਦਗੀ ਇਕੋ ਮਕਾਨ ਵਿਚ ਰਹਿ ਰਹੇ ਨੇ, ਪਰ ਜੋਤਿ ਇਕ ਨਹੀਂ ਹੋ ਸਕੀ। *'ਧਨ ਪਿਰੁ ਏਹਿ ਨ ਆਖੀਅਨਿ'*। ਮਹਾਰਾਜ ਕਹਿੰਦੇ ਭੁੱਲ ਕੇ ਵੀ ਫੇਰ ਇਹ ਨਾ ਆਖੋ ਪਤੀ ਹੈ ਪਤਨੀ ਹੈ। *'ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥'* ਸਾਰੀ ਜ਼ਿੰਦਗੀ ਇਕੱਠੇ ਰਹੇ, ਇਕ ਮਕਾਨ ਦੇ ਵਿਚ ਰਹੇ, ਇਕ ਅਸਥਾਨ ਦੇ ਵਿਚ ਰਹੇ। ਦੁਨੀਆਂ ਦੀਆਂ ਨਜ਼ਰਾਂ ਵਿਚ ਵੀ ਇਸ ਤਰ੍ਹਾ ਜਾਪੇ ਜਿਵੇਂ ਇਕੱਠੇ ਰਹਿ ਰਹੇ ਨੇ, ਖ਼ੁਸ਼-ਖਰਬ ਰਹਿ ਰਹੇ ਨੇ, ਠੀਕ ਰਹਿ ਰਹੇ ਨੇ, ਪਰ ਸਾਹਿਬ ਕਹਿੰਦੇ ਨਹੀਂ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ ੩॥

(ਪੰਨਾ ੭੮੮)

ਦੋਵਾਂ ਦੀ ਜੋਤਿ ਫੇਰ ਇਕ ਹੋ ਜਾਏ, ਵਿਚਾਰ ਦੀ ਇਤਨੀ ਗਹਿਰੀ ਸਾਂਝ ਹੋ ਜਾਏ,

ਇਕ ਪਤਨੀ ਹੋ ਜਾਏ, ਇਕ ਪਤੀ ਹੋ ਜਾਏ। ਇਕ ਦੂਜੇ ਦੀ ਪੱਤ, ਇਕ ਦੂਜੇ ਦੇ ਹੱਥ ਵਿਚ ਹੋਵੇ। ਇਕ ਦੂਜੇ ਦੀ ਇੱਜ਼ਤ ਇਕ ਦੂਜੇ ਦੇ ਹੱਥ ਵਿਚ ਹੋਵੇ ਅਤੇ ਆਪਣੇ ਹੱਥਾਂ ਨੂੰ ਇੰਨਾ ਸੰਭਾਲ ਕੇ ਰੱਖਣਾ ਕਿ ਮੇਰੇ ਹੱਥ ਵਿਚ ਕਿਸੇ ਦੀ ਪੱਤ ਹੈ, ਮੇਰੇ ਹੱਥ ਵਿਚ ਕਿਸੇ ਦੀ ਇੱਜ਼ਤ ਹੈ, ਮੇਰੇ ਹੱਥ ਵਿਚ ਕਿਸੇ ਦਾ ਸਕੂਨ ਹੈ, ਮੇਰੇ ਹੱਥ ਵਿਚ ਕਿਸੇ ਦੀ ਸ਼ਾਂਤੀ ਹੈ, ਮੇਰੇ ਹੱਥ ਵਿਚ ਕਿਸੇ ਦੀ ਜ਼ਿੰਦਗੀ ਹੈ। ਆਪਣੇ ਹੱਥਾਂ ਨੂੰ ਪਤੀ ਸੰਭਾਲ ਕੇ ਰੱਖੇ ਅਤੇ ਆਪਣੇ ਹੱਥਾਂ ਨੂੰ ਪਤਨੀ ਸੰਭਾਲ ਕੇ ਰੱਖੇ ਅਤੇ ਇਸੇ ਤਰ੍ਹਾਂ ਜੋਤ ਇਕ ਹੋ ਜਾਏ। ਸਾਹਿਬ ਕਹਿੰਦੇ ਇਹ ਪਤੀ ਪਤਨੀ ਨੇ ਅਤੇ ਇਹ ਹੀ ਇਕ ਰਿਸ਼ਤਾ ਹੈ ਜੋ ਦਾਦਕਿਆਂ ਦੇ ਰਿਸ਼ਤੇ ਨੂੰ ਜਨਮ ਦਿੰਦਾ ਹੈ, ਨਾਨਕਿਆਂ ਦੇ ਰਿਸ਼ਤੇ ਨੂੰ ਜਨਮ ਦਿੰਦਾ ਹੈ, ਸੌਹਰਿਆਂ ਦੇ ਰਿਸ਼ਤੇ ਨੂੰ ਜਨਮ ਦਿੰਦਾ ਹੈ, ਇਹ ਰਿਸ਼ਤਾ ਟੁੱਟ ਗਿਆ ਅਤੇ ਇਹ ਰਿਸ਼ਤਾ ਹੈ ਨਹੀਂ ਤੇ ਸੌਹਰੇ ਕਿੱਥੇ, ਨਾਨਕੇ ਕਿਥੇ ਤੇ ਦਾਦਕੇ ਕਿੱਥੇ?

ਗੁਰਾਂ ਨਾਲ ਕੋਈ ਸੰਬੰਧ ਨਹੀਂ, ਰਿਸ਼ੀ ਹੋਣਾ, ਸੰਤ ਹੋਣਾ, ਭਗਤ ਹੋਣਾ, ਜੋਗੀ ਹੋਣਾ, ਮਹਾਨ ਤਿਆਗੀ ਹੋਣਾ, ਬੈਰਾਗੀ ਹੋਣਾ, ਇਹ ਸਭ ਕੁਝ ਕਿੱਥੇ ਹੈ? ਇਹ ਪ੍ਰਗਟ ਹੀ ਨਹੀਂ ਹੋ ਸਕਦਾ, ਉਜਾਗਰ ਹੀ ਨਹੀਂ ਹੋ ਸਕਦਾ ਅਤੇ ਬਾਕੀ ਰਿਸ਼ਤੇ ਜਨਮ ਹੀ ਨਹੀਂ ਲੈ ਸਕਦੇ। ਜੇ ਪਤੀ ਤੇ ਪਤਨੀ ਦਾ ਰਿਸ਼ਤਾ ਨਹੀਂ ਤੋ ਮਨੁੱਖ ਦੇ ਪ੍ਰਾਣਾਂ ਵਿਚ ਬੜੀ ਪਰਬਲ ਪਿਆਸ ਹੈ। ਇਕ ਛੋਟਾ ਜਿਹਾ ਬੱਚਾ ਹੈ, ਚਾਹੀਦੀ ਏ ਮਾਂ, ਚਾਹੀਦਾ ਏ ਪਿਤਾ, ਪਰ ਜੈਸੇ-ਜੈਸੇ ਵੱਡਾ ਹੁੰਦਾ ਜਾਂਦਾ ਹੈ ਅਤੇ ਇਸ ਨੂੰ ਤਨਹਾਈ ਅਖੜਦੀ, ਤੋ ਚਾਹੀਦੀ ਹੈ ਭੈਣ, ਚਾਹੀਦਾ ਹੈ ਭਰਾ, ਮਾਂ ਬਾਪ ਨਾਲ ਬਰਾਬਰੀ ਹੋਵੇ, ਭੈਣ ਤੇ ਭਰਾ ਵਿਚ ਬਰਾਬਰੀ ਹੈ, ਭਾਈ ਭਾਈ ਵਿਚ ਬਰਾਬਰੀ ਹੈ ਅਤੇ ਜਿਥੇ ਬਰਾਬਰੀ ਨਾ ਹੋਵੇ ਉਹਨਾਂ ਨੂੰ ਦੋ ਭਰਾ ਕਹਿਣਾ ਬੇਮਾਇਨੀ ਹੈ। ਜਿਥੇ ਬਰਾਬਰੀ ਨਹੀਂ ਸ਼ਾਇਦ ਉਹ ਭੈਣ ਤੇ ਭਰਾ ਨਹੀਂ, ਮਾਂ ਬਾਪ ਨਾਲ ਬਰਾਬਰੀ ਕਰਨੀ ਔਖੀ ਸੀ, ਮਾਂ ਵੱਡੀ ਹੈ, ਪਿਉ ਵੱਡਾ ਹੈ, ਉਸ ਦੇ ਹੱਥਾਂ ਵਿਚ ਪਲਿਆ ਹੈ, ਵੱਡਾ ਹੋਇਆ ਹੈ ਅਤੇ ਉਸ ਦੀਆਂ ਅਸੀਸਾਂ ਨਾਲ ਉਸ ਨੇ ਚਲਣਾ ਫਿਰਨਾ ਸਿੱਖਿਆ ਹੈ। ਇਹ ਪ੍ਰਾਣ ਇਹਦੀ ਆਤਮਾ ਤੜਪਦੀ ਹੈ। ਕੋਈ ਐਸਾ ਵੀ ਹੋਵੇ ਜਿਸ ਨੂੰ ਮੈਂ ਕਹਿ ਦੇਵਾਂ ਇਹ ਮੇਰੇ ਵਰਗਾ, ਇਹ ਮੇਰੇ ਵਰਗਾ, ਬਰਾਬਰੀ ਚਾਹੀਦੀ ਹੈ। ਭੈਣ ਚਾਹੀਦੀ, ਭਰਾ ਚਾਹੀਦਾ, ਬਹੁਤ ਵੱਡੀ ਘਾਟ ਰਹਿ ਜਾਂਦੀ ਉਸ ਮਨੁੱਖ ਦੀ ਜਿਸ ਦਾ ਭਰਾ ਨਾ ਹੋਵੇ। ਲੋਕੀਂ ਕਹਿ ਦੇਂਦੇ ਨੇ ਇਹਦੀਆਂ ਤੇ ਬਾਹਾਂ ਹੀ ਕੋਈ ਨਹੀਂ, ਇਹਦਾ ਤੇ ਕੋਈ ਮਾਣ ਨਹੀਂ, ਭੈਣ ਭਰਾ ਤੇ ਮਾਣ ਕਰਦੀ ਹੈ, ਭਰਾ ਭੈਣ ਤੇ ਮਾਣ ਕਰਦਾ ਹੈ। ਅਕਸਰ ਐਸਾ ਜੋ ਹੈ ਦੇਖਿਆ ਗਿਆ ਤੇ ਕਹਿੰਦੇ ਮਾਣ ਤਾਂ ਨਹੀਂ ਰਹਿ ਜਾਂਦਾ ਭਰਾ ਨਹੀਂ ਹੈ, ਭੈਣ ਨਹੀਂ ਹੈ। *'ਨਾਨਕ ਸਾਸ ਸਬਰਾਈ॥'* ਮਹਾਰਾਜ ਇਸਤਰੀ ਦੀ ਉਪਮਾ ਇੰਞ ਪਏ ਕਰਦੇ ਨੇ *'ਨਾਨਕ ਸਾਸ ਸਬਰਾਈ॥'* ਇਹ ਭਾਗਾਂ ਵਾਲੀ ਹੈ, ਕਿਉਂਕਿ ਸਭਰਾਈ ਚੰਗੇ ਭਰਾ ਵਾਲੀ ਹੈ, ਇਹ ਮਾਣ ਪਾਉਣ ਵਾਲੀ ਹੈ, ਇਹਦੇ ਭਰਾ ਨੇ ਇਹ ਤੇ ਐਵੇ ਨਹੀਂ ਹੈ, ਇਹਦੇ ਭਰਾ ਵੀ ਨੇ। ਇਹ ਨਹੀਂ ਆਖਿਆ ਇਹਦੇ ਮਾਂ ਬਾਪ ਨੇ, ਨਹੀਂ ਇਹ ਭਰਾਵਾਂ ਵਾਲੀ ਏ, ਉਸ ਇਸਤਰੀ ਦੀ

ਭਾਰਤੀ ਸਮਾਜ ਵਿਚ ਆਦਿ ਕਾਲ ਤੋਂ ਮਾਣ ਪਰਤਿਸ਼ਠਾ ਬਣੀ ਹੋਈ ਹੈ। ਕਹਿ ਦਿੱਤਾ ਜਾਂਦਾ ਇਹ ਤੇ ਭਰਾਵਾਂ ਵਾਲੀ ਹੈ, ਇਹਦੇ ਭਰਾ ਨੇ, ਇਹ ਐਵੇ ਨਹੀਂ। ਇਹ ਨਹੀਂ ਆਖਿਆ ਜਾਂਦਾ ਇਹਦਾ ਪਿਉ ਵੀ ਹੈ ਇਹਦੀ ਮਾਂ ਵੀ ਹੈ। *'ਨਾਨਕ ਸਾਸ ਸਬਰਾਈ॥'*

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਇਹ ਭਰਾਵਾਂ ਵਾਲੀ ਏ ਐਵੇਂ ਥੋੜ੍ਹੀ ਹੈ, ਤੇ ਭਰਾ ਭੈਣ ਦਾ ਮਾਣ ਨੇ, ਭੈਣ ਭਰਾ ਦਾ ਮਾਣ ਹੈ, ਭਰਾ ਭਰਾ ਦੀ ਬਰਾਬਰੀ ਹੈ। ਇਹ ਇਕ ਰਿਸ਼ਤਾ ਹੈ ਜੋ ਚਾਹੀਦਾ ਹੈ। ਅਗਾਂਹ ਚੱਲ ਕੇ ਪ੍ਰਾਣਾਂ ਵਿਚ ਇਕ ਹੋਰ ਪਿਆਸ ਪੈਦਾ ਹੁੰਦੀ ਹੈ, ਇਕ ਉਮੰਗ ਪੈਦਾ ਹੁੰਦੀ ਹੈ, ਵਿਪਰੀਤ ਦੀ ਕਸ਼ਿਸ਼, ਜਿਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬੜੇ ਸੋਹਣੇ ਢੰਗ ਨਾਲ ਉਜਾਗਰ ਕੀਤਾ :

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥

(ਪੰਨਾ ੮੭੯)

ਐ ਦੁਨੀਆਂ ਦੇ ਬ੍ਰਹਮ ਗਿਆਨੀਓ ! ਇਸ ਗੱਲ ਨੂੰ ਸਮਝੋ, ਇਸ ਗੱਲ ਨੂੰ ਜਾਣੋ ਕੋਈ ਪੁਰਸ਼ ਪੂਰਨ ਤੌਰ ਤੇ ਪੁਰਸ਼ ਨਹੀਂ, ਉਸ ਦੇ ਅੰਦਰ ਅੱਧੀ ਇਸਤਰੀ ਬੈਠੀ ਹੈ। ਕੋਈ ਇਸਤਰੀ ਪੂਰਨ ਤੌਰ ਤੇ ਇਸਤਰੀ ਨਹੀਂ, ਉਸ ਦੇ ਅੰਦਰ ਅਧੂਰਾ ਪੁਰਸ਼ ਬੈਠਾ ਹੈ। ਅਗਰ ਮਾਂ ਬਾਪ ਤੋਂ ਇਹ ਸਰੀਰ ਆਇਆ ਤੇ ਇਸ ਸਰੀਰ ਵਿਚ ਕੁਝ ਮਾਂ ਦੀ ਅੰਸ ਹੈ, ਇਸ ਸਰੀਰ ਵਿਚ ਕੁਝ ਪਿਤਾ ਦੀ ਅੰਸ ਹੈ। ਕੋਈ ਪੁਰਸ਼ ਹੋ ਗਿਆ, ਉਹ ਇਸ ਵਾਸਤੇ ਹੋ ਗਿਆ ਪਿਤਾ ਦੀ ਅੰਸ ਇਸ ਵਿਚ ਜ਼ਿਆਦਾ ਹੈ, ਮਾਂ ਦੀ ਘੱਟ ਹੈ। ਕੋਈ ਇਸਤਰੀ ਹੋ ਗਈ ਹੈ ਉਹ ਇਸ ਵਾਸਤੇ ਹੋ ਗਈ ਹੈ ਕਿ ਇਸ ਵਿਚ ਇਸਤਰੀ ਦੀ ਅੰਸ ਮਾਂ ਦੀ ਅੰਸ ਜ਼ਿਆਦਾ ਹੈ ਪਿਤਾ ਦੀ ਘੱਟ ਹੈ। ਲੇਕਿਨ ਕੋਈ ਐਸਾ ਪੁਰਸ਼ ਨਹੀਂ ਤੇ ਇਥੋਂ ਇਕ ਵਿਚਾਰ ਚੱਲੀ ਕਿ ਹਰ ਪੁਰਸ਼ ਦੇ ਅੰਦਰ ਇਸਤਰੀ ਅਰਧ ਅੰਗ ਵਿਚ ਹੈ, ਅਧੂਰੀ ਹੈ ਅੰਦਰ ਅਤੇ ਹਰ ਇਸਤਰੀ ਨੂੰ ਪੁਰਸ਼ ਨੇ ਅਰਧਾਂਗਨੀ ਆਖਿਆ ਹੈ। ਇਹ ਗੱਲ ਵੱਖਰੀ ਹੈ ਇਸਤਰੀ ਦੀ ਦ੍ਰਿਸ਼ਟੀ ਵਿਚ ਇਸਤਰੀ ਦੇ ਸੰਸਾਰ ਵਿਚ ਪੁਰਸ਼ ਵੀ ਅਰਧ ਅੰਗ ਹੈ। ਕਾਰਨ ਪੁਰਸ਼ ਦੇ ਅੰਦਰ, ਇਸਤਰੀ ਦੇ ਅੰਦਰ ਵੀ ਜੋ ਪੁਰਸ਼ ਹੈ ਉਹ ਅਧੂਰਾ ਹੈ। ਇਹ ਅਧੂਰਾ ਪੁਰਸ਼ ਸੰਪੂਰਨ ਹੋਣਾ ਚਾਹੁੰਦਾ ਹੈ ਅਤੇ ਪੁਰਸ਼ ਦੇ ਅੰਦਰ ਜੋ ਅਧੂਰੀ ਇਸਤਰੀ ਹੈ ਉਹ ਸੰਪੂਰਨ ਹੋਣੀ ਚਾਹੁੰਦੀ ਹੈ, ਅੰਦਰੋਂ ਇਸ ਨੂੰ ਪੂਰਾ ਕਰਨਾ ਪ੍ਰਕਿਰਤੀ ਦਾ ਕੋਈ ਸਾਧਨ ਨਹੀਂ ਬਣਾਇਆ। ਇਸ ਨੂੰ ਬਾਹਰੋਂ ਪੂਰਾ ਕਰਨਾ ਪੈਂਦਾ ਹੈ ਅਤੇ ਇਸੇ ਨੂੰ ਪੂਰਨ ਕਰਨ ਨੂੰ ਹੀ ਵਿਵਾਹ ਤੇ ਅਨੰਦ ਕਾਰਜ ਕਹਿੰਦੇ ਨੇ, ਸ਼ਾਦੀ ਕਹਿੰਦੇ ਨੇ। ਅਧੂਰੀ ਇਸਤਰੀ ਸੰਪੂਰਨ ਹੋਣ ਲੱਗੀ ਹੈ। ਅਧੂਰਾ ਮਨੁੱਖ ਅੱਜ ਸੰਪੂਰਨ ਹੋਣ ਲੱਗਾ, ਉਹ ਅਰਧ ਅੰਗ ਅੱਜ ਸੰਪੂਰਨ ਹੋਣ ਲੱਗਾ, ਉਹ ਅਰਧ ਅੰਗ ਅੱਜ ਸੰਪੂਰਨ ਅੰਗ ਹੋ ਗਈ ਅਤੇ ਉਹ ਅਰਧ ਅੰਗ ਜੋ ਪੁਰਸ਼ ਸੀ ਅੱਜ ਸੰਪੂਰਨ ਹੋਇਆ। ਸ਼ਾਇਦ ਇਸੇ ਵਾਸਤੇ ਬਹੁਤ ਵੱਡੀ ਖੁਸ਼ੀ ਮਨਾਈ ਜਾਂਦੀ ਹੈ। ਅਧੂਰਾ ਸੰਪੂਰਨ ਹੋ ਗਿਆ, ਅਧੂਰਾ ਪੂਰਾ ਹੋ ਗਿਆ। ਇਸਤਰੀ ਅੱਜ ਸੰਪੂਰਨ ਹੋ ਗਈ ਹੈ ਅਤੇ ਪੁਰਸ਼ ਅੱਜ ਸੰਪੂਰਨ ਹੋ ਗਿਆ, ਸੰਪੂਰਨ ਤਾਂ ਹੋਣਾ ਇਕ

ਬਹੁਤ ਵੱਡੀ ਖੁਸ਼ੀ ਹੈ। ਸਾਰੀ ਦੁਨੀਆਂ ਵਿਚ ਮਨੁੱਖ ਜਗਤ ਵਿਚ ਇਸ ਖੁਸ਼ੀ ਵਰਗੀ ਹੋਰ ਕੋਈ ਖੁਸ਼ੀ ਨਹੀਂ। ਸਮਝ ਲਉ ਸਾਰੀਆਂ ਖੁਸ਼ੀਆਂ ਵਿਚ ਇਕ ਖੁਸ਼ੀ ਦੇ ਆਲੇ-ਦੁਆਲੇ ਪ੍ਰਕਰਮਾਂ ਕਰਦੀਆਂ ਨੇ, ਘੁੰਮਦੀਆਂ ਨੇ ਅਤੇ ਪ੍ਰਾਰਥਨਾ ਕਰਦੀਆਂ ਨੇ। ਇਹ ਮੂਲ ਖੁਸ਼ੀ ਹੈ, ਇਹ ਬੁਨਿਆਦੀ ਖੁਸ਼ੀ ਹੈ ਅਤੇ ਅਕਸਰ ਐਸਾ ਜੋ ਹੈ ਅਧੂਰੀ ਰਹਿ ਜਾਂਦੀ ਹੈ। ਉਨ੍ਹਾਂ ਲੋਕਾਂ ਦੀ ਜ਼ਿੰਦਗੀ ਜਿਨ੍ਹਾਂ ਅੰਦਰ ਇਸਤਰੀ ਅਰਧ ਅੰਗ ਹੀ ਰਹਿ ਗਈ, ਸੰਪੂਰਨ ਨਾ ਹੋ ਸਕੀ। ਜਿਨ੍ਹਾਂ ਦੇ ਅੰਦਰ ਪੁਰਸ਼ ਅਰਧ ਅੰਗ ਹੀ ਰਹਿ ਗਿਆ, ਸੰਪੂਰਨ ਨਾ ਹੋ ਸਕਿਆ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸੇ ਵਿਚਾਰਧਾਰਾ ਨੂੰ ਛੁਪਾਇਆ ਨਹੀਂ, ਸਾਹਮਣੇ ਸਪੱਸ਼ਟ ਕਰਕੇ ਕਹਿ ਦਿੱਤਾ-

ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥

(ਪੰਨਾ ੯੫੪)

ਬਾਲੀ ਇਕ ਕੁਵਾਰੀ ਜੋ ਵਿਆਹ ਯੋਗ ਹੋ ਗਈ ਇਹਦਾ ਰੋਣਾ ਹੋਰ ਕੁਝ ਨਹੀਂ ਹੈ। ਇਹ ਸੰਪੂਰਨ ਹੋਣਾ ਚਾਹੀਦਾ ਹੈ। ਇਹਦੇ ਅੰਦਰ ਜੋ ਅਧੂਰਾ ਪੁਰਸ਼ ਹੈ ਉਹ ਸੰਪੂਰਨ ਹੋਣਾ ਚਾਹੁੰਦਾ ਹੈ। ਜਿਸ ਦਾ ਮੂਲ ਦੁੱਖ ਇਹੀ ਹੈ, ਇਹ ਪ੍ਰਬਲ ਦੁੱਖ ਇਹੀ ਹੈ। ਜਵਾਨੀ ਦੀ ਦਹਿਲੀਜ਼ ਵਿਚ ਕਦਮ ਰੱਖਦਿਆਂ ਹੀ ਇਕ ਪੁਰਸ਼ ਦਾ, ਇਕ ਮਰਦ ਦਾ ਸਭ ਤੋਂ ਵੱਡਾ ਦੁੱਖ ਇਹੀ ਹੈ ਕਿ ਉਸ ਦੇ ਅੰਦਰ ਜੋ ਅਧੂਰੀ ਇਸਤਰੀ ਹੈ ਉਹ ਸੰਪੂਰਨ ਹੋਣਾ ਚਾਹੁੰਦੀ ਹੈ। ਸਮਾਜਿਕ ਇਹ ਰਿਸ਼ਤਾ ਜੋ ਪਤੀ ਪਤਨੀ ਦਾ ਹੈ, ਇਹ ਇਕ ਦੂਜੇ ਨੂੰ ਸੰਪੂਰਨ ਕਰਦਾ ਹੈ। ਅਗਰ ਪਤਨੀ ਨੇ ਵਾਕੇ ਹੀ ਪਤੀ ਨੂੰ ਸੰਪੂਰਨ ਨਹੀਂ ਕੀਤਾ ਤੋ ਉਸ ਪਤੀ ਦੇ ਅੰਦਰ ਜੋ ਅਧੂਰੀ ਇਸਤਰੀ ਸੀ ਉਹ ਸੰਪੂਰਨ ਨਹੀਂ ਹੋਈ ਅਤੇ ਉਸ ਪਤੀ ਦੇ, ਉਸ ਪੁਰਸ਼ ਦੇ ਅੰਦਰ ਜੋ ਅਧੂਰੀ ਇਸਤਰੀ ਬੈਠੀ ਹੈ ਉਹ ਅੰਸ਼ ਮਾਂ ਦੀ ਹੈ ਔਰ ਜੋ ਲੜਕੀ ਹੈ ਅਤੇ ਜੋ ਬੱਚੀ ਹੈ ਅਤੇ ਜੋ ਪਤਨੀ ਹੈ ਉਸ ਦੇ ਅੰਦਰ ਅੰਸ਼ ਪਿਤਾ ਦੀ ਹੈ। ਮਾਂ ਬਾਪ ਦਾ ਸਰੀਰ ਆਇਆ ਤੇ ਅੰਸ ਤਾਂ ਮਾਂ ਬਾਪ ਦੀ ਹੈ ਤੋ ਇਸਤਰੀ ਦੇ ਅੰਦਰ ਅਧੂਰਾ ਪੁਰਸ਼ ਜੋ ਬੈਠਾ ਹੈ ਉਹ ਅਧੂਰਾ ਪਿਤਾ ਹੀ ਹੈ ਅਤੇ ਇਸਤਰੀ ਅੰਦਰ ਜੋ ਅਧੂਰਾ ਪੁਰਸ਼ ਬੈਠਾ ਹੈ ਉਹ ਪਿਤਾ ਹੀ ਹੈ ਅਤੇ ਪੁਰਸ਼ ਦੇ ਅੰਦਰ ਜੋ ਅਧੂਰੀ ਇਸਤਰੀ ਬੈਠੀ ਹੈ। ਇੰਝ ਕਹਿ ਲਉ ਜੀਵਨ ਭਰ ਪੁਰਸ਼ ਮਾਂ ਦੀ ਤਲਾਸ਼ ਕਰਦਾ ਹੈ, ਜੀਵਨ ਭਰ ਇਸਤਰੀ ਪਿਤਾ ਦੀ ਤਲਾਸ਼ ਕਰਦੀ ਹੈ ਅਤੇ ਉਸ ਨੂੰ ਆਪਣੇ ਪਤੀ ਵਿਚ ਪਿਤਾ ਦੀ ਝਲਕ ਨਾ ਮਿਲੇ, ਆਪਣੀ ਪਤਨੀ ਵਿਚ ਮਾਂ ਦੀ ਝਲਕ ਨਾ ਮਿਲੇ, ਯਕੀਨ ਜਾਣੋ ਤ੍ਰਿਪਤੀ ਨਹੀਂ ਹੁੰਦੀ, ਸਾਰੀ ਜ਼ਿੰਦਗੀ ਅਧੂਰਾਪਨ ਰਹੇਗਾ, ਖਟਕਦਾ ਰਹੇਗਾ, ਬੋਝ ਰਹੇਗਾ ਅਤੇ ਵਾਕੇ ਹੀ ਇਸਤਰੀ ਵਿਚ ਕਿਧਰੇ ਮਾਂ ਦੀ ਝਲਕ ਮਿਲ ਗਈ, ਮਾਂ ਦੇ ਸੁਭਾਅ ਦੀ ਝਲਕ, ਮਾਂ ਦੀ ਮਮਤਾ ਦੀ ਝਲਕ, ਮਾਂ ਦੀ ਸਰਖਤ ਦੀ ਝਲਕ, ਮਾਂ ਦੀ ਹਮਦਰਦੀ ਦੀ ਝਲਕ, ਮਾਂ ਦੇ ਪਿਆਰ ਦੀ ਝਲਕ, ਮਾਂ ਦੀ ਕੁਰਬਾਨੀ ਦੀ ਝਲਕ, ਜੇ ਕਿਧਰੇ ਪਤਨੀ ਵਿਚੋਂ ਮਿਲ ਗਈ ਤਾਂ ਸਮਝ ਲਉ ਪੁਰਸ਼ ਸੰਪੂਰਨ ਹੋ ਗਿਆ, ਮੁਕੰਮਲ ਹੋ ਗਿਆ। ਔਰ ਇਸ ਇਸਤਰੀ ਨੂੰ ਜੇ ਕਿਧਰੇ ਪਤੀ ਵਿਚੋਂ

ਆਪਣੇ ਪਿਤਾ ਦੇ ਪਿਆਰ ਦੀ ਝਲਕ ਮਿਲ ਗਈ :

ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥

(ਪੰਨਾ ੫੯੬)

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਇਹ ਬੱਚੀ ਬਾਲ ਕੰਨਿਆਂ ਪਿਤਾ ਦੀ ਤਰਫ ਲਪਕਦੀ ਹੈ, ਇਹ ਬਾਹਾਂ ਪਸਾਰਦੀ ਹੈ, ਇਸ ਦਾ ਮਾਣ ਤਾਨ ਪਿਤਾ ਹੈ, ਇਹ ਪ੍ਰਕਰਮਾਂ ਪਿਉ ਦੇ ਆਲੇ-ਦੁਆਲੇ ਕਰਦੀ ਹੈ ਅਤੇ ਪਿਉ ਦਾ ਪਿਆਰ ਵੀ ਅਕਸਰ ਇਸ ਲਈ ਝਲਕਦਾ ਹੈ, ਪਤੀ ਵਿਚੋਂ ਇਹ ਪਿਆਰ ਨਾ ਮਿਲਿਆ, ਪਿਤਾ ਦੇ ਪਿਆਰ ਦੀ ਝਲਕ ਨਾ ਮਿਲੀ, ਪਿਤਾ ਦੇ ਪਿਆਰ ਦੀ ਸਰਖਤ ਨਾ ਮਿਲੀ, ਪਿਤਾ ਦੇ ਪਿਆਰ ਦਾ ਹੁਲਾਰਾ ਨਾ ਮਿਲਿਆ। ਇਹ ਇਸਤਰੀ ਦੀ ਅਤਿਰਿਕਤ ਰਹੇਗੀ। ਇਸ ਰਿਸ਼ਤੇ ਵਿਚ ਉਸ ਨੂੰ ਕੋਈ ਸਕੂਨ ਨਹੀਂ ਮਿਲੇਗਾ। ਰੂਹਾਨੀ ਸਕੂਨ ਨਹੀਂ ਮਿਲੇਗਾ, ਰੂਹਾਨੀ ਤਸਕੀਮ ਨਹੀਂ ਮਿਲੇਗੀ, ਅਤੇ ਇਸ ਤਰ੍ਹਾਂ ਦੇ ਰਿਸ਼ਤੇ ਜੋ ਇੰਝ ਕਹਿ ਲਉ ਪਤੀ ਨੂੰ ਪਤਨੀ ਵਿਚੋਂ ਮਾਂ ਦੀ ਝਲਕ ਨਹੀਂ ਮਿਲੀ ਅਤੇ ਪਤਨੀ ਨੂੰ ਪਤੀ ਵਿਚੋਂ ਕੋਈ ਪਿਤਾ ਦੀ ਸਰਖਤ ਤੇ ਪਿਤਾ ਦੀ ਤਸਵੀਰ ਸਾਹਮਣੇ ਨਹੀਂ ਜੋ ਪ੍ਰਗਟ ਹੋਈ। ਰਿਸ਼ਤਿਆਂ ਵਿਚੋਂ ਅੰਦਰੂਨੀ ਤੌਰ ਤੇ ਦਰਾੜ ਬਣੀ ਰਹਿੰਦੀ ਹੈ, ਉਹ ਕਈ ਦਫਾ ਹਾਲਾਤ ਐਸੇ ਹੋ ਜਾਂਦੇ ਨੇ ਅੰਦਰੂਨੀ ਤੌਰ ਤੇ ਵੀ ਦਰਾੜ ਪ੍ਰਗਟ ਹੋ ਜਾਂਦੀ ਹੈ। ਨੌਬਤ ਤਲਾਕ ਤੱਕ ਪਹੁੰਚਦੀ ਹੈ, ਰਿਸ਼ਤੇ ਜੋ ਹੈ ਟੁੱਟਦੇ ਨੇ ਵਾਸਤਿਕ ਇਹ ਰਿਸ਼ਤਾ ਜੋਤ ਦਾ ਰਿਸ਼ਤਾ ਹੈ, ਅੰਦਰੂਨੀ ਰਿਸ਼ਤਾ ਹੈ ਅਤੇ ਪਰੀਪੂਰਨ ਪ੍ਰਮਾਤਮਾ ਨੂੰ ਇਸ ਢੰਗ ਦਾ ਜੋ ਕਿ ਹੈ ਬਣਾ ਰਖਿਆ ਹੈ। ਧੰਨ ਗੁਰੂ ਨਾਨਕ ਦੇਵ ਜੀ ਇਸ ਮਹਾਨ ਰਿਸ਼ਤਿਆਂ ਦਾ ਜ਼ਿਕਰ ਬੜੇ ਸੋਹਣੇ ਆਲਮਾਣਾ ਢੰਗ ਨਾਲ ਉਜਾਗਰ ਕਰਦੇ ਨੇ :

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥

(ਪੰਨਾ ੧੬)

ਇਹ ਪਰੀਪੂਰਨ ਪ੍ਰਮਾਤਮਾ ਮੇਰਾ ਬੜਾ ਸੁੰਦਰ ਘਰ ਵੀ ਹੈ, ਬੜੀ ਸੁੰਦਰ ਮਹਿਲ ਮਾੜੀ ਵੀ ਹੈ ਅਤੇ ਉਸ ਘਰ ਦੇ ਵਿਚੋਂ, ਮਹਿਲ ਮਾੜੀਆਂ ਦੇ ਅੰਦਰ ਮੇਰਾ ਬਹੁਤ ਸੁੰਦਰ ਇਕ ਪਰਿਵਾਰ ਵੀ ਹੈ।

ਮੈਂ ਫਿਰ ਅਰਜ਼ ਕਰਾਂ ਮਨੁੱਖ ਨੂੰ ਸਿਰਫ ਖਾਣਾ ਹੀ ਨਹੀਂ ਚਾਹੀਦਾ, ਪੀਣਾ ਹੀ ਨਹੀਂ ਚਾਹੀਦਾ, ਸਿਰਫ ਪਹਿਨਣਾ ਹੀ ਨਹੀਂ ਚਾਹੀਦਾ, ਸਿਰਫ ਮੰਨੋਰੰਜਨ ਹੀ ਨਹੀਂ, ਮਨੁੱਖ ਨੂੰ ਘਰ ਵੀ ਚਾਹੀਦਾ ਹੈ ਅਤੇ ਸਿਰਫ ਘਰ ਹੀ ਨਹੀਂ ਪਰਿਵਾਰ ਵੀ ਚਾਹੀਦਾ ਹੈ। ਅਗਰ ਪਰਿਵਾਰ ਹੀ ਨਹੀਂ ਤੇ ਘਰ ਹੀ ਨਹੀਂ। ਘਰ ਵਿਚ ਲਾੜਾ ਚਾਹੀਦਾ ਹੈ ਜਿਸ ਨੂੰ ਕਿਹਾ ਜਾਏ ਘਰ ਵਾਲਾ। ਘਰ ਵਾਲਾ ਹੀ ਨਹੀਂ ਹੈ, ਘਰ ਵਾਲੀ ਹੀ ਨਹੀਂ ਹੈ ਤਾਂ ਘਰ ਕਾਹਦਾ ? ਘਰ ਹੀ ਕੀ ਹੈ ? ਕੋਈ ਇੱਟਾਂ ਦੀ ਢੇਰੀ ਨੂੰ ਘਰ ਥੋੜਾ ਕਹਿੰਦੇ ਨੇ, ਕੋਈ ਪੱਥਰਾਂ ਦੇ ਇਕੱਠ ਨੂੰ ਥੋੜਾ ਘਰ

ਕਹਿੰਦੇ ਨੇ। ਘਰ ਹੈ ਤਾਂ ਇਸ ਦੀ ਸ਼ੋਭਾ ਹੈ, ਘਰ ਵਾਲੇ ਨਾਲ, ਘਰ ਵਾਲੀ ਨਾਲ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਹੇ ਪਰੀਪੂਰਨ ਪ੍ਰਮਾਤਮਾ! ਇਹ ਜੋ ਤੇਰੀ ਮੇਰੇ ਤੇ ਨਿਗਾਹ ਹੋ ਗਈ ਹੈ, ਇਹ ਜੋ ਤੂੰ ਮੇਰੇ ਤੇ ਆਪਣੀ ਨਿਗਾਹ ਸੁੱਟ ਦਿੱਤੀ ਹੈ, ਇਹ ਜੋ ਮੈਂ ਤੇਰੀ ਨਿਗਾਹ ਦੇ ਥੱਲੇ ਆ ਗਿਆ ਹਾਂ, ਇਹ ਮੈਨੂੰ ਸੁੰਦਰ ਮਹਿਲ ਦੀ ਪ੍ਰਾਪਤੀ ਹੋ ਗਈ, ਪਰਿਵਾਰ ਦੀ ਪ੍ਰਾਪਤੀ ਹੋ ਗਈ ਹੈ, ਘਰ ਦੀ ਪ੍ਰਾਪਤੀ ਹੋ ਗਈ ਹੈ।

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥

(ਪੰਨਾ ੧੭)

ਦਰਅਸਲ ਮਨੁੱਖ ਦੇ ਪ੍ਰਾਣਾਂ ਵਿਚ ਇਹ ਹੀ ਪਿਆਸ ਹੈ ਕਿ ਮੈਂ ਘਰ ਦੇ ਵਿਚ ਜੋ ਕੁਝ ਆਖਾਂ ਮੇਰੀ ਗੱਲ ਠੁਕਰਾਈ ਨਾ ਜਾਏ, ਮੇਰਾ ਬੋਲ ਕਾਬਲਿ-ਕਬੂਲ ਹੋਵੇ। ਮਾਂ ਨੂੰ, ਪਿਤਾ ਨੂੰ, ਪਤਨੀ ਨੂੰ, ਪੁੱਤਰ ਨੂੰ, ਭਰਾਵਾਂ ਨੂੰ, ਭੈਣ ਨੂੰ ਕਮ-ਸੇ-ਕਮ ਮੇਰੀ ਗੱਲ ਨਜ਼ਰ-ਅੰਦਾਜ਼ ਨਾ ਕੀਤੀ ਜਾਏ। ਸਾਹਿਬ ਕਹਿੰਦੇ ਨੇ *'ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥'* ਇਹੀ ਮੇਰਾ ਹੁਕਮ ਕਰਨਾ ਹੈ। ਜਿਹੜਾ ਤੇਰੇ ਹੁਕਮ ਨੂੰ ਭਾਅ ਜਾਣਾ ਹੈ, ਜਿਹੜਾ ਤੇਰੀ ਰਜ਼ਾ ਦਾ ਚੰਗਾ ਲਗਣਾ ਹੈ, ਜੋ ਤੇਰਾ ਹੁਕਮ ਮੈਨੂੰ ਚੰਗਾ ਲੱਗਣ ਲੱਗ ਪਿਆ। ਹੈ, ਮਾਨੋ ਇਹੀ ਮੇਰਾ ਹੁਕਮ ਪਿਆ ਚਲਦਾ ਹੈ। ਇਹੀ ਮੇਰੀ ਗੱਲ ਪਈ ਚਲਦੀ ਹੈ। ਮੇਰੀ ਗੱਲ ਕੋਈ ਰੱਦ ਨਹੀਂ ਕਰਦਾ। ਦਰਅਸਲ ਇਕ ਬਹੁਤ ਵੱਡੀ ਸਚਿਆਈ ਅਧਿਆਤਮਿਕ ਦੁਨੀਆਂ ਵਿਚ ਪ੍ਰਗਟ ਹੁੰਦੀ ਹੈ। ਉਸ ਦਿਨ ਪ੍ਰਮਾਤਮਾ ਦਾ ਹੁਕਮ ਮੰਨਦਾ ਹੈ ਅਤੇ ਜੋ ਪ੍ਰਮਾਤਮਾ ਦੇ ਹੁਕਮ ਨੂੰ ਇਕ ਪਾਸੇ ਕਰ ਦਿੰਦਾ ਹੈ ਉਸ ਮਨੁੱਖ ਦੇ ਹੁਕਮ ਨੂੰ ਵੀ ਦੁਨੀਆਂ ਬਹੁਤ ਚਿਰ ਤੱਕ ਨਹੀਂ ਮੰਨਦੀ। ਉਸ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ, ਉਸ ਨੂੰ ਵੀ ਇਕ ਪਾਸੇ ਸੁੱਟ ਦਿੱਤਾ ਜਾਂਦਾ ਹੈ। ਜੋ ਉਸ ਇਕ ਦਾ ਹੁਕਮ ਮੰਨ ਲੈਂਦਾ ਹੈ ਉਸ ਦਾ ਹੁਕਮ ਸਾਰੀ ਕਾਇਨਾਤ ਤੇ ਚੱਲਦਾ ਹੈ। ਤੋ

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥ ੪॥

(ਪੰਨਾ ੧੭)

ਤਾਂ ਬਹੁਤ ਕੁਝ ਕਹਿਣਾ ਏ, ਬਹੁਤ ਕੁਝ ਕਹਿਣਾ ਹੈ, ਪਰ ਹੇ ਪਰੀਪੂਰਨ ਪ੍ਰਮਾਤਮਾ ਵਾਸਤਵਿਕ ਤੇਰੀ ਰਜ਼ਾ ਵਿਚ ਰਾਜ਼ੀ ਰਹਿਣਾ, ਤੇਰੇ ਹੁਕਮ ਨੂੰ ਜੋ ਹੈ ਚੰਗਾ ਸਮਝ ਕੇ ਉਹਨੂੰ ਆਪਣੇ ਅੰਦਰ ਧਾਰ ਲੈਣਾ, ਤੈਨੂੰ ਭਾਅ ਜਾਣਾ। ਬੱਸ ਇਹੀ ਆਪਣੀ ਗੱਲ ਦਾ ਚੱਲ ਜਾਣਾ ਹੈ, ਇਹੀ ਜੋ ਹੈ ਅਸੀਂ ਆਪਣਾ ਹੁਕਮ ਚਲਾਈਦਾ ਹੈ।

ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥

(ਪੰਨਾ ੧੭)

ਉਹ ਪਰੀਪੂਰਨ ਪ੍ਰਮਾਤਮਾ ਸੱਚਾ ਹੈ, ਉਹ ਕਿਸੇ ਕੋਲੋਂ ਪੁੱਛ ਪੁੱਛ ਕੇ ਬਖਸ਼ਿਸ਼ਾਂ ਨਹੀਂ

ਦੇਂਦਾ, ਦੇਈ ਜਾਂਦਾ, ਦੇਈ ਜਾਂਦਾ। ਕਿਸੇ ਖੇਤ ਕੋਲੋਂ ਬੱਦਲ ਪੁਛਦੇ ਨਹੀਂ ਬਰਸੀਏ ਜਾਂ ਨਾ ਬਰਸੀਏ। ਕਿਸੇ ਘਰ ਕੋਲੋਂ ਸੂਰਜ ਪੁੱਛਦਾ ਨਹੀਂ ਰੌਸ਼ਨੀ ਦੇਈਏ ਕਿ ਨਾ ਦੇਈਏ। ਕਿਸੇ ਘਰ ਕੋਲੋਂ ਚੰਦਰਮਾ ਪੁੱਛਦਾ ਨਹੀਂ ਕਿ ਮੈਂ ਆਪਣੀਆਂ ਕਿਰਣਾਂ ਖਲੇਰਾਂ ਜਾਂ ਨਾ ਖਲੇਰਾਂ। ਕਿਸੇ ਮਨੁੱਖ ਕੋਲੋਂ ਪਵਨ ਪੁੱਛਦੀ ਨਹੀਂ ਤੈਨੂੰ ਛੂਹਾਂ ਜਾਂ ਨਾ ਛੂਹਾਂ। ਮਹਾਰਾਜ ਕਹਿੰਦੇ ਨੇ ਇਸ ਤਰ੍ਹਾਂ ਪ੍ਰਮਾਤਮਾ ਪੁੱਛਦਾ ਨਹੀਂ, ਇਸ ਤਰ੍ਹਾਂ ਪ੍ਰਮਾਤਮਾ ਪੁੱਛਦਾ ਨਹੀਂ, ਬਿਨਾਂ ਪੁਛਿਆਂ ਹੀ ਦੇਈ ਜਾਂਦਾ ਹੈ, ਬਿਨਾਂ ਕੁਝ ਮੰਗੇ ਹੀ ਸਭ ਕੁਝ ਵੰਡੀ ਜਾਂਦਾ ਹੈ, ਬਿਨਾਂ ਸਭ ਕੁਝ ਪੁਛਿਆਂ ਹੀ ਸਾਰੀਆਂ ਨਿਆਮਤਾਂ ਝੋਲੀ ਵਿਚ ਹੀ ਪਾਈ ਜਾਂਦਾ। ਆਖਰੀ ਰਹਾਉ, ਚੌਥਾ ਰਹਾਉ-

ਬਾਬਾ ਹੋਰੁ ਸਉਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਗੁਰਬਾਣੀ ਗ੍ਰਹਿ ਅੰਮ੍ਰਿਤ ਦੇ ਮੁਤਾਬਿਕ ਇਥੇ ਸਉਣਾ ਦੇ ਅਰਥ ਨੇ ਐਸ਼ੋ-ਇਸ਼ਰਤ, ਪਰਿਵਾਰਿਕ ਐਸ਼ੋ-ਇਸ਼ਰਤ, ਪਰਿਵਾਰਿਕ ਸੁੱਖ ਸਾਧਨ, ਪਰਿਵਾਰ ਦਾ ਸਾਰਾ ਸੁੱਖ ਸਾਧਨ ਪਰਿਵਾਰ ਦੇ ਸਾਰੇ ਸੁੱਖ ਦਾ ਮਾਹੌਲ-

ਬਾਬਾ ਹੋਰੁ ਸਉਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਪੰਨਾ ੧੬)

ਹੋਰ ਸੌਣਾ, ਹੋਰ ਸੌਣਾ, ਹੋਰ ਐਸ਼ੋ ਇਸ਼ਰਤ, ਇਸ ਤੋਂ ਇਲਾਵਾ ਜੋ ਐਸ਼ੋ-ਇਸਰਤ ਹੈ, ਮਹਾਰਾਜ ਕਹਿੰਦੇ ਨੇ ਤੁਹਾਨੂੰ ਪੀੜਤ ਕਰ ਦਿੰਦੀ ਹੈ। ਮਨ ਨੂੰ ਰੋਗੀ ਕਰ ਦਿੰਦੀ ਹੈ। ਇਹ ਪਾਵਨ ਪਵਿੱਤਰ ਵਾਕ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਐਸਾ ਹੈ। ਚਾਰ ਰਹਾਉ ਵਿਚ ਜ਼ਿੰਦਗੀ ਦੇ ਦੋ ਮੂਲ ਸਿਧਾਂਤ ਸਾਰੇ ਦੇ ਸਾਰੇ ਬਿਆਨ ਕਰ ਦਿੱਤੇ ਨੇ ਅਤੇ ਤਹਿ-ਦਿਲ ਨਾਲ ਅਤੇ ਜੋ ਇਸ ਨੂੰ ਦਿਲ ਵਿਚ ਵਸਾ ਲਵੇ, ਲੋਕ ਤੇ ਪਰਲੋਕ ਉਸ ਦਾ ਸੁਹੇਲਾ ਹੋ ਜਾਂਦਾ ਹੈ। ਤਨ ਦੇ ਤਲ ਤੇ ਅਰੋਗ ਰਹਿੰਦਾ ਹੈ, ਮਨ ਦੇ ਤਲ ਤੇ ਅਨੰਦਿਤ ਹੁੰਦਾ ਹੈ। ਇਸ ਤਰ੍ਹਾਂ ਉਸ ਦਾ ਲੋਕ-ਪ੍ਰਲੋਕ ਸੁਹੇਲਾ ਹੋ ਜਾਂਦਾ ਹੈ ਅਤੇ ਇਹ ਪੰਗਤੀ ਉਸ ਤੇ ਪੂਰੀ ਉਤਰਦੀ ਹੈ :

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ॥ ੪॥

(ਪੰਨਾ ੨੯੨)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★